**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763



**Ad Space Available**
**Call: 847-359-0746**



ਸਸਤੀ ਅਤੇ ਵਧੀਆ
ਹੈਲਥ ਇੰਸ਼ੋਰੈਂਸ
Quality Health Care
Including MEDI-CAL
COVERED CALIFORNIA
Manjit Gill
Certified Insurance Agent
CA. Lic#0B23990
Ph:510-888-1180
209-524-4008
Gill Financial & Insurance Services
27165 Mission Blvd, Hayward CA 94544
www.gillfinancial.com



Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 15, Issue 10, March 8, 2014 — 20451 N Plum Grove Rd., Palatine, IL 60074 — Ph:847-359-0746, Fax:847-705-9388


# ਪੰਜਾਬ ਦੇ ਜੱਟ ਵੀ ਰਾਖਵੇਂਕਰਨ ਦੇ ਲਾਭਾਂ ਦੇ ਹੱਕਦਾਰ

## ਸਰਕਾਰ ਵੱਲੋਂ ਜੱਟ ਪਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਕੇਂਦਰ ਸਰਕਾਰ ਨੂੰ ਕਰਾਰਾ ਜਵਾਬ ਦੇਣ ਅਤੇ ਕਾਂਗਰਸ ਨੂੰ ਲੋਕ ਸਭਾ ਚੋਣਾਂ ਵਿਚ ਘੇਰਨ ਲਈ ਪੰਜਾਬ ਸਰਕਾਰ ਨੇ ਸੂਬੇ ਦੇ ਜੱਟਾਂ ਨੂੰ ਰਾਖਵੇਂਕਰਨ ਦੀ ਸਹੂਲਤ ਦਿੰਦਿਆਂ ਪਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਕਰ ਦਿੱਤਾ ਹੈ। ਇਸ ਫੈਸਲੇ ਦੇ ਨਾਲ ਹੀ ਸਰਕਾਰ ਨੇ ਆਮ ਜਾਤੀ ਨਾਲ ਸਬੰਧਤ ਆਰਥਿਕ ਤੌਰ 'ਤੇ ਪਛੜੇ ਪਰਿਵਾਰਾਂ ਲਈ ਵੀ ਰਾਖਵੇਂਕਰਨ ਦੀ ਵੱਖਰੀ ਸ਼੍ਰੇਣੀ ਬਣਾਉਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਵਰਗਾਂ ਨੂੰ ਰਾਖਵਾਂਕਰਨ ਦੇਣ ਲਈ ਪਹਿਲਾਂ ਕਮਿਸ਼ਨ ਬਣਾਇਆ ਜਾਵੇਗਾ। ਫਿਰ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਹੀ ਜੱਟਾਂ ਅਤੇ ਆਮ ਜਾਤੀ ਦੇ ਕਮਜ਼ੋਰ ਪਰਿਵਾਰਾਂ ਨੂੰ ਰਾਖਵੇਂਕਰਨ ਦੀ ਫੀਸਦ ਬਾਰੇ ਫੈਸਲਾ ਹੋਵੇਗਾ। ਇਸ ਕਮਿਸ਼ਨ ਦਾ ਮੁਖੀ ਹਾਈ ਕੋਰਟ ਦੇ ਕਿਸੇ ਸੇਵਾ-ਮੁਕਤ ਜੱਜ ਨੂੰ ਲਾਉਣ ਬਾਰੇ ਚਰਚਾ ਚੱਲ ਰਹੀ ਹੈ।

ਇਕ ਸਰਵੇਖਣ ਮੁਤਾਬਕ ਪੰਜਾਬ ਵਿਚ ਇਸ ਸਮੇਂ 10 ਲੱਖ ਕਿਸਾਨ ਪਰਿਵਾਰ ਹਨ। ਇਹ ਮੰਨਿਆ ਜਾਂਦਾ ਹੈ ਕਿ ਇਨ੍ਹਾਂ ਵਿਚੋਂ 90 ਫ਼ੀਸਦੀ ਭਾਵ ਨੌਂ ਲੱਖ ਦੇ ਕਰੀਬ ਕਿਸਾਨ ਜੱਟ ਭਾਈਚਾਰੇ ਨਾਲ ਸਬੰਧਤ ਹਨ। ਪੰਜਾਬ ਵਿਚ ਬਹੁ-ਗਿਣਤੀ ਜੱਟਾਂ ਦੀ ਆਰਥਿਕ ਹਾਲਤ ਠੀਕ ਮੰਨੀ ਜਾਂਦੀ ਹੈ। ਯਾਦ ਰਹੇ ਕਿ ਪੰਜਾਬ ਸਰਕਾਰ ਨੇ ਇਸ ਤੋਂ ਪਹਿਲਾਂ ਸੈਣੀ ਬਰਾਦਰੀ ਨੂੰ ਵੀ ਪਛੜੀ ਸ਼੍ਰੇਣੀ ਵਿਚ ਸ਼ਾਮਲ ਕੀਤਾ ਸੀ ਪਰ ਭਾਈਚਾਰੇ ਦੇ ਅੰਦਰੂਨੀ ਵਿਰੋਧ ਕਾਰਨ ਉਦੋਂ ਸਰਕਾਰ ਨੂੰ ਇਹ ਫੈਸਲਾ ਵਾਪਸ ਲੈਣਾ ਪਿਆ ਸੀ ਪਰ ਹੁਣ ਕੇਂਦਰ ਦੇ ਫੈਸਲੇ ਮਗਰੋਂ ਜੱਟਾਂ ਨੂੰ ਰਾਖਵੇਂਕਰਨ ਦੇ ਮੁੱਦੇ 'ਤੇ ਪੰਜਾਬ ਵਿਚ ਸਿਆਸਤ ਸ਼ੁਰੂ ਹੋ ਗਈ ਸੀ।

ਕੇਂਦਰ ਸਰਕਾਰ ਨੇ ਜੱਟਾਂ ਨੂੰ ਕੇਂਦਰੀ ਵਿਭਾਗਾਂ ਦੀਆਂ ਨੌਕਰੀਆਂ ਵਿਚ ਰਾਖਵਾਂਕਰਨ ਦੇਣ ਲਈ ਪਛੜੀਆਂ ਸ਼੍ਰੇਣੀਆਂ ਦਾ ਦਰਜਾ ਦੇ ਦਿੱਤਾ ਹੈ। ਪੰਜਾਬ ਦੇ ਜੱਟਾਂ ਵੱਲੋਂ ਬੇਸ਼ੱਕ ਇਸ ਤਰ੍ਹਾਂ ਦੀ ਮੰਗ ਵੱਡੀ ਪੱਧਰ 'ਤੇ ਕਦੇ ਵੀ ਨਹੀਂ ਉਠਾਈ ਗਈ ਸੀ ਪਰ ਹੁਣ ਗੁਆਂਢੀ ਰਾਜਾਂ ਰਾਜਸਥਾਨ ਤੇ ਹਰਿਆਣਾ ਵਾਂਗ ਇਸ ਖੇਤੀ ਪ੍ਰਧਾਨ ਸੂਬੇ ਦੇ ਰਾਜਸੀ ਆਗੂਆਂ ਵੱਲੋਂ ਵੀ ਜੱਟਾਂ ਲਈ ਰਾਖਵੇਂਕਰਨ ਦੀ ਮੰਗ ਕੀਤੀ ਜਾ ਰਹੀ ਸੀ। ਪੰਜਾਬ ਸਰਕਾਰ ਨੂੰ ਖਦਸ਼ਾ ਸੀ ਕਿ ਆਮ ਜਾਤੀ ਦੇ ਲੋਕਾਂ ਦੀ ਨਾਰਾਜ਼ਗੀ ਨਾ ਪੱਲੇ ਪੈ ਜਾਵੇ ਤੇ ਇਸ ਲਈ ਆਮ ਜਾਤੀ ਦੇ ਆਰਥਿਕ ਤੌਰ 'ਤੇ ਪਛੜੇ ਪਰਿਵਾਰਾਂ ਲਈ ਰਾਖਵੇਂਕਰਨ ਦੀ ਵੱਖਰੀ ਸ਼੍ਰੇਣੀ ਕਾਇਮ ਕਰਨ ਦਾ ਫੈਸਲਾ ਕੀਤਾ ਗਿਆ। ਇਨ੍ਹਾਂ


*(ਬਾਕੀ ਸਫਾ 8 'ਤੇ)*


## ਕੈਪਟਨ ਨੇ ਪਾ ਲਿਆ ਸੀ ਘੇਰਾ



ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੋ ਜੱਟ ਮਹਾਂ ਸਭਾ ਦੇ ਪ੍ਰਧਾਨ ਹਨ, ਵੱਲੋਂ ਰਾਖਵੇਂਕਰਨ ਦੇ ਮੁੱਦੇ 'ਤੇ ਬਾਦਲ ਸਰਕਾਰ ਨੂੰ ਘੇਰਨ ਦਾ ਯਤਨ ਕੀਤਾ ਜਾ ਰਿਹਾ ਸੀ। ਉਨ੍ਹਾਂ ਦੋਸ਼ ਲਾਇਆ ਸੀ ਕਿ ਪੰਜਾਬ ਸਰਕਾਰ ਇਸ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ। ਪੰਜਾਬ ਸਰਕਾਰ ਵੱਲੋਂ ਜੱਟਾਂ ਦੇ ਰਾਖਵੇਂਕਰਨ ਦਾ ਮੁੱਦਾ ਕੇਂਦਰ ਕੋਲ ਸਹੀ ਢੰਗ ਨਾਲ ਨਹੀਂ ਉਠਾਇਆ ਗਿਆ ਜਿਸ ਕਰ ਕੇ ਕੇਂਦਰ ਸਰਕਾਰ ਨੇ ਪੰਜਾਬ ਦਾ ਮਸਲਾ ਵਿਚਾਰਿਆ ਹੀ ਨਹੀਂ। ਵਿਧਾਨ ਸਭਾ ਵਿਚ ਵੀ ਵਿਰੋਧੀ ਧਿਰ ਦੇ ਨੇਤਾ ਸੁਨੀਲ ਕੁਮਾਰ ਜਾਖੜ ਨੇ ਇਸ ਮੁੱਦੇ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਹੀ ਕਸੂਰਵਾਰ ਠਹਿਰਾਇਆ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਜੇ ਜੱਟਾਂ ਦੇ ਰਾਖਵੇਂਕਰਨ ਦਾ ਮੁੱਦਾ ਚੁੱਕਿਆ ਹੁੰਦਾ ਤਾਂ ਕੇਂਦਰ ਸਰਕਾਰ ਦੇ ਫ਼ੈਸਲੇ ਦਾ ਪੰਜਾਬੀਆਂ ਨੂੰ ਵੀ ਲਾਭ ਹੋਣਾ ਸੀ।

# ਮਨਪ੍ਰੀਤ-ਕਾਂਗਰਸ ਸਾਂਝ ਨਾਲ ਸਿਆਸਤ ਨੂੰ ਉਬਾਲਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਵੱਲੋਂ ਅਗਾਮੀ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਨਾਲ ਗਠਜੋੜ ਦੀ ਚਰਚਾ ਨੇ ਸੂਬੇ ਦੀ ਸਿਆਸੀ ਫਿਜ਼ਾ ਨੂੰ ਭਖਾ ਦਿੱਤਾ ਹੈ। ਤਾਜ਼ਾ ਬਣੇ ਸਿਆਸੀ ਹਾਲਾਤ ਨਾਲ ਜਿੱਥੇ ਸੱਤਾ ਧਿਰ ਅਕਾਲੀ-ਭਾਜਪਾ ਬੇਚੈਨੀ ਮਹਿਸੂਸ ਕਰ ਰਹੀ ਹੈ, ਉਥੇ ਪੀ.ਪੀ.ਪੀ. ਅਤੇ ਸਾਂਝੇ ਮੋਰਚੇ ਵਿਚ ਵੀ ਮਤਭੇਦ ਉਭਰ ਆਏ ਹਨ। ਪੀ.ਪੀ.ਪੀ. ਦੇ ਮੀਤ ਪ੍ਰਧਾਨ ਤੇ ਪ੍ਰਸਿੱਧ ਕਮੇਡੀਅਨ ਭਗਵੰਤ ਮਾਨ ਨੇ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਹੈ ਤੇ ਆਮ ਆਦਮੀ ਪਾਰਟੀ (ਆਪ) ਦਾ ਲੜ ਫੜ ਲਿਆ ਹੈ। ਸਾਂਝੇ ਮੋਰਚੇ ਦੀਆਂ ਦੂਜੀਆਂ ਧਿਰਾਂ ਸੀ.ਪੀ.ਐਮ., ਸੀ.ਪੀ.ਆਈ. ਤੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਵੀ ਇਸ ਫੈਸਲੇ ਤੋਂ ਖੁਸ਼ ਨਜ਼ਰ ਨਹੀਂ ਆ ਰਹੀਆਂ। ਕਾਂਗਰਸ ਵਿਚ ਵੀ ਗਠਜੋੜ ਨੂੰ ਲੈ ਕੇ ਵੱਖ-ਵੱਖ ਸੁਰਾਂ ਹਨ।



ਪੀ.ਪੀ.ਪੀ. ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਦੇ ਕਰੀਬੀ ਮੰਨੇ ਜਾਂਦੇ ਭਗਵੰਤ ਮਾਨ ਨੇ ਪਾਰਟੀ ਪ੍ਰਧਾਨ ਨੂੰ ਭੇਜੇ ਅਸਤੀਫ਼ੇ ਵਿਚ ਕਿਹਾ ਹੈ ਕਿ 27 ਮਾਰਚ 2011 ਨੂੰ ਸ਼ਹੀਦਾਂ ਦੀ ਧਰਤੀ ਖਟਕੜ ਕਲਾਂ ਵਿਚ ਪੀਪਲਜ਼ ਪਾਰਟੀ ਆਫ਼ ਪੰਜਾਬ ਵੱਲੋਂ ਕੀਤੀ ਰੈਲੀ ਦੌਰਾਨ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਗਰੀਬੀ, ਨਸ਼ਾਖੋਰੀ ਤੇ ਰਾਜਨੀਤਕ ਨਿਜ਼ਾਮ ਨੂੰ ਬਦਲਣ ਲਈ ਲੜਾਈ ਵਿੱਢਣ ਦਾ ਐਲਾਨ ਕੀਤਾ ਗਿਆ ਸੀ। ਇਨ੍ਹਾਂ ਮੁੱਦਿਆਂ ਕਾਰਨ ਹੀ ਮਨਪ੍ਰੀਤ ਸਿੰਘ ਬਾਦਲ ਦਾ ਸਾਥ ਦੇਣ ਦਾ ਫ਼ੈਸਲਾ ਕੀਤਾ ਸੀ। ਹੁਣ ਜਿਸ ਤਰ੍ਹਾਂ ਪਿਛਲੇ ਦਿਨਾਂ ਦੌਰਾਨ ਪੀ.ਪੀ.ਪੀ. ਨੇ ਲੋਕ ਸਭਾ ਚੋਣਾਂ ਵਿਚ ਕਾਂਗਰਸ ਨਾਲ ਗੱਠਜੋੜ ਦਾ ਫ਼ੈਸਲਾ ਲਿਆ ਹੈ, ਉਸ ਨਾਲ ਉਹ ਜ਼ਾਤੀ ਤੌਰ 'ਤੇ ਸਹਿਮਤ ਨਹੀਂ ਹਨ। ਹੁਣ ਉਨ੍ਹਾਂ ਨੇ ਜ਼ਮੀਰ ਦੀ ਆਵਾਜ਼ ਸੁਣ ਕੇ ਹੀ ਪੀ.ਪੀ.ਪੀ. ਛੱਡਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਅਤੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇਣ ਦਾ ਐਲਾਨ ਕੀਤਾ ਹੈ। ਯਾਦ ਰਹੇ ਕਿ ਪੀ.ਪੀ.ਪੀ. ਵੱਲੋਂ ਲੰਘੀਆਂ ਵਿਧਾਨ ਸਭਾ ਚੋਣਾਂ ਦੌਰਾਨ ਲਹਿਰਾਗਾਗਾ ਹਲਕੇ ਤੋਂ ਕਾਂਗਰਸ ਦੀ ਸੀਨੀਅਰ ਆਗੂ ਰਾਜਿੰਦਰ ਕੌਰ ਭੱਠਲ ਖ਼ਿਲਾਫ਼ ਭਗਵੰਤ ਮਾਨ ਨੂੰ ਚੋਣ ਲੜਾਈ ਗਈ ਸੀ ਅਤੇ ਉਨ੍ਹਾਂ ਨੇ ਬੀਬੀ ਭੱਠਲ ਨੂੰ ਸਖ਼ਤ ਟੱਕਰ ਵੀ ਦਿੱਤੀ ਸੀ।

ਉਧਰ, ਕਾਂਗਰਸ ਦੇ ਸੀਨੀਅਰ ਆਗੂ ਜਗਮੀਤ ਸਿੰਘ ਬਰਾੜ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ 'ਤੇ ਦੋਸ਼ ਲਾਇਆ ਹੈ ਕਿ ਉਹ ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਉਪਰ ਬਠਿੰਡਾ ਹਲਕੇ ਦੀ ਸੀਟ ਨਿਛਾਵਰ ਕਰ ਕੇ ਮਾਲਵੇ ਦੀ ਕਾਂਗਰਸ ਲੀਡਰਸ਼ਿਪ ਨੂੰ ਸਾਜ਼ਿਸ਼ ਤਹਿਤ ਖ਼ਤਮ ਕਰ ਰਹੇ ਹਨ। ਸ. ਬਰਾੜ ਨੇ ਦਾਅਵਾ ਕੀਤਾ ਕਿ ਜੇ ਪਾਰਟੀ ਹਾਈਕਮਾਂਡ ਬਠਿੰਡਾ ਤੋਂ ਉਨ੍ਹਾਂ ਨੂੰ


*(ਬਾਕੀ ਸਫਾ 8 'ਤੇ)*



**REAL ESTATE & HOME LOANS**
- Low Interest Rate
- 3.5% Down Payment
- Free Credit Report
- Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
M&M and Associates
209.918.6464
ahundal@c21mm.com



Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com



**Law Office of**
**Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਹਰਵਿੰਦਰ ਸਿੰਘ ਸਰਨਾ ਘੱਟ-ਗਿਣਤੀ ਕਮਿਸ਼ਨ ਦੇ ਮੈਂਬਰ ਬਣੇ

**ਨਵੀਂ ਦਿੱਲੀ:** ਦਿੱਲੀ ਦੇ ਉਪ-ਰਾਜਪਾਲ ਵੱਲੋਂ ਜਾਰੀ ਕੀਤੇ ਨੋਟੀਫਿਕੇਸ਼ਨ ਰਾਹੀਂ ਦਿੱਲੀ ਘੱਟ-ਗਿਣਤੀ ਕਮਿਸ਼ਨ ਦੇ ਪੁਰਾਣੇ ਮੈਂਬਰਾਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਫਾਰਗ ਕਰ ਕੇ ਨਵੇਂ ਮੈਂਬਰ ਮਨੋਨੀਤ ਕੀਤੇ ਗਏ।



ਨਵੀਆਂ ਨਿਯੁਕਤੀਆਂ ਮੁਤਾਬਕ ਮੁਸਲਿਮ ਭਾਈਚਾਰੇ ਦੀ ਪ੍ਰਤੀਨਿਧਤਾ ਕਰਨ ਵਾਲੇ ਨਵੇਂ ਮੈਂਬਰ ਕਮਰ ਅਹਿਮਦ ਕਮਿਸ਼ਨ ਦੇ ਚੇਅਰਮੈਨ ਹੋਣਗੇ ਜਦਕਿ ਸਿੱਖ ਵਰਗ ਦੀ ਪ੍ਰਤੀਨਿਧਤਾ ਹਰਵਿੰਦਰ ਸਿੰਘ ਸਰਨਾ ਤੇ ਈਸਾਈ ਭਾਈਚਾਰੇ ਦੀ ਪ੍ਰਤੀਨਿਧਤਾ ਅਬਰਾਹਿਮ ਐਮ. ਪੱਟੀਆਣੀ ਕਰਨਗੇ।

ਇਸ ਸਬੰਧੀ ਘੱਟ-ਗਿਣਤੀ ਕਮਿਸ਼ਨ ਦੇ ਦਫ਼ਤਰ ਵਿਚ ਕਰਵਾਏ ਸਮਾਗਮ ਦੌਰਾਨ, ਕਮਿਸ਼ਨ ਦੇ ਪਿਛਲੇ ਚੇਅਰਮੈਨ ਸਫ਼ਦਰ ਖਾਨ ਨੇ ਨਵੇਂ ਮੈਂਬਰਾਂ ਨੂੰ ਉਨ੍ਹਾਂ ਦੇ ਅਹੁਦਿਆਂ ਦਾ ਚਾਰਜ ਸੰਭਾਲਿਆ।

# ਸਵਿਤਾ ਭੱਟੀ ਚੰਡੀਗੜ੍ਹ ਤੋਂ 'ਆਪ' ਦੀ ਉਮੀਦਵਾਰ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਨੇ ਲੋਕ ਸਭਾ ਚੋਣਾਂ ਲਈ 20 ਉਮੀਦਵਾਰਾਂ ਦੀ ਤੀਜੀ ਸੂਚੀ ਜਾਰੀ ਕਰ ਦਿੱਤੀ। ਚੰਡੀਗੜ੍ਹ ਤੋਂ ਹਾਸਰਸ ਕਲਾਕਾਰ ਮਰਹੂਮ ਜਸਪਾਲ ਭੱਟੀ ਦੀ ਪਤਨੀ ਸਵਿਤਾ ਭੱਟੀ ਨੂੰ ਉਮੀਦਵਾਰ ਬਣਾਇਆ ਗਿਆ ਹੈ ਜਦਕਿ ਉੱਤਰ-ਪੂਰਬੀ ਦਿੱਲੀ ਤੋਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਪ੍ਰੋਫੈਸਰ ਆਨੰਦ ਕੁਮਾਰ ਨੂੰ ਟਿਕਟ ਦਿੱਤੀ ਗਈ ਹੈ।



ਆਪ ਹੁਣ ਤੱਕ 70 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਚੁੱਕੀ ਹੈ। ਪਾਰਟੀ ਦਾ ਕਹਿਣਾ ਹੈ ਕਿ ਬਠਿੰਡਾ ਤੋਂ ਵੀ ਕਿਸੇ ਮਜ਼ਬੂਤ ਉਮੀਦਵਾਰ ਨੂੰ ਖੜ੍ਹਾਉਣ ਬਾਰੇ ਵਿਚਾਰਾਂ ਕਰ ਰਹੀ ਹੈ। ਬਠਿੰਡਾ ਤੋਂ ਅਕਾਲੀ ਦਲ ਵੱਲੋਂ ਬੀਬੀ ਹਰਸਿਮਰਤ ਕੌਰ ਬਾਦਲ ਉਮੀਦਵਾਰ ਹੈ ਅਤੇ ਇਸੇ ਹਲਕੇ ਤੋਂ ਸ. ਮਨਪ੍ਰੀਤ ਸਿੰਘ ਬਾਦਲ ਵੱਲੋਂ ਕਾਂਗਰਸ ਦੇ ਸਮਰਥਨ ਨਾਲ ਚੋਣ ਲੜਨ ਬਾਰੇ ਚਰਚਾ ਭਖੀ ਹੋਈ ਹੈ।

# ਨਾਸਾ ਨੇ 715 ਨਵੇਂ ਗ੍ਰਹਿ ਲੱਭੇ

**ਵਾਸ਼ਿੰਗਟਨ:** ਨਾਸਾ ਦੀ ਕੇਪਲਰ ਦੂਰਬੀਨ ਨੇ ਸੂਰਜੀ ਮੰਡਲ ਦੇ ਬਾਹਰ 715 ਨਵੇਂ ਗ੍ਰਹਿ ਮਿਲਣ ਦੀ ਪੁਸ਼ਟੀ ਕੀਤੀ ਹੈ। ਨਾਸਾ ਮੁਤਾਬਕ ਛੋਟੇ ਗ੍ਰਹਿਆਂ ਦੀ ਵੱਡੀ ਗਿਣਤੀ ਉਤਸ਼ਾਹਤ ਕਰਨ ਵਾਲੀ ਹੈ। ਚਾਰ ਨਵੇਂ ਗ੍ਰਹਿ ਪ੍ਰਿਥਵੀ ਤੋਂ ਢਾਈ ਗੁਣਾਂ ਛੋਟੇ ਹਨ। ਵਿਗਿਆਨੀਆਂ ਨੇ ਕੇਪਲਰ 296 ਐਫ ਨਾਂ ਦਾ ਗ੍ਰਹਿ ਲੱਭਿਆ ਹੈ ਜਿਸ ਬਾਰੇ ਪਤਾ ਨਹੀਂ ਲਗ ਰਿਹਾ ਕਿ ਉਥੇ ਗੈਸ ਹੈ ਜਾਂ ਪਾਣੀ।


ਵਾਜਬ ਭਾਅ ਉਤੇ ਵਧੀਆ ਹੈਲਥ ਇੰਸ਼ੋਰੈਂਸ ਲੈਣ ਲਈ

COVERED CALIFORNIA

YOUR DESTINATION FOR
AFFORDABLE
QUALITY HEALTH CARE
INCLUDING MEDI-CAL


CERTIFIED INSURANCE AGENT
GURCHARAN SINGH MANN
License # 0C70672

(510) 797-7989
2450 PERALTA BLVD, SUITE 203
FREMONT CA 94536



Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?



ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*

Medicare & Most Private Insurances Accepted

*Contact:*
Dr. Baljit Jammu
*Doctor of Chiropractic*
Ph: 510-940-8236
1090 La Playa Dr.,
Hayward CA 94545








# ਸਿੱਖ ਪੰਚਾਇਤ ਵਲੋਂ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਮੂਹ ਵੋਟਰਾ ਨੂੰ ਅਪੀਲ



ਜਸਦੇਵ ਸਿੰਘ
JASDEV SINGH



ਲਖਵੀਰ ਸਿੰਘ
LAKHVIR SINGH



ਗੁਰਿੰਦਰ ਸਿੰਘ
GURINDER SINGH



ਤਰਸੇਮ ਸਿੰਘ
TARSEM SINGH



ਹਰਜੀਤ ਸਿੰਘ
HARJEET SINGH

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

'ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ' ਦੇ ਮਹਾਂਵਾਕ ਅਨੁਸਾਰ ਸਿੱਖ ਪੰਚਾਇਤ ਵਲੋਂ ਫਰੀਮਾਂਟ ਗੁਰਦਵਾਰਾ ਸਾਹਿਬ ਦੀ ਸੰਗਤ ਨੂੰ ਇਕ ਕੇਸਰੀ ਨਿਸ਼ਾਨ ਹੇਠ ਲਿਆਉਣ ਲਈ ਇਸ ਸਾਲ ਵੀ ਸੁਪਰੀਮ ਕੌਂਸਲ ਦੀ ਚੋਣ ਸਰਬਸੰਮਤੀ ਨਾਲ ਕਰਾਉਣ ਦਾ ਯਤਨ ਕੀਤਾ ਸੀ। ਸਿੱਖ ਇਤਿਹਾਸ ਵਿਚ 'ਗੁਰਮਤੇ' ਵਾਲੀ ਪ੍ਰੰਪਰਾ ਦੀ ਰੋਸ਼ਨੀ ਵਿਚ ਕਾਰਵਾਈ ਸ਼ੁਰੂ ਕੀਤੀ ਗਈ। ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਨੇ 'ਗੁਰਮਤਾ' ਕਰਨ ਦਾ ਸਿਧਾਂਤ ਸਿੱਖਾਂ ਨੂੰ ਦਿਤਾ। ਇਸ ਸਿਧਾਂਤ ਅਧੀਨ ਸਿੱਖ ਆਪਣੇ ਸਾਰੇ ਮਤਭੇਦ ਭੁਲਾ ਕੇ ਪੰਥ ਦੀ ਚੜ੍ਹਦੀ ਕਲ੍ਹਾ ਲਈ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠਕੇ ਸਰਬਸੰਮਤੀ ਨਾਲ ਫੈਸਲੇ ਲੈਂਦੇ ਹਨ ਅਤੇ ਇਹ ਫੈਸਲੇ ਸਿੱਖਾਂ ਲਈ ਅਟੱਲ ਹੁੰਦੇ ਹਨ।

## ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜ ਸਿੰਘ ਚੁਣਨ ਦਾ 'ਗੁਰਮਤਾ' ਕੀਤਾ ਗਿਆ। ਇਹ ਸਾਰੀ ਪ੍ਰਕ੍ਰਿਆ ਇਮਾਨਦਰੀ ਅਤੇ ਸਿੱਖ ਸਿਧਾਂਤ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੋਈ।

### ਸਿੱਖ ਪੰਚਾਇਤ ਦੇ ਮੁੱਖ ਉਦੇਸ਼

1. ਗੁਰਦੁਆਰਾ ਸਾਹਿਬ ਫਰੀਮਾਂਟ ਅਤੇ ਇਲਾਕੇ ਵਿਚ ਸ਼ਾਂਤੀ ਅਤੇ ਸਦਭਾਵਨਾ ਵਾਲਾ ਮਾਹੌਲ ਸਿਰਜਨਾ।
2. ਨਵੀਂ ਪੀੜ੍ਹੀ ਨੂੰ ਗੁਰਦੁਆਰਾ ਸਾਹਿਬਾਨ ਨਾਲ ਜੋੜਨਾ ਅਤੇ ਪ੍ਰਬੰਧ ਵਿਚ ਆਉਣ ਲਈ ਪ੍ਰੇਰਣਾ।
3. ਵਿਦਿਅਕ ਕੰਮਾਂ ਨੂੰ ਪਹਿਲ ਦੇ ਆਧਾਰ ਤੇ ਪੂਰਾ ਕਰਨਾ।
4. ਗੁਰਦੁਆਰਾ ਸਾਹਿਬ ਵਿਚ ਧਾਰਮਿਕ ਕੰਮਾਂ ਲਈ ਉਚੇਚੇ ਪ੍ਰਬੰਧ ਕਰਨਾ ਤਾਂ ਜੋ ਸੰਗਤ ਅਧਿਆਤਮਕ ਉਦੇਸ਼ ਦੀ ਪ੍ਰਾਪਤੀ ਕਰ ਸਕੇ।
5. ਖੇਡਾਂ ਲਈ ਵਿਸ਼ੇਸ਼ ਪ੍ਰਬੰਧ ਕਰਨੇ ਅਤੇ ਹਰ ਸਾਲ ਸਿੱਖ ਟੂਰਨਾਮੈਂਟ ਕਰਵਾਉਣੇ।
6. ਨੌਜਵਾਨ ਪੀੜ੍ਹੀ ਲਈ ਨੌਕਰੀ ਦੇ ਪ੍ਰਬੰਧ ਕਰਨੇ ਜਾਂ ਉਹਨਾਂ ਨੂੰ ਸਿਖਲਾਈ ਦੇ ਕੇ ਉਸ ਦੇ ਯੋਗ ਬਣਾਉਣਾ।
7. ਬੀਬੀਆਂ ਨੂੰ ਕਮੇਟੀਆਂ ਵਿਚ ਆਉਣ ਲਈ ਪ੍ਰੇਰਨਾ ਅਤੇ ਉਹਨਾਂ ਦੇ ਮਸਲਿਆਂ ਲਈ ਇਕ ਅਲੱਗ ਸਬ-ਕਮੇਟੀ ਬਨਾਉਣੀ।
8. ਬਜ਼ੁਰਗਾਂ ਨਾਲ ਤਾਲਮੇਲ ਵਧਾ ਕੇ ਉਹਨਾਂ ਦੇ ਮਸਲਿਆਂ ਵਿਚ ਮੱਦਦ ਕਰਨੀ। ਗੁਰਦੁਆਰਾ ਸਾਹਿਬ ਵਿਚ ਸੀਨੀਅਰ ਸੈਂਟਰ ਦੀ ਸਥਾਪਨਾ ਕਰਨੀ।
9. ਬੇਲੋੜੇ ਸ਼ੰਕਿਆਂ ਤੋਂ ਦਰ-ਕਿਨਾਰਾ ਕਰਨ ਲਈ ਹਰ ਦੋ ਸਾਲ ਬਾਅਦ ਹਿਸਾਬ-ਕਿਤਾਬ ਦਾ ਆਡਿਟ ਕਰਾਉਣਾ।
10. ਖਾਲਸਾ ਸਕੂਲ ਅਤੇ ਲੰਗਰ ਹਾਲ ਦੀ ਰਸੋਈ ਦੀ ਇਮਾਰਤ ਦੇ ਕੰਮ ਨੂੰ ਨੇਪਰੇ ਚਾੜ੍ਹਨਾ।
11. 100 ਏਕੜ ਜ਼ਮੀਨ ਦੀ ਸਮੱਸਿਆ ਦਾ ਛੇਤੀ ਤੋਂ ਛੇਤੀ ਹੱਲ ਲੱਭਣਾ।

## ਸਿੱਖ ਪੰਚਾਇਤ ਦੇ ਸਾਂਝੇ ਉਮੀਦਵਾਰਾਂ ਨੂੰ ਵੋਟ ਪਾਕੇ ਕਾਮਯਾਬ ਕਰੋ ਜੀ



ਭਾਈ ਗੁਰਮੀਤ ਸਿੰਘ ਖਾਲਸਾ



ਭਾਈ ਰਾਮ ਸਿੰਘ




ਭਾਈ ਜਸਵਿੰਦਰ ਸਿੰਘ ਜੰਡੀ



ਡਾ. ਪ੍ਰਿਤਪਾਲ ਸਿੰਘ



ਭਾਈ ਦਵਿੰਦਰ ਸਿੰਘ



ਭਾਈ ਨਿਰਮਲ ਸਿੰਘ



ਭਾਈ ਗੁਰਪਾਲ ਸਿੰਘ ਹੰਸਰਾ

ਬੇਨਤੀ ਕਰਤਾ: ਸਿੱਖ ਪੰਚਾਇਤ

ਫੋਨ ਨੰਬਰ: 408.896.4518 • 408.667.3116 • 510.584.7172

ਬਹੁਤ ਜਨਮ ਬਿਛੁਰੇ ਥੇ ਮਾਧਉ, ਇਹ ਜਨਮੁ ਤੁਮਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ।। ਚਿਰ ਭਇਓ ਦਰਸਨੁ ਦੇਖੇ





# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ

## ਵਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਆਗਮਨ ਪੁਰਬ 'ਤੇ

## 9 ਮਾਰਚ ਨੂੰ 14ਵਾਂ ਸਲਾਨਾ

# ਮਹਾਨ ਨਗਰ ਕੀਰਤਨ

## ਦਿਨ ਐਤਵਾਰ, ਰਿਓਲਿੰਡਾ, ਸੈਕਰਾਮੈਂਟੋ 'ਚ ਸਵੇਰੇ 11.30 ਵਜੇ ਤੋਂ ਹੋਵੇਗਾ।

*ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥*

ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 637ਵੇਂ ਪ੍ਰਕਾਸ਼ ਦਿਵਸ 'ਤੇ 14ਵਾਂ ਮਹਾਨ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ 9 ਮਾਰਚ 2014 ਨੂੰ ਸਜਾਇਆ ਜਾ ਰਿਹਾ ਹੈ। ਇਸ ਮੌਕੇ 'ਤੇ ਪੰਥ ਪ੍ਰਸਿੱਧ ਰਾਗੀ, ਢਾਡੀ ਜਥੇ ਅਤੇ ਕਥਾਵਾਚਕ ਸ਼ਬਦ ਕੀਰਤਨ ਅਤੇ ਵਿਆਖਿਆ ਨਾਲ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਇਸ ਮਹਾਨ ਨਗਰ ਕੀਰਤਨ ਵਿਚ ਪਰਿਵਾਰ ਸਮੇਤ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮਾਂ ਦਾ ਵੇਰਵਾ

ਆਰੰਭ ਸ੍ਰੀ ਅਖੰਡ ਪਾਠ ਸਾਹਿਬ : 7 ਮਾਰਚ 2014 ਸਵੇਰੇ 9.00 ਵਜੇ
8 ਮਾਰਚ 2014 ਨੂੰ ਸ਼ਨੀਵਾਰ ਸਵੇਰੇ 11.00 ਵਜੇ ਸ੍ਰੀ ਨਿਸ਼ਾਨ ਸਾਹਿਬ ਝੁਲਾਏ ਜਾਣਗੇ
ਰੈਣ ਸਬਾਈ ਕੀਰਤਨ ਸ਼ਾਮ 5.00 ਤੋਂ ਰਾਤ 9.00 ਵਜੇ ਤੱਕ ਹੋਵੇਗਾ।
ਭੋਗ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ 9 ਮਾਰਚ 2014 ਸਵੇਰੇ 9.00 ਵਜੇ
ਸੇਵਾ : ਗੁਰੂ ਘਰ ਅਤੇ ਸਮੂਹ ਸੰਗਤਾਂ ਵੱਲੋਂ

### ਹਫਤਾਵਾਰੀ ਪ੍ਰੋਗਰਾਮ

3 ਮਾਰਚ 2014 : ਦਿਨ ਸੋਮਵਾਰ ਤੋਂ ਹਰ ਰੋਜ਼ ਰੋਜ਼ਾਨਾ ਸ਼ਾਮੀਂ 6 ਵਜੇ ਤੋਂ ਧਾਰਮਿਕ ਦੀਵਾਨ ਹੋਇਆ ਕਰਨਗੇ, ਜਿਸ ਵਿਚ ਪੰਥ ਦੇ ਉਘੇ ਰਾਗੀ, ਢਾਡੀ ਅਤੇ ਕਥਾਵਾਚਕ ਗੁਰਬਾਣੀ ਰਾਹੀਂ ਆਈਆਂ ਸੰਗਤਾਂ ਨੂੰ ਨਿਹਾਲ ਕਰਿਆ ਕਰਨਗੇ।
8 ਮਾਰਚ 2014, ਦਿਨ ਸ਼ਨਿੱਚਰਵਾਰ : ਸ਼ਾਮ 6 ਵਜੇ ਤੋਂ ਰੈਣ ਸਬਾਈ ਕੀਰਤਨ ਹੋਵੇਗਾ।

ਸਟਾਲ ਲਾਉਣ ਲਈ ਸੰਪਰਕ ਕਰੋ :
ਦਿਲਬਾਗ ਸਿੰਘ ਰਾਣਾ : 916-459-9417,
ਹਰਬੰਸ ਰੱਲ੍ਹ : 916-821-5836

ਕੀਰਤਨੀ ਜਥੇ ਜਾਂ ਢਾਡੀ ਸੰਪਰਕ ਕਰੋ :
ਜੀਵਨ ਰੱਤੂ : 916-256-9393

ਖੂਨਦਾਨ ਕੈਂਪ :
ਸ਼ਨਿੱਚਰਵਾਰ 8 ਮਾਰਚ 2014, ਸਵੇਰੇ 10 ਵਜੇ ਤੋਂ।

**ਨੋਟ**
ਸੰਗਤਾਂ ਯਾਦ ਰੱਖਣ ਕਿ 9 ਮਾਰਚ ਨੂੰ ਸਮੇਂ ਵਿਚ ਵੀ ਇਕ ਘੰਟੇ ਦੀ ਤਬਦੀਲੀ ਹੋਵੇਗੀ ਤੇ ਘੜੀਆਂ ਇਕ ਘੰਟਾ ਪਿੱਛੇ ਹੋ ਜਾਣਗੀਆਂ।

ਹੋਰ ਜਾਣਕਾਰੀ ਲਈ ਕਾਲ ਕਰੋ :
ਪ੍ਰਧਾਨ : ਸਤੀਸ਼ ਰੱਲ੍ਹ : 916-214-9092
ਪੀ.ਆਰ.ਓ. : ਜੱਸੀ ਬੰਗਾ : 916-796-5003,
ਪੀ.ਆਰ.ਓ. ਜਸਵੰਤ ਸਿੰਘ ਸ਼ੀਮਾਰ : 916-293-6030

ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਆਪਣੀਆਂ ਗੱਡੀਆਂ ਸਹੀ ਜਗ੍ਹਾ 'ਤੇ ਪਾਰਕ ਕਰੋ

**ਜਾਰੀ ਕਰਤਾ** ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਸਭਾ, ਰਿਓਲਿੰਡਾ ਸੈਕਰਾਮੈਂਟੋ


6221-16th street Rio Linda (Sacramento) CA 95673, Phone 916-992-1710

ਪ੍ਰੋਗਰਾਮ ਦਾ ਲਾਈਵ ਪ੍ਰਸਾਰਣ 'ਗਲੋਬਲ ਪੰਜਾਬੀ ਟੀ.ਵੀ.' ਚੈਨਲ ਨੰਬਰ 739 ਤੇ ਦਿਖਾਇਆ ਜਾਵੇਗਾ।

# ਗੁਰਦੁਆਰਾ ਫਰੀਮਾਂਟ ਦੀਆਂ ਸੰਗਤਾਂ ਨੂੰ ਅਪੀਲ



ਸੁਰਿੰਦਰ ਸਿੰਘ ਸੈਣੀ



ਡਾ. ਬਲਰਾਜ ਸਿੰਘ



ਫਤਿਹਜੀਤ ਸਿੰਘ



ਬੀਬੀ ਰਜਿੰਦਰ ਕੌਰ

## ਸੁਪਰੀਮ ਕੌਂਸਲ ਲਈ 9 ਮਾਰਚ ਨੂੰ ਹੋ ਰਹੀਆਂ ਚੋਣਾਂ ਵਿਚ ਬੇਅ ਏਰੀਆ ਸਿੱਖ ਅਲਾਇੰਸ ਸਲੇਟ (ਪਹਿਲੀ) ਦੇ ਉਮੀਦਵਾਰਾਂ ਨੂੰ ਆਪਣੀ ਵੋਟ ਪਾ ਕੇ ਕਾਮਯਾਬ ਕਰੋ ਜੀ

ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਅਸੀਂ ਬੇਅ ਏਰੀਆ ਸਿੱਖ ਅਲਾਇੰਸ ਆਰਗੇਨਾਈਜ਼ੇਸ਼ਨ ਦੇ ਨਾਲ ਹੀ ਸਾਂ ਅਤੇ ਚੋਣਾਂ ਵੀ ਇਕਠਿਆਂ ਲੜਨੀਆਂ ਸਨ ਪਰ ਧਾਮੀ ਗਰੁਪ ਦੀਆਂ ਸਿੱਖ ਵਿਰੋਧੀ ਗੱਲਾਂ ਨੇ ਸਾਨੂੰ ਸੋਚਣ ਲਈ ਮਜਬੂਰ ਕਰ ਦਿਤਾ ਕਿ ਇਨ੍ਹਾਂ ਨਾਲ ਖਲੋਣਾ ਸਿੱਖ ਵਿਰੋਧੀ ਤਾਕਤਾਂ ਨਾਲ ਖਲੋਣ ਬਰਾਬਰ ਹੋਵੇਗਾ ਤੇ ਸਿੱਖ ਕੌਮ ਨਾਲ ਧੋਖਾ ਹੋਵੇਗਾ। ਸਾਨੂੰ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਜੇ ਧਾਮੀ ਗਰੁਪ ਦੀ ਜਿੱਤ ਹੁੰਦੀ ਹੈ ਤਾਂ ਉਹ ਗੁਰਦੁਆਰਾ ਫਰੀਮਾਂਟ ਵਿਚ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਅਤੇ ਲੰਗਰ ਹਾਲ ਵਿਚ ਲੱਗੀਆਂ ਹੋਰ ਸਿੱਖ ਸ਼ਹੀਦਾਂ ਦੀਆਂ ਤਸਵੀਰਾਂ ਉਤਾਰ ਦੇਣਗੇ। ਦੂਜਾ ਵਡਾ ਮਸਲਾ ਇਹ ਹੈ ਕਿ ਅਵਤਾਰ ਸਿੰਘ ਧਾਮੀ ਆਪ ਸ੍ਰੀ ਅਕਾਲ ਤਖਤ ਸਾਹਿਬ ਤੋਂ ਛੇਕੇ ਹੋਏ ਗੁਰਬਖਸ਼ ਸਿੰਘ ਕਾਲਾ ਅਫਗਾਨਾ ਦਾ ਪੈਰੋਕਾਰ ਹੈ।

ਇਨ੍ਹਾਂ ਸਿਧਾਂਤਕ ਵਿਰੋਧਾਂ ਕਰਕੇ ਸਾਡਾ ਧਾਮੀ ਗਰੁਪ (ਬੇਅ ਏਰੀਆ ਸਿੱਖ ਅਲਾਇੰਸ ਆਰਗੇਨਾਈਜ਼ੇਸ਼ਨ) ਨਾਲੋਂ ਸਿਧਾਂਤਕ ਤੌਰ 'ਤੇ ਤੋੜ ਵਿਛੋੜਾ ਹੋ ਗਿਆ ਹੈ ਅਤੇ ਅਸੀਂ ਹੁਣ ਅਸਲ ਬੇਅ ਏਰੀਆ ਸਿੱਖ ਅਲਾਇੰਸ (ਪਹਿਲੀ) ਵੱਲੋਂ ਆਪ ਦੀ ਸੇਵਾ ਵਿਚ ਹਾਜ਼ਰ ਹੋਏ ਹਾਂ। ਦੋ ਸਾਲ ਪਹਿਲਾਂ ਵੀ ਅਸੀਂ ਬੇਅ ਏਰੀਆ ਸਿੱਖ ਅਲਾਇੰਸ ਦੇ ਨਾਂ ਥੱਲੇ ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਲੜ ਚੁਕੇ ਹਾਂ ਤੇ ਸਿੱਖ ਸੰਗਤਾਂ ਨੇ ਦਾਸਾਂ ਨੂੰ ਬਹੁਤ ਮਾਣ ਦਿੱਤਾ ਸੀ, ਜਿਸ ਦੇ ਅਸੀਂ ਧੰਨਵਾਦੀ ਹਾਂ। ਸੰਗਤਾਂ ਵਲੋਂ ਦਿੱਤੇ ਗਏ ਇਸੇ ਮਾਣ ਸਦਕਾ ਅਸੀਂ ਫਿਰ ਸੇਵਾ ਵਿਚ ਹਾਜ਼ਰ ਹੋਏ ਹਾਂ। ਸਾਡੀ ਆਪ ਸੰਗਤਾਂ ਨੂੰ ਬੇਨਤੀ ਹੈ ਕਿ ਆਪ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਰੇ ਕਾਰਜ ਕੀਤੇ ਜਾਣਗੇ। ਸਾਡੀ ਸੰਗਤਾਂ ਨੂੰ ਪੁਰਜ਼ੋਰ ਬੇਨਤੀ ਹੈ ਕਿ ਐਤਵਾਰ 9 ਮਾਰਚ ਨੂੰ ਆਪਣਾ ਕੀਮਤੀ ਵੋਟ ਪਾ ਕੇ ਇਕ ਵਾਰ ਸਾਡੀ ਸਲੇਟ ਦੇ ਸੇਵਾਦਾਰਾਂ ਨੂੰ ਸੇਵਾ ਦਾ ਮੌਕਾ ਜ਼ਰੂਰ ਬਖਸ਼ੋ ਜੀ।

### ਆਪ ਜੀ ਦੀ ਵੋਟ ਦੀ ਸਹੀ ਹੱਕਦਾਰ

# ਬੇਅ ਏਰੀਆ ਸਿੱਖ ਅਲਾਇੰਸ (ਪਹਿਲੀ)

ਫੋਨ: 510-304-3273 ਅਤੇ 408-849-9873

**Bay Aria Sikh Alliance (First)**

# ਡੇਰਾ ਸਿਰਸਾ 'ਤੇ 400 ਸ਼ਰਧਾਲੂਆਂ ਨੂੰ ਨਿਪੁੰਸਕ ਬਣਾਉਣ ਦਾ ਦੋਸ਼

**ਚੰਡੀਗੜ੍ਹ:** ਹਰਿਆਣਾ ਸਰਕਾਰ ਨੇ ਡੇਰਾ ਸਿਰਸਾ ਨਾਲ ਸਬੰਧਤ ਤਕਰੀਬਨ 400 ਵਿਅਕਤੀਆਂ ਨੂੰ ਡੇਰਾ ਮੁਖੀ ਵੱਲੋਂ ਜਬਰਦਸਤੀ ਨਿਪੁੰਸਕ ਬਣਾਉਣ ਦੇ ਦੋਸ਼ਾਂ ਬਾਰੇ ਹਾਈ ਕੋਰਟ ਵਿਚ ਆਪਣੀ ਰਿਪੋਰਟ ਦਾਇਰ ਕਰ ਦਿੱਤੀ ਹੈ ਜਿਸ ਮੁਤਾਬਕ ਵੱਖ-ਵੱਖ ਕਤਲ ਕੇਸਾਂ ਵਿਚ ਫੜੇ ਸੱਤ ਡੇਰਾ ਪੈਰੋਕਾਰਾਂ ਦੇ ਬਿਆਨਾਂ ਮੁਤਾਬਕ ਉਹ ਮਰਜ਼ੀ ਨਾਲ ਨਿਪੁੰਸਕ ਬਣੇ ਹਨ।

ਡੇਰੇ ਨਾਲ ਹੀ ਸਬੰਧਤ ਰਹੇ ਸਾਧੂ ਹੰਸ ਰਾਜ ਚੌਹਾਨ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਦਿਆਂ ਦੋਸ਼ ਲਾਏ ਗਏ ਹਨ ਕਿ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਆਪਣੇ ਪੈਰੋਕਾਰਾਂ ਵਿਚਲੇ ਮਰਦਾਂ ਨੂੰ ਇਹ ਕਹਿ ਕੇ ਜ਼ਬਰਦਸਤੀ ਨਿਪੁੰਸਕ ਬਣਾ ਦਿੰਦਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਨੂੰ ਰੱਬ ਦੀ ਪ੍ਰਾਪਤੀ ਹੋ ਜਾਵੇਗੀ। ਪਟੀਸ਼ਨਰ ਨੇ ਦੋਸ਼ ਲਾਏ ਹਨ ਕਿ ਡੇਰੇ ਵਿਚਲੇ ਤਕਰੀਬਨ 400 ਮਰਦ ਪੈਰੋਕਾਰ ਸਰੀਰਕ ਤੌਰ 'ਤੇ ਨਿਪੁੰਸਕ ਬਣਾਏ ਜਾ ਚੁੱਕੇ ਹਨ।

ਹਾਈ ਕੋਰਟ ਵੱਲੋਂ ਇਸ ਬਾਰੇ ਹਰਿਆਣਾ ਸਰਕਾਰ ਸਣੇ ਸਬੰਧਤ ਮਰਦ ਪੈਰੋਕਾਰਾਂ, ਡੇਰਾ ਮੁਖੀ ਆਦਿ ਕੋਲੋਂ ਜਵਾਬ ਮੰਗਿਆ ਗਿਆ ਸੀ। ਇਸ ਬਾਰੇ ਹਰਿਆਣਾ ਸਰਕਾਰ ਵੱਲੋਂ ਹਾਈ ਕੋਰਟ ਕੋਲ ਰਿਪੋਰਟ ਦਾਇਰ ਕਰਦਿਆਂ ਦਾਅਵਾ ਕੀਤਾ ਗਿਆ ਕਿ ਇਸ ਵੇਲੇ ਕੇਂਦਰੀ ਜੇਲ੍ਹ ਅੰਬਾਲਾ ਵਿਚ ਬੰਦ ਫਰੀਦਕੋਟ ਵਾਸੀ ਨਿਰਮਲ



ਸਿੰਘ ਤੇ ਕੁਲਦੀਪ ਸਿੰਘ ਦੇ ਨਾਲ-ਨਾਲ ਸਿਰਸਾ ਵਾਸੀ ਜਗਦੇਵ ਸਿੰਘ, ਮੁਕਤਸਰ ਵਾਸੀ ਅਵਿਨਾਸ਼ ਕੁਮਾਰ, ਸ੍ਰੀ ਗੰਗਾਨਗਰ ਵਾਸੀ ਰਾਧੇ ਸ਼ਾਮ, ਹਨੁਮਾਗੜ੍ਹ ਵਾਸੀ ਇਕਬਾਲ ਸਿੰਘ ਤੇ ਇਸ ਸਮੇਂ ਡੇਰਾ ਸਿਰਸਾ ਦੇ ਪੱਕੇ ਵਾਸੀ ਬਣ ਚੁੱਕੇ ਕ੍ਰਿਸ਼ਨ ਕੁਮਾਰ ਨਾਂ ਦੇ ਇਨ੍ਹਾਂ ਸੱਤ ਬੰਦਿਆਂ ਨੇ ਆਪਣੀ ਮਰਜ਼ੀ ਨਾਲ ਹੀ ਖ਼ੁਦ ਨੂੰ ਨਿਪੁੰਸਕ ਕਰਵਾਇਆ ਹੈ ਤੇ ਨਾਲ ਹੀ ਕਿਸੇ ਕਿਸਮ ਦੀ ਡਾਕਟਰੀ ਜਾਂਚ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਹੈ ਕਿ ਇਸ ਕੰਮ ਵਾਸਤੇ ਉਨ੍ਹਾਂ 'ਤੇ ਕਿਸੇ ਵੱਲੋਂ ਵੀ ਕਦੇ ਵੀ ਕੋਈ ਦਬਾਅ ਨਹੀਂ ਪਾਇਆ ਗਿਆ। ਇਹ ਜਾਣਕਾਰੀ ਸਿਰਸਾ ਦੇ ਅਸਿਸਟੈਂਟ ਐਸ.ਪੀ ਰਜਿੰਦਰ ਕੁਮਾਰ ਮੀਣਾ ਦੀ ਮਾਰਫ਼ਤ ਦਾਇਰ ਕੀਤੀ ਗਈ ਹੈ। ਹਾਈ ਕੋਰਟ ਵਿਚ ਇਹ ਕੇਸ ਉਜਾਗਰ ਕਰਨ ਵਾਲੇ ਸਾਧੂ ਹੰਸ ਰਾਜ ਚੌਹਾਨ ਦੀ ਵੀ ਅਦਾਲਤੀ ਹੁਕਮਾਂ ਨਾਲ ਹੀ ਚੰਡੀਗੜ੍ਹ ਦੇ ਸੈਕਟਰ 16 ਸਥਿਤ ਸਰਕਾਰੀ ਮਲਟੀਸਪੈਸ਼ਲਿਟੀ ਹਸਪਤਾਲ ਦੇ ਡਾਕਟਰਾਂ ਦੇ ਇਕ ਬੋਰਡ ਵੱਲੋਂ ਡਾਕਟਰੀ ਜਾਂਚ ਕੀਤੀ ਜਾ ਚੁੱਕੀ ਹੈ।

ਚੌਹਾਨ ਨੇ ਹਾਈ ਕੋਰਟ ਵਿਚ ਇਹ ਵੀ ਦਾਅਵਾ ਕੀਤਾ ਕਿ ਸਿਰਸਾ ਦੇ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਕਤਲ ਕੇਸ ਵਿਚ ਫਸੇ ਦੋ ਦੋਸ਼ੀਆਂ ਨੂੰ ਵੀ ਡੇਰੇ ਅੰਦਰ ਨਿਪੁੰਸਕ ਕੀਤਾ ਜਾ ਚੁੱਕਾ ਸੀ। ਇਸ ਬਾਰੇ ਡੇਰਾ ਮੁਖੀ ਵੱਲੋਂ ਵੀ ਹਾਈ ਕੋਰਟ ਵਿਚ ਆਪਣਾ ਜਵਾਬ ਦਾਇਰ ਕਰਦਿਆਂ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਨਾਕਾਰਦੇ ਹੋਏ ਹੰਸ ਰਾਜ ਚੌਹਾਨ 'ਤੇ ਬਦਨਾਮ ਕਰਨ ਦੇ ਦੋਸ਼ ਲਾਏ ਹਨ। ਹਾਈ ਕੋਰਟ ਵੱਲੋਂ ਇਸ ਕੇਸ ਦੀ ਅਗਲੀ ਸੁਣਵਾਈ ਲਈ ਹੁਣ ਆਉਂਦੀ 25 ਮਾਰਚ ਦੀ ਤਾਰੀਖ ਤੈਅ ਕੀਤੀ ਗਈ ਹੈ।

## ਹਾਈ ਕੋਰਟ ਵੱਲੋਂ ਰਾਮ ਰਹੀਮ ਨੂੰ ਰਾਹਤ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਕਲ ਕਰਦਿਆਂ ਉਨ੍ਹਾਂ ਵਰਗੀ ਪੁਸ਼ਾਕ ਪਹਿਨ ਕੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਮਾਮਲੇ 'ਤੇ ਹੇਠਲੀ ਅਦਾਲਤ ਵੱਲੋਂ ਖੁਦ ਨੋਟਿਸ ਲੈ ਕੇ ਕੇਸ ਚਲਾਉਣ ਦੇ ਹੁਕਮਾਂ ਨੂੰ ਤਕਨੀਕੀ ਆਧਾਰ 'ਤੇ ਖਾਰਜ ਕਰ ਦਿੱਤਾ ਹੈ। ਡੇਰਾ ਮੁਖੀ ਵੱਲੋਂ ਦਾਖਲ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਹਾਈ ਕੋਰਟ ਨੇ ਇਹ ਫੈਸਲਾ ਸੁਣਾਇਆ।

ਡੇਰਾ ਮੁਖੀ 'ਤੇ ਬਠਿੰਡਾ ਵਿਚ ਮਈ 2007 ਵਿਚ ਇਕ ਸ਼ਿਕਾਇਤ ਦੇ ਆਧਾਰ 'ਤੇ 295-ਏ ਤੇ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਪੁਲਿਸ ਨੇ ਆਪਣੀ ਜਾਂਚ ਤੋਂ ਬਾਅਦ ਇਸ ਮਾਮਲੇ ਨੂੰ ਰੱਦ ਕਰਨ ਦੀ ਰਿਪੋਰਟ ਦਿੱਤੀ ਸੀ। ਸ਼ਿਕਾਇਤਕਰਤਾ ਨੇ ਇਸ ਦਾ ਵਿਰੋਧ ਕੀਤਾ ਸੀ ਅਤੇ ਪੁਲਿਸ ਜਾਂਚ 'ਤੇ ਸੁਆਲ ਚੁੱਕੇ ਸਨ। ਹੇਠਲੀ ਅਦਾਲਤ ਨੇ ਇਤਰਾਜ਼ਾਂ 'ਤੇ ਵਿਚਾਰ ਕਰਦਿਆਂ ਪੁਲਿਸ ਵੱਲੋਂ ਰੱਦ ਕੀਤੀ ਰਿਪੋਰਟ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਮੁਕੱਦਮਾ ਜਾਰੀ ਰੱਖਿਆ। ਸੈਸ਼ਨ ਅਦਾਲਤ ਨੇ ਵੀ ਇਸ 'ਤੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਬਰਕਰਾਰ ਰੱਖਿਆ। ਡੇਰਾ ਮੁਖੀ ਦੇ ਵਕੀਲ ਐਸ.ਕੇ ਗਰਗ ਨਰਵਾਣਾ ਨੇ ਹਾਈ ਕੋਰਟ ਵਿਚ ਦਲੀਲ ਦਿੱਤੀ ਕਿ ਹੇਠਲੀ ਅਦਾਲਤ ਮਿਥੇ ਸਮੇਂ ਤੋਂ ਬਾਅਦ ਖੁਦ ਨੋਟਿਸ ਲੈ ਕੇ ਮਾਮਲਾ ਨਹੀਂ ਚਲਾ ਸਕਦੀ। ਉਨ੍ਹਾਂ ਕਿਹਾ ਕਿ ਪੁਲਿਸ ਨੂੰ ਚਾਰਜਸ਼ੀਟ ਦਾਖਲ ਕਰਨੀ ਚਾਹੀਦੀ ਸੀ ਜਾਂ ਅਦਾਲਤ ਤਿੰਨ ਸਾਲਾਂ ਦੇ ਅੰਦਰ ਮਾਮਲਾ ਚਲਾਉਂਦੀ। ਸ੍ਰੀ ਨਰਵਾਣਾ ਨੇ ਦੱਸਿਆ ਕਿ ਇਸ ਮਾਮਲੇ ਨੂੰ ਰੱਦ ਕਰਨ ਦੀ ਰਿਪੋਰਟ ਚਾਰ ਸਾਲਾਂ ਮਗਰੋਂ ਦਾਖਲ ਕੀਤੀ ਗਈ। ਇਸ ਦੌਰਾਨ ਅਦਾਲਤ ਵੱਲੋਂ ਖੁਦ ਮਾਮਲਾ ਚਲਾਉਣ ਦਾ ਸਮਾਂ ਮੁੱਕ ਚੁੱਕਾ ਸੀ।

# ਵਲਟੋਹਾ ਤੇ ਸੰਧੂ ਭਰਤੀ ਘੁਟਾਲਾ ਕੇਸ 'ਚੋਂ ਬਰੀ

**ਮੁਹਾਲੀ:** ਮੁਹਾਲੀ ਦੀ ਇਕ ਵਿਸ਼ੇਸ਼ ਜ਼ਿਲ੍ਹਾ ਅਦਾਲਤ ਨੇ ਤਕਰੀਬਨ 11 ਸਾਲ ਪੁਰਾਣੇ ਐਸ.ਐਸ.ਐਸ ਬੋਰਡ ਭਰਤੀ ਘੁਟਾਲੇ ਦੇ ਮਾਮਲੇ ਦਾ ਨਿਬੇੜਾ ਕਰਦਿਆਂ ਸੀਨੀਅਰ ਅਕਾਲੀ ਆਗੂ ਤੇਜਿੰਦਰਪਾਲ ਸਿੰਘ ਸੰਧੂ ਤੇ ਅਕਾਲੀ ਦਲ ਦੇ ਵਿਧਾਇਕ ਵਿਰਸਾ ਸਿੰਘ ਵਲਟੋਹਾ ਸਮੇਤ ਸਾਰੇ ਮੁਲਜ਼ਮਾਂ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਹੈ।



ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੇਲੇ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਦੇ ਸਾਬਕਾ ਚੇਅਰਮੈਨ ਤੇਜਿੰਦਰਪਾਲ ਸਿੰਘ ਸੰਧੂ ਤੇ ਜ਼ਿਲ੍ਹਾ ਤਰਨ ਤਾਰਨ ਦੇ ਵਿਧਾਨ ਸਭਾ ਹਲਕਾ ਖੇਮਕਰਨ ਤੋਂ ਅਕਾਲੀ ਵਿਧਾਇਕ ਵਿਰਸਾ ਸਿੰਘ ਵਲਟੋਹਾ, ਅਸ਼ੋਕ ਕੁਮਾਰ ਲੂੰਬਾ, ਮਨਵਰ ਮਸੀਹ, ਕੁਲਦੀਪ ਸਿੰਘ ਰੰਧਾਵਾ ਤੇ ਬੋਰਡ ਦੇ ਸਾਬਕਾ ਮੈਂਬਰ ਸਕੱਤਰ ਜ਼ੋਰਾ ਸਿੰਘ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਐਕਟ ਦੀਆਂ ਵੱਖ-ਵੱਖ ਧਾਰਾਵਾਂ ਅਧੀਨ ਕੇਸ ਦਰਜ ਕੀਤਾ ਗਿਆ ਸੀ।

ਇਸ ਮਾਮਲੇ ਦੀ ਸੁਣਵਾਈ ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਦਿਲਬਾਗ ਸਿੰਘ ਜੌਹਲ ਦੀ ਅਦਾਲਤ ਵਿਚ ਚੱਲ ਰਹੀ ਸੀ। ਵਿਜੀਲੈਂਸ ਨੇ ਆਪਣੀ ਪੜਤਾਲੀਆ ਰਿਪੋਰਟ ਵਿਚ ਦੋਸ਼ ਲਾਇਆ ਸੀ ਕਿ ਅਕਾਲੀ-ਭਾਜਪਾ ਗੱਠਜੋੜ ਸਰਕਾਰ ਵੇਲੇ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਦੇ ਤਤਕਾਲੀ ਚੇਅਰਮੈਨ ਤੇਜਿੰਦਰਪਾਲ ਸਿੰਘ ਸੰਧੂ ਦੇ ਕਾਰਜਕਾਲ ਦੌਰਾਨ ਜਿੰਨੀਆਂ ਵੀ ਵੱਖ-ਵੱਖ ਸਰਕਾਰੀ ਅਦਾਰਿਆਂ ਵਿਚ ਭਰਤੀਆਂ ਤੇ ਨਿਯੁਕਤੀਆਂ ਹੋਈਆਂ ਸਨ, ਉਹ ਸਾਰੀਆਂ ਰਿਸ਼ਵਤ ਲੈ ਕੇ ਕੀਤੀਆਂ ਗਈਆਂ ਗਈਆਂ ਸਨ ਪਰ ਕੇਸ ਦੀ ਸੁਣਵਾਈ ਦੌਰਾਨ ਹੁਣ ਤੱਕ ਵਿਜੀਲੈਂਸ ਵੱਲੋਂ ਮੁਲਜ਼ਮਾਂ ਖ਼ਿਲਾਫ਼ ਨਾ ਤਾਂ ਕੋਈ ਠੋਸ ਸਬੂਤ ਪੇਸ਼ ਕੀਤਾ ਗਿਆ ਤੇ ਨਾ ਹੀ ਕੋਈ ਅਜਿਹਾ ਸਰਕਾਰੀ ਗਵਾਹ ਪੇਸ਼ ਕੀਤਾ ਗਿਆ ਸੀ ਜੋ ਵਿਜੀਲੈਂਸ ਦੀ ਪੜਤਾਲੀਆ ਰਿਪੋਰਟ ਵਿਚ ਦਰਜ ਤੱਥਾਂ ਨੂੰ ਸਹੀ ਸਾਬਤ ਕਰ ਸਕਦਾ ਹੋਵੇ। ਮੁਲਜ਼ਮਾਂ ਖ਼ਿਲਾਫ਼ ਸਬੂਤਾਂ ਤੇ ਗਵਾਹਾਂ ਦੀ ਘਾਟ ਕਾਰਨ ਅਦਾਲਤ ਨੇ ਇਸ ਕੇਸ ਵਿਚ ਨਾਮਜ਼ਦ ਸਾਰੇ ਜਣਿਆਂ ਨੂੰ ਬਾਇੱਜ਼ਤ ਬਰੀ ਕਰ ਦਿੱਤਾ।

# ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਰਾਹਤ ਮਿਲਣ ਦੇ ਆਸਾਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਦਵਿੰਦਰਪਾਲ ਸਿੰਘ ਭੁੱਲਰ ਦੀ ਰਹਿਮ ਦੀ ਅਪੀਲ ਦਾ ਨਬੇੜਾ ਕਰਨ ਲਈ ਕੇਂਦਰ ਨੂੰ ਦੋ ਹਫਤਿਆਂ ਦਾ ਸਮਾਂ ਦਿੱਤਾ ਹੈ। ਇਸ 'ਤੇ ਕੇਂਦਰ ਨੇ ਸੁਪਰੀਮ ਕੋਰਟ ਨੂੰ ਭਰੋਸਾ ਦਿਵਾਇਆ ਕਿ ਜਦੋਂ ਤੱਕ ਦਵਿੰਦਰਪਾਲ ਸਿੰਘ ਭੁੱਲਰ ਦੀ ਮੈਡੀਕਲ ਆਧਾਰ 'ਤੇ ਰਹਿਮ ਦੀ ਅਪੀਲ ਦਾ ਨਬੇੜਾ ਨਹੀਂ ਹੋ ਜਾਂਦਾ ਉਸ ਨੂੰ ਫਾਂਸੀ ਨਹੀਂ ਦਿੱਤੀ ਜਾਵੇਗੀ।



ਚੀਫ ਜਸਟਿਸ ਪੀ. ਸਦਾਸ਼ਿਵਮ ਦੀ ਅਗਵਾਈ ਵਾਲੇ ਬੈਂਚ ਨੇ ਕੇਂਦਰ ਨੂੰ ਰਹਿਮ ਦੀ ਅਪੀਲ ਉਪਰ ਛੇਤੀ ਫੈਸਲਾ ਲੈਣ ਲਈ ਕਿਹਾ ਕਿਉਂਕਿ ਦੋਸ਼ੀ ਵਿਅਕਤੀ ਲਈ ਹਰ ਦਿਨ ਤਸ਼ੱਦਦ ਦਾ ਲੰਘਦਾ ਹੈ। ਅਟਾਰਨੀ ਜਨਰਲ ਜੀ.ਈ ਵਹਿਨਵਤੀ ਨੇ ਅਦਾਲਤ ਨੂੰ ਦਿੱਲੀ ਦੇ ਉਪ ਰਾਜਪਾਲ ਵੱਲੋਂ ਭੇਜੀ ਰਿਪੋਰਟ ਦੀ ਇਤਲਾਹ ਵੀ ਦਿੱਤੀ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਉਹ ਭੁੱਲਰ ਨੂੰ ਮੌਤ ਦੀ ਸਜ਼ਾ ਦੇਣ ਦੇ ਪੱਖ ਵਿਚ ਨਹੀਂ ਹਨ।

ਅਦਾਲਤ ਵੱਲੋਂ ਭੁੱਲਰ ਦੀ ਪਤਨੀ ਨਵਨੀਤ ਕੌਰ ਵੱਲੋਂ ਦਾਇਰ ਕੀਤੀ ਗਈ ਦਰੁਸਤੀ ਪਟੀਸ਼ਨ 'ਤੇ ਸੁਣਵਾਈ ਕੀਤੀ ਜਾ ਰਹੀ ਹੈ ਜਿਸ ਵਿਚ ਉਸ ਦੇ ਪਤੀ ਦੀ ਸਜ਼ਾ-ਏ-ਮੌਤ ਨੂੰ ਉਮਰ ਕੈਦ ਤਬਦੀਲ ਕਰਨ ਦੀ ਬੇਨਤੀ ਕੀਤੀ ਗਈ ਹੈ। ਕੇਂਦਰ ਨੂੰ ਭੇਜੀ ਗਈ ਉਪ ਰਾਜਪਾਲ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਮਨੁੱਖੀ ਕਦਰਾਂ ਕੀਮਤਾਂ ਤੇ ਕੁਦਰਤੀ ਨਿਆਂ ਦੇ ਅਸੂਲਾਂ ਦੇ ਆਧਾਰ 'ਤੇ ਉਹ ਨਵਨੀਤ ਕੌਰ (ਦਵਿੰਦਰਪਾਲ ਸਿੰਘ ਭੁੱਲਰ ਦੀ ਪਤਨੀ) ਦੀ ਰਹਿਮ ਦੀ ਪਟੀਸ਼ਨ ਰੱਦ ਕਰਨ ਦੀ ਸਿਫਾਰਸ਼ ਨਹੀਂ ਕਰਨਗੇ। ਸੁਪਰੀਮ ਕੋਰਟ ਨੇ ਲੰਘੀ 31 ਜਨਵਰੀ ਨੂੰ ਭੁੱਲਰ ਦੀ ਫਾਂਸੀ 'ਤੇ ਰੋਕ ਲਗਾ ਦਿੱਤੀ ਸੀ।

# ਸੁਖਬੀਰ 'ਤੇ ਪਰਵਾਸੀ ਭਾਰਤੀ ਦਾ ਬਹੁਕਰੋੜੀ ਹੋਟਲ ਨੱਪਣ ਦਾ ਦੋਸ਼

ਚੰਡੀਗੜ੍ਹ: ਕਾਂਗਰਸ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਇਕ ਬਜ਼ੁਰਗ ਐਨ.ਆਰ.ਆਈ ਜੋੜੇ ਦਾ ਨਵੀਂ ਦਿੱਲੀ ਵਿਚ ਸਥਿਤ ਤਿੰਨ ਸੌ ਕਰੋੜ ਰੁਪਏ ਦੀ ਮਾਲੀਅਤ ਵਾਲਾ ਕਲੇਅਰਾਮਾਊਂਟ ਹੋਟਲ ਜਬਰੀ ਹਥਿਆਉਣ ਦੇ ਦੋਸ਼ ਲਾਏ ਹਨ। ਇਹ ਖੁਲਾਸਾ ਕਰਦਿਆਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਸੁਖਬੀਰ ਬਾਦਲ ਦੇ ਨਜ਼ਦੀਕੀ ਰਹੇ ਕਿਸ਼ਨ ਕੁਮਾਰ ਨੇ ਉਨ੍ਹਾਂ ਦੀ ਮਦਦ ਕੀਤੀ ਤੇ ਅਹੁਦੇ ਦਾ ਦੁਰਉਪਯੋਗ ਕਰ ਕੇ ਇੰਗਲੈਂਡ ਦੇ 82 ਸਾਲਾ ਐਨ.ਆਰ.ਆਈ. ਬਜ਼ੁਰਗ ਜੋੜੇ ਹਰਭਜਨ ਸਿੰਘ ਚੋਪੜਾ ਤੇ ਉਸ ਦੀ ਪਤਨੀ ਸੁਰਜੀਤ ਕੌਰ ਚੋਪੜਾ ਨੂੰ ਡਰਾ ਧਮਕਾ ਕੇ ਐਮ.ਜੀ. ਰੋਡ ਨਵੀਂ ਦਿੱਲੀ ਸਥਿਤ ਉਕਤ ਹੋਟਲ ਹਥਿਆ ਲਿਆ।

ਸ. ਖਹਿਰਾ ਕਿਹਾ ਕਿ ਹਰਭਜਨ ਸਿੰਘ ਚੋਪੜਾ ਤੇ ਉਨ੍ਹਾਂ ਦੀ ਪਤਨੀ ਸੁਰਜੀਤ ਕੌਰ ਚੋਪੜਾ ਨੇ ਲੰਡਨ ਵਿਚਲੀ ਆਪਣੀ ਸਾਰੀ ਜ਼ਿੰਦਗੀ ਦੀ ਕਮਾਈ ਉਕਤ ਹੋਟਲ ਨੂੰ ਖ਼ਰੀਦਣ ਵਿਚ ਲਾ ਦਿੱਤੀ। ਉਨ੍ਹਾਂ ਕਿਹਾ ਕਿ ਦਿੱਲੀ ਦੇ ਕੁਝ ਰੀਅਲ ਅਸਟੇਟ ਮਾਫ਼ੀਆ ਤੋਂ ਬਚਣ ਲਈ ਚੋਪੜਾ ਜੋੜੀ

## ਦਿੱਲੀ ਦੀ ਐਮ.ਜੀ. ਰੋਡ 'ਤੇ ਹੈ ਇਹ ਹੋਟਲ



ਕਿਸ਼ਨ ਕੁਮਾਰ ਦੀ ਸ. ਬਾਦਲ ਨਾਲ ਨਜ਼ਦੀਕੀਆਂ ਨੂੰ ਜਾਣਦੇ ਹੋਏ ਮਦਦ ਲਈ ਉਸ ਕੋਲ ਆਈ। ਸ. ਖਹਿਰਾ ਮੁਤਾਬਕ 24 ਜੂਨ 2003 ਦੀ ਐਫ.ਆਈ.ਆਰ 15 ਰਾਹੀਂ ਬਾਦਲ ਪਰਿਵਾਰ ਉਪਰ ਧਾਰਾ 420,467,468,471,120 ਬੀ ਤੇ ਪੀ.ਸੀ ਐਕਟ 1988 ਦੇ ਸੈਕਸ਼ਨ 7,8,9,10 ਅਤੇ 13 (2) ਵਿੱਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਕਿਸ਼ਨ ਕੁਮਾਰ ਸਹਿ ਦੋਸ਼ੀ ਸੀ ਤੇ ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਸੀ.ਬੀ.ਆਈ ਰਾਹੀਂ ਜਾਂਚ ਕਰਵਾਈ ਜਾਵੇ।

ਸ. ਖਹਿਰਾ ਨੇ ਦੋਸ਼ ਲਾਇਆ ਕਿ ਹੋਟਲ ਕਲੇਅਰਮਾਊਂਟ ਉਪਰ ਕਬਜ਼ਾ ਕਰਨ ਦੇ ਮਾਮਲੇ ਵਿਚ ਚਰਚਿਤ ਕ੍ਰਿਸ਼ਨ ਕੁਮਾਰ ਪਿਛਲੇ ਕਈ ਸਾਲਾਂ ਤੋਂ ਬਾਦਲ ਪਰਿਵਾਰ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਕ੍ਰਿਸ਼ਨ ਕੁਮਾਰ ਦੀ ਕਈ ਸਾਲ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਫ਼ਿਰੋਜ਼ਪੁਰ ਜੇਲ੍ਹ ਵਿਚ ਮੁਲਾਕਾਤ ਹੋਈ ਸੀ ਤੇ ਉਹ ਉਸ ਵੇਲੇ ਦਾ ਹੀ ਇਸ ਪਰਿਵਾਰ ਨਾਲ ਜੁੜਿਆ ਹੋਇਆ ਹੈ।

ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਭਾਵੇਂ ਕ੍ਰਿਸ਼ਨ ਕੁਮਾਰ ਨਾਲ ਸਬੰਧਾਂ ਤੋਂ ਇਨਕਾਰ ਕਰ ਰਹੇ ਹਨ ਪਰ ਅਸਲੀਅਤ ਇਹ ਹੈ ਕਿ ਅੱਜ ਵੀ ਕ੍ਰਿਸ਼ਨ ਕੁਮਾਰ ਅਕਾਲੀ ਹਲਕਿਆਂ ਵਿਚ ਕੇ.ਕੇ. ਵਜੋਂ ਜਾਣਿਆ ਜਾਂਦਾ ਹੈ। ਸ. ਖਹਿਰਾ ਨੇ ਦਾਅਵਾ ਕੀਤਾ ਕਿ ਅਕਾਲੀ ਆਗੂ ਅਤੇ ਅਫਸਰ ਵੀ ਇਹ ਮੰਨਦੇ ਹਨ ਕਿ ਕੇ.ਕੇ. ਦੀ ਇਜਾਜ਼ਤ ਤੋਂ ਬਿਨਾਂ ਬਾਦਲਾਂ ਦੇ ਬੰਗਲੇ ਵਿਚ ਕੋਈ ਵੀ ਦਾਖ਼ਲ ਨਹੀਂ ਹੋ ਸਕਦਾ ਪਰ ਕੋਈ ਵੀ ਇਸ ਬਾਰੇ ਖੁੱਲ੍ਹ ਕੇ ਖੁਲਾਸਾ ਨਹੀਂ ਕਰਦਾ।

## ਸੁਖਬੀਰ ਵੱਲੋਂ ਦੋਸ਼ ਬੇਬੁਨਿਆਦ ਕਰਾਰ

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਾਂਗਰਸ ਵੱਲੋਂ ਲਾਏ ਗਏ ਦੋਸ਼ਾਂ ਦਾ ਖੰਡਨ ਕਰਦੇ ਹੋਏ ਕਿਹਾ ਕਿ ਕਾਂਗਰਸ ਨਿਰਾਸ਼ਾ ਦੇ ਆਲਮ ਵਿਚ ਲੋਕਾਂ ਤੋਂ ਬਿਲਕੁਲ ਅਲੱਗ-ਥਲੱਗ ਹੋ ਕੇ ਰਹਿ ਗਈ ਹੈ ਤੇ ਉਲਟੇ ਸਿੱਧੇ ਬਿਆਨ ਦੇ ਕੇ ਆਪਣੀ ਸਿਆਸੀ ਚਮੜੀ ਬਚਾਅ ਰਹੀ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ ਨੂੰ ਚਾਹੀਦਾ ਹੈ ਕਿ ਉਹ ਜਾਣਬੁੱਝ ਕੇ ਗਲਤ ਬਿਆਨਬਾਜ਼ੀ ਕਰਨ ਦੀ ਬਜਾਏ ਇਸ ਮਾਮਲੇ ਨੂੰ ਲੈ ਕੇ ਦਿੱਲੀ ਸਰਕਾਰ ਤੱਕ ਪਹੁੰਚ ਕਰੇ। ਮਾਮਲਾ ਦਿੱਲੀ ਸਰਕਾਰ ਨਾਲ ਸਬੰਧਤ ਹੈ। ਉਨ੍ਹਾਂ ਕਿਹਾ ਕਿ ਜਿਥੋਂ ਤੱਕ ਕਿਸ਼ਨ ਕੁਮਾਰ ਦਾ ਸਬੰਧ ਹੈ, ਉਸ ਨੇ ਕਿਸੇ ਵੀ ਤਰ੍ਹਾਂ ਸਰਕਾਰੀ ਹੈਸੀਅਤ ਵਜੋਂ ਉਪ ਮੁੱਖ ਮੰਤਰੀ ਨਾਲ ਕੰਮ ਨਹੀਂ ਕੀਤਾ, ਇਸ ਲਈ ਉਸ ਨੂੰ ਸਰਕਾਰ ਦੀ ਸਰਪ੍ਰਸਤੀ ਹਾਸਲ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

# ਫਾਂਸੀ ਦੀ ਸਜ਼ਾ ਮੁਆਫ ਕਰਨ ਖਿਲਾਫ ਨਜ਼ਰਸਾਨੀ ਪਟੀਸ਼ਨ

**ਨਵੀਂ ਦਿੱਲੀ:** ਕੇਂਦਰ ਨੇ ਸੁਪਰੀਮ ਕੋਰਟ ਦੇ ਉਸ ਫੈਸਲੇ ਨੂੰ ਨੁਕਸਦਾਰ ਤੇ ਗ਼ੈਰਕਾਨੂੰਨੀ ਦੱਸਿਆ ਹੈ ਜਿਸ ਵਿਚ ਰਹਿਮ ਦੀ ਅਪੀਲ ਦਾ ਨਬੇੜਾ ਕਰਨ ਵਿਚ ਕੀਤੀ ਬੇਲੋੜੀ ਦੇ ਆਧਾਰ 'ਤੇ ਕਿਸੇ ਕੈਦੀ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕੀਤੀ ਜਾ ਸਕਦੀ ਹੈ। ਕੇਂਦਰ ਨੇ ਆਖਿਆ ਕਿ ਸੁਪਰੀਮ ਕੋਰਟ ਵੱਲੋਂ 21 ਜਨਵਰੀ ਨੂੰ ਦਿੱਤਾ ਫੈਸਲਾ ਬਿਲਕੁਲ ਗ਼ੈਰਕਾਨੂੰਨੀ ਤੇ ਨੁਕਸਦਾਰ ਸੀ ਜਿਸ ਰਾਹੀਂ ਵੱਖ-ਵੱਖ ਦੋਸ਼ਾਂ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ 15 ਕੈਦੀਆਂ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਗਈ ਸੀ ਤੇ ਇਸੇ ਤਰ੍ਹਾਂ ਦੀ ਰਾਹਤ ਰਾਜੀਵ ਗਾਂਧੀ ਕਤਲ ਕਾਂਡ ਦੇ ਦੋਸ਼ੀਆਂ ਨੂੰ ਵੀ ਦਿੱਤੀ ਗਈ ਸੀ।

ਕੇਂਦਰ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦਾ ਮੁੱਦਾ ਸੰਵਿਧਾਨਕ ਬੈਂਚ ਦੇ ਹਵਾਲੇ ਕੀਤਾ ਜਾਣਾ ਚਾਹੀਦਾ ਸੀ ਤੇ ਤਿੰਨ ਜੱਜਾਂ ਦੇ ਬੈਂਚ ਵੱਲੋਂ ਦਿੱਤਾ ਫੈਸਲਾ ਅਧਿਕਾਰ ਖੇਤਰ ਤੋਂ ਬਾਹਰ ਸੀ। ਰੀਵਿਊ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਇਹ ਫ਼ੈਸਲਾ ਕਿਨੂੰਨ ਦੇ ਤੈਅਸ਼ੁਦਾ ਸਿਧਾਂਤਾਂ ਦੇ ਮੱਦੇਨਜ਼ਰ ਬਿਲਕੁਲ ਗ਼ੈਰਕਾਨੂੰਨੀ ਤੇ ਨੁਕਸਦਾਰ ਹੈ।

ਕੇਂਦਰ ਨੇ ਆਖਿਆ ਕਿ ਇਸ ਮਾਮਲੇ ਵਿਚ ਜ਼ਿੰਦਗੀ ਦਾ ਮੁੱਦਾ ਜੁੜਿਆ ਹੋਇਆ ਹੈ ਤੇ ਇਸ ਲਈ ਸੰਵਿਧਾਨ ਦੀ ਭਰਪੂਰ ਵਿਆਖਿਆ ਕਰਨੀ ਬਣਦੀ ਹੈ ਜਿਸ ਲਈ ਸੰਵਿਧਾਨ ਦੀ ਧਾਰਾ 145 ਤਹਿਤ ਪੰਜ ਜੱਜਾਂ ਦਾ ਬੈਂਚ ਕਾਇਮ ਕੀਤਾ ਜਾਣਾ ਚਾਹੀਦਾ ਹੈ। ਸੁਪਰੀਮ ਕੋਰਟ ਵੱਲੋਂ ਪਹਿਲਾਂ ਦਿੱਤੇ ਗਏ ਇਕ ਫੈਸਲੇ ਦਾ ਜ਼ਿਕਰ ਕਰਦਿਆਂ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਉਸ ਮੁਤਾਬਕ ਕਿਸੇ ਦੋਸ਼ੀ ਦੀ ਸਜ਼ਾ ਵਿਚ ਕਟੌਤੀ ਕਰਨ ਵੇਲੇ ਜੁਰਮ ਦੀ ਕਿਸਮ ਵੇਖੀ ਜਾਣੀ ਚਾਹੀਦੀ ਹੈ ਤੇ ਟਾਡਾ ਤੇ ਹੋਰਾਂ ਜੁਰਮਾਂ 'ਚ ਫਰਕ ਕੀਤਾ ਜਾਣਾ ਚਾਹੀਦਾ ਹੈ।

# ਚੋਣ ਪ੍ਰਚਾਰ ਲਈ ਵੱਧ ਪੈਸੇ ਖਰਚਣ ਦੀ ਖੁੱਲ੍ਹ

**ਨਵੀਂ ਦਿੱਲੀ:** ਸਰਕਾਰ ਨੇ ਚੋਣ ਕਮਿਸ਼ਨ ਦੇ ਲੋਕ ਸਭਾ ਚੋਣਾਂ ਬਾਰੇ ਖਰਚੇ ਦੀ ਹੱਦ ਵਧਾਉਣ ਬਾਰੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ। ਹੁਣ ਉਮੀਦਵਾਰਾਂ ਨੂੰ ਲੋਕ ਸਭਾ ਚੋਣਾਂ ਲਈ ਚੋਣ ਪ੍ਰਚਾਰ ਕਰਨ 'ਤੇ ਵੱਡੇ ਸੂਬਿਆਂ ਵਿਚ ਵੱਧ ਤੋਂ ਵੱਧ 70 ਲੱਖ ਰੁਪਏ ਤੇ ਛੋਟੇ ਸੂਬਿਆਂ ਵਿਚ 54 ਲੱਖ ਰੁਪਏ ਦਾ ਖਰਚਾ ਕਰਨ ਦੀ ਖੁੱਲ੍ਹ ਹੋਵੇਗੀ।

ਕਮਿਸ਼ਨ ਵੱਲੋਂ ਉੱਤਰ-ਪੂਰਬੀ ਤੇ ਪਹਾੜੀ ਰਾਜਾਂ ਵਿਚ ਵਿਧਾਨ ਸਭਾ ਚੋਣਾਂ ਲਈ ਖਰਚੇ ਦੀ ਸੀਮਾ ਵਧਾਉਣ ਦਾ ਪ੍ਰਸਤਾਵ ਵੱਡੇ ਸੂਬਿਆਂ ਲਈ ਵੱਧ ਤੋਂ ਵੱਧ ਤੇ ਛੋਟੇ ਰਾਜਾਂ ਦੇ ਵਿਧਾਨ ਸਭਾ ਹਲਕਿਆਂ ਲਈ 20 ਲੱਖ ਹੋਵੇਗਾ। ਸੂਤਰਾਂ ਮੁਤਾਬਕ ਕੇਂਦਰੀ ਕੈਬਨਿਟ ਦੀ ਮੀਟਿੰਗ ਦੌਰਾਨ ਚੋਣ ਕਮਿਸ਼ਨ ਵੱਲੋਂ ਬੀਤੀ 17 ਫਰਵਰੀ ਨੂੰ ਭੇਜਿਆ ਗਿਆ ਪ੍ਰਸਤਾਵ ਵਿਚਾਰਿਆ ਗਿਆ ਤੇ ਮਨਜ਼ੂਰ ਕਰ ਲਿਆ ਗਿਆ।

ਦਿੱਲੀ ਵਿਧਾਨ ਸਭਾ ਚੋਣਾਂ ਲਈ ਮੌਜੂਦਾ 14 ਲੱਖ ਦੀ ਖਰਚ ਸੀਮਾ ਨੂੰ ਵਧਾ ਕੇ 28 ਲੱਖ ਰੁਪਏ ਕਰਨ ਦਾ ਪ੍ਰਸਤਾਵ ਹੈ ਜਦਕਿ ਪੁਡੂਚੇਰੀ ਦੀ ਖਰਚ ਹੱਦ ਅੱਠ ਲੱਖ ਤੋਂ ਵਧਾ ਕੇ 20 ਲੱਖ ਰੁਪਏ ਕਰਨ ਦਾ ਪ੍ਰਸਤਾਵ ਹੈ।

ਕੇਂਦਰ ਸਰਕਾਰ ਵੱਲੋਂ ਖਰਚੇ ਦੀ ਹੱਦ ਵਧਾਏ ਜਾਣ ਦੀ ਨਿੰਦਾ ਕਰਦਿਆਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਇਹ ਸਿਰਫ ਵੱਡੀਆਂ ਸਿਆਸੀ ਪਾਰਟੀਆਂ ਦੇ ਹਿੱਤ ਵਿਚ ਹੈ ਜਿਨ੍ਹਾਂ ਕੋਲ ਵਾਧੂ ਪੈਸਾ ਹੈ।

## ਕੁੜਿੱਕੀ 'ਚ ਫਸੇ ਸਹਾਰਾ ਮੁਖੀ ਸੁਬ੍ਰਤਾ ਰਾਏ

**ਨਵੀਂ ਦਿੱਲੀ:** ਸਹਾਰਾ ਮੁਖੀ ਸੁਬ੍ਰਤਾ ਰਾਏ ਨੂੰ ਸੁਪਰੀਮ ਕੋਰਟ ਵੱਲੋਂ ਜਾਰੀ ਗੈਰ-ਜ਼ਮਾਨਤੀ ਵਾਰੰਟ ਪਿੱਛੋਂ ਲਖਨਊ ਵਿਚੋਂ ਗ੍ਰਿਫਤਾਰ ਕਰ ਲਿਆ ਗਿਆ। ਹਾਲਾਂਕਿ ਸਹਾਰਾ ਮੁਖੀ ਨੇ ਦਾਅਵਾ ਕੀਤਾ ਕਿ ਉਹ ਭਗੌੜੇ ਨਹੀਂ ਹਨ ਤੇ ਸੁਪਰੀਮ ਕੋਰਟ ਦੇ ਹੁਕਮਾਂ ਦਾ ਬਿਨਾਂ ਸ਼ਰਤ ਪਾਲਣ ਕਰਨ ਨੂੰ ਤਿਆਰ ਹਨ। ਸ੍ਰੀ ਰਾਏ ਦੀ ਗ੍ਰਿਫਤਾਰੀ ਤੋਂ ਬਾਅਦ ਉਨ੍ਹਾਂ ਦੇ ਬੇਟੇ ਸੀਮਾਂਤੋ ਨੇ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਉਨ੍ਹਾਂ ਦੇ ਪਿਤਾ ਪੁਲਿਸ ਨਾਲ ਸਹਿਯੋਗ ਕਰ ਰਹੇ ਹਨ ਤੇ ਉਨ੍ਹਾਂ ਪੁਲਿਸ ਕੋਲ ਆਪਣੀ ਇੱਛਾ ਮੁਤਾਬਕ ਸਮਰਪਣ ਕਰ ਦਿੱਤਾ ਹੈ।

ਸੀਮਾਂਤੋ ਨੇ ਇਹ ਵੀ ਕਿਹਾ ਕਿ ਸਹਾਰਾ ਮੁਖੀ ਦੀ ਗ੍ਰਿਫਤਾਰੀ ਨਾਲ ਉਨ੍ਹਾਂ ਦੇ ਕਾਰੋਬਾਰ 'ਤੇ ਕੋਈ ਅਸਰ ਨਹੀਂ ਪਏਗਾ ਪਰ ਸਹਾਰਾ ਦੀਆਂ ਕੰਪਨੀਆਂ ਦੇ ਸ਼ੇਅਰ ਜ਼ਰੂਰ ਡਿੱਗ ਗਏ। ਸ੍ਰੀ ਰਾਏ ਨੇ ਸਫਾਈ ਦਿੱਤੀ ਕਿ ਉਹ ਮਾਤਾ ਦੀ ਸਿਹਤ ਲਈ ਡਾਕਟਰਾਂ ਨਾਲ ਸਲਾਹ ਤੇ ਵਕੀਲਾਂ ਨੂੰ ਮਿਲਣ ਵਾਸਤੇ ਸਹਾਰਾ ਸ਼ਹਿਰ ਤੋਂ ਬਾਹਰ ਗਏ ਸਨ। ਅਦਾਲਤ ਨੇ 20 ਫਰਵਰੀ ਨੂੰ ਸਹਾਰਾ ਗਰੁੱਪ ਵੱਲੋਂ ਨਿਵੇਸ਼ਕਾਂ ਦੇ 20 ਹਜ਼ਾਰ ਕਰੋੜ ਰੁਪਏ ਨਾ ਮੋੜਨ 'ਤੇ ਸੁਬ੍ਰਤਾ ਰਾਏ, ਰਵੀ ਸ਼ੰਕਰ ਦੂਬੇ, ਅਸ਼ੋਕ ਰਾਏ ਚੌਧਰੀ ਤੇ ਵੰਦਨਾ ਭਾਰਗਵ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਲਈ ਕਿਹਾ ਸੀ ਪਰ ਸਹਾਰਾ ਮੁਖੀ 26 ਫਰਵਰੀ ਨੂੰ ਅਦਾਲਤ ਵਿਚ ਪੇਸ਼ ਨਾ ਹੋਏ ਤੇ ਸੁਪਰੀਮ ਕੋਰਟ ਨੇ ਉਨ੍ਹਾਂ ਖਿਲਾਫ ਗੈਰ-ਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ ਸਨ।

COVERED CALIFORNIA™
ਬਹੁਤ ਵਾਜਬ ਭਾਅ 'ਤੇ ਵਧੀਆ ਹੈਲਥ ਇੰਸ਼ੋਰੈਂਸ
ਲਿਵਿੰਗਸਟਨ, ਮਰਸਡ, ਐਟਵਾਟਰ, ਟਰਲੱਕ, ਮਾਡੈਸਟੋ ਅਤੇ ਸੈਂਟਰ ਵੈਲੀ ਦੇ ਹੋਰ ਸ਼ਹਿਰਾਂ ਵਿਚ
ਅਸੀਂ ਓਬਾਮਾ ਕੇਅਰ ਅਤੇ ਮੈਡੀ-ਕੈਲ ਦੀਆਂ ਅਰਜੀਆਂ ਮੁਫਤ ਭਰਦੇ ਹਾਂ
ਆਪਣਾ ਨਾਂ ਤੁਰੰਤ ਇਨਰੋਲ ਕਰਾਓ ਕਿਉਂਕਿ ਇਨਰੋਲਮੈਂਟ 31 ਮਾਰਚ 2014 ਤਕ ਹੀ ਹੈ।
ਆਪਣੇ ਸਰਟੀਫਾਈਡ ਇੰਸ਼ੋਰੈਂਸ ਏਜੈਂਟ ਨਾਲ ਸੰਪਰਕ ਕਰੋ
Jarnail Singh Lallria (License # 0C19939)
Phone: (209) 394-9191
E-mail: Jarnail_lallria@yahoo.com

JSR TRUCKING, INC.
ਡਰਾਈਵਰ, ਓਨਰ ਆਪਰੇਟਰ ਅਤੇ ਟੀਮ ਡਰਾਈਵਰ ਚਾਹੀਦੇ ਹਨ
OH, KY, IN, NJ, PA, NY, MD, DE, KS, MO, OK, AZ, CA
MOST TRIP FROM IN, KY, OH TO PA, NJ, NY.
For IN, OH, KY to NJ, PA, NY
$600.00 Round Trip

ਲੋਕਲ ਡਰਾਈਵਰ 40 ਸੈਂਟ ਮੀਲ
ਲੌਂਗਹਾਲ 38 ਸੈਂਟ ਮੀਲ
ਇਕ-ਦੋ ਸਾਲ ਦਾ ਤਜ਼ਰਬਾ ਜ਼ਰੂਰੀ
ਸੰਪਰਕ ਕਰੋ: ਸੁਰਜੀਤ ਸਿੰਘ
ਫੋਨ: 317-702-2803 ਜਾਂ 317-215-4536

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

Want to Sell Your Home
We can sell your home fast @ best price.
ਵਧੀਆ ਕੀਮਤਾਂ 'ਤੇ ਘਰ ਵੇਚਣ ਦਾ ਸੁਨਹਿਰੀ ਮੌਕਾ

Sohanpreet (Sam) Chahal
CA Lic. 01504071
Realtor/Notary Public
email:samchahal@hotmail.com
*Sacramento, Stockton, Roseville area prices are on the rise.*
Please call me to find out value of your home.
If you are thinking to Buy or Sell a Home, please give us a chance
*Call: Sohanpreet 'Sam' Chahal*
@916-612-5773
Serving from Bay Area to Sacramento
Multi-Million Dollars Producer-2007 to 2012
Golden State Realty
Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707

**Punjab Times**
**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਬੱਡੀ ਉਤੇ ਹੁਣ ਕਾਲੇ ਧਨ ਦਾ ਪ੍ਰਛਾਵਾਂ

**ਚੰਡੀਗੜ੍ਹ:** ਪੰਜਾਬ ਦੀ ਮਾਂ ਖੇਡ ਕਬੱਡੀ ਉਤੇ ਨਸ਼ਿਆਂ ਦੇ ਪ੍ਰਛਾਵੇਂ ਤੋਂ ਬਾਅਦ ਹੁਣ ਇਸ ਨਾਲ ਕਾਲੇ ਧਨ ਦਾ ਮਾਮਲਾ ਵੀ ਜੁੜ ਗਿਆ ਹੈ। ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਇਸ ਮਾਮਲੇ ਵਿਚ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਵਿਸ਼ਵ ਕਬੱਡੀ ਕੱਪਾਂ ਬਾਰੇ ਸਾਰਾ ਰਿਕਾਰਡ ਤਲਬ ਕਰ ਲਿਆ ਹੈ।

ਯਾਦ ਰਹੇ ਕਿ ਸੀ.ਬੀ.ਆਈ. ਨੇ ਪਿਛਲੇ ਦਿਨੀਂ ਇਨ੍ਹਾਂ ਕਬੱਡੀ ਕੱਪਾਂ ਨੂੰ ਸਪਾਂਸਰ ਕਰਨ ਵਾਲੇ ਪਰਲ ਗਰੁਪ ਖ਼ਿਲਾਫ਼ ਕਾਰਵਾਈ ਸ਼ੁਰੂ ਕੀਤੀ ਹੈ। ਕਿਹਾ ਜਾ ਰਿਹਾ ਹੈ ਕਿ ਇਨ੍ਹਾਂ ਸਪਾਂਸਰਾਂ ਨੇ ਟੂਰਨਾਮੈਂਟ ਵਿਚ ਕਾਲਾ ਧਨ ਲਾਇਆ ਹੈ। ਪਰਲ ਗਰੁਪ ਦੇ ਮਾਲਕਾਂ ਅਤੇ ਡਾਇਰੈਕਟਰਾਂ ਉਤੇ 45 ਹਜ਼ਾਰ ਕਰੋੜ ਰੁਪਏ ਦੀ ਜ਼ਮੀਨ ਦੇ ਘਪਲੇ ਦਾ ਦੋਸ਼ ਲਾਇਆ ਗਿਆ ਹੈ। ਉਧਰ, ਪਰਲ ਗਰੁਪ ਦਾ ਦਾਅਵਾ ਹੈ ਕਿ ਇਸ ਨੇ ਵਿਸ਼ਵ ਕਬੱਡੀ ਕੱਪ ਲਈ ਸਿਰਫ਼ 35 ਕਰੋੜ ਰੁਪਏ ਦਿੱਤੇ ਹਨ। ਇਸ ਗਰੁਪ ਦੇ ਮਾਲਕ ਨਿਰਮਲ ਸਿੰਘ ਭੰਗੂ ਹਨ। ਸੀ.ਬੀ.ਆਈ. ਨੇ ਪੰਜਾਬ ਸਰਕਾਰ ਤੋਂ ਪਰਲ ਗਰੁਪ ਵੱਲੋਂ ਵਿਸ਼ਵ ਕੱਪ ਲਈ ਦਿੱਤੇ ਫੰਡਾਂ ਦੇ ਵੇਰਵੇ ਵੀ ਮੰਗੇ ਹਨ। ਪਿਛਲੇ ਸਾਲ ਵਿਸ਼ਵ ਕਬੱਡੀ ਕੱਪ ਦਸੰਬਰ ਵਿਚ ਹੋਇਆ ਸੀ ਅਤੇ ਜੇਤੂ ਟੀਮਾਂ ਨੂੰ 6 ਕਰੋੜ ਰੁਪਏ ਦੇ ਨਕਦ ਇਨਾਮ ਦਿੱਤੇ ਗਏ ਸਨ। ਇਸ ਟੂਰਨਾਮੈਂਟ ਵਿਚ 20 ਦੇਸ਼ਾਂ ਦੀਆਂ ਟੀਮਾਂ ਨੇ ਹਿੱਸਾ ਲਿਆ ਸੀ ਅਤੇ ਇਹ ਕੱਪ ਪੂਰੇ 15 ਦਿਨ ਸੂਬੇ ਦੇ ਵੱਖ-ਵੱਖ ਸ਼ਹਿਰਾਂ-ਕਸਬਿਆਂ ਵਿਚ ਚੱਲਿਆ ਸੀ।

**ਪੰਜਾਬ ਸਰਕਾਰ ਤੋਂ ਵਿਸ਼ਵ ਕਬੱਡੀ ਕੱਪਾਂ ਦਾ ਰਿਕਾਰਡ ਤਲਬ**




ਚੇਤੇ ਰਹੇ ਕਿ ਹਾਲ ਹੀ ਵਿਚ ਇਹ ਖੁਲਾਸਾ ਹੋਇਆ ਸੀ ਕਿ ਕੈਨੇਡਾ ਦੇ ਕੁਝ ਕਬੱਡੀ ਕਲੱਬਾਂ ਨਾਲ ਸਬੰਧਤ ਲੋਕ 6 ਹਜ਼ਾਰ ਕਰੋੜ ਰੁਪਏ ਦੇ ਸਿੰਥੈਟਿਕ ਡਰੱਗ ਕੇਸ ਨਾਲ ਜੁੜੇ ਹੋਏ ਹਨ। ਇਸ ਕੇਸ ਵਿਚ ਅਮਰੀਕਾ ਅਤੇ ਕੁਝ ਹੋਰ ਯੂਰਪੀ ਦੇਸ਼ਾਂ ਵਿਚ ਵਸਦੇ ਪੰਜਾਬੀਆਂ ਦਾ ਨਾਮ ਵੀ ਬੋਲਿਆ ਸੀ। ਇਸ ਕੇਸ ਦੇ ਮੁੱਖ ਮੁਲਜ਼ਮ ਸਾਬਕਾ ਪਹਿਲਵਾਨ ਜਗਦੀਸ਼ ਭੋਲਾ ਨੇ ਕੈਨੇਡਾ ਵਿਚ ਵਸਦੇ ਕੁਝ ਲੋਕਾਂ ਦੇ ਨਾਮ ਲਏ ਸਨ ਅਤੇ ਪੁਲਿਸ ਇਨ੍ਹਾਂ ਵਿਅਕਤੀਆਂ ਬਾਰੇ ਛਾਣ-ਬੀਣ ਵੀ ਕਰ ਰਹੀ ਹੈ।

ਸੂਤਰਾਂ ਅਨੁਸਾਰ ਇਨ੍ਹਾਂ ਵਿਚ ਦਾਰਾ ਸਿੰਘ ਮੁਠੱਡਾ, ਸਰਬਜੀਤ ਸਿੰਘ ਨਿਕ, ਨਿਰੰਕਾਰ ਸਿੰਘ ਢਿੱਲੋਂ ਅਤੇ ਹਰਬੰਸ ਸਿੱਧੂ ਦੇ ਨਾਮ ਸ਼ਾਮਲ ਹਨ। ਨਿਰੰਕਾਰ ਸਿੰਘ ਢਿੱਲੋਂ ਦੇ ਸਹੁਰੇ ਕੁਲਵੰਤ ਸਿੰਘ ਨੂੰ ਬਹੁ-ਕਰੋੜੀ ਡਰੱਗ ਕੇਸ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਕਿਹਾ ਗਿਆ ਸੀ ਕਿ ਇਹ ਰੈਕਟ ਇਕ ਪਰਵਾਸੀ ਭਾਰਤੀ ਅਨੂਪ ਸਿੰਘ ਕਾਹਲੋਂ ਵੱਲੋਂ ਚਲਾਇਆ ਜਾ ਰਿਹਾ ਸੀ।

# ਸਰਕਾਰੀ ਸਕੂਲ ਦੇ ਪ੍ਰਿੰਸੀਪਲ ਵੱਲੋਂ ਖੁਦਕੁਸ਼ੀ

**ਡੇਹਲੋਂ:** ਇਥੋਂ ਨਜ਼ਦੀਕ ਬਠਿੰਡਾ ਬ੍ਰਾਂਚ ਨਹਿਰ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਵੱਲੋਂ ਆਤਮ-ਹੱਤਿਆ ਕਰ ਲਈ ਗਈ। ਲਾਗਲੇ ਪਿੰਡ ਝੰਮਟ ਜ਼ਿਲ੍ਹਾ ਲੁਧਿਆਣਾ ਵਿਚ 1989 ਤੋਂ ਰਹਿੰਦੇ ਪਰਿਵਾਰ ਦੇ ਮੁਖੀ ਪ੍ਰਿੰਸੀਪਲ ਰਣਜੀਤ ਸਿੰਘ ਕਰਤਾਰ ਸਿੰਘ ਦੁੱਕੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਤਾਲਾ ਵਿਚ ਬਤੌਰ ਪ੍ਰਿੰਸੀਪਲ ਵਜੋਂ ਸੇਵਾ ਨਿਭਾਅ ਰਹੇ ਸਨ। ਰੋਜ਼ਾਨਾ ਦੀ ਤਰ੍ਹਾਂ ਸਕੂਲ ਗਏ ਪਰ ਘਰ ਵਾਪਸ ਨਹੀਂ ਪਰਤੇ। ਬਠਿੰਡਾ ਬ੍ਰਾਂਚ ਜਗੇੜਾ ਨਹਿਰ ਪੁਲ ਨੇੜਿਉਂ ਉਨ੍ਹਾਂ ਦਾ ਸਕੂਟਰ ਮਿਲਿਆ ਹੈ ਜਿਸ ਵਿਚੋਂ ਪ੍ਰਿੰਸੀਪਲ ਵੱਲੋਂ ਲਿਖਿਆ ਆਤਮ ਹੱਤਿਆ ਨੋਟ ਵੀ ਬਰਾਮਦ ਹੋਇਆ ਹੈ। ਪ੍ਰਿੰਸੀਪਲ ਵੱਲੋਂ ਆਤਮ ਹੱਤਿਆ ਨੋਟ ਵਿਚ ਜਿੱਥੇ ਸਕੂਲ ਕਲਰਕ, ਸਟਾਫ਼ ਮੈਂਬਰਾਂ, ਸਕੂਲ ਕਮੇਟੀ ਮੈਂਬਰਾਂ ਸਮੇਤ ਹੋਰਾਂ ਦੇ ਬਕਾਇਦਾ ਨਾਂ ਲਿਖੇ ਹਨ, ਉਥੇ ਕਈ ਸਿਆਸੀ ਅਕਾਲੀ ਆਗੂਆਂ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਦੱਸਿਆ ਹੈ।

# ਸੱਜਣ ਕੁਮਾਰ ਖਿਲਾਫ ਕੇਸ ਬਾਰੇ ਜਿਰ੍ਹਾ 11 ਮਾਰਚ ਨੂੰ

**ਨਵੀਂ ਦਿੱਲੀ:** ਅਦਾਲਤ ਨੇ ਸਿੱਖ ਕਤਲੇਆਮ ਦੇ ਕੇਸ ਵਿਚ ਦਿੱਲੀ ਦੇ ਇਕ ਸੀਨੀਅਰ ਅਧਿਕਾਰੀ ਤੋਂ ਪੁੱਛ-ਪੜਤਾਲ ਕਰਨ ਲਈ 11 ਮਾਰਚ ਦੀ ਤਰੀਕ ਤੈਅ ਕੀਤੀ ਹੈ। ਇਹ ਅਧਿਕਾਰੀ ਕਾਂਗਰਸੀ ਆਗੂ ਸੱਜਣ ਕੁਮਾਰ ਤੇ ਹੋਰਾਂ ਵਿਰੁੱਧ ਦਰਜ ਕੇਸ ਦਾ ਸਰਕਾਰੀ ਗਵਾਹ ਹੈ। ਜ਼ਿਲ੍ਹਾ ਜੱਜ ਜੇ.ਆਰ ਆਰੀਅਨ ਦੀ ਅਦਾਲਤ ਨੇ ਦਿੱਲੀ ਸਰਕਾਰ ਦੇ ਤਤਕਾਲੀ ਉਪ ਸਕੱਤਰ (ਗ੍ਰਹਿ) ਵਿਸ਼ਵੇਂਦਰ ਸਿੰਘ ਜੋ ਹੁਣ ਉਪ-ਰਾਜਪਾਲ ਦੇ ਨਿੱਜੀ ਸਕੱਤਰ ਹਨ, ਨੂੰ ਪੁੱਛ-ਪੜਤਾਲ ਲਈ ਪੇਸ਼ ਹੋਣ ਵਾਸਤੇ ਕਿਹਾ ਹੈ।

ਪਹਿਲਾਂ ਇਸ ਗਵਾਹ ਵੱਲੋਂ ਅਦਾਲਤ ਨੂੰ ਦੱਸਿਆ ਗਿਆ ਸੀ ਕਿ ਉਨ੍ਹਾਂ ਨੇ ਸਬੰਧਤ ਦਸਤਾਵੇਜ਼ਾਂ ਦੀ ਛਾਂਟੀ ਕਰ ਲਈ ਹੈ। ਸ੍ਰੀ ਸਿੰਘ ਨੂੰ ਸੀ.ਬੀ.ਆਈ. ਵੱਲੋਂ ਇਹ ਸਾਬਤ ਕਰਨ ਲਈ ਲਿਆਂਦਾ ਗਿਆ ਹੈ ਕਿ ਸੱਜਣ ਕੁਮਾਰ ਤੇ ਹੋਰ ਮੁਲਜ਼ਮਾਂ ਵਿਰੁੱਧ ਧਾਰਾ 153-ਏ (ਵੱਖ-ਵੱਖ ਫਿਰਕਿਆਂ ਵਿਚ ਤਣਾਅ ਪੈਦਾ ਕਰਨ) ਤੇ 295 (ਕਿਸੇ ਧਰਮ ਜਾਂ ਭਾਈਚਾਰੇ ਨੂੰ ਠੇਸ ਪਹੁੰਚਾਉਣ ਲਈ ਧਾਰਮਿਕ ਸਥਾਨ ਦੀ ਬੇਅਦਬੀ ਕਰਨਾ) ਤਹਿਤ ਕੇਸ ਚਲਾਉਣ ਦੀ ਮਨਜ਼ੂਰੀ ਦਿੱਤੀ ਗਈ ਸੀ।

ਜ਼ਿਕਰਯੋਗ ਹੈ ਕਿ ਆਈ.ਪੀ.ਸੀ ਦੀ ਧਾਰਾ 153-ਏ ਤਹਿਤ ਕੇਸ ਚਲਾਉਣ ਲਈ ਮਨਜ਼ੂਰੀ ਦੀ ਲੋੜ ਹੁੰਦੀ ਹੈ। ਦੰਗਾ ਪੀੜਤਾਂ ਵੱਲੋਂ ਹਾਜ਼ਰ ਵਕੀਲ ਨੇ ਕਿਹਾ ਕਿ ਬਚਾਅ ਪੱਖ ਦੇ ਵਕੀਲ ਨੂੰ

# ਰਾਹਤ ਫਤਹਿ ਅਲੀ ਖਾਨ ਨੂੰ ਨਹੀਂ ਮਿਲੀ ਰਾਹਤ

**ਨਵੀਂ ਦਿੱਲੀ:** ਪਾਕਿਸਤਾਨੀ ਗਾਇਕ ਰਾਹਤ ਫ਼ਤਹਿ ਅਲੀਖ਼ਾਨ ਤੇ ਉਨ੍ਹਾਂ ਦੇ ਸਾਥੀਆਂ ਖ਼ਿਲਾਫ਼ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਵਿਦੇਸ਼ੀ ਕਰੰਸੀ ਉਲੰਘਣਾ ਮਾਮਲੇ ਵਿਚ ਕੇਸ ਦਰਜ ਕੀਤਾ ਹੈ। ਇਹ ਮਾਮਲਾ ਸਾਲ 2011 ਦਾ ਹੈ ਜਦੋਂ ਉਨ੍ਹਾਂ ਕੋਲੋਂ ਇੰਦਰਾ ਗਾਂਧੀ ਹਵਾਈ ਅੱਡੇ 'ਤੇ ਅਣਐਲਾਨੇ ਇਕ ਲੱਖ 24 ਹਜ਼ਾਰ ਅਮਰੀਕੀ ਡਾਲਰ ਤੇ ਹੋਰ ਵਿਦੇਸ਼ੀ ਕਰੰਸੀ ਮਿਲੀ ਸੀ। ਜਾਂਚ ਏਜੰਸੀ ਨੇ ਵਿਦੇਸ਼ੀ ਐਕਸਚੇਂਜ ਮੈਨਜਮੈਂਟ ਐਕਟ (ਫੇਮਾ) ਤਹਿਤ ਪੜਤਾਲ ਸ਼ੁਰੂ ਕਰਕੇ ਰਾਹਤ ਫ਼ਤਹਿ ਅਲੀਖਾਨ ਨੂੰ ਨੋਟਿਸ ਭੇਜਿਆ ਹੈ ਤੇ ਨਕਦੀ ਦੇ ਸਰੋਤਾਂ ਤੇ ਉਸ ਨੂੰ ਖਰਚਣ ਬਾਰੇ ਜਾਣਕਾਰੀ ਮੰਗੀ ਗਈ ਹੈ। ਡਾਇਰੈਕਟੋਰੇਟ ਰੈਵੇਨਿਊ ਇੰਟੈਲੀਜੈਂਸੀ ਵੱਲੋਂ ਤਿਆਰ ਕੀਤੀ ਗਈ ਰਿਪੋਰਟ ਦੇ ਆਧਾਰ 'ਤੇ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਜਾਂਚ ਆਰੰਭੀ ਹੈ। ਰਾਹਤ ਫ਼ਤਹਿ ਅਲੀ ਖ਼ਾਨ ਨੇ ਪਹਿਲਾਂ ਬਿਆਨ ਜਾਰੀ ਕਰਕੇ ਕਿਹਾ ਸੀ ਕਿ ਉਨ੍ਹਾਂ ਨੇ ਕੁਝ ਗਲਤ ਨਹੀਂ ਕੀਤਾ ਤੇ ਵੱਡੀ ਗਿਣਤੀ ਵਿਚ ਨਕਦੀ ਦਾ ਕਾਰਨ ਇਹ ਸੀ ਕਿ ਉਨ੍ਹਾਂ ਨਾਲ ਪੂਰਾ ਗਰੁੱਪ ਸੀ ਤੇ ਇਹ ਪੈਸਾ ਸਾਂਝਾ ਸੀ।

# ਮਨਪ੍ਰੀਤ-ਕਾਂਗਰਸ ਸਾਂਝ ਨਾਲ ਸਿਆਸਤ ਨੂੰ ਉਬਾਲਾ

*(ਸਫਾ ਇਕ ਦੀ ਬਾਕੀ)*

ਚੋਣ ਲੜਾਉਣ ਦਾ ਫੈਸਲਾ ਕਰਦੀ ਹੈ ਤਾਂ ਉਹ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਕੌਰ ਬਾਦਲ ਨੂੰ ਘੱਟੋ-ਘੱਟ ਇਕ ਲੱਖ ਵੋਟਾਂ ਨਾਲ ਹਰਾਉਣ ਦੇ ਸਮਰੱਥ ਹਨ।

ਉਨ੍ਹਾਂ ਦੋਸ਼ ਲਾਇਆ ਕਿ ਸ. ਬਾਜਵਾ ਇਕੱਲੇ ਹੀ ਹਾਈਕਮਾਂਡ ਨੂੰ ਗੁੰਮਰਾਹ ਕਰ ਕੇ ਬਠਿੰਡਾ ਅਤੇ ਫਰੀਦਕੋਟ ਜਿਹੀਆਂ ਅਹਿਮ ਸੀਟਾਂ ਹੋਰ ਪਾਰਟੀਆਂ ਹਵਾਲੇ ਕਰ ਕੇ ਮਾਲਵਾ ਪੱਟੀ ਵਿਚੋਂ ਕਾਂਗਰਸ ਦਾ ਸਫ਼ਾਇਆ ਕਰਨ ਦੇ ਰਾਹ ਪਏ ਹੋਏ ਹਨ। ਅਜਿਹੇ ਹਾਲਾਤ ਕਾਰਨ ਮਾਲਵਾ ਦੇ ਕੁਝ ਕਾਂਗਰਸੀ ਆਗੂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਗੱਡੀ ਵਿਚ ਸਵਾਰ ਹੋ ਸਕਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇਸ ਫ਼ੈਸਲੇ ਬਾਰੇ ਫ਼ਿਰੋਜ਼ਪੁਰ, ਫਰੀਦਕੋਟ ਅਤੇ ਬਠਿੰਡਾ ਜ਼ਿਲ੍ਹਿਆਂ ਦੇ ਪ੍ਰਧਾਨਾਂ ਦੀ ਸਲਾਹ ਵੀ ਨਹੀਂ ਲਈ ਗਈ। ਪੀ.ਪੀ.ਪੀ. ਬਾਰੇ ਉਨ੍ਹਾਂ ਕਿਹਾ ਕਿ ਪੀ.ਪੀ.ਪੀ. ਨੂੰ ਕਈ ਅਹਿਮ ਆਗੂ ਛੱਡ ਚੁੱਕੇ ਹਨ ਅਤੇ ਮਨਪ੍ਰੀਤ ਬਾਦਲ ਵੀ ਆਪਣਾ ਮਿਸ਼ਨ ਛੱਡ ਚੁੱਕਿਆ ਹੈ ਜਿਸ ਕਾਰਨ ਹੁਣ ਮਨਪ੍ਰੀਤ ਅਤੇ ਸੁਖਬੀਰ ਵਿਚ ਕੋਈ ਫਰਕ ਨਹੀਂ ਰਿਹਾ। ਦੂਜੇ ਪਾਸੇ ਪੰਜਾਬ ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਨੇ ਇਸ ਮੁੱਦੇ 'ਤੇ ਕਿਹਾ ਕਿ ਪਾਰਟੀ ਵੱਲੋਂ ਪੀ.ਪੀ.ਪੀ. ਨਾਲ ਕੀਤਾ ਜਾ ਰਿਹਾ ਚੋਣ ਸਮਝੌਤਾ ਜਿਥੇ ਕਾਂਗਰਸ ਲਈ ਲਾਹੇਵੰਦ ਸਿੱਧ ਹੋਵੇਗਾ, ਉਥੇ ਪੰਜਾਬ ਦੇ ਲੋਕਾਂ ਦੇ ਵੀ ਹਿੱਤ ਵਿਚ ਹੈ। ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਸਾਰੀ ਪਾਰਟੀ ਦੀ ਸਹਿਮਤੀ ਨਾਲ ਲਿਆ ਜਾ ਰਿਹਾ ਹੈ।

# ਪੰਜਾਬ ਦੇ ਜੱਟ ਵੀ ਰਾਖਵੇਂਕਰਨ ਦੇ ਲਾਭਾਂ ਦੇ ਹੱਕਦਾਰ

*(ਸਫਾ ਇਕ ਦੀ ਬਾਕੀ)*

ਦੋਹਾਂ ਵਿਸ਼ੇਸ਼ ਵਰਗਾਂ ਨੂੰ ਰਾਖਵਾਂਕਰਨ ਦਿੱਤਾ ਜਾਵੇਗਾ। ਪੰਜਾਬ ਮੰਤਰੀ ਮੰਡਲ ਨੇ ਕੇਂਦਰ ਵੱਲੋਂ ਪੰਜਾਬ ਦੇ ਜੱਟਾਂ ਨੂੰ ਰਾਖਵਾਂਕਰਨ ਨਾ ਦੇਣ ਦੀ ਨਿੰਦਾ ਵੀ ਕੀਤੀ।


ਮੰਤਰੀ ਮੰਡਲ ਨੇ ਫੈਸਲਾ ਕਰਨ ਤੋਂ ਬਾਅਦ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਪੰਜਾਬ ਦੇ ਉਕਤ ਵਰਗਾਂ ਨੂੰ ਵੀ ਜੱਟਾਂ ਵਾਂਗ ਰਾਖਵੇਂਕਰਨ ਦੀ ਸ਼੍ਰੇਣੀ ਵਿਚ ਸ਼ਾਮਲ ਕੀਤਾ ਜਾਵੇ। ਕੇਂਦਰ ਸਰਕਾਰ ਵੱਲੋਂ ਜੱਟਾਂ/ਜਾਟਾਂ ਨੂੰ ਕੇਂਦਰੀ ਵਿਭਾਗਾਂ ਵਿਚ ਰਾਖਵਾਂਕਰਨ ਦੇਣ ਲਈ ਪਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਕਰਨ ਦੇ ਫੈਸਲੇ ਤੋਂ ਬਾਅਦ ਰਾਜ ਸਰਕਾਰ ਕਸੂਤੀ ਫਸੀ ਮਹਿਸੂਸ ਕਰ ਰਹੀ ਸੀ।

ਇਸ ਲਈ ਪੰਜਾਬ ਸਰਕਾਰ ਨੇ ਮਾਮਲੇ ਦੇ ਹੱਲ ਲਈ ਹੰਗਾਮੀ ਮੀਟਿੰਗ ਬੁਲਾਈ ਅਤੇ ਅਧਿਕਾਰੀਆਂ ਨੂੰ ਰਾਖਵੇਂਕਰਨ ਸਬੰਧੀ ਏਜੰਡਾ ਤਿਆਰ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ।

# '12 ਯੀਅਰਜ਼ ਏ ਸਲੇਵ' ਨੂੰ ਆਸਕਰ ਐਵਾਰਡ

**ਲਾਸ ਏਂਜਲਸ:** ਸਿਆਹਫਾਮ ਨਿਰਦੇਸ਼ਕ ਵੱਲੋਂ ਨਿਰਦੇਸ਼ਿਤ ਫਿਲਮ '12 ਯੀਅਰਜ਼ ਏ ਸਲੇਵ' ਸਰਵੋਤਮ ਫਿਲਮ ਵਜੋਂ ਆਸਕਰ ਪੁਰਸਕਾਰ ਜਿੱਤਣ ਵਾਲੀ ਪਹਿਲੀ ਫਿਲਮ ਬਣ ਗਈ ਹੈ। 86ਵੇਂ ਅਕਾਡਮੀ ਪੁਰਸਕਾਰ ਸਮਾਰੋਹ ਵਿਚ ਇਸ ਫਿਲਮ ਦਾ ਇਹ ਹਾਸਲ ਇਤਿਹਾਸਕ ਹੋ ਨਿੱਬੜਿਆ ਹੈ। ਅਲਫਾਂਸੋ ਕੁਆਰੋਨ ਦੀ 3ਡੀ ਪੁਲਾੜ ਡਰਾਮਾ 'ਗਰੈਵਿਟੀ' ਨੇ ਸੱਤ ਟਰਾਫੀਆਂ ਫੁੰਡੀਆਂ। 44 ਸਾਲਾ ਨਿਰਮਾਤਾ ਨਿਰਦੇਸ਼ਕ ਸਟੀਵ ਮੈਕਕੁਈਨ ਦੀ ਇਸ ਸਮਾਰੋਹ ਵਿਚ ਜ਼ੋਰਦਾਰ ਵਾਹ-ਵਾਹ ਹੋਈ। ਉਸ ਨੇ ਅਮਰੀਕਾ ਦਾ ਕਾਲਾ ਅਤੀਤ ਬੜੀ ਦ੍ਰਿੜਤਾ ਨਾਲ ਪੇਸ਼ ਕੀਤਾ ਜਿਸ ਤੋਂ ਅਕਸਰ ਹਾਲੀਵੁੱਡ ਟਾਲਾ ਵਟਦਾ ਰਿਹਾ ਹੈ।

ਉਸ ਨੇ ਕਿਹਾ ਕਿ ਇਹ ਪੁਰਸਕਾਰ ਉਨ੍ਹਾਂ ਸਾਰੇ ਲੋਕਾਂ ਨੂੰ ਸਮਰਪਿਤ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਦਾਸਤਾਂ ਝੱਲੀ ਤੇ ਅੱਜ ਵੀ ਦੋ ਕਰੋੜ 10 ਲੱਖ ਲੋਕ ਇਹ ਜ਼ਲਾਲਤ ਝੱਲ ਰਹੇ ਹਨ। ਫਿਲਮ ਦੇ ਸਹਿ ਨਿਰਮਾਤਾ ਬਰੈਡ ਪਿੱਟ ਨੇ ਵੀ ਲੋਕਾਂ ਨੂੰ




19ਵੀਂ ਸਦੀ ਦੇ ਅਮਰੀਕਾ ਬਾਰੇ ਚੇਤੇ ਕਰਾਇਆ। ਫਿਲਮ ਦੀ ਅਦਾਕਾਰ ਲੁਪਿਤਾ ਨਿਓਂਗ ਓ ਨੂੰ ਸਰਵੋਤਮ ਸਹਾਇਕ ਅਦਾਕਾਰਾ ਤੇ ਜੌਹਨ ਰਿਡਲੇ ਨੂੰ ਸਰਵੋਤਮ ਅਡਾਪਟਿਡ ਸਕਰੀਨਪਲੇਅ ਲਈ ਪੁਰਸਕ੍ਰਿਤ ਕੀਤਾ ਗਿਆ।

'ਗਰੈਵਿਟੀ' ਫਿਲਮ 7 ਟਰਾਫੀਆਂ ਲੈ ਗਈ। 'ਬਲਿਊ ਜੈਸਮੀਨ' ਲਈ ਕੇਟ ਬਲਾਂਸ਼ੈੱਟ ਨੂੰ ਸਰਵੋਤਮ ਅਦਾਕਾਰਾ ਵਜੋਂ ਆਸਕਰ ਦਿੱਤਾ ਗਿਆ। ਏਡਜ਼ ਕਾਰਕੁਨ ਰੌਕ ਵੁੱਡਰੌਫ ਦੀ ਸੱਚੀ ਕਹਾਣੀ ਪੇਸ਼ ਕਰਨ ਵਾਲੇ ਅਦਾਕਾਰ ਮੈਥਿਊ ਮੈਕਕੋਨਾਏ ਨੂੰ ਸਰਵੋਤਮ ਅਦਾਕਾਰ ਵਜੋਂ ਪਹਿਲਾ ਆਸਕਰ ਮਿਲਿਆ। 'ਡਾਲਾਸ ਬਾਇਲਜ਼ ਕਲੱਬ' ਲਈ ਉਸ ਨੇ 20 ਕਿਲੋ ਭਾਰ ਘਟਾਇਆ ਸੀ। ਉਸ ਦੇ ਸਹਾਇਕ ਅਦਾਕਾਰ ਜੇਅਰਡ ਲੇਟੋ ਨੂੰ ਸਰਵੋਤਮ ਸਹਾਇਕ ਅਦਾਕਾਰ ਦੇ ਪੁਰਸਕਾਰ ਨਾਲ ਨਿਵਾਜਿਆ ਗਿਆ। ਉਸ ਨੇ ਯੂਕਰੇਨ ਤੇ ਵੈਨਜ਼ੂਏਲਾ ਵਿਚ ਸਰਕਾਰ ਵਿਰੋਧੀ ਪ੍ਰਦਰਸ਼ਨ ਕਰ ਰਹੇ ਲੋਕਾਂ ਨੂੰ ਯਾਦ ਕੀਤਾ। 'ਅਮੈਰੀਕਨ ਹਸਕ' ਤੇ 'ਦ ਵੁਲਫ ਆਫ ਵਾਲ ਸਟਰੀਟ' ਜਿਹੀਆਂ ਸਭ ਤੋਂ ਵੱਧ ਨਾਮਜ਼ਦ ਫਿਲਮਾਂ ਆਸਕਰ ਸਮਾਰੋਹ ਵਿਚੋਂ ਖਾਲੀ ਹੀ ਮੁੜੀਆਂ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ‘ਬੇਏਰੀਆ ਸਿੱਖ ਅਲਾਇੰਸ ਖਾਲਸਾ ਸਕੂਲ ਨੂੰ ਬਿਹਤਰ ਬਣਾਉਣ ਲਈ ਵਚਨਬੱਧ’

**ਫਰੀਮਾਂਟ (ਬਿਊਰੋ):** ਬੇਏਰੀਆ ਸਿੱਖ ਅਲਾਇੰਸ ਗੁਰਦੁਆਰਾ ਫਰੀਮਾਂਟ ਵਿਚ ਚਲਦੇ ਖਾਲਸਾ ਸਕੂਲ ਨੂੰ ਹੋਰ ਬਿਹਤਰ ਬਣਾਉਣ ਪ੍ਰਤੀ ਵਚਨਬੱਧ ਹੈ ਅਤੇ ਬੱਚਿਆਂ ਨੂੰ ਸਿੱਖੀ ਸਿਧਾਂਤਾਂ ਨਾਲ ਜੋੜਨ ਅਤੇ ਉਚੇਰੀ ਸਿਖਿਆ ਲਈ ਬੱਚਿਆਂ ਨੂੰ 25,000 ਡਾਲਰ ਦੇ ਸਾਲਾਨਾ ਵਜ਼ੀਫੇ ਦੇ ਕੇ ਉਤਸ਼ਾਹਿਤ ਕਰਨ ਦਾ ਇਸ ਦਾ ਇਰਾਦਾ ਹੈ।

ਬੇਏਰੀਆ ਸਿੱਖ ਅਲਾਇੰਸ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਵਿਰੋਧੀ ਧਿਰ ਵਾਲੇ ਇਹ ਗਲਤ ਪ੍ਰਚਾਰ ਕਰ ਰਹੇ ਹਨ ਕਿ ਬੇਏਰੀਆ ਅਲਾਇੰਸ ਖਾਲਸਾ ਸਕੂਲ ਪ੍ਰਤੀ ਸੁਹਿਰਦ ਨਹੀਂ ਹੈ। ਖਾਲਸਾ ਸਕੂਲ ਦੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਕਿਸੇ ਵੀ ਦੁਬਿਧਾ ਵਿਚ ਨਹੀਂ ਪੈਣਾ ਚਾਹੀਦਾ ਕਿਉਂਕਿ ਅਸੀਂ ਸੇਵਾ ਮਿਲਣ ‘ਤੇ ਵਿਦਿਅਕ ਮਾਹਿਰਾਂ ਦੀ ਰਾਏ ਮੁਤਾਬਕ ਇਕ ‘ਅਧਿਆਪਕ-ਮਾਪੇ ਬੋਰਡ’ ਦਾ ਵੀ ਗਠਨ ਕਰਾਂਗੇ ਜੋ ਸਾਰੀਆਂ ਮੁਸ਼ਕਿਲਾਂ ਦਾ ਹੱਲ ਲੱਭਣ ਦੇ ਯੋਗ ਹੋਵੇਗਾ। ਬਿਆਨ ਵਿਚ ਕਿਹਾ ਗਿਆ ਹੈ ਕਿ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਮੁਫਤ ਹੋਵੇਗਾ ਅਤੇ ਫੰਡਾਂ ਦੀ ਦੁਰਵਰਤੋਂ ਨੂੰ ਰੋਕ ਕੇ ਇਹ ਪੈਸਾ ਸਹੀ ਪਾਸੇ ਲਾਇਆ ਜਾਵੇਗਾ।

ਬਿਆਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਲੰਘੇ ਐਤਵਾਰ ਨੂੰ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਬੋਲਦਿਆਂ ਬੇਏਰੀਆ ਸਿੱਖ ਅਲਾਇੰਸ ਦੇ ਉਮੀਦਵਾਰਾਂ ਵਲੋਂ ਬੋਲੇ ਗਏ ਸੱਚ ਨੇ ਵਿਰੋਧੀਆਂ ਦੇ ਪੈਰ ਉਖਾੜ ਦਿੱਤੇ ਹਨ ਅਤੇ ਉਹ ਘਬਰਾ ਕੇ ਦੁਸ਼ਣਬਾਜ਼ੀਆਂ ਉਤੇ ਉਤਰ ਆਏ ਹਨ। ਅਲਾਇੰਸ ਨੇ ਗੁਰਦੁਆਰਾ ਫਰੀਮਾਂਟ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਹੈ ਕਿ 9 ਮਾਰਚ ਨੂੰ ਹੋ ਰਹੀਆਂ ਚੋਣਾਂ ਵਿਚ ਇਸ ਦੇ ਉਮੀਦਵਾਰਾਂ ਨੂੰ ਜਿਤਾ ਕੇ ਗੁਰੂ ਘਰ ਦੇ ਪ੍ਰਬੰਧ ਦੀ ਸੇਵਾ ਬਖ਼ਸ਼ੀ ਜਾਵੇ।

## ਸੈਲਮਾ ‘ਚ 20ਵਾਂ ਮਹਾਨ ਨਗਰ ਕੀਰਤਨ 13 ਅਪਰੈਲ ਨੂੰ

**ਸੈਲਮਾ (ਬਿਊਰੋ):** ਸਥਾਨਕ ਗੁਰਦੁਆਰਾ ਸਿੱਖ ਸੈਂਟਰ ਆਫ ਪੈਸਾਫਿਕ ਕੋਸਟ ਵਿਖੇ ਖਾਲਸੇ ਦੇ ਪਵਿੱਤਰ ਸਿਰਜਣਾ ਦਿਵਸ ਵਿਸਾਖੀ ਨੂੰ ਸਮਰਪਿਤ 20ਵਾਂ ਮਹਾਨ ਨਗਰ ਕੀਰਤਨ 13 ਅਪ੍ਰੈਲ ਨੂੰ ਸਜਾਇਆ ਜਾਵੇਗਾ।

ਖਾਲਸਾ ਸਿਰਜਣਾ ਦਿਵਸ ਸਬੰਧੀ ਸਮਾਗਮ 11 ਤੋਂ 13 ਅਪ੍ਰੈਲ ਤੱਕ ਸਮੂਹ ਸੰਗਤਾਂ ਅਤੇ ਸਮੂਹ ਗੁਰਦੁਆਰਾ ਸਾਹਿਬਾਨਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਅਖੰਡ ਪਾਠ ਦਾ ਅਰੰਭ 11 ਅਪ੍ਰੈਲ ਸਵੇਰੇ 8 ਵਜੇ ਹੋਵੇਗਾ ਅਤੇ ਨਿਸ਼ਾਨ ਸਾਹਿਬ ਦੀ ਸੇਵਾ 12 ਅਪ੍ਰੈਲ ਨੂੰ ਸਵੇਰ 10 ਵਜੇ ਹੋਵੇਗੀ। ਉਸੇ ਦਿਨ ਅੰਮ੍ਰਿਤ ਸੰਚਾਰ ਦਾ ਪ੍ਰਵਾਹ ਬਾਅਦ ਦੁਪਿਹਰ 2 ਵਜੇ ਚੱਲੇਗਾ। 13 ਅਪ੍ਰੈਲ ਐਤਵਾਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਦੀਵਾਨ ਸਜਣਗੇ ਜਿਨ੍ਹਾਂ ਵਿਚ ਪੰਥ ਪ੍ਰਸਿਧ ਰਾਗੀ ਜਥੇ ਸ਼ਬਦ ਕੀਰਤਨ ਕਰਨਗੇ। ਪੰਥਕ ਬੁਲਾਰੇ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਉਣਗੇ। ਨਗਰ ਕੀਰਤਨ ਸਵੇਰ 10 ਵਜੇ ਅਰੰਭ ਹੋਵੇਗਾ ਅਤੇ ਤਕਰੀਬਨ ਇਕ ਵਜੇ ਸੈਲਮਾ ਸ਼ਹਿਰ ਦੀ ਪਰਿਕਰਮਾ ਕਰਦਾ ਹੋਇਆ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਵੇਗਾ। ਉਪਰੰਤ ਕੀਰਤਨ ਦੀਵਾਨ ਸਜਾਏ ਜਾਣਗੇ। ਹੋਰ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਦੇ ਫੋਨ ਨੰਬਰ 559-270-3272 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਤਿਵਾੜੀ ਨੇ ਰੋਹਿਤ ਸ਼ੇਖਰ ਨੂੰ ਆਪਣਾ ਪੁੱਤ ਮੰਨਿਆ

**ਨਵੀਂ ਦਿੱਲੀ:** ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਦੇ ਸੀਨੀਅਰ ਆਗੂ ਐਨ.ਡੀ. ਤਿਵਾੜੀ ਨੇ ਆਖਿਰਕਾਰ ਰੋਹਿਤ ਸ਼ੇਖਰ ਨੂੰ ਆਪਣਾ ਪੁੱਤਰ ਮੰਨ ਲਿਆ ਹੈ। ਸ੍ਰੀ ਤਿਵਾੜੀ (89) ਨੇ ਕਿਹਾ ਕਿ ਇਹ ਦੋ ਸਾਲ ਪਹਿਲਾਂ ਹੀ ਪਤਾ ਲੱਗ ਗਿਆ ਸੀ ਜਦੋਂ ਉਸ ਦਾ ਡੀ.ਐਨ.ਏ. ਰੋਹਿਤ ਨਾਲ ਮਿਲ ਗਿਆ ਹੈ।

ਜ਼ਿਕਰਯੋਗ ਹੈ ਕਿ ਰੋਹਿਤ ਨੇ 2008 ਵਿਚ ਤਿਵਾੜੀ ਵਿਰੁੱਧ ਇਹ ਕੇਸ ਕੀਤਾ ਸੀ ਕਿ ਉਹ ਉਸ ਦਾ ਪੁੱਤਰ ਹੈ। ਇਸ ਤੋਂ ਬਾਅਦ 2012 ਵਿਚ ਸ੍ਰੀ ਤਿਵਾੜੀ ਦੇ ਲਏ ਡੀ.ਐਨ.ਏ. ਟੈਸਟ ਤੋਂ ਇਸ ਗੱਲ ਦੀ ਪੁਸ਼ਟੀ ਹੋਈ ਸੀ ਕਿ ਰੋਹਿਤ, ਤਿਵਾੜੀ ਦਾ ਹੀ ਪੁੱਤਰ ਹੈ। ਡਾਕਟਰ ਉਜਵਲਾ ਸ਼ਰਮਾ ਨੇ ਦੱਸਿਆ ਕਿ ਉਹ ਆਪਣੇ ਪੁੱਤਰ ਰੋਹਿਤ ਸ਼ੇਖਰ ਨਾਲ ਸ੍ਰੀ ਐਨ.ਡੀ. ਤਿਵਾੜੀ ਨੂੰ ਉੱਤਰਾਖੰਡ ਸਦਨ ਵਿਚ ਮਿਲੀ ਸੀ ਤੇ ਇਸ ਮੀਟਿੰਗ ਦੌਰਾਨ ਸ੍ਰੀ ਤਿਵਾੜੀ ਨੇ ਰੋਹਿਤ ਸ਼ੇਖਰ ਨੂੰ ਆਪਣਾ ਪੁੱਤਰ ਸਵੀਕਾਰ ਕਰ ਲਿਆ ਅਤੇ ਲੰਬਾ ਸਮਾਂ ਉਸ ਨਾਲ ਗੱਲਬਾਤ ਕੀਤੀ।

Two Bay Truck Wash Available
For Lease or Sale



Available from 1st of April 2014. Truck Wash in Illinois on I-80
Very Good Location with 2 Acres of Land which can be used for variety of purposes.

ਟੂ ਬੇਅ ਟਰੱਕ ਵਾਸ਼ ਸੇਲ ਜਾਂ ਲੀਜ਼ ਲਈ ਪਹਿਲੀ ਅਪਰੈਲ ਤੋਂ ਉਪਲਬਧ ਹੈ

ਇਲੀਨਾਏ ਵਿਚ ਆਈ-80 ਉਤੇ ਬਹੁਤ ਹੀ ਬਿਜ਼ੀ ਲੋਕੇਸ਼ਨ। ਨਾਲ ਲੱਗਦੀ ਦੋ ਏਕੜ ਜ਼ਮੀਨ ਜੋ ਕਈ ਤਰ੍ਹਾਂ ਨਾਲ ਵਰਤੀ ਜਾ ਸਕਦੀ ਹੈ। ਚੰਗੀ ਕਮਾਈ।

Contact: 317-222-1931

Best Bay Area Truck Driving School, Inc.

3150 Kenneth Street, Santa Clara, CA 95050

- ਕਲਾਸ ‘ਏ’ ਅਤੇ ‘ਬੀ’ ਲਾਇਸੈਂਸ ਦੀ ਗਾਰੰਟੀ।
- ਵਧੀਆ ਤੇ ਫਾਸਟ ਸਰਵਿਸ।
- ਤਜ਼ਰਬੇਕਾਰ ਅਤੇ ਮਿਲਾਪੜੇ ਇੰਸਟ੍ਰਕਟਰ।
- ਟਰੱਕ ਸਿੱਖਣ ਲਈ ਬਹੁਤ ਹੀ ਵਾਜਿਬ ਫੀਸ।
- ਬਾਹਰੋਂ ਆਏ ਵੀਰਾਂ ਲਈ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਪ੍ਰਬੰਧ।
- ਰਿਹਾਇਸ਼ ਦਾ ਪ੍ਰਬੰਧ।

ਫਰੀਮਾਂਟ, ਯੂਨੀਅਨ ਸਿਟੀ ਤੇ ਹੇਵਰਡ ਦੇ ਵੀਰਾਂ ਲਈ ਫਰੀ ਰਾਈਡ



*ਲਿਖਤੀ ਟੈਸਟ ਪਾਸ ਕਰਨ ਲਈ ਵਿਸ਼ੇਸ਼ ਪ੍ਰਬੰਧ।
*ਕਲਾਸ ‘ਏ’ ਅਤੇ ‘ਬੀ’ ਲਾਇਸੈਂਸ ਰਿਨਿਊ ਕਰਨ ਦਾ ਬਹੁਤ ਹੀ ਸਸਤਾ ਪ੍ਰਬੰਧ।

*ਅੱਜ ਹੀ ਕਾਲ ਕਰੋ:*
ਬੱਗਾ > ਫੋਨ 510-786-8143 (ਸੈਲ)
408-988-2100 (ਦਫਤਰ)

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863


Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863
Transportation Funding Group, Inc.
Minneapolis , MN 55426

# ਨੀਂਹ ਪੱਥਰ ਤੋਂ ਅੱਗੇ ਨਾ ਵਧੇ ਸੁਖਬੀਰ ਬਾਦਲ ਦੇ ਸੁਪਨਿਆਂ ਦੇ ਪ੍ਰੋਜੈਕਟ

**ਅੰਮ੍ਰਿਤਸਰ:** ਲੋਕ ਸਭਾ ਚੋਣਾਂ ਨੇੜੇ ਵੇਖ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਨਵੇਂ ਪ੍ਰੋਜੈਕਟਾਂ ਦੇ ਨੀਂਹ ਪੱਥਰਾਂ ਦੀ ਝੜੀ ਲਾਈ ਹੋਈ ਹੈ। ਅਕਾਲੀ ਦਲ ਦੇ ਵਿਧਾਇਕ ਤੋਂ ਲੈ ਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਧੜਾ-ਧੜ ਨੀਂਹ ਪੱਥਰ ਰੱਖਣ ਵਿਚ ਰੁੱਝੇ ਹੋਏ ਹਨ ਪਰ ਸਰਕਾਰ ਲਈ ਨਮੋਸ਼ੀ ਵਾਲੀ ਗੱਲ ਇਹ ਹੈ ਕਿ ਦੂਜੀ ਵਾਰ ਸੱਤਾ ਵਿਚ ਆਉਣ ਤੋਂ ਪਹਿਲਾਂ ਰੱਖੇ ਗਏ ਨੀਂਹ ਪੱਥਰਾਂ 'ਤੇ ਕੰਮ ਅਜੇ ਤੱਕ ਸ਼ੁਰੂ ਨਹੀਂ ਹੋ ਸਕਿਆ।




ਇਨ੍ਹਾਂ ਵਿਚ ਉਹ ਪ੍ਰੋਜੈਕਟ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਪਣੇ ਸੁਪਨਿਆਂ ਦਾ ਪ੍ਰੋਜੈਕਟ ਐਲਾਨਿਆ ਹੋਇਆ ਹੈ। ਅਜਿਹੇ ਰੁਲ ਰਹੇ ਪ੍ਰੋਜੈਕਟਾਂ ਵਿਚ ਅੰਮ੍ਰਿਤਸਰ ਦੇ ਪਰਸਨਲ ਰੈਪਿਡ ਟਰਾਂਸਪੋਰਟ ਸਿਸਟਮ (ਪੀ.ਆਰ.ਟੀ.ਐਸ), ਸਪੋਰਟਸ ਕੰਪਲੈਕਸ, ਠੋਸ ਕੂੜਾ ਕਰਕਟ ਪ੍ਰਬੰਧ ਪਲਾਂਟ, ਸੀ.ਸੀ.ਟੀ.ਵੀ ਕੈਮਰਿਆਂ ਦਾ ਪ੍ਰੋਜੈਕਟ ਤੇ ਹੋਰ ਸ਼ਾਮਲ ਹਨ।

ਅੰਮ੍ਰਿਤਸਰ ਵਿਖੇ ਪੀ.ਆਰ.ਟੀ.ਐਸ (ਪੌਡ ਪ੍ਰਣਾਲੀ) ਦਾ ਨੀਂਹ ਪੱਥਰ 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦਸੰਬਰ 2011 ਵਿਚ ਰੱਖਿਆ ਗਿਆ ਸੀ। ਨੀਂਹ ਪੱਥਰ ਰੱਖਣ ਸਮੇਂ ਉਪ ਮੁੱਖ ਮੰਤਰੀ ਨੇ ਐਲਾਨ ਕੀਤਾ ਸੀ ਕਿ ਇਹ ਉਨ੍ਹਾਂ ਦੀ ਸੁਪਨਿਆਂ ਦੀ ਯੋਜਨਾ ਵਿਚੋਂ ਇਕ ਹੈ। ਇਹ ਯੋਜਨਾ ਸ਼ੁਰੂ ਨਾ ਹੋਣ ਕਾਰਨ ਸੁਪਨਾ ਹੀ ਬਣ ਕੇ ਰਹਿ ਗਈ ਹੈ ਤੇ ਇਸ ਨੂੰ ਹੁਣ ਸਰਕਾਰ ਵੱਲੋਂ ਠੰਢੇ ਬਸਤੇ ਵਿਚ ਪਾ ਦਿੱਤਾ ਗਿਆ ਹੈ।

ਇਸ ਯੋਜਨਾ ਤਹਿਤ ਹਾਲ ਗੇਟ ਵਿਖੇ ਨੀਂਹ ਪੱਥਰ ਰੱਖਿਆ ਗਿਆ ਸੀ। ਪੌਡ ਪ੍ਰਣਾਲੀ ਲਈ ਸ਼ਹਿਰ ਵਿਚ ਥੰਮ੍ਹ ਬਣਾਏ ਜਾਣੇ ਸਨ ਜਿਨ੍ਹਾਂ 'ਤੇ 200 ਚੁੰਬਕੀ ਪੌਡ ਚਲਾਉਣ ਦੀ ਯੋਜਨਾ ਸੀ। ਇਹ ਪੌਡ ਬਿਨਾਂ ਚਾਲਕ ਛੇ ਸਵਾਰੀਆਂ ਬਿਠਾ ਕੇ ਇਕ ਥਾਂ ਤੋਂ ਦੂਜੀ ਥਾਂ ਲੈ ਜਾ ਸਕਦੇ ਸਨ, ਇਸ ਤਹਿਤ ਰੇਲਵੇ ਸਟੇਸ਼ਨ ਤੇ ਬੱਸ ਅੱਡੇ ਤੋਂ ਅੰਮ੍ਰਿਤਸਰ ਆਉਣ ਵਾਲੇ ਯਾਤਰੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਪਹੁੰਚਾਉਣ ਦੀ ਯੋਜਨਾ ਸੀ।

ਦੁਕਾਨਦਾਰਾਂ ਅਤੇ ਵਿਰਾਸਤ ਪ੍ਰੇਮੀਆਂ ਦੇ ਵਿਰੋਧ ਕਾਰਨ ਇਸ ਦਾ ਰੂਟ ਬਦਲ ਦਿੱਤਾ ਗਿਆ। ਸਭ ਕੁਝ ਤੈਅ ਹੋਣ ਮਗਰੋਂ ਇਸ ਦੇ ਦੋ ਵਾਰ ਟੈਂਡਰ ਜਾਰੀ ਕੀਤੇ ਗਏ ਤੇ ਦੋਵੇਂ ਵਾਰ ਇਕੋ ਹੀ ਕੰਪਨੀ ਨੇ ਟੈਂਡਰ ਲਈ ਬਿਨੈ ਪੱਤਰ ਦਿੱਤਾ ਪਰ ਹੁਣ ਤੱਕ ਇਸ ਕੰਪਨੀ ਨੂੰ ਕੰਮ ਦੀ ਸ਼ੁਰੂਆਤ ਬਾਰੇ ਸਹਿਮਤੀ ਪੱਤਰ ਨਹੀਂ ਮਿਲਿਆ ਹੈ। ਇਸ ਤਰ੍ਹਾਂ ਦੇ ਪੌਡ ਲੰਦਨ ਦੇ ਹੀਥਰੋ ਹਵਾਈ ਅੱਡੇ 'ਤੇ ਚੱਲ ਰਹੇ ਹਨ ਤੇ ਭਾਰਤ ਵਿਚ ਇਸ ਨੂੰ ਪਹਿਲੀ ਵਾਰ ਅੰਮ੍ਰਿਤਸਰ ਵਿਖੇ ਸ਼ੁਰੂ ਕਰਨ ਦੀ ਯੋਜਨਾ ਬਣਾਈ ਗਈ ਸੀ। ਇਸੇ ਤਰ੍ਹਾਂ ਰਣਜੀਤ ਐਵੇਨਿਊ ਵਿਖੇ ਬਣਨ ਵਾਲੇ ਸਪੋਰਟਸ ਕੰਪਲੈਕਸ ਦਾ ਨੀਂਹ ਪੱਥਰ ਵੀ ਨਵੰਬਰ 2011 ਵਿਚ ਸ੍ਰੀ ਸੁਖਬੀਰ ਸਿੰਘ ਬਾਦਲ ਤੇ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੇ ਰੱਖਿਆ ਸੀ। ਮਗਰੋਂ ਨਵਜੋਤ ਸਿੰਘ ਸਿੱਧੂ ਨਾਲ ਚੱਲ ਰਹੇ ਵਿਵਾਦ ਕਾਰਨ ਇਹ ਯੋਜਨਾ ਠੰਢੇ ਬਸਤੇ ਵਿਚ ਪੈ ਗਈ ਤੇ ਮੁੜ ਇਕ ਵਾਰ ਨਕਸ਼ਿਆਂ ਵਿਚ ਸੁਧਾਰ ਮਗਰੋਂ ਇਸ ਦਾ ਦੁਬਾਰਾ ਨੀਂਹ ਪੱਥਰ ਰੱਖਿਆ ਗਿਆ। ਹੁਣ ਦੂਜਾ ਨੀਂਹ ਪੱਥਰ ਰੱਖੇ ਨੂੰ ਵੀ ਕਾਫੀ ਸਮਾਂ ਬੀਤ ਗਿਆ ਹੈ ਪਰ ਅਜੇ ਤੱਕ ਸ਼ੁਰੂਆਤ ਨਹੀਂ ਹੋਈ ਹੈ। ਠੋਸ ਕੂੜਾ ਕਰਕਟ ਪ੍ਰਬੰਧ ਪਲਾਂਟ ਲਾਉਣ ਦੀ ਯੋਜਨਾ ਸੱਤ ਸਾਲ ਪਹਿਲਾਂ ਉਲੀਕੀ ਗਈ ਸੀ ਪਰ ਹੁਣ ਤੱਕ ਇਹ ਯੋਜਨਾ ਮੁਕੰਮਲ ਨਹੀਂ ਹੋ ਸਕੀ ਹੈ।

# ਹਰਸਿਮਰਤ ਕੌਰ ਬਾਦਲ ਨੇ ਲਾਈ ਨੀਂਹ ਪੱਥਰਾਂ ਦੀ ਝੜੀ

**ਬਠਿੰਡਾ:** ਸੰਸਦ ਮੈਂਬਰ ਤੇ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਕੌਰ ਬਾਦਲ ਦੇ ਹਲਕੇ ਬਠਿੰਡੇ ਵਿਚ ਇਨ੍ਹੀਂ ਦਿਨੀਂ ਨੀਂਹ ਪੱਥਰ ਰੱਖਣ ਦੀ ਹੋੜ ਲੱਗੀ ਹੋਈ ਹੈ। ਪਿਛਲੇ ਇਕ ਹਫਤੇ ਵਿਚ 80 ਨੀਂਹ ਪੱਥਰਾਂ ਤੇ ਉਦਘਾਟਨੀ ਪੱਥਰਾਂ ਤੋਂ ਪਰਦੇ ਹਟਾਏ ਗਏ ਹਨ ਜਦਕਿ ਪਹਿਲਾਂ ਰੱਖੇ ਜ਼ਿਆਦਾਤਰ ਪ੍ਰਾਜੈਕਟਾਂ 'ਤੇ ਕੰਮ ਸ਼ੁਰੂ ਨਹੀਂ ਹੋ ਸਕਿਆ। ਇਥੋਂ ਤੱਕ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਜਨਮ ਦਿਨ 'ਤੇ ਬਠਿੰਡਾ ਸ਼ਹਿਰ ਵਿਚ ਅੱਠ ਦਸੰਬਰ 2007 ਨੂੰ ਕੌਮਾਂਤਰੀ ਕ੍ਰਿਕਟ ਸਟੇਡੀਅਮ ਦਾ ਨੀਂਹ ਪੱਥਰ ਰੱਖਿਆ ਸੀ। ਗੱਲ ਸਵਾ ਛੇ ਵਰ੍ਹਿਆਂ ਮਗਰੋਂ ਵੀ ਪੱਥਰ ਤੋਂ ਅਗਾਂਹ ਨਹੀਂ ਵਧ ਸਕੀ।



ਸ਼ਹਿਰ ਦੇ ਆਦਰਸ਼ ਨਗਰ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਸੀਵਰੇਜ ਪ੍ਰਾਜੈਕਟ ਦਾ ਸਾਲ 2008 ਵਿਚ ਨੀਂਹ ਪੱਥਰ ਰੱਖਿਆ ਗਿਆ ਸੀ। 15 ਕਰੋੜ ਰੁਪਏ ਦਾ ਇਹ ਪ੍ਰਾਜੈਕਟ ਹਾਲੇ ਤੱਕ ਸ਼ੁਰੂ ਨਹੀਂ ਹੋ ਸਕਿਆ। ਇਸੇ ਸਾਲ ਸ਼ਹਿਰ ਦੇ ਮੁਲਤਾਨੀਆਂ ਪੁਲ ਨੇੜੇ ਵਾਟਰ ਸਪਲਾਈ ਪ੍ਰਾਜੈਕਟ ਦਾ ਨੀਂਹ ਪੱਥਰ ਮੁੱਖ ਮੰਤਰੀ ਪੰਜਾਬ ਵੱਲੋਂ ਰੱਖਿਆ ਗਿਆ। ਇਸ ਦਾ ਕੰਮ ਇਕ ਸਾਲ ਵਿਚ ਮੁਕੰਮਲ ਹੋਣਾ ਸੀ ਪਰ ਅੱਜ ਤੱਕ ਇਹ ਅਧੂਰਾ ਹੀ ਹੈ। ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਨੇ ਸਥਾਨਕ ਸਨਅਤੀ ਗਰੋਥ ਸੈਂਟਰ ਵਿਚ ਥਾਣਾ ਸਦਰ ਦੀ ਇਮਾਰਤ ਦਾ ਨੀਂਹ ਪੱਥਰ ਰੱਖਿਆ ਸੀ ਪਰ ਅੱਜ ਤੱਕ ਇਸ 'ਤੇ ਇਕ ਇੱਟ ਵੀ ਨਹੀਂ ਲੱਗੀ ਹੈ। ਥਾਣਾ ਸਦਰ ਅਣਸੁਰੱਖਿਅਤ ਐਲਾਨੀ ਇਮਾਰਤ ਵਿਚ ਹੀ ਚੱਲ ਰਿਹਾ ਹੈ। ਤਲਵੰਡੀ ਸਾਬੋ ਵਿਚ ਸਪੋਰਟਸ ਅਕੈਡਮੀ ਦਾ ਨੀਂਹ ਪੱਥਰ ਰੱਖਿਆ ਗਿਆ, ਇਥੇ ਪੁਰਾਣਾ ਗਰਾਊਂਡ ਵੀ ਪੁੱਟ ਦਿੱਤਾ ਗਿਆ ਤੇ ਨਵਾਂ ਕੰਪਲੈਕਸ ਵੀ ਨਹੀਂ ਬਣਿਆ। ਮੁੱਖ ਮੰਤਰੀ ਨੇ ਸਾਲ 2008 ਵਿਚ ਤਲਵੰਡੀ ਸਾਬੋ ਵਿਚ ਦੋ ਕਰੋੜ ਦੀ ਲਾਗਤ ਨਾਲ ਬਣਨ ਵਾਲੇ ਵਿਰਸਾ ਤੇ ਸਭਿਆਚਾਰਕ ਕੇਂਦਰ ਦਾ ਨੀਂਹ ਪੱਥਰ ਰੱਖਿਆ ਸੀ ਪਰ ਹੋਂਦ ਵਿਚ ਕੁਝ ਵੀ ਨਹੀਂ ਆਇਆ। ਬਠਿੰਡਾ ਨਹਿਰ ਨੂੰ ਪੱਕਾ ਕਰਨ ਦੇ ਪ੍ਰਾਜੈਕਟ ਦਾ ਨੀਂਹ ਪੱਥਰ ਉਪ ਮੁੱਖ ਮੰਤਰੀ ਨੇ ਨਵੰਬਰ 2013 ਵਿਚ ਰੱਖਿਆ। ਸਰਕਾਰ ਕੋਲ ਇਸ ਪ੍ਰਾਜੈਕਟ ਲਈ ਫੰਡ ਨਹੀਂ ਹਨ ਜਿਸ ਕਰਕੇ ਐਸਟੀਮੇਟ ਵੀ ਪਾਸ ਨਹੀਂ ਹੋ ਸਕਿਆ। ਉਪ ਮੁੱਖ ਮੰਤਰੀ ਨੇ 15 ਕਰੋੜ ਦੀ ਲਾਗਤ ਵਾਲੇ ਬਹਿਮਣ ਰਜਬਾਹੇ ਦਾ ਨਵੰਬਰ ਵਿਚ ਹੀ ਨੀਂਹ ਪੱਥਰ ਰੱਖਿਆ ਸੀ ਪਰ ਇਹ ਵੀ ਸਰਕਾਰ ਦੀ ਮਾੜੀ ਮਾਲੀ ਹਾਲਤ ਦੀ ਭੇਟ ਚੜ੍ਹ ਗਿਆ।

# ਪੰਜਾਬ ਦੇ ਸੇਮ ਮਾਰੇ ਇਲਾਕਿਆਂ ਲਈ 2246 ਕਰੋੜ ਮਨਜ਼ੂਰ

**ਨਵੀਂ ਦਿੱਲੀ:** ਪੰਜਾਬ ਵਿਚ ਸੇਮ ਦੀ ਸਮੱਸਿਆ ਨਾਲ ਨਜਿੱਠਣ ਲਈ ਕੇਂਦਰ ਸਰਕਾਰ ਨੇ ਸੂਬੇ ਨੂੰ ਵਿਸ਼ੇਸ਼ ਪੈਕੇਜ ਦੇਣ ਦਾ ਐਲਾਨ ਕੀਤਾ ਹੈ। ਕੇਂਦਰ ਸਰਕਾਰ ਨੇ ਪੰਜਾਬ ਦੇ ਦੱਖਣੀ-ਪੱਛਮੀ ਜ਼ਿਲ੍ਹਿਆਂ ਫਰੀਦਕੋਟ, ਫਿਰੋਜ਼ਪੁਰ, ਮੁਕਤਸਰ ਤੇ ਬਠਿੰਡਾ ਵਿਚ ਸੇਮ ਪ੍ਰਭਾਵਤ ਇਲਾਕਿਆਂ ਨੂੰ 2246 ਕਰੋੜ ਰੁਪਏ ਦੀ ਰਕਮ ਮਨਜ਼ੂਰ ਕੀਤੀ ਹੈ। ਯੋਜਨਾ ਕਮਿਸ਼ਨ ਦੇ ਮੈਂਬਰ ਮਿਹਿਰ ਸ਼ਾਹ ਦੀ ਅਗਵਾਈ ਹੇਠ ਉੱਚ ਪੱਧਰੀ ਮਾਹਿਰ ਕਮੇਟੀ ਨੇ ਪਿਛਲੇ ਸਾਲ ਆਪਣੀ ਰਿਪੋਰਟ ਸਰਕਾਰ ਨੂੰ ਸੌਂਪੀ ਸੀ। ਇਸ ਤੋਂ ਬਾਅਦ ਸਰਕਾਰ ਨੇ ਪੰਜਾਬ ਨੂੰ ਰਾਹਤ ਦੇਣ ਦਾ ਫੈਸਲਾ ਕੀਤਾ ਹੈ।

ਲੋਕ ਸਭਾ ਚੋਣਾਂ ਨੇੜੇ ਹੋਣ ਕਾਰਨ ਹੁਣ ਕਾਂਗਰਸ ਤੇ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਸੇਮ ਪ੍ਰਭਾਵਤ ਇਲਾਕਿਆਂ ਦੀ ਸਾਰ ਲੈਣ ਦਾ ਸਿਹਰਾ ਆਪਣੇ ਸਿਰ ਲੈਣ ਦੀਆਂ ਕੋਸ਼ਿਸ਼ਾਂ ਕਰਨਗੀਆਂ। ਪਿਛਲੇ ਸਾਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਕਾਂਗਰਸ ਆਗੂ ਸੁਨੀਲ ਜਾਖੜ ਨੇ ਸੇਮ ਪ੍ਰਭਾਵਤ ਇਲਾਕਿਆਂ ਦਾ ਸਾਂਝੇ ਤੌਰ 'ਤੇ ਕੇਂਦਰ ਕੋਲ ਮਸਲਾ ਚੁੱਕਿਆ ਸੀ ਤੇ ਪੰਜਾਬ ਸਰਕਾਰ ਨੇ ਇਸ ਮੁਸ਼ਕਲ ਦੇ ਹੱਲ ਲਈ ਕੇਂਦਰ ਤੋਂ 3327 ਕਰੋੜ ਰੁਪਏ ਮੰਗੇ ਸਨ।

ਕੇਂਦਰ ਸਰਕਾਰ ਨੇ ਰਿਪੋਰਟ ਵਿਚ ਜ਼ਿਕਰ ਕੀਤੇ ਗਏ ਰਾਜਸਥਾਨ ਫੀਡਰ ਨਹਿਰ ਤੇ ਸਰਹਿੰਦ ਫੀਡਰ ਨਹਿਰ ਨੂੰ ਪੱਕਾ ਕਰਨ ਤੇ ਡਰੇਨਾਂ ਦੇ ਤਲੇ ਪੱਕੇ ਕਰਨ ਅਤੇ ਉਨ੍ਹਾਂ ਦੀ ਸਫ਼ਾਈ ਲਈ 2246 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਇਸ ਵਿਚੋਂ 1684.5 ਕਰੋੜ ਦੀ ਕੇਂਦਰੀ ਸਹਾਇਤਾ 12ਵੀਂ ਯੋਜਨਾ ਦੇ ਬਾਕੀ ਸਾਲਾਂ ਵਿਚ ਦਿੱਤੀ ਜਾਵੇਗੀ ਅਤੇ ਬਾਕੀ ਰਕਮ 887 ਕਰੋੜ ਰੁਪਏ ਵਧੀਕ ਕੇਂਦਰੀ ਸਹਾਇਤਾ ਵਜੋਂ ਦਿੱਤੀ ਜਾਏਗੀ ਜੋ ਬੁੰਦੇਲਖੰਡ ਨੂੰ ਦਿੱਤੇ ਗਏ ਵਿਸ਼ੇਸ਼ ਪੈਕੇਜ ਦੀ ਤਰਜ਼ 'ਤੇ ਹੋਏਗੀ।

# ਤਬਾਹੀ ਵੱਲ ਲਿਜਾ ਰਹੀ ਹੈ ਬਾਦਲ ਸਰਕਾਰ: ਬਾਜਵਾ

**ਚੰਡੀਗੜ੍ਹ:** ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਪੰਜਾਬ ਸਰਕਾਰ ਫਜ਼ੂਲ ਖਰਚੇ ਨਾਲ ਸੂਬੇ ਨੂੰ ਤਬਾਹੀ ਵੱਲ ਲਿਜਾ ਰਹੀ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਰਿਜ਼ਰਵ ਬੈਂਕ ਆਫ ਇੰਡੀਆ (ਆਰ.ਬੀ.ਆਈ) ਤੋਂ ਮਿਲਣ ਵਾਲੀ ਓਵਰਡਰਾਫਟ ਸਹੂਲਤ ਨੂੰ ਲਗਾਤਾਰ ਪਾਰ ਕਰ ਰਹੀ ਅਕਾਲੀ-ਭਾਜਪਾ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ।

ਸ. ਬਾਜਵਾ ਨੇ ਕਿਹਾ ਕਿ ਪ੍ਰਦੇਸ਼ ਕਾਂਗਰਸ ਦੇ ਆਰ.ਟੀ.ਆਈ ਸੈਲ ਵੱਲੋਂ ਹਾਸਲ ਜਾਣਕਾਰੀ ਮੁਤਾਬਕ ਸਰਕਾਰ ਮੁਲਾਜ਼ਮਾਂ ਆਦਿ ਦੇ ਤਨਖਾਹਾਂ ਤੇ ਹੋਰ ਬਿਲ ਅਦਾ ਕਰਨ ਲਈ ਆਰ.ਬੀ.ਆਈ ਤੋਂ ਕਰੋੜਾਂ ਰੁਪਏ ਦਾ ਓਵਰਡਰਾਫਟ ਲੈ ਰਹੀ ਹੈ ਤੇ ਇਸ 'ਤੇ ਵਿਆਜ ਵੱਖਰਾ ਹੈ। ਉਨ੍ਹਾਂ ਕਿਹਾ ਸਾਲ 2008-09 ਦੌਰਾਨ ਸਰਕਾਰ ਨੇ ਆਪਣੇ ਸਾਧਾਰਨ ਐਡਵਾਂਸ ਦੀ 360 ਕਰੋੜ ਰੁਪਏ ਦੀ ਹੱਦ ਨੂੰ 2013 ਵਿਚ 540 ਕਰੋੜ ਤੱਕ ਵਧਾ ਦਿੱਤਾ ਹੈ।



ਇਸ ਦਾ ਅਰਥ ਹੈ ਕਿ ਸਰਕਾਰ ਆਰ.ਬੀ.ਆਈ ਤੋਂ ਵੱਧ ਕਰਜ਼ਾ ਲੈ ਰਹੀ ਹੈ ਤੇ ਵਿਆਜ ਦੇ ਰਹੀ ਹੈ। ਐਡਵਾਂਸ ਕਰਜ਼ਾ ਉਦੋਂ ਦਿੱਤਾ ਜਾਂਦਾ ਹੈ ਜਦੋਂ ਸਰਕਾਰ ਦੇ ਬੈਂਕ ਖਾਤੇ ਦਾ ਕੁੱਲ ਨਕਦ ਬਕਾਇਆ ਘੱਟੋ ਘੱਟ ਨਕਦ ਬਕਾਏ ਤੋਂ ਘੱਟ ਜਾਂਦਾ ਹੈ, ਜੋ ਕਿ 1.56 ਕਰੋੜ ਰੁਪਏ ਹੈ। ਉਨ੍ਹਾਂ ਕਿਹਾ ਕਿ 2008 ਤੋਂ 2013 ਦੌਰਾਨ ਸਰਕਾਰ ਨੇ 59 ਕਰੋੜ ਰੁਪਏ ਤੋਂ ਵੱਧ ਦਾ ਵਿਆਜ ਅਦਾ ਕੀਤਾ ਹੈ।

ਸਾਲ 2008-09 ਦੌਰਾਨ ਸਰਕਾਰ ਨੇ 360 ਕਰੋੜ ਰੁਪਏ ਦੀ ਹੱਦ ਦੇ ਮੁਕਾਬਲੇ 453.39 ਕਰੋੜ, 2009-10 ਦੌਰਾਨ 309 ਕਰੋੜ ਰੁਪਏ, 2010-11 ਦੌਰਾਨ 398 ਕਰੋੜ ਰੁਪਏ ਤੇ 2011-12 ਦੇ ਚੋਣ ਵਰ੍ਹੇ ਦੌਰਾਨ ਸਰਕਾਰ ਨੇ 601 ਕਰੋੜ ਰੁਪਏ ਦਾ ਓਵਰਡਰਾਫਟ ਲਿਆ ਹੈ। ਇਸ ਨੂੰ ਲਗਾਤਾਰ ਵਧਾਉਂਦਿਆਂ 2012-13 ਵਿਚ 1149 ਕਰੋੜ ਰੁਪਏ 'ਤੇ ਪਹੁੰਚਾ ਦਿੱਤਾ ਤੇ 2013-14 ਦੌਰਾਨ ਹਾਲੇ ਤੱਕ 1300 ਕਰੋੜ ਰੁਪਏ ਦਾ ਓਵਰਡਰਾਫਟ ਲੈ ਚੁੱਕੀ ਹੈ।

# ਰੱਬ ਆਸਰੇ ਹੀ ਚੱਲ ਰਹੇ ਨੇ ਪੰਜਾਬ ਦੇ ਸਰਕਾਰੀ ਹਸਪਤਾਲ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਦੇ ਸਰਕਾਰੀ ਹਸਪਤਾਲਾਂ ਨੂੰ ਰੱਬ ਆਸਰੇ ਛੱਡ ਦਿੱਤਾ ਹੈ ਜਿਸ ਕਾਰਨ ਇਨ੍ਹਾਂ ਹਸਪਤਾਲਾਂ ਵਿਚ ਨਾਮਾਤਰ ਹੀ ਸਹੂਲਤਾਂ ਹਨ। ਸੂਬਾ ਸਰਕਾਰ ਦੀ ਇਸ ਨਾਲਾਇਕੀ ਦਾ ਨਿੱਜੀ ਹਸਪਤਾਲ ਰੱਜ ਕੇ ਫਾਇਦਾ ਚੁੱਕ ਰਹੇ ਹਨ। ਸੂਬੇ ਦੇ 70 ਫੀਸਦੀ ਸਿਵਲ ਹਸਪਤਾਲਾਂ ਵਿਚ ਅਲਟਰਾ ਸਾਊਂਡ ਜਹੀ ਆਮ ਜ਼ਰੂਰਤ ਵਾਲੀ ਸਹੂਲਤ ਵੀ ਨਹੀਂ ਹੈ। ਸਰਕਾਰੀ ਅਵੇਸਲੇਪਣ ਦੀ ਹੱਦ ਤਾਂ ਇਥੋਂ ਤੱਕ ਹੈ ਕਿ ਤਕਰੀਬਨ ਚਾਰ ਕੁ ਮਹੀਨੇ ਪਹਿਲਾਂ ਹੀ ਸਰਕਾਰੀ ਹਸਪਤਾਲਾਂ ਵਿਚ ਸਿਹਤ ਸਹੂਲਤਾਂ ਨਿਯਮਾਂ ਮੁਤਾਬਕ ਕਰਨ ਦੇ ਮਨਸ਼ੇ ਨਾਲ ਕਾਨੂੰਨੀ ਨੋਟਿਸ ਤੱਕ ਭੇਜਿਆ ਜਾ ਚੁੱਕਾ ਹੈ ਪਰ ਇਸ ਦੇ ਬਾਵਜੂਦ ਸਰਕਾਰ ਵੱਲੋਂ ਹਾਲੇ ਤੱਕ ਕੋਈ ਜੁਆਬ ਨਹੀਂ ਦਿੱਤਾ ਗਿਆ।




ਸਰਕਾਰੀ ਅੰਕੜੇ ਹੀ ਦੱਸਦੇ ਹਨ ਕਿ ਸੂਬੇ ਦੇ ਕੁੱਲ 177 ਸਿਵਲ ਹਸਪਤਾਲਾਂ ਵਿਚੋਂ ਸਿਰਫ਼ 56 ਵਿਚ ਹੀ ਅਲਟਰਾ ਸਾਊਂਡ ਮਸ਼ੀਨਾਂ ਉਪਲਬਧ ਹੋਣ ਕਾਰਨ ਬਾਕੀ ਥਾਈਂ ਨਿੱਜੀ ਲੈਬਾਰਟਰੀਆਂ ਵਾਲੇ ਮਰੀਜ਼ਾਂ ਤੋਂ ਮਰਜੀ ਨਾਲ ਪੈਸੇ ਵਸੂਲ ਕਰ ਰਹੇ ਹਨ। ਇੰਨਾ ਹੀ ਨਹੀਂ ਸੂਬੇ ਦੇ ਹਸਪਤਾਲ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵੱਲੋਂ ਸਬ ਡਵੀਜ਼ਨਲ ਤੇ ਜ਼ਿਲ੍ਹਾ ਪੱਧਰੀ ਹਸਪਤਾਲਾਂ ਲਈ ਤੈਅ ਕੀਤੇ ਮਾਪਦੰਡਾਂ 'ਤੇ ਹੀ ਪੂਰੇ ਨਹੀਂ ਉਤਰ ਰਹੇ ਹਨ ਤੇ ਭਾਰਤੀ ਸੰਵਿਧਾਨ ਤੇ ਸੁਪਰੀਮ ਕੋਰਟ ਵੱਲੋਂ ਹਰ ਜਨ-ਮਾਨਸ ਬਾਰੇ ਸਿਹਤ ਸਹੂਲਤਾਂ ਦੀ ਸਥਿਤੀ ਨੂੰ ਲੈ ਕੇ ਜਾਰੀ ਕੀਤੀਆਂ ਹਦਾਇਤਾਂ ਦੀ ਵੀ ਘੋਰ ਉਲੰਘਣਾ ਹੋ ਰਹੀ ਹੈ।

ਪੰਜਾਬ ਦੇ ਕਿਸੇ ਵੀ ਸਰਕਾਰੀ ਹਸਪਤਾਲ ਵਿਚ ਨਾ ਤਾਂ ਸੀ.ਟੀ ਸਕੈਨ ਤੇ ਨਾ ਹੀ ਐਮ.ਆਰ.ਆਈ ਸਕੈਨ ਦੀ ਸਹੂਲਤ ਮੌਜੂਦ ਹੈ। ਸੂਬੇ ਦੇ ਕਿਸੇ ਵੀ ਹਸਪਤਾਲ ਵਿਚ ਹਾਰਮੋਨਸ ਐਸਟੀਮੇਸ਼ਨ, ਪੀ.ਸੀ.ਆਰ ਡਾਇਗਨੋਸਿਸ ਸਹੂਲਤ ਤੇ ਬੇਔਲਾਦ ਜੋੜਿਆਂ ਵਿਚ ਪ੍ਰਚਲਿਤ ਟੈਸਟ ਟਿਊਬ ਬੇਬੀ ਦੀ ਸਹੂਲਤ ਤੱਕ ਮੌਜੂਦ ਨਹੀਂ। ਸੂਬੇ ਦੇ ਹਸਪਤਾਲਾਂ ਵਿਚ ਇਨ੍ਹੀਂ ਦਿਨੀਂ ਇਲਾਜ ਪ੍ਰਣਾਲੀਆਂ ਤਹਿਤ ਸਧਾਰਨ ਤੌਰ 'ਤੇ ਹੀ ਵਰਤੋਂ ਵਿਚ ਲਿਆਂਦੀਆਂ ਜਾਂਦੀਆਂ ਸਹੂਲਤਾਂ ਦੀ ਭਾਰੀ ਤੋਟ ਦਾ ਲਾਹਾ ਨਿੱਜੀ ਹਸਪਤਾਲਾਂ ਵਾਲੇ ਉਠਾ ਰਹੇ ਹਨ ਤੇ ਹਰ ਵਰਗ ਦਾ ਮਰੀਜ਼ ਇਨ੍ਹਾਂ ਨਿੱਜੀ ਹਸਪਤਾਲਾਂ ਵਿਚ ਜੇਬ ਢਿੱਲੀ ਕਰਨ ਨੂੰ ਮਜਬੂਰ ਹੋਇਆ ਪਿਆ ਹੈ। ਕਈ ਥਾਈਂ ਸਿਵਲ ਹਸਪਤਾਲਾਂ ਵਿਚ ਅਕਸਰ ਹੀ ਅਲਟਰਾ ਸਾਊਂਡ ਮਸ਼ੀਨਾਂ ਜਨਤਕ ਹਿੱਤਾਂ ਦੀ ਪੂਰਤੀ ਦਾ ਢੰਡੋਰਾ ਪਿੱਟ ਕੇ ਅਚਾਨਕ ਹੀ ਦੂਜੀ ਥਾਂ ਤਬਦੀਲ ਕਰ ਦਿੱਤੀਆਂ ਜਾਂਦੀਆਂ ਹਨ, ਜਿਸ ਤਰ੍ਹਾਂ ਕਿ ਸਿਵਲ ਹਸਪਤਾਲ ਨਕੋਦਰ ਤੇ ਫਿਲੌਰ ਵਿਚ ਹਫਤੇ ਵਿਚ ਕੁਝ ਦਿਨ ਹੀ ਇਹ ਸਹੂਲਤ ਮਿਲ ਸਕਦੀ ਹੈ। ਸਿਵਲ ਹਸਪਤਾਲ ਬਾਬਾ ਬਕਾਲਾ ਤੇ ਸਿਵਲ ਹਸਪਤਾਲ ਤਲਵੰਡੀ ਸਾਬੋ ਦੀਆਂ ਮਸ਼ੀਨਾਂ ਨੂੰ ਜਨਤਕ ਹਿੱਤਾਂ ਦਾ ਹਵਾਲਾ ਦਿੰਦਿਆਂ ਕ੍ਰਮਵਾਰ ਗਿੱਦੜਬਾਹਾ ਤੇ ਸਰਦੂਲਗੜ੍ਹ ਤਬਦੀਲ ਕਰ ਦਿੱਤਾ ਗਿਆ। ਇਥੇ ਦੱਸਣਯੋਗ ਹੈ ਕਿ ਜਿਥੇ ਭਾਰਤੀ ਸੰਵਿਧਾਨ ਵਿਚ ਹੋਰਨਾਂ ਜ਼ਰੂਰਤਾਂ ਦੇ ਨਾਲ-ਨਾਲ ਸਿਹਤ ਤੇ ਸੁਰੱਖਿਆ ਨੂੰ ਵੀ ਜੀਵਨ ਦੇ ਬੁਨਿਆਦੀ ਹੱਕਾਂ ਵਾਲੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ, ਉਥੇ ਹੀ ਸੁਪਰੀਮ ਕੋਰਟ ਵੱਲੋਂ ਵੀ ਇਸ ਦੀ ਪੈਰਵੀ ਕਰਦਿਆਂ ਸਾਲ 1996 ਵਿਚ ਪੱਛਮ ਬੰਗਾ ਖੇਤ ਮਜ਼ਦੂਰ ਸਮਿਤੀ ਬਨਾਮ ਰਾਜ ਸਰਕਾਰ ਵਾਲੇ ਕੇਸ ਵਿਚ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ ਸੂਬੇ ਦੇ ਲੋਕਾਂ ਨੂੰ ਢੁੱਕਵੀਆਂ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਸਰਕਾਰ ਦੀ ਸੰਵਿਧਾਨਿਕ ਜ਼ਿੰਮੇਵਾਰੀ ਬਣਦੀ ਹੈ। ਲਾਲਾ ਲਾਜਪਤ ਰਾਏ ਵੈਟਨਰੀ ਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ ਹਿਸਾਰ ਦੇ ਡਾ. ਸੰਦੀਪ ਗੁਪਤਾ ਨਾਂਅ ਦੇ ਵਿਗਿਆਨੀ ਵੱਲੋਂ ਪੰਜਾਬ ਸਰਕਾਰ, ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰਾਲਿਆਂ ਨੂੰ ਪੰਜਾਬ ਦੇ ਹਸਪਤਾਲਾਂ ਵਿਚ ਨਿਯਮਾਂ ਅਤੇ ਸੰਵਿਧਾਨ ਮੁਤਾਬਿਕ ਬਣਦੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਬੀਤੀ 30 ਅਕਤੂਬਰ ਨੂੰ ਇਕ ਮਹੀਨੇ ਦਾ ਕਾਨੂੰਨੀ ਨੋਟਿਸ ਭੇਜਿਆ ਗਿਆ ਸੀ। ਜਿਸ ਬਾਰੇ ਸਬੰਧਤ ਧਿਰਾਂ ਨੂੰ ਵਾਰ-ਵਾਰ ਚਿਤਾਏ ਜਾਣ ਦੇ ਬਾਵਜੂਦ ਕੋਈ ਕਾਰਵਾਈ ਤਾਂ ਕੀ ਕੋਈ ਜੁਆਬ ਤੱਕ ਨਹੀਂ ਆਇਆ।

# ਲੌਂਗੋਵਾਲ ਹੱਤਿਆ ਕਾਂਡ: ਪੁਲਿਸ ਅਫ਼ਸਰਾਂ ਦੀ ਬਹਾਲੀ ਜਾਇਜ਼ ਕਰਾਰ

**ਚੰਡੀਗੜ੍ਹ:** ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਹੱਤਿਆ ਤੋਂ ਕਰੀਬ ਤਿੰਨ ਦਹਾਕੇ ਬਾਅਦ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਘਟਨਾ ਮੌਕੇ ਡਿਊਟੀ 'ਤੇ ਤਾਇਨਾਤ ਦੋ ਪੁਲਿਸ ਅਫਸਰਾਂ ਦੀ ਬਹਾਲੀ ਦੇ ਹੁਕਮ ਬਰਕਰਾਰ ਰੱਖੇ ਹਨ।



*ਸੰਤ ਹਰਚੰਦ ਸਿੰਘ*

ਪੰਜਾਬ ਸਰਕਾਰ ਦੀ ਅਪੀਲ ਰੱਦ ਕਰਦਿਆਂ ਜਸਟਿਸ ਜਸਬੀਰ ਸਿੰਘ ਅਤੇ ਜਸਟਿਸ ਹਰਿੰਦਰ ਸਿੰਘ ਸਿੱਧੂ 'ਤੇ ਆਧਾਰਤ ਡਿਵੀਜ਼ਨ ਬੈਂਚ ਨੇ ਸਰਕਾਰ ਨੂੰ ਇਹ ਵੀ ਆਦੇਸ਼ ਦਿੱਤਾ ਕਿ ਦੋਹਾਂ ਪੁਲਿਸ ਮੁਲਾਜ਼ਮਾਂ ਐਸ.ਪੀ. ਜੀਤ ਸਿੰਘ ਅਤੇ ਡੀ.ਐਸ.ਪੀ. ਬਲਵੰਤ ਸਿੰਘ ਨੂੰ ਤਿੰਨ ਮਹੀਨਿਆਂ ਦੇ ਅੰਦਰ ਬਕਾਏ ਅਦਾ ਕੀਤੇ ਜਾਣ। ਡੀ.ਐਸ.ਪੀ. ਬਲਵੰਤ ਸਿੰਘ ਨੂੰ 28 ਜੁਲਾਈ, 1985 ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਸੁਰੱਖਿਆ ਪ੍ਰਬੰਧਾਂ ਦਾ ਇੰਚਾਰਜ ਲਾਇਆ ਗਿਆ ਸੀ ਪਰ ਸੰਤ ਹਰਚੰਦ ਸਿੰਘ ਦੀ ਸੰਗਰੂਰ ਦੇ ਪਿੰਡ ਸ਼ੇਰਪੁਰ ਵਿਚ 20 ਅਗਸਤ, 1985 ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਬਲਵੰਤ ਸਿੰਘ ਨੇ ਤੁਰੰਤ ਸੰਤ ਲੌਂਗੋਵਾਲ ਨੂੰ ਸੰਗਰੂਰ ਦੇ ਨੇੜਲੇ ਹਸਪਤਾਲ ਵਿਚ ਦਾਖਲ ਕਰਵਾਉਣ ਦੇ ਪ੍ਰਬੰਧ ਕੀਤੇ ਅਤੇ ਉਨ੍ਹਾਂ ਦੀ ਜਾਨ ਬਚਾਉਣ ਦੀ ਕੋਸ਼ਿਸ਼ ਕਰਦਿਆਂ ਖੂਨ ਵੀ ਦਾਨ ਕੀਤਾ ਸੀ ਪਰ ਉਸ (ਬਲਵੰਤ ਸਿੰਘ) ਨੂੰ 4 ਸਤੰਬਰ, 1985 ਨੂੰ ਬਿਨਾਂ ਕਿਸੇ 'ਕਾਰਨ ਦੱਸੋ' ਨੋਟਿਸ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ।

ਇਸ ਮਗਰੋਂ ਦਸੰਬਰ 1985 ਵਿਚ ਹਾਈ ਕੋਰਟ ਦੇ ਸੇਵਾ-ਮੁਕਤ ਜੱਜ ਦੀ ਅਗਵਾਈ ਹੇਠ ਜਾਂਚ ਕਮਿਸ਼ਨ ਨਿਯੁਕਤ ਕੀਤਾ ਗਿਆ ਸੀ। ਕਮਿਸ਼ਨ ਵੱਲੋਂ ਬਲਵੰਤ ਸਿੰਘ ਅਤੇ ਹੋਰ ਪੁਲਿਸ ਅਮਲੇ ਤੋਂ ਪੁੱਛ-ਪੜਤਾਲ ਮਗਰੋਂ ਉਨ੍ਹਾਂ ਨੂੰ ਨਿਰਦੋਸ਼ ਠਹਿਰਾਇਆ ਗਿਆ ਸੀ।

ਵਕੀਲ ਪਰਮਜੀਤ ਸਿੰਘ ਥਿਆੜਾ ਨੇ ਦੱਸਿਆ ਕਿ ਕਮਿਸ਼ਨ ਵੱਲੋਂ ਆਪਣੀ ਰਿਪੋਰਟ ਵਿਚ ਸਪਸ਼ਟ ਕਿਹਾ ਗਿਆ ਸੀ ਕਿ ਪੁਲਿਸ ਮੁਲਾਜ਼ਮਾਂ ਦੀ ਕੋਈ ਗਲਤੀ ਨਹੀਂ ਸੀ ਪਰ ਉਨ੍ਹਾਂ ਨੂੰ ਬਿਨਾਂ ਕਿਸੇ ਦਲੀਲ ਤੋਂ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ, ਹਾਲਾਂਕਿ ਨਿਆਂਇਕ ਕਮਿਸ਼ਨ ਨੇ ਉਨ੍ਹਾਂ ਨੂੰ ਦੋਸ਼-ਮੁਕਤ ਕਰਾਰ ਦਿੱਤਾ ਸੀ। ਬਲਵੰਤ ਸਿੰਘ ਵੱਲੋਂ ਇਸ ਕੇਸ ਦੀ ਸੁਣਵਾਈ ਮੌਕੇ ਆਪਣਾ ਪੱਖ ਪੇਸ਼ ਕਰਨ ਦੀ ਆਗਿਆ ਦੇਣ ਦੀ ਬੇਨਤੀ ਕੀਤੀ ਗਈ ਸੀ ਪਰ ਉਸ ਨੂੰ ਅਜਿਹਾ ਕਰਨ ਦੀ ਆਗਿਆ ਨਹੀਂ ਦਿੱਤੀ ਗਈ ਜਿਸ ਕਰ ਕੇ ਉਸ ਨੂੰ ਰਿੱਟ ਪਟੀਸ਼ਨ ਦਾਇਰ ਕਰਨੀ ਪਈ। ਆਪਣੇ ਜਵਾਬ ਵਿਚ ਸਰਕਾਰ ਨੇ ਇਹੀ ਕਿਹਾ ਸੀ ਕਿ ਉਸ ਸਮੇਂ ਸੂਬੇ ਵਿਚ ਅਤਿਵਾਦ ਹੋਣ ਕਰ ਕੇ ਕੋਈ ਬਿਆਨ ਆਦਿ ਰਿਕਾਰਡ ਕਰਨੇ ਸੰਭਵ ਨਹੀਂ ਸਨ। ਸਾਰੇ ਸਬੂਤਾਂ ਦੀ ਪੜਤਾਲ ਕਰਨ ਮਗਰੋਂ ਜੱਜ ਵੱਲੋਂ ਫੈਸਲਾ ਦਿੱਤਾ ਗਿਆ ਸੀ ਕਿ ਮੌਜੂਦਾ ਕੇਸ ਵਿਚ ਰਾਜ ਸਰਕਾਰ ਦੀ ਦਲੀਲ ਜਾਂਚ ਨਾਲ ਮੇਲ ਨਹੀਂ ਖਾਂਦੀ।

## ਸੰਤ ਹਰਨਾਮ ਸਿੰਘ ਦੀ ਯਾਦ 'ਚ ਸਮਾਗਮ 8 ਨੂੰ

**ਫਰਿਜ਼ਨੋ (ਬਿਊਰੋ):** ਸੰਤ ਹਰਨਾਮ ਸਿੰਘ ਰਾਮਪੁਰ ਖੇੜੇ ਵਾਲਿਆਂ ਦੀ ਯਾਦ ਵਿਚ ਇਕ ਸਮਾਗਮ ਗੁਰਦੁਆਰਾ ਬਾਬਾ ਬੁਢਾ ਜੀ ਸਿੱਖ ਟੈਂਪਲ ਲਾਈਵਹਸਟ (ਨਜ਼ਦੀਕ ਯੂਬਾ ਸਿਟੀ-ਮੈਰਿਜਵੈੱਲ) ਵਿਖੇ 8 ਮਾਰਚ ਨੂੰ ਸ਼ਰਧਾ ਭਾਵਨਾ ਨਾਲ ਸਵੇਰੇ ਦਸ ਵਜੇ ਤੋਂ ਦੁਪਹਿਰ ਇੱਕ ਵਜੇ ਤੱਕ ਮਨਾਇਆ ਜਾ ਰਿਹਾ ਹੈ। ਹੋਰ ਜਾਣਕਾਰੀ ਫੋਨ 916-856-6545 ਰਾਹੀਂ ਲਈ ਜਾ ਸਕਦੀ ਹੈ।



*ਸੰਤ ਹਰਨਾਮ ਸਿੰਘ*


## Matrimonial

### ਵਰ ਦੀ ਲੋੜ

ਕੰਬੋਜ ਸਿੱਖ 5'-5", ਉਮਰ 32 ਸਾਲ, ਯੂ ਐਸ ਸਿਟੀਜ਼ਨ, ਕਾਇਰੋਪਰੈਕਟਰ ਲੜਕੀ ਲਈ ਪ੍ਰੋਫੈਸ਼ਨਲ ਅਮਰੀਕੀ/ਕੈਨੇਡੀਅਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਕੰਬੋਜ ਸਿੱਖ ਲੜਕੇ ਦੀ ਲੋੜ ਹੈ। ਅਮੈਰਿਕਾ ਜਾਂ ਕੈਨੇਡਾ ਦਾ ਪੜ੍ਹਿਆ ਲਿਖਿਆ, ਚੰਗਾ ਪਰਿਵਾਰ ਹੋਵੇ। ਸੰਪਰਕ ਕਰੋ, ਫੋਨ: 661-993-6583

ਕੰਬੋਜ ਸਿੱਖ ਅਮਰੀਕੀ ਸਿਟੀਜ਼ਨ, 26 ਸਾਲ, ਕੱਦ 5'-5", ਬੀ ਐਸ ਸੀ, ਬਿਜਨਸ ਐਨਾਲਾਈਜ਼ਰ ਵਜੋਂ ਕੰਮ ਕਰਦੀ ਲੜਕੀ ਲਈ ਢੁਕਵੇਂ ਵਰ ਦੀ ਲੋੜ ਹੈ। ਐਚ-1 ਜਾਂ ਸਟੂਡੈਂਟ ਵੀਜ਼ੇ 'ਤੇ ਆਏ ਲੜਕੇ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ: 601-473-9617, ਈਮੇਲ: santokh01@hotmail.com

## Change Of Name

I, Lakhvir Singh S/O Kartar Singh, resident of Village Kotla Heran, Post Office Kullar, Distt. Jalandhar, Punjab, India, now living at 1282 Stabler Ln., Ste. 630 #204, Yuba City, CA 95993 (USA), have changed my name to Kulbir Singh. All concerned please note.


# ਕਾਲਾ ਧਨ ਰੋਕਣ ਲਈ ਭਾਰਤ ਨੇ ਸੱਤ ਮੁਲਕਾਂ ਵਿਚ ਦਫ਼ਤਰ ਖੋਲ੍ਹੇ

**ਨਵੀਂ ਦਿੱਲੀ:** ਵਿਦੇਸ਼ਾਂ ਵਿਚ ਟੈਕਸ ਚੋਰੀ ਰੋਕਣ ਅਤੇ ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹਤ ਕਰਨ ਦੀ ਰਣਨੀਤੀ ਵਜੋਂ ਭਾਰਤ ਨੇ ਹਾਲ ਹੀ ਵਿਚ ਸੱਤ ਨਵੇਂ ਇਨਕਮ ਟੈਕਸ ਓਵਰਸੀਜ਼ ਯੂਨਿਟ (ਆਈ.ਟੀ.ਓ.ਯੂਜ਼) ਚਾਲੂ ਕੀਤੇ ਹਨ। ਇਨ੍ਹਾਂ ਦੇਸ਼ਾਂ ਵਿਚ ਅਮਰੀਕਾ, ਜਰਮਨੀ ਅਤੇ ਫਰਾਂਸ ਵੀ ਸ਼ਾਮਲ ਹਨ। ਵਿੱਤ ਮੰਤਰਾਲੇ ਨੇ ਹਾਲ ਹੀ ਵਿਚ ਸੱਤ ਆਈ.ਆਰ.ਐਸ. ਅਧਿਕਾਰੀਆਂ ਨੂੰ ਫਰਾਂਸ, ਜਰਮਨੀ, ਜਪਾਨ, ਨੀਦਰਲੈਂਡ, ਯੂ.ਏ.ਈ., ਯੂ.ਕੇ. ਤੇ ਅਮਰੀਕਾ ਦੇ ਭਾਰਤੀ ਸਫਾਰਤਖਾਨਿਆਂ ਵਿਚ ਪ੍ਰਥਮ ਸਕੱਤਰ ਵਜੋਂ ਨਿਯੁਕਤ ਕੀਤਾ ਹੈ। ਕਾਲੇ ਧਨ ਦੇ ਵਰਤਾਰੇ ਨਾਲ ਨਜਿੱਠਣ ਲਈ ਅਤੇ ਇਨ੍ਹਾਂ ਮੁਲਕਾਂ ਤੋਂ ਭਾਰਤ ਵਿਚ ਨਿਵੇਸ਼ ਦੇ ਵਹਾਅ ਨੂੰ ਲੜੀਬੱਧ ਕਰਨ ਲਈ ਆਪਣੀ ਬਹੁ-ਪੱਖੀ ਰਣਨੀਤੀ ਦੇ ਹਿੱਸੇ ਵਜੋਂ ਭਾਰਤ ਨੇ ਕੁਝ ਸਾਲ ਪਹਿਲਾਂ ਇਨ੍ਹਾਂ ਅੱਠ ਮੁਲਕਾਂ ਵਿਚ ਆਈ.ਟੀ.ਓ.ਯੂਜ਼ ਕਾਇਮ ਕਰਨ ਦਾ ਫੈਸਲਾ ਕੀਤਾ ਸੀ।

ਮਾਰੀਸ਼ਿਸ਼ ਅਤੇ ਸਿੰਗਾਪੁਰ ਵਿਚ ਕੁਝ ਸਾਲਾਂ ਤੋਂ ਇਹ ਦਫਤਰ ਕੰਮ ਕਰ ਰਹੇ ਸਨ ਅਤੇ ਇਨ੍ਹਾਂ ਤੋਂ ਮਿਲੇ ਨਤੀਜਿਆਂ ਤੋਂ ਹੀ ਵਿੱਤ ਵਿਭਾਗ ਤੇ ਸੀ.ਬੀ.ਡੀ.ਟੀ. ਨੂੰ ਅਜਿਹੇ ਓਵਰਸੀਜ਼ ਆਈ.ਟੀ. ਦਫਤਰਾਂ ਦੀ ਗਿਣਤੀ ਵਧਾਉਣਾ ਵਾਜਬ ਲੱਗਿਆ ਸੀ। ਜਾਣਕਾਰੀ ਅਨੁਸਾਰ ਹਾਲ ਹੀ 'ਚ ਨਿਯੁਕਤ ਕੀਤੇ ਗਏ ਆਈ.ਆਰ.ਐਸ. ਅਧਿਕਾਰੀਆਂ ਨੇ ਇਨ੍ਹਾਂ ਵਿਦੇਸ਼ਾਂ 'ਚ ਖੁੱਲ੍ਹੇ ਦਫਤਰਾਂ ਤੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਉਂਝ ਸਾਈਪ੍ਰਸ ਆਈ.ਟੀ.ਓ.ਯੂ. ਹਾਲੇ ਖਾਲੀ ਹੈ। ਦੋਵੇਂ ਦੇਸ਼ਾਂ ਵਿਚਾਲੇ ਇਸ ਨੂੰ ਲੈ ਕੇ ਗੱਲਬਾਤ ਚੱਲ ਰਹੀ ਹੈ। ਭਾਰਤ ਤੇ ਸਾਈਪ੍ਰਸ ਵਿਚਾਲੇ 1994 ਵਿਚ ਦੋਹਰੇ ਟੈਕਸਾਂ ਨੂੰ ਰੋਕਣ ਬਾਰੇ (ਡੀ.ਟੀ.ਏ.ਏ.) ਸਮਝੌਤਾ ਹੋਇਆ ਸੀ ਪਰ ਪਿਛਲੇ ਸਾਲ ਭਾਰਤ ਨੇ ਇਹ ਟੈਕਸ ਲਾਭ ਰੋਕ ਦਿੱਤੇ ਸਨ ਕਿਉਂਕਿ ਉਹ ਮੁਲਕ ਸੰਧੀ ਮੁਤਾਬਕ ਕਰ ਵਿਭਾਗ ਨੂੰ ਬਣਦੀ ਜਾਣਕਾਰੀ ਨਹੀਂ ਦੇ ਰਿਹਾ ਸੀ।


## Are You Tired Of All Treatments?

### Try Homeopathic Natural Medicines (HNM)

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

Homeopathic natural medicines supply



*Gurdip Singh Sandhu*

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
**Fax:(408)292-6200**

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***


# ਗੋਦਾਮ ਨਿਗਮ ਦੇ ਚੇਅਰਮੈਨ ਵਜੋਂ ਜੋਗਿੰਦਰ ਜੈਨ ਦੀ ਨਿਯੁਕਤੀ ਲਮਕੀ

**ਚੰਡੀਗੜ੍ਹ:** ਪੰਜਾਬ ਗੋਦਾਮ ਨਿਗਮ ਦੇ ਚੇਅਰਮੈਨ ਵਜੋਂ ਜੋਗਿੰਦਰ ਪਾਲ ਜੈਨ ਦੀ ਨਿਯੁਕਤੀ ਦਾ ਮਾਮਲਾ ਪੰਜਾਬ ਸਰਕਾਰ ਲਈ ਗਲੇ ਦੀ ਹੱਡੀ ਬਣ ਗਿਆ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਬੋਰਡਾਂ ਤੇ ਨਿਗਮਾਂ ਦੇ ਚੇਅਰਮੈਨਾਂ ਦੀਆਂ ਨਿਯੁਕਤੀਆਂ ਨੂੰ ਪ੍ਰਵਾਨਗੀ ਦਿੰਦਿਆਂ 9 ਜਨਵਰੀ ਨੂੰ ਸ੍ਰੀ ਜੈਨ ਨੂੰ ਗੋਦਾਮ ਨਿਗਮ ਦਾ ਚੇਅਰਮੈਨ ਨਿਯੁਕਤ ਕਰਨ ਦਾ ਐਲਾਨ ਕੀਤਾ ਸੀ ਪਰ ਇਸ ਬਾਰੇ ਲੋੜੀਂਦੇ ਹੁਕਮ ਤਕਰੀਬਨ ਦੋ ਮਹੀਨਿਆਂ ਬਾਅਦ ਵੀ ਜਾਰੀ ਨਹੀਂ ਹੋ ਸਕੇ ਹਨ। ਇਸ ਨਿਯੁਕਤੀ ਦਾ ਮਾਮਲਾ ਲਟਕਣ ਪਿੱਛੇ ਕਈ ਰਾਜਸੀ ਕਾਰਨ ਵੀ ਹਨ ਪਰ ਐਡਵੋਕੇਟ ਜਨਰਲ ਵੱਲੋਂ ਕਾਨੂੰਨੀ ਸਲਾਹ ਨਾ ਦੇਣ ਕਾਰਨ ਕਾਂਗਰਸੀ ਤੋਂ ਅਕਾਲੀ ਬਣੇ ਇਸ ਵਿਧਾਇਕ ਦੀ ਨਿਯੁਕਤੀ ਦਾ ਮਾਮਲਾ ਲਟਕਿਆ ਹੋਇਆ ਹੈ। ਸਰਕਾਰ ਨੇ ਸ੍ਰੀ ਜੈਨ ਨੂੰ ਦਲਬਦਲੀ ਤੋਂ ਬਾਅਦ ਜਨਵਰੀ, 2013 ਵਿਚ ਇਸ ਅਹੁਦੇ 'ਤੇ ਨਿਯੁਕਤ ਕਰ ਦਿੱਤਾ ਸੀ ਪਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਹ ਨਿਯੁਕਤੀ ਰੱਦ ਕਰ ਦਿੱਤੀ ਸੀ। ਇਸ ਤੋਂ ਕੁਝ ਸਮੇਂ ਬਾਅਦ ਸਰਕਾਰ ਨੇ ਸ੍ਰੀ ਜੈਨ ਨੂੰ ਮੁੜ ਉਸੇ ਅਹੁਦੇ 'ਤੇ ਨਿਯੁਕਤ ਕਰਨ ਦਾ ਫੈਸਲਾ ਕਰ ਲਿਆ ਸੀ।

ਖੇਤੀਬਾੜੀ ਵਿਭਾਗ ਨੂੰ ਖ਼ਦਸ਼ਾ ਹੈ ਕਿ ਜੇ ਐਡਵੋਕੇਟ ਜਨਰਲ ਦੀ ਸਲਾਹ ਤੋਂ ਬਿਨਾਂ ਸ੍ਰੀ ਜੈਨ ਦੀ ਨਿਯੁਕਤੀ ਦਾ ਹੁਕਮ ਜਾਰੀ ਕਰ ਦਿੱਤਾ ਤਾਂ ਅਦਾਲਤੀ ਮਾਣਹਾਨੀ ਦਾ ਮਾਮਲਾ ਬਣ ਸਕਦਾ ਹੈ। ਇਕ ਸੀਨੀਅਰ ਅਧਿਕਾਰੀ ਮੁਤਾਬਕ ਜੇ ਇਸ ਕੇਸ ਵਿਚ ਐਡਵੋਕੇਟ ਜਨਰਲ ਸਲਾਹ ਦੇ ਦਿੰਦੇ ਹਨ ਤਾਂ ਵਿਭਾਗ ਅਦਾਲਤੀ ਮਾਣਹਾਨੀ ਤੋਂ ਬਚ ਜਾਵੇਗਾ। ਹੁਣ ਇਹ ਵੀ ਸੂਹ ਮਿਲੀ ਹੈ ਕਿ ਸ੍ਰੀ ਜੈਨ ਦੀ ਨਿਯੁਕਤੀ ਨੂੰ ਮੋਗਾ ਜ਼ਿਲ੍ਹੇ ਦੇ ਕੁਝ ਅਕਾਲੀ ਆਗੂਆਂ ਨੇ ਵੀ ਬਰੇਕਾਂ ਲਵਾਈਆਂ ਹਨ।


# ਸਰੀਰ ਦੀ ਚਰਬੀ ਤੋਂ ਕੰਨ ਤੇ ਨੱਕ ਤਿਆਰ

**ਲੰਡਨ:** ਬਰਤਾਨੀਆ ਦੇ ਡਾਕਟਰਾਂ ਨੇ ਨਵੀਂ ਤਕਨੀਕ ਵਿਕਸਤ ਕੀਤੀ ਹੈ ਜਿਸ ਨਾਲ ਚਰਬੀ ਵਿਚੋਂ ਥੋੜ੍ਹਾ ਹਿੱਸਾ ਲੈ ਕੇ ਸਟੈਮ ਸੈੱਲਾਂ ਰਾਹੀਂ ਕੰਨਾਂ ਤੇ ਨੱਕ ਨੂੰ ਉਗਾਇਆ ਜਾ ਸਕਦਾ ਹੈ। ਗਰੇਟ ਓਰਮੋਂਡ ਸਟਰੀਟ ਹਸਪਤਾਲ ਦੇ ਡਾਕਟਰਾਂ ਨੇ ਤਕਨੀਕ ਵਿਕਸਤ ਕੀਤੀ ਹੈ। ਨਵੀਂ ਤਕਨੀਕ ਦਾ ਮਕਸਦ ਕੁਦਰਤੀ ਤੌਰ 'ਤੇ ਜਿਨ੍ਹਾਂ ਦੇ ਕੰਨ ਨਹੀਂ ਹੁੰਦੇ ਜਾਂ ਜਿਨ੍ਹਾਂ ਦੇ ਕੰਨਾਂ ਵਿਚ ਨੁਕਸ ਹੁੰਦਾ ਹੈ, ਉਨ੍ਹਾਂ ਨੂੰ ਰਾਹਤ ਦਿਵਾਉਣਾ ਹੈ। ਇਸ ਸਮੇਂ ਬੱਚਿਆਂ ਦੀਆਂ ਪਸਲੀਆਂ ਵਿਚੋਂ ਹੱਡੀ ਨੂੰ ਲਿਆ ਜਾਂਦਾ ਹੈ ਤੇ ਫਿਰ ਉਸ ਨੂੰ ਕੰਨ ਦਾ ਰੂਪ ਦੇ ਕੇ ਉਸ ਨੂੰ ਬੱਚਿਆਂ ਵਿਚ ਅਪਰੇਸ਼ਨ ਰਾਹੀਂ ਲਾ ਦਿੱਤਾ ਜਾਂਦਾ ਹੈ।




# ਫੌਜੀ ਦਾ ਸ਼ਿੰਗਾਰ ਉਸ ਦੇ ਮੈਡਲ ਹੁੰਦੇ ਹਨ: ਕਰਨਲ ਗਿੱਲ

**ਫਰਿਜ਼ਨੋ (ਅਵਤਾਰ ਗੋਂਦਾਰਾ):** ਹਰ ਇਨਸਾਨ ਆਪਣੇ ਆਪ ਨੂੰ ਸਜਾਉਣ ਲਈ ਸੋਨਾ ਪਹਿਨਦਾ ਹੈ ਪਰ ਫੌਜੀ ਦਾ ਸ਼ਿੰਗਾਰ ਉਸ ਦੇ ਮੈਡਲ ਹੁੰਦੇ ਹਨ ਜੋ ਖਰੀਦੇ ਨਹੀਂ ਜਾ ਸਕਦੇ।



*ਹੌਲਦਾਰ ਚੈਨ ਸਿੰਘ ਰਾਏ*

ਨਵਾਂ ਸ਼ਹਿਰ ਜਿਲੇ ਵਿਚ ਪੈਂਦੇ ਖਾਨ ਖਾਨਾ ਦੇ 97 ਸਾਲਾ ਮਰਹੂਮ ਹੌਲਦਾਰ ਚੈਨ ਸਿੰਘ ਰਾਏ ਦੇ ਅੰਤਮ ਸਸਕਾਰ ਤੇ ਬੋਲਦਿਆਂ ਸਮਾਜ ਸੇਵੀ ਕਰਨਲ ਹਰਦੇਵ ਸਿੰਘ ਗਿੱਲ ਨੇ ਪਰਿਵਾਰ ਨੂੰ ਕਿਹਾ ਕਿ ਇਨ੍ਹਾਂ ਨੂੰ ਸੰਭਾਲ ਕੇ ਰੱਖਣਾ। ਹੌਲਦਾਰ ਰਾਏ ਭਾਰਤ ਤੋਂ ਚਾਰ ਦਹਾਕੇ ਪਹਿਲਾਂ ਕੈਲੀਫੋਰਨੀਆ ਵਿਚ ਆ ਵਸੇ, ਇੰਡੋ ਯੂ ਐਸ ਐਸੋਸੀਏਸ਼ਨ ਦੇ ਮੈਂਬਰ ਗੁਰਨੇਕ ਸਿੰਘ ਰਾਏ ਦੇ ਪਿਤਾ ਅਤੇ ਉਦਮੀ ਚਰਨਜੀਤ ਸਿੰਘ ਬਾਠ ਦੇ ਨੇੜਲੇ ਰਿਸ਼ਤੇਦਾਰ ਸਨ।

ਇਟਲੀ ਸਟਾਰ, ਅਫਰੀਕਾ ਸਟਾਰ ਅਤੇ ਡੀਫੈਂਸ ਸਟਾਰ ਤਮਗਿਆਂ ਨਾਲ ਨਿਵਾਜੇ ਅਤੇ ਬ੍ਰਿਟਿਸ਼ ਆਰਮੀ ਦੀ ਕਮਾਂਡ ਹੇਠ ਦੁਨੀਆਂ ਦੇ ਕਈ ਦੇਸ਼ਾਂ ਵਿਚ ਲੜਨ ਮਗਰੋਂ 1946 ਵਿਚ ਸੇਵਾ ਮੁਕਤ ਹੋਏ, ਹੌਲਦਾਰ ਰਾਏ ਬਾਰੇ ਬੋਲਦਿਆਂ ਕਰਨਲ ਗਿੱਲ ਨੇ ਕਿਹਾ ਉਹ ਹਾਕੀ ਅਤੇ ਲੰਮੀ ਛਾਲ ਦੇ ਹੀ ਵਧੀਆ ਖਿਡਾਰੀ ਨਹੀਂ ਸਗੋਂ ਮਿਹਨਤੀ ਕਿਸਾਨ ਵੀ ਸਨ, ਜਿਨ੍ਹਾਂ ਨੇ ਆਪਣੇ ਪੁਤ-ਪੋਤਿਆਂ ਵਿਚ ਸੱਚਾਈ, ਨਿਆਂ ਅਤੇ ਅਨੁਸ਼ਾਸਨ ਵਰਗੇ ਗੁਣਾਂ ਦਾ ਸੰਚਾਰ ਕੀਤਾ। ਕਰਨਲ ਗਿੱਲ ਨੇ ਕਿਹਾ ਕਿ ਸਾਨੂੰ ਹੌਲਦਾਰ ਰਾਏ ਤੋਂ ਪ੍ਰੇਰਣਾ ਲੈਂਦਿਆਂ ਜਿੰਦਗੀ ਨੂੰ ਰੱਜ ਕੇ ਜਿਉਣਾ ਚਾਹੀਦਾ ਹੈ, ਜਿਹੜੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

ਇਸ ਮੌਕੇ ਮਰਹੂਮ ਰਾਏ ਦੇ ਪੋਤੇ ਜਸਦੀਪ ਨੇ ਭਰੇ ਗਲੇ ਨਾਲ ਉਨ੍ਹਾਂ ਨਾਲ ਬਿਤਾਏ ਦੋ ਦਹਕਿਆਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਛੇ ਮਹੀਨਿਆਂ ਦੀ ਉਮਰ ਵਿਚ ਹੀ ਮਾਂ ਦੇ ਸਾਏ ਤੋਂ ਮਹਿਰੂਮ ਹੋਏ ਰਾਏ ਸਦਾ ਚੜ੍ਹਦੀ ਕਲਾ ਵਿਚ ਰਹੇ ਅਤੇ ਉਨ੍ਹਾਂ ਨੇ ਆਪਣੇ ਦੁੱਖ-ਤਕਲੀਫਾਂ ਨੂੰ ਕਦੇ ਨਹੀਂ ਸੀ ਚਿਤਾਰਿਆ।

ਕਰੱਦਰ ਗੁਰਦੁਆਰੇ 'ਚ ਅੰਤਮ ਅਰਦਾਸ ਤੋਂ ਬਾਅਦ ਪਰਿਵਾਰ ਵਲੋਂ ਗੁਰਦੁਆਰਾ ਸਾਹਿਬ, ਹਸਪਤਾਲ, ਰੈਡ ਕਰਾਸ ਆਦਿ ਸੰਸਥਾਵਾਂ ਨੂੰ ਮਾਈਕ ਸਹਾਇਤਾ ਦੇਣ ਦਾ ਐਲਾਨ ਕੀਤਾ ਗਿਆ। ਇਸ ਮੌਕੇ ਇੰਡੋ ਯੂ ਐਸ ਐਸੋਸੀਏਸ਼ਨ ਦੇ ਪ੍ਰਧਾਨ ਪ੍ਰਿੰ. ਹਰਦੇਵ ਸਿੰਘ ਨਾਹਲ, ਗੁਰਦੀਪ ਸਿੰਘ ਨਿੱਝਰ ਅਤੇ ਸਾਧੂ ਸਿੰਘ ਸੰਘਾ ਨੇ ਵੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

# ਦੋਆਬਾ ਚਿੱਤਰਕਲਾ ਮੰਚ ਵਲੋਂ ਅਸ਼ੋਕ ਭੌਰਾ ਦੀ ਪੁਸਤਕ 'ਨੈਣ ਨਕਸ਼' 'ਤੇ ਵਿਚਾਰ ਚਰਚਾ

**ਬੰਗਾ (ਬਿਊਰੋ):** ਦੋਆਬਾ ਚਿੱਤਰਕਲਾ ਮੰਚ ਬੰਗਾ ਵਲੋਂ ਕਾਲਮਨਵੀਸ ਅਤੇ ਲੇਖਕ ਐਸ. ਅਸ਼ੋਕ ਭੌਰਾ ਦੀ ਵਾਰਤਕ ਪੁਸਤਕ 'ਨੈਣ ਨਕਸ਼' ਉਪਰ ਵਿਚਾਰ ਚਰਚਾ ਕੀਤੀ ਗਈ। ਇਸ ਸਮਾਗਮ ਦੀ ਪ੍ਰਧਾਨਗੀ ਸ਼੍ਰੋਮਣੀ ਕਵੀ ਪ੍ਰੋ. ਸੁਰਜੀਤ ਜੱਜ ਨੇ ਕੀਤੀ। ਮੁੱਖ ਮਹਿਮਾਨ ਗੁਰਸ਼ਰਨ ਸਿੰਘ ਸ਼ੇਰਗਿੱਲ ਸੰਸਥਾਪਕ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ ਮੁਕੰਦਪੁਰ ਸਨ ਅਤੇ ਵਿਸ਼ੇਸ਼ ਮਹਿਮਾਨ ਵਜੋਂ ਸੁਰਿੰਦਰ ਸਿੰਘ ਢੀਂਡਸਾ ਅਤੇ ਰਾਜ ਕੁਮਾਰ ਟੋਰਾਂਟੋ ਨੇ ਸ਼ਿਰਕਤ ਕੀਤੀ।

ਨਾਮਵਰ ਆਲੋਚਕ ਪ੍ਰੋ. ਜੇ.ਬੀ. ਸੇਖੋਂ ਨੇ ਪੁਸਤਕ 'ਨੈਣ ਨਕਸ਼' ਬਾਰੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਅਸ਼ੋਕ ਭੌਰਾ ਆਪਣੀਆਂ ਲਿਖਤਾਂ ਵਿਚ ਸਵੈ-ਜੀਵਨੀ, ਜੀਵਨੀ, ਸਫ਼ਰਨਾਮਾ, ਲੋਕ ਕਥਾਵਾਂ, ਲੋਕ ਤੱਥਾਂ ਆਦਿ ਦੀ ਵਰਤੋਂ ਕਰਦਾ ਹੈ। ਇਸ ਪੁਸਤਕ ਦੇ ਲੇਖਾਂ ਵਿਚ ਉਹ ਸਮਾਜਕ ਸਰੋਕਾਰਾਂ ਨੂੰ ਸੰਬੋਧਿਤ ਹੋਇਆ ਹੈ। ਲੇਖ 'ਚਲੋ, ਇੱਲਾਂ ਤਾਂ ਗਈਆਂ' ਇਸ ਪੁਸਤਕ ਦਾ ਸਭ ਤੋਂ ਅਹਿਮ ਲੇਖ ਹੈ। ਪੰਜਾਬੀ ਕਹਾਣੀਕਾਰ ਅਜਮੇਰ ਸਿੱਧੂ ਨੇ ਕਿਹਾ ਕਿ ਅਸ਼ੋਕ ਭੌਰਾ ਭਾਵੇਂ ਆਪਣੀਆਂ ਲਿਖਤਾਂ ਵਿਚ ਨਾਬਰ ਲੋਕਾਂ ਦੇ ਹੱਕ ਵਿਚ ਨਹੀਂ ਖੜ੍ਹਦਾ ਪਰ ਉਹ ਮਨੁੱਖਤਾ ਦੇ ਹੱਕ ਵਿਚ ਜ਼ਰੂਰ ਲਿਖਦਾ ਹੈ। ਪ੍ਰਵਾਸੀ ਪੰਜਾਬੀ ਲੇਖਕ ਬਲਿਹਾਰ ਸਿੰਘ ਲੇਹਲ ਨੇ ਕਿਹਾ ਕਿ ਅਸ਼ੋਕ ਭੌਰਾ ਅਮਰੀਕਾ ਵਿਚ ਸਭ ਤੋਂ ਵੱਧ ਪੜ੍ਹਿਆ ਜਾਂਦਾ ਪੰਜਾਬੀ ਲੇਖਕ ਹੈ।

ਪ੍ਰਿੰ. ਐਸ.ਡੀ. ਕ੍ਰਿਸ਼ਨਾ ਰਾਓ ਨੇ ਵਿਚਾਰ ਪ੍ਰਗਟਾਇਆ ਕਿ ਅਸ਼ੋਕ ਭੌਰਾ ਦੀ ਪੁਸਤਕ 'ਨੈਣ ਨਕਸ਼' ਬਹੁਤ ਹੀ ਅਹਿਮ ਪੁਸਤਕ ਹੈ। ਹਰਬੰਸ ਹੀਉਂ ਨੇ ਕਿਹਾ ਕਿ ਅਸ਼ੋਕ ਭੌਰਾ ਮਿੱਥ ਕੇ ਨਹੀਂ ਲਿਖਦਾ। ਉਹ ਆਪਣੀਆਂ ਲਿਖਤਾਂ ਨੂੰ ਰੌਚਿਕ ਬਣਾਉਣ ਲਈ ਲੋਕ ਕਹਾਣੀਆਂ, ਲੋਕ ਤੱਥਾਂ ਅਤੇ ਸੱਚੀਆਂ ਘਟਨਾਵਾਂ ਨੂੰ ਕਲਾਤਮਿਕ ਰੂਪ ਵਿਚ ਸ਼ਾਮਿਲ ਕਰਦਾ ਹੈ।

ਅਸ਼ੋਕ ਭੌਰਾ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਮੈਂ ਜਦੋਂ ਅਮਰੀਕਾ ਵਿਚ ਗਿਆ ਤਾਂ ਮੈਨੂੰ ਪਤਾ ਨਹੀਂ ਲਗ ਰਿਹਾ ਸੀ ਕਿ ਮੈਂ ਕਿਥੋਂ ਤੇ ਕਿਵੇਂ ਲਿਖਾਂ। ਬੜੀ ਸੋਚ-ਵਿਚਾਰ ਤੋਂ ਬਾਅਦ ਮੈਂ ਆਪਣੀ ਕਲਮ ਨੂੰ ਵਾਰਤਕ ਲੇਖਾਂ ਵੱਲ ਮੋੜਿਆ। ਮੈਂ ਸੰਸਾਰ ਪ੍ਰਸਿੱਧ ਲੇਖਕ ਬੇਕਿਨ ਤੋਂ ਬਹੁਤ ਪ੍ਰਭਾਵਿਤ ਹਾਂ। ਮੈਂ ਕਿਸੇ ਪੰਜਾਬੀ ਲੇਖਕ ਤੋਂ ਪ੍ਰਭਾਵਿਤ ਨਹੀਂ। ਪ੍ਰੋ. ਸੁਰਜੀਤ ਜੱਜ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਲੇਖਕ ਜਾਂ ਸਰਮਾਏਦਾਰੀ ਦੇ ਹੱਕ ਵਿਚ ਹੁੰਦਾ ਹੈ ਜਾਂ ਨਾਬਰ ਲੋਕਾਂ ਦੇ ਹੱਕ ਵਿਚ। ਕੋਈ ਵੀ ਲੇਖਕ ਨਿਰਪੱਖ ਨਹੀਂ ਹੁੰਦਾ। ਜਾਗਰੂਕ ਲੇਖਕ ਨੂੰ ਲਾਜ਼ਮੀ ਨਾਬਰਾਂ ਦੇ ਹੱਕ ਵਿਚ ਖੜ੍ਹਨਾ ਚਾਹੀਦਾ ਹੈ ਅਤੇ ਸਮਾਜਿਕ ਸਰੋਕਾਰਾਂ ਨੂੰ ਸੰਬੋਧਤ ਹੁੰਦਿਆਂ ਸਥਾਪਤੀ ਦਾ ਵਿਰੋਧ ਕਰਨਾ ਚਾਹੀਦਾ ਹੈ। ਅਸ਼ੋਕ ਭੌਰਾ ਅਚੇਤ ਰੂਪ ਵਿਚ ਲੋਕ-ਪੱਖੀ ਲਿਖਤਾਂ ਲਿਖਦਾ ਹੈ। ਮੁੱਖ ਮਹਿਮਾਨ ਗੁਰਚਰਨ ਸਿੰਘ ਸ਼ੇਰਗਿੱਲ ਨੇ ਕਿਹਾ ਕਿ ਅਸ਼ੋਕ ਭੌਰਾ ਦੀਆਂ ਕਿਤਾਬਾਂ ਨੂੰ ਮੇਰੇ ਵਰਗੇ ਕਿਤਾਬਾਂ ਤੋਂ ਦੂਰ ਰਹਿਣ ਵਾਲੇ ਵਿਅਕਤੀ ਨੇ ਸਮੁੱਚੇ ਰੂਪ ਵਿਚ ਪੜ੍ਹ ਲਿਆ ਹੈ। ਸੁਰਿੰਦਰ ਸਿੰਘ ਢੀਂਡਸਾ ਨੇ ਮੰਚ ਨੂੰ ਅਸ਼ੋਕ ਭੌਰਾ ਦੀ ਪੁਸਤਕ 'ਤੇ ਗੋਸ਼ਟੀ ਕਰਵਾਉਣ ਲਈ ਵਧਾਈ ਦਿਤੀ।




ਸਮਾਗਮ ਦੇ ਸ਼ੁਰੂ ਵਿਚ ਸ਼੍ਰੀਮਤੀ ਸੁਲੀਨਮ ਮੰਡ, ਰਾਮ ਸ਼ਰਨ ਜੋਸ਼ੀਲਾ ਅਤੇ ਜਗਤਾਰ ਨਿਰਮਲ ਨੇ ਆਪਣੇ ਗੀਤਾਂ ਅਤੇ ਗ਼ਜ਼ਲਾਂ ਸੁਣਾ ਕੇ ਕਵੀ ਦਰਬਾਰ ਦਾ ਰੰਗ ਬੰਨ੍ਹਿਆ। ਸਮਾਗਮ ਦੌਰਾਨ ਹੀ ਚਿੱਤਰਕਲਾ ਮੰਚ ਦੇ ਮੈਂਬਰਾਂ ਸ਼ਨੀ ਮਜਾਰਾ ਅਤੇ ਅਮਨਦੀਪ ਢਾਹਾਂ ਨੇ ਆਪਣੇ ਪੈਨਸਿਲ ਸਕੈਚ ਦਿਖਾ ਕੇ ਹਾਜ਼ਰ ਲੋਕਾਂ ਨੂੰ ਆਪਣੀ ਕਲਾ ਤੋਂ ਜਾਣੂੰ ਕਰਵਾਇਆ। ਸਮਾਗਮ ਦੀ ਸ਼ੁਰੂਆਤ ਸਮੇਂ ਮੰਚ ਦੇ ਪ੍ਰਧਾਨ ਦੀ ਰਿਸ਼ੀ ਚਿੱਤਰਕਾਰ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਕਿਹਾ। ਅੰਤ ਵਿਚ ਮੰਚ ਦੇ ਸਕੱਤਰ ਹਰਬੰਸ ਹੀਉਂ ਨੇ ਸਭ ਦਾ ਧੰਨਵਾਦ ਕੀਤਾ। ਸਮਾਗਮ ਵਿਚ ਦੀਪ ਗਰੇਵਾਲ, ਬੂਟਾ ਸਿੰਘ, ਸੰਧੂ ਵਰਿਆਣਵੀ, ਅਜੀਤ ਸਿੰਘ ਗਿੱਲ, ਡਾ. ਗੁਰਮੀਤ ਸਰਾ, ਸਿਮਰਨ ਆਰਟਿਸਟ, ਜੈ ਰਾਮ ਰਾਓ, ਡਾ. ਬਲਦੇਵ ਸਿੰਘ ਬੀਕਾ, ਪ੍ਰਿੰ. ਐਸ.ਡੀ. ਕ੍ਰਿਸ਼ਨਾ ਰਾਓ, ਮੋਹਣ ਬੀਕਾ, ਅਮਰਿੰਦਰ ਸਿੰਘ ਬੰਗਾ, ਇਕਬਾਲ ਸਿੰਘ ਰੋਪੜ, ਬਿੰਦੂ ਭੌਰਾ, ਸ਼ੰਕਰ ਜੰਡਿਆਲਾ, ਪ੍ਰੇਮ ਸਿੰਘ ਸੂਰਾਪੁਰੀ ਆਦਿ ਹਾਜ਼ਰ ਹੋਏ।

# ਸਾਊਦੀ ਅਰਬ 'ਚ 5 ਭਾਰਤੀਆਂ ਨੂੰ ਜਿਉਂਦੇ ਦਫਨਾਇਆ


**ਰਿਆਧ:** ਸਾਊਦੀ ਅਰਬ ਦੀ ਕਤੀਫ਼ ਜਨਰਲ ਕੋਰਟ ਵਿਚ ਤਿੰਨ ਵਿਅਕਤੀਆਂ ਨੇ ਆਪਣਾ ਗੁਨਾਹ ਕਬੂਲ ਕਰਦਿਆਂ ਕਿਹਾ ਕਿ ਉਨ੍ਹਾਂ ਨੇ 2010 ਵਿਚ ਇਕ ਖੇਤ ਵਿਚ ਪੰਜ ਭਾਰਤੀ ਮਜ਼ਦੂਰਾਂ 'ਤੇ ਤਸ਼ੱਦਦ ਕੀਤਾ ਤੇ ਬਾਅਦ ਵਿਚ ਉਨ੍ਹਾਂ ਨੂੰ ਜ਼ਿੰਦਾ ਦਫ਼ਨ ਕਰ ਦਿੱਤਾ ਸੀ। ਅਰਬ ਨਿਊਜ਼ ਦੀ ਖ਼ਬਰ ਅਨੁਸਾਰ ਸਾਊਦੀ ਅਰਬ ਸਥਿਤ ਪੂਰਬੀ ਪ੍ਰਾਂਤ ਦੇ ਕਤੀਫ਼ ਵਿਚ ਸਫਵਾ ਦੇ ਇਕ ਖੇਤ ਵਿਚੋਂ ਅਲੀ ਹਬੀਬ ਨਾਂ ਦੇ ਇਕ ਵਿਅਕਤੀ ਨੂੰ ਖੁਦਾਈ ਦੌਰਾਨ ਪੰਜ ਮਜ਼ਦੂਰਾਂ ਦੀਆਂ ਗਲੀਆਂ-ਸੜੀਆਂ ਲਾਸ਼ਾਂ ਮਿਲੀਆਂ।

ਦੋਸ਼ੀਆਂ ਵਿਚੋਂ ਇਕ ਨੇ ਅਦਾਲਤ ਵਿਚ ਦੱਸਿਆ ਕਿ ਚਾਰ ਸਾਲ ਪਹਿਲਾਂ ਉਹ ਸ਼ਰਾਬ ਤੇ ਨਸ਼ੀਲੀਆਂ ਦਵਾਈਆਂ ਦਾ ਸੇਵਨ ਕਰਦਿਆਂ ਆਪਣੇ ਇਕ ਦੋਸਤ ਨਾਲ ਘੁੰਮ ਰਿਹਾ ਸੀ ਕਿ ਉਸ ਦੇ ਇਕ ਹੋਰ ਦੋਸਤ ਦਾ ਫ਼ੋਨ ਆਇਆ ਜਿਸ ਨੇ ਉਨ੍ਹਾਂ ਨੂੰ ਜਲਦੀ ਖੇਤ ਪੁੱਜਣ ਲਈ ਕਿਹਾ। ਉਸ ਨੇ ਦੱਸਿਆ ਕਿ ਜਦੋਂ ਉਹ ਖੇਤ ਪੁੱਜੇ ਤਾਂ ਉਥੇ ਪੰਜ ਮਜ਼ਦੂਰ ਵੇਖੇ ਜਿਨ੍ਹਾਂ ਦੇ ਹੱਥ ਸੀਟਾਂ ਨਾਲ ਬੰਨ੍ਹੇ ਹੋਏ ਸਨ। ਉਨ੍ਹਾਂ ਦੇ ਦੋਸਤ ਨੇ ਕਿਹਾ ਕਿ ਮਜ਼ਦੂਰਾਂ ਵਿਚੋਂ ਇਕ ਨੇ ਉਸ ਦੇ ਸਪਾਂਸਰ ਦੀ ਧੀ ਤੇ ਹੋਰ ਕਈ ਔਰਤਾਂ ਦਾ ਸਰੀਰਕ ਸ਼ੋਸ਼ਣ ਕੀਤਾ ਹੈ। ਬਾਅਦ ਵਿਚ ਉਨ੍ਹਾਂ ਨੇ ਮਜ਼ਦੂਰਾਂ 'ਤੇ ਤਸ਼ੱਦਦ ਕੀਤਾ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਪਛਾਣ ਪੱਤਰਾਂ ਸਮੇਤ ਜ਼ਿੰਦਾ ਹੀ ਦੱਬ ਦਿੱਤਾ। ਇਸ ਸਿਲਸਿਲੇ ਵਿਚ ਹੁਣ ਤੱਕ 25 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

## ਕਮਜ਼ੋਰ ਮੌਨਸੂਨ ਕਰਕੇ ਉਜੜੀ ਸਿੰਧੂ ਘਾਟੀ ਸੱਭਿਅਤਾ

**ਲੰਡਨ:** ਉੱਤਰ-ਪੱਛਮੀ ਭਾਰਤ ਵਿਚ ਤਕਰੀਬਨ ਚਾਰ ਹਜ਼ਾਰ ਸਾਲ ਪਹਿਲਾਂ ਸਿੰਧੂ ਘਾਟੀ ਸੱਭਿਅਤਾ ਖਤਮ ਹੋਣ ਦਾ ਕਾਰਨ ਗਰਮੀਆਂ ਦਾ ਕਮਜ਼ੋਰ ਮੌਨਸੂਨ ਬਣਿਆ ਸੀ। ਇਕ ਨਵੇਂ ਅਧਿਐਨ ਵਿਚ ਇਹ ਦਾਅਵਾ ਕੀਤਾ ਗਿਆ ਹੈ। ਯੂਨੀਵਰਸਿਟੀ ਆਫ ਕੈਂਬਰਿਜ ਦੀ ਖੋਜ ਟੀਮ ਵੱਲੋਂ ਪੁਰਾਤਨ ਸੱਭਿਅਤਾ 'ਤੇ ਮੌਸਮ ਦੇ ਬਦਲਾਅ ਦੇ ਅਸਰ ਬਾਰੇ ਖੋਜ ਕੀਤੀ ਜਾ ਰਹੀ ਹੈ।

ਇਸ ਟੀਮ ਨੇ ਪਾਇਆ ਕਿ ਕਮਜ਼ੋਰ ਮੌਨਸੂਨ ਕਾਰਨ ਪਏ ਸੋਕੇ ਦੌਰਾਨ ਹੀ ਸਿੰਧੂ ਸੱਭਿਅਤਾ ਦਾ ਉਜਾੜਾ ਸ਼ੁਰੂ ਹੋਇਆ। ਜੀਓਲਾਜੀਕਲ ਸੁਸਾਇਟੀ ਆਫ ਅਮਰੀਕਾ ਵੱਲੋਂ ਪ੍ਰਕਾਸ਼ਿਤ ਇਹ ਅਧਿਐਨ ਵੱਡੇ ਖੋਜ ਪ੍ਰਾਜੈਕਟ ਦਾ ਹਿੱਸਾ ਹੈ, ਜਿਸ ਲਈ ਬ੍ਰਿਟਿਸ਼ ਕੌਂਸਲ ਯੂ.ਕੇ ਇੰਡੀਆ ਐਜੂਕੇਸ਼ਨ ਰਿਸਰਚ ਇਨੀਸ਼ੀਏਟਿਵ ਵੱਲੋਂ ਫੰਡ ਦਿੱਤੇ ਗਏ ਹਨ। ਕੈਂਬਰਿਜ ਯੂਨੀਵਰਸਿਟੀ ਦੇ ਭੂਮੀ ਵਿਗਿਆਨ ਵਿਭਾਗ ਦੇ ਡੇਵਿਡ ਹੋਡਲ ਦਾ ਕਹਿਣਾ ਹੈ ਕਿ ਲੱਗਦਾ ਹੈ ਕਿ ਸਾਡੇ ਕੋਲ ਸੱਚਮੁੱਚ ਠੋਸ ਸੰਕੇਤ ਹਨ ਕਿ ਮੌਸਮ ਵਿਚ ਵੱਡਾ ਬਦਲਾਅ ਹੋਇਆ ਸੀ। ਭਾਰਤ ਦੇ ਉੱਤਰ-ਪੂਰਬੀ ਖੇਤਰ ਮੇਘਾਲਿਆ, ਓਮਾਨ ਤੇ ਅਰਬ ਸਾਗਰ ਤੋਂ ਮਿਲੇ ਸਬੂਤਾਂ ਤੋਂ ਇਹ ਹੀ ਨਤੀਜਾ ਨਿਕਲਦਾ ਹੈ ਕਿ ਚਾਰ ਹਜ਼ਾਰ ਸਾਲ ਪਹਿਲਾਂ ਭਾਰਤ ਦੇ ਜ਼ਿਆਦਾਤਰ ਹਿੱਸਿਆਂ ਵਿਚ ਗਰਮੀਆਂ ਦਾ ਮੌਨਸੂਨ ਕਮਜ਼ੋਰ ਹੋ ਗਿਆ ਸੀ। ਖੋਜ ਟੀਮ ਵਿਚ ਸ਼ਾਮਲ ਕੈਂਬਰਿਜ ਯੂਨੀਵਰਸਿਟੀ ਦੇ ਕੈਮਰੌਨ ਪੇਟਰਈ ਤੇ ਗੇਟਸ ਵਿਦਵਾਨ ਯਾਮਾ ਦੀਕਸ਼ਿਤ ਵੱਲੋਂ ਪੁਰਾਤਨ ਝੀਲ ਕੋਟਲਾ ਦਹਿਰ (ਹਰਿਆਣਾ) ਦੇ ਤਲ ਤੋਂ ਨਮੂਨੇ ਲਏ ਗਏ ਸਨ।

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

India Vacation tour package also available.
Emirates Asiana Airlines KOREAN AIR SINGAPORE AIRLINES CATHAY PACIFIC Lufthansa CHINA AIRLINES

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

ਜਾਇਦਾਦ ਦੀ ਖਰੀਦ-ਵੇਚ
ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ
ਪੁਨੀਆ ਰੀਅਲ ਅਸਟੇਟ:94173-34049
ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com

# ਭਾਈ ਗੁਰਚਰਨ ਸਿੰਘ ਮਾਨ ਨੇ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ ਬੋਲਿਆ ਝੂਠ

ਫਰੀਮਾਂਟ/ਬਿਊਰੋ ਨਿਊਜ਼

ਗੁਰਦੁਆਰਾ ਸਾਹਿਬ ਫਰੀਮਾਂਟ ਦੀ ਚੋਣ ਇਥੋਂ ਤੱਕ ਭੱਖ ਚੁੱਕੀ ਹੈ ਕਿ ਧਾਮੀ ਸਲੇਟ ਦੇ ਉਮੀਦਵਾਰ ਭਾਈ ਗੁਰਚਰਨ ਸਿੰਘ ਮਾਨ ਘਬਰਾਹਟ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਹੀ ਝੂਠ ਬੋਲ ਬੈਠਾ। ਐਤਵਾਰ ਵਾਲੇ ਦਿਨ ਉਮੀਦਵਾਰਾਂ ਨੇ ਸੰਗਤ ਨੂੰ ਸੰਬੋਧਨ ਹੋਣਾ ਸੀ ਅਤੇ ਆਪਣੇ ਪ੍ਰੋਗਰਾਮਾਂ ਬਾਰੇ ਜਾਣੂ ਕਰਾਉਣਾ ਸੀ। ਭਾਈ ਮਾਨ ਦੀ ਵਾਰੀ ਸਭ ਤੋਂ ਬਾਅਦ ਵਿਚ ਸੀ ਅਤੇ ਇਸ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਉਹਨਾਂ ਨੇ ਮੌਜੂਦਾ ਪ੍ਰਬੰਧਕਾਂ ਤੇ ਹਿਸਾਬ-ਕਿਤਾਬ ਵਿਚ ਗਬਨ ਕਰਨ ਦਾ ਦੋਸ਼ ਲਾ ਦਿੱਤਾ। ਮਾਨ ਦੇ ਹਿਸਾਬ ਨਾਲ ਪ੍ਰਬੰਧਕਾਂ ਨੇ $34700 ਬੈਂਕ ਖਾਤਿਆਂ ਵਿੱਚ ਘੱਟ ਜਮ੍ਹਾਂ ਕਰਾਏ। ਪ੍ਰਬੰਧਕਾਂ ਨੇ ਬਾਅਦ ਵਿੱਚ ਭਾਈ ਮਾਨ ਅਤੇ ਉਸ ਦੇ ਸਾਥੀਆਂ ਨੂੰ ਹਿਸਾਬ-ਕਿਤਾਬ ਦੇਖਣ ਲਈ ਦਫਤਰ ਆਉਣ ਲਈ ਕਿਹਾ, ਕਿਉਂਕਿ ਹਿਸਾਬ ਕਿਤਾਬ ਵਿੱਚ ਇਕ ਸੈਂਟ ਦਾ ਵੀ ਫ਼ਰਕ ਨਹੀਂ ਸੀ। ਪਰ ਭਾਈ ਮਾਨ ਅਤੇ ਉਸ ਦੇ ਸਾਥੀ ਗੁਰਦੁਆਰਾ ਸਾਹਿਬ ਵਿਚੋਂ ਖਿਸਕ ਗਏ।

ਧਾਮੀ ਸਲੇਟ ਵਲੋਂ ਸਿੱਖ ਪੰਚਾਇਤ ਦੇ ਉਮੀਦਵਾਰਾਂ ਤੇ ਲਾਗਾਤਾਰ ਬਿਨਾ ਸਬੂਤਾਂ ਦੇ ਹੀ ਦੋਸ਼ ਲਾਏ ਜਾ ਰਹੇ ਹਨ ਪਰ ਪ੍ਰਬੰਧਕ ਉਹਨਾਂ ਦਾ ਬੜੇ ਸੰਜਮ ਨਾਲ ਜਵਾਬ ਦੇ ਕੇ ਹਰ ਮੁੱਦੇ 'ਤੇ ਧਾਮੀ ਸਲੇਟ ਨੂੰ ਝੂਠਾ ਕਰ ਰਹੇ ਹਨ। ਇਸ ਹਿਸਾਬ ਕਿਤਾਬ ਦੇ ਮੁੱਦੇ 'ਤੇ ਪ੍ਰਬੰਧਕਾਂ ਨੇ ਅਖਬਾਰ ਨੂੰ ਬਿਆਨ ਜਾਰੀ ਕਰਦੇ ਹੋਏ ਪਿਛਲੇ 2 ਸਾਲਾਂ ਦੀ ਆਮਦਨ ਕਿਹੜੇ ਖਾਤੇ ਵਿਚ ਗਈ ਹੈ ਦਾ ਹਿਸਾਬ ਭੇਜਿਆ ਹੈ। (ਦੇਖੋ ਗਰਾਫ) ਇਸ ਵਿਚ ਇਕ ਸੈਂਟ ਦਾ ਵੀ ਫ਼ਰਕ ਨਹੀਂ ਹੈ।

ਇਸ ਸਬੰਧ ਵਿਚ ਅਖਬਾਰਾਂ ਨੂੰ ਬਿਆਨ ਦਿੰਦੇ ਹੋਏ ਸਿੱਖ ਪੰਚਾਇਤ ਨੇ ਕਿਹਾ ਕਿ ਉਹਨਾਂ ਨੇ ਭਾਈ ਮਾਨ ਨੂੰ ਆਡਿਟ ਕਰਾਉਣ ਦੀ ਪੇਸ਼ਕਸ਼ ਕੀਤੀ ਅਤੇ ਦਾਅਵਾ ਕੀਤਾ ਕਿ ਜੇ ਹਿਸਾਬ ਕਿਤਾਬ ਵਿਚ ਫਰਕ ਨਿਕਲ ਆਇਆ ਤਾਂ ਸਾਰੇ ਪ੍ਰਬੰਧਕਾਂ ਦੇ ਅਸਤੀਫੇ ਦੁਆ ਦੇਣਗੇ ਜੇ ਨਾ ਨਿਕਲਿਆ ਤਾਂ ਭਾਈ ਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿੱਚ ਮੁਆਫ਼ੀ ਮੰਗਣਗੇ। ਅਸੀਂ ਅਖਬਾਰਾਂ ਰਾਹੀਂ ਇਹਨਾਂ ਵੀਰਾਂ ਨੂੰ ਸੁਨੇਹਾ ਦੇਣਾ ਚਾਹੁੰਦੇ ਹਾਂ ਕਿ ਉਹ ਕੋਈ ਵੀ ਆਡਿਟ ਕੰਪਨੀ ਜਾਂ ਉਹ ਆਪ ਯੋਗ ਵਿਅਕਤੀ ਚੁਣ ਲੈਣ ਅਤੇ ਆਪਣੀ ਸੰਤੁਸ਼ਟੀ ਕਰ ਲੈਣ ਪਰ ਸ਼ਰਤ ਇਕ ਹੀ ਹੈ ਕਿ ਹਿਸਾਬ-ਕਿਤਾਬ ਦਰੁਸਤ ਹੋਣ ਦੀ ਸੂਰਤ ਵਿੱਚ ਸੰਗਤ ਵਿਚ ਆ ਕੇ ਮੁਆਫ਼ੀ ਮੰਗਣ। ਫਰ ਸਾਨੂੰ ਯਕੀਨ ਹੈ ਕਿ ਭਾਈ ਮਾਨ ਅਤੇ ਸਾਥੀ ਇਹ ਕਰਨ ਦੀ ਹਿੰਮਤ ਨਹੀਂ ਕਰਨਗੇ ਕਿਉਂਕਿ ਇਹਨਾਂ ਨੂੰ ਪਤਾ ਹੈ ਕਿ ਹਿਸਾਬ-ਕਿਤਾਬ ਵਿੱਚ ਕੋਈ ਤਰੁਟੀ ਨਹੀਂ ਅਤੇ ਇਹ ਲੋਕ ਸਿਰਫ਼ ਦੋਸ਼ ਲਾ ਕੇ ਸੰਗਤ ਨੂੰ ਗੁੰਮਰਾਹ ਕਰ ਰਹੇ ਹਨ।



ਮਾਨ ਸਾਹਿਬ ਨੂੰ ਸਹੀ ਹਿਸਾਬ-ਕਿਤਾਬ ਦਖਾਉਣ ਲਈ ਉਡੀਕਦੇ ਪ੍ਰਬੰਧਕ ਅਤੇ ਸਮਰਥਕ

| 2012 | | 2013 | |
|---|---|---|---|
| Gross Income | $1,436,182 | Gross Income | $1,436,706.56 |
| Total Expenses | $1,030,186 | Total Expenses | $987,379.23 |
| Net Income | $405,996.13 | Net Income | $449,327.33 |

2012-2013

**$855,323.46**


Deposit into Bank $470,972.60 | Fixed Asset Gains $384,350.86

| Balance Sheet Data | | | Assets Category | 2011 | 2013 | Fixed Asset Gains |
|---|---|---|---|---|---|---|
| Net Income 2012 | $ 405,996.13 | | Building & Improvements | $ 944,354.35 | $ 1,024,493.24 | $ 80,138.89 |
| Net income 2013 | $ 449,327.33 | | New Building Permit | $ 277,345.36 | $ 469,427.08 | $ 192,081.72 |
| Total Net Income 2012-13 | $ 855,323.46 | | Computers & Equipment | $ 88,789.18 | $ 104,645.47 | $ 15,856.29 |
| Bank Balance Dec 31, 2011 | $ 183,341.81 | | Kitchen Remodelling | $ 305,659.13 | $ 312,659.13 | $ 7,000.00 |
| Bank Balance Dec 31, 2013 | $ 654,314.41 | | New Vehicle | $ 46,669.00 | $ 51,169.00 | $ 4,500.00 |
| Bank Balance Increase 2012-13 | $ 470,972.60 | | Furniture & Equipment | $ 30,529.23 | $ 34,326.97 | $ 3,797.74 |
| | | | Princple Paid Delta | $ 1,396,216.73 | $ 1,315,240.51 | $ 80,976.22 |
| | | | | | Total Assets | $ 384,350.86 |

# ਮਾਨ ਸਾਹਿਬ ਰੇਡੀਓ ਲਈ ਗੁਰੂਘਰ ਤੋਂ ਮਹੀਨਾ ਲੈਂਦੇ ਰਹੇ

ਮਾਨ ਸਾਹਿਬ ਤੁਸੀਂ ਹੀ ਕੰਹਿਦੇ ਸੀ ਕਿ ਜੇ ਕਿਸੇ ਵੱਲ ਉਂਗਲੀ ਕਰੋ ਤਾਂ ਬਾਕੀ ਚਾਰ ਉਂਗਲਾਂ ਤੁਹਾਡੇ ਵੱਲ ਹੀ ਹੋ ਜਾਂਦੀਆਂ ਹਨ। ਅੱਜ ਮਹਿਸੂਸ ਹੋਇਆ ਕਿ ਤੁਸੀ ਕਿੰਨੀ ਸਮਝ ਵਾਲੀ ਗੱਲ ਕੀਤੀ ਹੈ। ਤੁਸੀਂ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ ਪ੍ਰਬੰਧਕਾਂ ਅਤੇ ਸਿੱਖ ਪੰਚਾਇਤ ਤੇ ਪੈਸੇ ਗਬਨ ਕਰਨ ਦਾ ਝੂਠਾ ਇਲਜ਼ਾਮ ਲਾਇਆ ਸੀ ਪਰ ਬਾਬੇ ਨੇ ਲੇਖਾ-ਜੋਖਾ ਦੋ ਦਿਨਾਂ ਵਿਚ ਹੀ ਪੂਰਾ ਕਰ ਦਿੱਤਾ ਲਗਦੈ। ਤੁਸੀਂ ਕਈ ਵਾਰੀ Conflict of Interest ਦੀ ਗੱਲ ਵੀ ਕਰ ਚੁਕੇ ਹੋ ਪਰ ਇਹ ਧਾਰਾ ਦੂਜਿਆਂ ਤੇ ਹੀ ਲਗਦੀ ਹੈ ਤੁਹਾਡੇ ਤੇ ਨਹੀਂ? ਲਖਬੀਰ ਸਿੰਘ ਪਟਵਾਰੀ ਵੀ ਬੜੇ ਸਿਧਾਂਤਵਾਦੀ ਹੋਣ ਦੀ ਦੁਹਾਈ ਪਾਉਂਦਾ ਰਹਿੰਦਾ ਹੈ। ਤੁਸੀਂ ਦੂਜਿਆਂ ਤੇ ਬਹੁਤ ਇਲਜ਼ਾਮ ਲਾਉਂਦੇ ਰਹਿੰਦੇ ਹੋ ਅਤੇ ਹੁਣ ਸੰਗਤ ਨੂੰ ਦਸੋ ਕਿ ਇਹ ਮਹੀਨਾਵਾਰ ਗੁਰੂ ਦੀ ਗੋਲਕ ਵਿੱਚੋ ਵਿੱਚੋਂ ਕਿਉਂ ਲੈਂਦੇ ਰਹੇ ?

*ਸਿਰਫ ਇਕ ਦੋ ਚੈਕਾ ਦੀ ਹੀ ਕਾਪੀ ਲਗਾਈ ਗਈ ਹੈ ਪਰ ਸਾਰੇ ਚੈਕਾਂ ਦਾ ਕੁਲ ਜੋੜ $14,800 ਬਣਦਾ ਹੈ। ਜੋ ਕਿ ਮਾਨ ਸਾਹਿਬ ਨੇ ਆਪਣੇ ਰੇਡੀਓ ਲਈ ਗੁਰੂਘਰ ਤੋਂ ਵਸੂਲੇ। ਨਾਲ ਹੀ ਜੋ ਸੰਗਤ ਦਾ ਪੈਸਾ ਹੋਰ ਕੰਮਾ ਲਈ ਵਰਤਿਆ ਉਹ ਅਲੱਗ - ਮਾਲ ਮਾਲਕਾਂ ਦਾ ਮਸ਼ਹੂਰੀ ਕੰਪਨੀ ਦੀ, ਦੇਖੋ ਹਾਲ ਸਿੱਖ ਸਪੋਰਟਸ ਵਾਲੇ ਸਰਮਾਏਦਾਰਾਂ ਦਾ!*
*ਕੀ ਮਾਨ ਸਾਹਿਬ, ਹਰਦੀਪ ਔਲਖ ਅਤੇ ਰਾਣਾ ਕਾਹਲੋਂ ਇਸ ਬਾਰੇ ਸੁਪਸ਼ਟ ਕਰਣਗੇ?*




Paid Advt.

ਪੰਜਾਬ ਟਾਈਮਜ਼

*ਸਨਿਚਰਵਾਰ, 8 ਮਾਰਚ 2014*

## ਮੌਤ ਦੇ ਫੈਸਲੇ ‘ਤੇ ਸਿਆਸਤ

ਫਾਂਸੀ ਦੇ ਮਾਮਲੇ ਬਾਰੇ ਭਾਰਤ ਦੀ ਕੇਂਦਰ ਸਰਕਾਰ ਇਕ ਵਾਰ ਫਿਰ ਪੈਂਤੜਾ ਬਦਲ ਗਈ ਹੈ। ਸੁਪਰੀਮ ਕੋਰਟ ਵੱਲੋਂ ਰਾਜੀਵ ਗਾਂਧੀ ਕਤਲ ਕੇਸ ਨਾਲ ਸਬੰਧਤ ਦੋਸ਼ੀਆਂ ਦੀ ਸਜ਼ਾ-ਏ-ਮੌਤ, ਉਮਰ ਕੈਦ ਵਿਚ ਤਬਦੀਲ ਕਰਨ ਦੇ ਫੈਸਲੇ ਤੋਂ ਬਾਅਦ ਸਰਕਾਰ ਨੇ ਇਹ ਪੈਂਤੜਾ ਬਦਲਿਆ ਹੈ। ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਜਿਉਂ ਹੀ ਤਾਮਿਲਨਾਡੂ ਸਰਕਾਰ ਨੇ ਇਨ੍ਹਾਂ ਨੂੰ ਰਿਹਾਅ ਕਰਨ ਦਾ ਫੈਸਲਾ ਕੀਤਾ, ਰਾਤੋ-ਰਾਤ ਸਭ ਸਮੀਕਰਨ ਬਦਲ ਗਏ। ਤੁਰੰਤ ਹੀ ਰਾਜੀਵ ਗਾਂਧੀ ਦੇ ਪੁੱਤਰ ਰਾਹੁਲ ਗਾਂਧੀ, ਜੋ ਹੁਣ ਕਾਂਗਰਸ ਦਾ ਮੀਤ ਪ੍ਰਧਾਨ ਵੀ ਹੈ, ਨੇ ਇਨ੍ਹਾਂ ਰਿਹਾਈਆਂ ਬਾਰੇ ਇਤਰਾਜ਼ ਕਰ ਦਿੱਤਾ ਤੇ ਕੇਂਦਰ ਦੀ ਕਾਂਗਰਸ ਸਰਕਾਰ ਨੇ ਇਸ ਕੇਸ ਦੇ ਪਿਛੋਕੜ ਵਿਚ ਜਾਏ ਬਗੈਰ ਹੀ ਮੀਤ ਪ੍ਰਧਾਨ ਦੇ ਇਤਰਾਜ਼ ਅੱਗੇ ਗੋਡੇ ਵੀ ਟੇਕ ਦਿੱਤੇ ਅਤੇ ਸੁਪਰੀਮ ਕੋਰਟ ਵਿਚ ਮੁੜ ਪਟੀਸ਼ਨ ਪਾ ਦਿੱਤੀ। ਇਸ ਕੇਸ ਦਾ ਪਿਛੋਕੜ ਸ੍ਰੀਲੰਕਾ ਵਿਚ ਤਾਮਿਲਾਂ, ਖਾਸ ਕਰ ਕੇ ਤਾਮਿਲ ਬਾਗੀਆਂ ਜੋ ਲਿੱਟੇ ਬਾਗੀਆਂ ਵਜੋਂ ਵੱਧ ਮਸ਼ਹੂਰ ਹਨ, ਨਾਲ ਜੁੜਿਆ ਹੋਇਆ ਹੈ। ਭਾਰਤ ਦੀ ਸਰਕਾਰ ਨੇ ਪਹਿਲਾਂ ਇਨ੍ਹਾਂ ਤਾਮਿਲ ਬਾਗੀਆਂ ਨੂੰ ਆਪਣਾ ਘੋਲ ਮਘਾਉਣ ਵਿਚ ਇਮਦਾਦ ਕੀਤੀ ਅਤੇ ਫਿਰ ਜਦੋਂ ਸਰਕਾਰਾਂ ਦੇ ਪੱਧਰ ਉਤੇ ਮਾਮਲਾ ਸਾਹਮਣੇ ਆਇਆ ਤਾਂ ਇਨ੍ਹਾਂ ਬਾਗੀਆਂ ਖਿਲਾਫ ਸ੍ਰੀਲੰਕਾ ਵਿਚ ਆਪਣੀ ਅਮਨ ਫੌਜ ਵੀ ਭੇਜ ਦਿੱਤੀ। ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਉਤੇ ਸ੍ਰੀਲੰਕਾ ਵਿਚ ਹੋਏ ਹਮਲੇ ਦਾ ਆਧਾਰ ਵੀ ਅਮਨ ਫੌਜ ਭੇਜਣ ਵਾਲਾ ਇਹ ਫੈਸਲਾ ਹੀ ਸੀ। ਕੇਂਦਰ ਸਰਕਾਰ ਨੇ ਅਦਾਲਤ ਵਿਚ ਹੁਣ ਇਹ ਪੈਂਤੜਾ ਮੱਲਿਆ ਹੈ ਕਿ ਦਹਿਸ਼ਤਪਸੰਦਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਛੋਟ ਨਹੀਂ ਹੋਣੀ ਚਾਹੀਦੀ ਪਰ ਇਥੇ ਵਿਚਾਰਨਯੋਗ ਮੁੱਦਾ ਇਹ ਹੈ ਕਿ ਦਹਿਸ਼ਤਪਸੰਦੀ ਦੀ ਪਰਿਭਾਸ਼ਾ ਕੌਣ ਅਤੇ ਕਿਸ ਹਿਸਾਬ ਨਾਲ ਕਰ ਰਿਹਾ ਹੈ। ਇਹ ਉਹੀ ਕੇਂਦਰ ਸਰਕਾਰ ਹੈ ਜਿਸ ਨੇ ਪਹਿਲਾਂ ਇਸੇ ਦਹਿਸ਼ਤਪਸੰਦੀ ਨੂੰ ਹੱਲਾਸ਼ੇਰੀ ਦਿੱਤੀ ਅਤੇ ਫਿਰ ਆਪਣੀ ਸਿਆਸਤ ਮੁਤਾਬਕ ਇਸ ਸਬੰਧੀ ਆਪਣਾ ਪੈਂਤੜਾ ਇਕ ਵਾਰ ਨਹੀਂ, ਸਗੋਂ ਵਾਰ-ਵਾਰ ਬਦਲਿਆ। ਇਸ ਮੁੱਦੇ ਨੂੰ ਸਮਝਣ-ਸਮਝਾਉਣ ਲਈ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦਾ ਕੇਸ ਸਭ ਦੇ ਸਾਹਮਣੇ ਹੈ। ਸਭ ਨੂੰ ਸਪਸ਼ਟ ਹੈ ਕਿ ਪ੍ਰੋ. ਭੁੱਲਰ ਨੂੰ ਦਹਿਸ਼ਤ ਦੀ ਗੇੜੀ ਅੰਦਰ ਕਿਸ ਤਰ੍ਹਾਂ ਫਸਾਇਆ ਗਿਆ ਅਤੇ ਮਗਰੋਂ ਅਦਾਲਤੀ ਪੱਧਰ ਉਤੇ ਵੀ ਕਿਸ ਤਰ੍ਹਾਂ ਉਸ ਨਾਲ ਬੇ-ਇਨਸਾਫੀ ਹੋਈ। ਰਾਜੀਵ ਗਾਂਧੀ ਕੇਸ ਬਾਰੇ ਸੁਪਰੀਮ ਕੋਰਟ ਦੇ ਤਾਜ਼ਾ ਫੈਸਲੇ ਨਾਲ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਟੁੱਟਣ ਦੀ ਲੜੀ ਜੁੜੀ ਹੋਈ ਹੈ। ਸਭ ਨੂੰ ਯਾਦ ਹੋਵੇਗਾ ਕਿ ਸੁਪਰੀਮ ਕੋਰਟ ਨੇ ਰਹਿਮ ਦੀ ਅਪੀਲ ਬਾਰੇ ਕੋਈ ਫੈਸਲਾ ਕਰਨ ’ਚ ਹੋਈ ਦੇਰੀ ਨੂੰ ਆਧਾਰ ਬਣਾ ਕੇ ਫਾਂਸੀ ਦੀ ਸਜ਼ਾ ਤੋੜਨ ਵਾਲੀ ਪ੍ਰੋ. ਭੁੱਲਰ ਦੀ ਪਤਨੀ ਨਵਨੀਤ ਕੌਰ ਦੀ ਪਟੀਸ਼ਨ ਰੱਦ ਕਰ ਦਿੱਤੀ ਸੀ ਪਰ ਬਾਅਦ ਵਿਚ ਰਾਜੀਵ ਗਾਂਧੀ ਕੇਸ ਦੇ ਦੋਸ਼ੀਆਂ ਦੀ ਪਟੀਸ਼ਨ ’ਤੇ ਸੁਣਵਾਈ ਕਰਦਿਆਂ ਦੋਸ਼ੀਆਂ ਨੂੰ ਰਾਹਤ ਦੇ ਦਿੱਤੀ ਸੀ। ਹੁਣ ਸਰਕਾਰ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਤੋੜਨ ਦੇ ਖਿਲਾਫ ਵੀ ਅਦਾਲਤ ’ਚ ਚਲੀ ਗਈ ਹੈ ਤੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਅਦਾਲਤ ਕੋਲ ਕਿਹਾ ਹੈ ਕਿ ਇਹ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਘਟਾਉਣ ਦੇ ਹੱਕ ’ਚ ਨਹੀਂ ਹੈ।

ਕੇਂਦਰ ਸਰਕਾਰ ਦੀ ਇਸ ਪੈਂਤੜੇਬਾਜ਼ੀ ਤੋਂ ਇਕ ਗੱਲ ਸਪਸ਼ਟ ਹੈ ਕਿ ਇਹ ਅਦਾਲਤ ਰਾਹੀਂ ਕਾਨੂੰਨੀ ਲੜਾਈ ਦੀ ਥਾਂ ਆਪਣੀ ਸਿਆਸੀ ਪਹੁੰਚ ਮੁਤਾਬਕ ਕਾਰਵਾਈ ਕਰ ਰਹੀ ਹੈ। ਇਸ ਸਿਆਸੀ ਪਹੁੰਚ ਕਰ ਕੇ ਹੀ ਇਹ ਪਹਿਲਾਂ ਕਸ਼ਮੀਰੀ ਨੌਜਵਾਨ ਅਫਜ਼ਲ ਗੁਰੂ ਅਤੇ ਉਸ ਤੋਂ ਵੀ ਪਹਿਲਾਂ ਅਜਮਲ ਕਸਾਬ ਨੂੰ ਫਾਂਸੀ ਉਤੇ ਟੰਗ ਚੁੱਕੀ ਹੈ। ਇਨ੍ਹਾਂ ਦੋਹਾਂ ਫਾਂਸੀਆਂ ਬਾਰੇ ਕੇਂਦਰ ਨੇ ਫੈਸਲਾ ਰਾਤੋ-ਰਾਤ ਅਤੇ ਚੁੱਪ-ਚੁਪੀਤੇ ਕੀਤਾ ਸੀ। ਅਫਜ਼ਲ ਵਾਲੇ ਮਾਮਲੇ ਵਿਚ ਤਾਂ ਇਸ ਨੇ ਉਸ ਦੇ ਘਰਦਿਆਂ ਨੂੰ ਵੀ ਫਾਂਸੀ ਬਾਰੇ ਦੱਸਿਆ ਤੱਕ ਨਹੀਂ ਸੀ ਜਦਕਿ ਜੇਲ੍ਹ ਨਿਯਮਾਂ ਮੁਤਾਬਕ ਸਬੰਧਤ ਸ਼ਖਸ ਦੇ ਘਰਦਿਆਂ ਨੂੰ ਸੂਚਿਤ ਕਰਨਾ ਅਤੇ ਆਖਰੀ ਵਾਰ ਮਿਲਾਉਣਾ ਜ਼ਰੂਰੀ ਹੁੰਦਾ ਹੈ। ਅਫਜ਼ਲ ਗੁਰੂ ਨੂੰ ਚੁਪ-ਚੁਪੀਤੇ ਫਾਂਸੀ ਚਾੜ੍ਹਨ ਵੇਲੇ ਵੀ ਸੱਤਾਧਾਰੀ ਕਾਂਗਰਸ ਦੇ ਧਿਆਨ ਵਿਚ ਵੋਟਾਂ ਦੀ ਸਿਆਸਤ ਹੀ ਸੀ। ਹੁਣ ਰਾਜੀਵ ਗਾਂਧੀ ਕੇਸ ਅਤੇ ਪ੍ਰੋ. ਭੁੱਲਰ ਵਾਲੇ ਕੇਸ ਵਿਚ ਕੇਂਦਰ ਸਰਕਾਰ ਵਲੋਂ ਮੱਲੇ ਪੈਂਤੜੇ ਵਿਚ ਵੀ ਵੋਟਾਂ ਦੀ ਸਿਆਸਤ ਹੀ ਰਲੀ ਹੋਈ ਹੈ; ਨਹੀਂ ਤਾਂ ਕੋਈ ਕਾਰਨ ਨਹੀਂ ਸੀ ਕਿ ਸਰਕਾਰ ਇਸ ਪੱਧਰ ਉਤੇ ਜਾ ਕੇ ਇਹ ਪੈਂਤੜਾ ਮੱਲਦੀ। ਇਸ ਨੇ ਆਪਣੀ ਪਟੀਸ਼ਨ ਵਿਚ ਇਹ ਵੀ ਕਿਹਾ ਹੈ ਕਿ ਰਹਿਮ ਦੀ ਅਪੀਲ ਉਤੇ ਹੋਈ ਦੇਰੀ ਦਾ ਸਬੰਧਤ ਦੋਸ਼ੀ ਨੂੰ ਕੋਈ ਨੁਕਸਾਨ ਨਹੀਂ ਹੋਇਆ ਹੈ, ਸਗੋਂ ਫਾਇਦਾ ਹੀ ਹੋਇਆ ਹੈ ਕਿਉਂਕਿ ਦੋਸ਼ੀ ਦੇ ਜਿੰਦਾ ਰਹਿਣ ਦੀਆਂ ਸੰਭਾਵਨਾਵਾਂ ਅਜੇ ਤੱਕ ਬਣੀਆਂ ਹੋਈਆਂ ਹਨ ਪਰ ਸਰਕਾਰ ਨੇ ਇਹ ਨਹੀਂ ਦੱਸਿਆ ਕਿ ਰਹਿਮ ਦੀ ਅਪੀਲ ਲਟਕਣ ਕਾਰਨ ਸਬੰਧਤ ਦੋਸ਼ੀ ਨੇ ਜਿਹੜੀ ਕੈਦ ਕੱਟੀ ਹੈ, ਉਸ ਨੂੰ ਕਿਸ ਖਾਤੇ ਵਿਚ ਪਾਇਆ ਜਾਵੇਗਾ? ਦਰਅਸਲ ਦਹਿਸ਼ਤਪਸੰਦੀ ਨੂੰ ਸਿਆਸੀ ਧਿਰਾਂ ਵੱਖ-ਵੱਖ ਸਮਿਆਂ ‘ਤੇ ਆਪਣੇ ਹਿਸਾਬ ਨਾਲ ਵਰਤਦੀਆਂ ਰਹੀਆਂ ਹਨ। ਇਹ ਸੱਚ ਇਕੱਲੀ ਕਾਂਗਰਸ ਬਾਰੇ ਨਹੀਂ ਹੈ, ਹੋਰ ਸਿਆਸੀ ਪਾਰਟੀਆਂ ਵੀ ਇਸ ਮਾਮਲੇ ਵਿਚ ਦਾਗੀ ਹੀ ਹਨ। ਸੱਤਾਧਾਰੀਆਂ ਨੇ ਦਹਿਸ਼ਤਪਸੰਦੀ ਦੀ ਦੋ-ਧਾਰੀ ਤਲਵਾਰ ਸਦਾ ਹੀ ਜੂਝ ਰਹੇ ਲੋਕਾਂ ਖਿਲਾਫ ਵਰਤੀ ਹੈ, ਹੁਣ ਸਜ਼ਾ-ਏ-ਮੌਤ ਦੇ ਕੇਸ ਵਿਚ ਵੱਖ-ਵੱਖ ਦਲੀਲਾਂ ਦੇ ਕੇ ਇਸ ਨੂੰ ਵਰਤਿਆ ਜਾ ਰਿਹਾ ਹੈ। ਇਹ ਧਿਰਾਂ ਬਾਖੂਬੀ ਜਾਣਦੀਆਂ ਹਨ ਕਿ ਸੰਸਾਰ ਪੱਧਰ ਉਤੇ ਬਹੁਤੇ ਦੇਸ਼ਾਂ ਵਿਚ ਸਜ਼ਾ-ਏ-ਮੌਤ ਖਤਮ ਕੀਤੀ ਜਾ ਚੁੱਕੀ ਹੈ ਅਤੇ ਮਨੁੱਖੀ ਅਧਿਕਾਰਾਂ ਲਈ ਲੜ ਰਹੀਆਂ ਜਥੇਬੰਦੀਆਂ ਤੇ ਸੰਸਥਾਵਾਂ ਨੇ ਦਲੀਲ ਦੇ ਆਧਾਰ ‘ਤੇ ਇਸ ਨੂੰ ਖਤਮ ਕਰਨ ਦਾ ਪੈਂਤੜਾ ਲਿਆ ਹੈ। ਭਾਰਤ ਦੀ ਕੇਂਦਰ ਸਰਕਾਰ ਫਿਰ ਵੀ ਇਸ ਮੁੱਦੇ ‘ਤੇ ਲਾਮਬੰਦੀ ਕਰ ਰਹੀ ਹੈ। ਹੁਣ ਵੱਖ-ਵੱਖ ਖਿਤਿਆਂ ਵਿਚ ਜੂਝ ਰਹੀਆਂ ਸਭ ਧਿਰਾਂ ਨੂੰ ਚਾਹੀਦਾ ਹੈ ਕਿ ਉਹ ਇਕਾ-ਦੁੱਕਾ ਕੇਸਾਂ ਦੀ ਪੈਰਵੀ ਕਰਨ ਦੇ ਨਾਲ-ਨਾਲ ਸਮੂਹਕ ਰੂਪ ਵਿਚ ਸਜ਼ਾ-ਏ-ਮੌਤ ਦੇ ਖਿਲਾਫ ਮੋਰਚਾ ਬੰਨ੍ਹਣ ਤਾਂ ਕਿ ਅਜਿਹੇ ਫੈਸਲਿਆਂ ਦੀ ਮਾਰ ਸਹਿ ਰਹੇ ਪਰਿਵਾਰਾਂ ਲਈ ਆਸ ਦੀ ਕਿਰਨ ਚਮਕ ਸਕੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਨਪ੍ਰੀਤ ਦੀਆਂ ਮਨ-ਪ੍ਰੀਤੀਆਂ*

ਮਨਪ੍ਰੀਤ ਨੇ ਕੀਤੀਆਂ ਮਨ-ਪ੍ਰੀਤੀਆਂ ਜੀ, ਹੱਥ ਕਾਂਗਰਸ ਦਾ ਭੱਜ ਕੇ ਫੜਨ ਲੱਗਾ।
ਗੱਲ ਬਣੀ ਨਾ ਪਹਿਲਾਂ ਪੰਜਾਬ ਅੰਦਰ, ਗੱਡੀ ਦਿੱਲੀ ਦੀ ਦੇਖੋ ਬਈ ਚੜ੍ਹਨ ਲੱਗਾ।
ਆਖੇ ਚੋਣਾਂ ਵਿਚ ਲਾਉਣੀ ਪਿੱਠ ਬਾਦਲਾਂ ਦੀ, ਕਈ ਹੋਰ ਦਲੀਲਾਂ ਵੀ ਘੜਨ ਲੱਗਾ।
ਲੋਕਾਂ ਕਿਹਾ ਸੀ ਲੀਡਰੀ ਕਰ ਕਾਕਾ, ਪਰ ਉਹ ਹੋਰ ਕਿਤਾਬਾਂ ਹੀ ਪੜ੍ਹਨ ਲੱਗਾ।
ਕੀ ਬਣੇਗਾ ਹੁਣ ਉਨ੍ਹਾਂ ਸੁਫਨਿਆਂ ਦਾ, ਜਿਹੜੇ ਲਏ ਸੀ ਲੋਕਾਂ ਨੂੰ ਨਾਲ ਲੈ ਕੇ,
ਉਹਦੇ ਨਾਲ ਦੇ ਹੁਣ ਪਏ ਸੋਚਦੇ ਨੇ, ਕਿੱਦਾਂ ਲੰਘੀਏ ਸਿਆਸਤ ਦੇ ਨਾਲ ਖਹਿ ਕੇ।

# ਖ਼ੂਨ ਨਾਲ ਰੰਗੇ ਹੱਥ ਅਤੇ ਚੋਣ ਸਰਵੇਖਣ

ਇਤਿਹਾਸ ਗਵਾਹ ਹੈ ਕਿ ਪ੍ਰਤੀਕਾਂ ਨੂੰ ਕੈਸ਼ ਕਰਨ ਦੇ ਮਾਮਲੇ ਵਿਚ ਫਾਸਿਸਟਾਂ ਦਾ ਕੋਈ ਸਾਨੀ ਨਹੀਂ। ਖ਼ਾਸ ਤਰੀਕਾਂ ਉਨ੍ਹਾਂ ਨੂੰ ਲਾਜ਼ਮੀ ਚੇਤੇ ਰਹਿੰਦੀਆਂ ਹਨ; ਖ਼ਾਸ ਤੌਰ ‘ਤੇ ਉਹ ਤਰੀਕਾਂ ਜੋ ਉਨ੍ਹਾਂ ਦੇ ਬੀਤੇ ਦੀ ਪਛਾਣ ਹੋਣ। ਨਿਰੋਲ ਹਿੰਦੁਸਤਾਨੀ ਪ੍ਰਸੰਗ ਵਿਚ ਕਹਿਣਾ ਹੋਵੇ ਤਾਂ ਕੋਈ ਵੀ ਸ਼ੁਭ ਕੰਮ ਕਰਨ ਲਈ ਮਹੂਰਤ ਕੱਢਣ ਦਾ ਬ੍ਰਾਹਮਣਵਾਦੀ ਦਸਤੂਰ ਸਦੀਆਂ ਤੋਂ ਚੱਲ ਰਿਹਾ ਹੈ। ਇਸ ਦੇ ਵੱਖੋ-ਵੱਖਰੇ ਰੂਪ ਦੁਨੀਆਂ ਦੇ ਤਮਾਮ ਹਿੱਸਿਆਂ ਵਿਚ ਅੱਜ ਵੀ ਮੌਜੂਦ ਹਨ। ਜਿੱਥੋਂ ਤਕ ਇਸ ਦੀ ਪ੍ਰਵਾਨਗੀ ਦਾ ਸਵਾਲ ਹੈ, ਇਸ ਮਾਮਲੇ ਵਿਚ ਘੱਟੋ-ਘੱਟ ਸਭਿਅਤਾ ਉਪਰ ਆਪਣਾ ਦਾਅਵਾ ਜਤਾਉਣ ਵਾਲੀਆਂ ਤਾਕਤਾਂ ਵਿਚ ਹਮੇਸ਼ਾ ਹੀ ਇਕਸੁਰਤਾ ਨਜ਼ਰ ਆਉਂਦੀ ਹੈ। ਦੇਖਣ ਨੂੰ ਇਹ ਗੱਲ ਕਿੰਨੀ ਵੀ ਗ਼ੈਰ-ਵਿਗਿਆਨਕ ਕਿਉਂ ਨਾ ਲਗਦੀ ਹੋਵੇ, ਪਰ ਕੀ ਇਸ ਨੂੰ ਮਹਿਜ਼ ਇਤਫ਼ਾਕ ਕਿਹਾ ਜਾਵੇ ਕਿ ਜੋ ਤਰੀਕ (27 ਫਰਵਰੀ) ਬਾਰਾਂ ਸਾਲ ਪਹਿਲਾਂ ਹਿੰਦੁਸਤਾਨੀ ਜਮਹੂਰੀਅਤ ਦੇ ਇਤਿਹਾਸ ਅੰਦਰ ਇਕ ਕਾਲਾ ਟਿੱਕਾ ਬਣ ਕੇ ਇਨ੍ਹਾਂ ਫਾਸਿਸਟਾਂ ਦੇ ਮੱਥੇ ‘ਤੇ ਚਿਪਕ ਗਈ ਸੀ, ਉਸ ਨੂੰ ਧੋਣ ਲਈ ਇਸੇ ਤਰੀਕ ਦੀ ਚੋਣ 12 ਵਰ੍ਹੇ ਬਾਅਦ ਦਿੱਲੀ ਤੋਂ ਲੈ ਕੇ ਵਾਸ਼ਿੰਗਟਨ ਤੱਕ ਕੀਤੀ ਗਈ ਹੈ? ਜਾਂ ਇਹ ਵੀ ਕੋਈ ਮਹੂਰਤ ਸੀ!

ਆਓ ਰਤਾ ਇਸ ਮੁਹਾਵਰੇ ਦੇ ਦਾਇਰੇ ਵਿਚ

**ਅਭਿਸ਼ੇਕ ਸ੍ਰੀਵਾਸਤਵ**
**ਪੇਸ਼ਕਸ਼: ਬੂਟਾ ਸਿੰਘ**

ਤੱਥਾਂ ਦੀ ਪੜਤਾਲ ਕਰੀਏ। 27 ਫਰਵਰੀ 2002 ਨੂੰ ਗੁਜਰਾਤ ਦੇ ਗੋਧਰਾ ਸਟੇਸ਼ਨ ਉਪਰ ਸਾਬਰਮਤੀ ਐਕਸਪ੍ਰੈੱਸ ਸਾੜੀ ਗਈ ਸੀ ਜਿਸ ਤੋਂ ਬਾਅਦ ‘ਆਜ਼ਾਦ’ ਹਿੰਦੁਸਤਾਨ ਦਾ ਸਭ ਤੋਂ ਭਿਆਨਕ ਕਤਲੇਆਮ ਕੀਤਾ ਗਿਆ ਜੋ ਹਿੰਦੁਸਤਾਨੀ ਸਿਆਸਤ ਅੰਦਰ ਉਥੋਂ ਦੀ ਧਰਮ-ਨਿਰਪੱਖਤਾ ਨੂੰ ਪ੍ਰੀਭਾਸ਼ਤ ਕਰਨ ਵਾਲੇ ਕੇਂਦਰੀ ਤੱਤ ਵਾਂਗ ਸਥਾਪਤ ਹੋ ਗਿਆ। ਠੀਕ ਬਾਰਾਂ ਵਰ੍ਹੇ ਪਿੱਛੋਂ 2014 ਦੀ 27 ਫਰਵਰੀ ਨੂੰ ਨਰੇਂਦਰ ਮੋਦੀ ਦੀ ਮਕਬੂਲੀਅਤ ਸਥਾਪਤ ਕਰਨ ਲਈ ਦੋ ਵੱਡੀਆਂ ਚਿੰਨ੍ਹਾਤਮਕ ਘਟਨਾਵਾਂ ਹੋਈਆਂ। ਗੁਜਰਾਤ ਕਤਲੇਆਮ ਦੇ ਵਿਰੋਧ ਵਿਚ ਉਸ ਵਕਤ ਦੀ ਐੱਨ.ਡੀ.ਏ. ਹਕੂਮਤ ਤੋਂ ਹਮਾਇਤ ਵਾਪਸ ਲੈਣ ਵਾਲੇ ਦਲਿਤ ਆਗੂ ਰਾਮਵਿਲਾਸ ਪਾਸਵਾਨ ਦੀ ਦਿੱਲੀ ਵਿਚ ਨਰੇਂਦਰ ਮੋਦੀ ਨਾਲ ਮੁਲਾਕਾਤ ਅਤੇ ਭਾਜਪਾ ਨੂੰ ਹਮਾਇਤ; ਅਤੇ ਅਮਰੀਕੀ ਫਾਸ਼ੀਵਾਦ ਦੇ ਕਾਰਪੋਰੇਟਾਂ ਸਰੋਤਾਂ ਵਿਚੋਂ ਇਕ, ਪਿਊ ਰਿਸਰਚ ਸੈਂਟਰ ਵਲੋਂ ਜਾਰੀ ਕੀਤਾ ਗਿਆ ਚੋਣ ਸਰਵੇਖਣ ਜੋ ਕਹਿੰਦਾ ਹੈ ਕਿ ਇਸ ਮੁਲਕ ਦਾ 63 ਫ਼ੀਸਦੀ ਅਵਾਮ ਅਗਲੀ ਹਕੂਮਤ ਭਾਜਪਾ ਦੀ ਲਿਆਉਣ ਦੇ ਹੱਕ ਵਿਚ ਹੈ। ਪਿਊ ਰਿਸਰਚ ਸੈਂਟਰ ਕੀ ਹੈ ਅਤੇ ਇਸ ਦੇ ਸਰਵੇਖਣ ਦੀ ਅਹਿਮੀਅਤ ਕੀ ਹੈ, ਇਹ ਅਸੀਂ ਅੱਗੇ ਚੱਲ ਕੇ ਦੇਖਾਂਗੇ ਪਰ ਹਾਲਾਤ ਦਾ ਵਿਅੰਗ ਦੇਖੋ ਕਿ ਇਸ ਤੋਂ ਐਨ ਦੋ ਦਿਨ ਪਹਿਲਾਂ 25 ਫਰਵਰੀ 2014 ਨੂੰ ਨਿਊਜ਼ ਐਕਸਪ੍ਰੈੱਸ ਨਾਂ ਦੇ ਇਕ ਕਾਂਗਰਸ ਦੇ ਹਮਾਇਤੀ ਟੀ.ਵੀ. ਚੈਨਲ ਵਲੋਂ ਕੀਤੇ ਗਏ 11 ਏਜੰਸੀਆਂ ਦੇ ਚੋਣ ਸਰਵੇਖਣ ਦੇ ਸਟਿੰਗ ਅਪਰੇਸ਼ਨ ਨੂੰ ਕਿਵੇਂ ਪੂਰੀ ਤਰ੍ਹਾਂ ਵਿਉਂਤਬਧ ਢੰਗ ਨਾਲ ਬੇਅਸਰ ਬਣਾਇਆ ਗਿਆ! ਐਨ ਉਵੇਂ ਹੀ ਜਿਵੇਂ ਰਾਮਵਿਲਾਸ ਪਾਸਵਾਨ ਦਾ ਭਾਜਪਾ ਨਾਲ ਹੱਥ ਮਿਲਾਉਣਾ ਪਿਛਲੇ ਵਰ੍ਹੇ ਨਰੇਂਦਰ ਮੋਦੀ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਉਮੀਦਵਾਰੀ ਦੇ ਖ਼ਿਲਾਫ਼ ਨਿਤੀਸ਼ ਕੁਮਾਰ ਦੇ ਐੱਨ.ਡੀ.ਏ. ਤੋਂ ਨਿਕਲ ਜਾਣ ਵਰਗਾ ਹਾਸੋਹੀਣਾ ਸਾਂਗ ਰਚ ਰਿਹਾ ਹੈ। ਤੇ ਇਹ ਵੀ ਇਤਫ਼ਾਕ ਨਹੀਂ ਕਿ ਭਾਜਪਾ ਦਾ ਪ੍ਰਧਾਨ ਰਾਜਨਾਥ ਸਿੰਘ ਇਸੇ ਤਰੀਕ ਤੋਂ ਇਕ ਦਿਨ ਪਹਿਲਾਂ ਗੁਜਰਾਤ ਘੱਲੂਘਾਰੇ ਬਾਬਤ ਇਹ ਬਿਆਨ ਜਾਰੀ ਕਰਦਾ ਹੈ: “ਜਦੋਂ ਵੀ, ਜਿਥੇ ਵੀ, ਸਾਡੇ ਕੋਲੋਂ ਜੇ ਕੋਈ ਗ਼ਲਤੀਆਂ ਹੋਈਆਂ ਤੇ ਘਾਟਾਂ ਰਹੀਆਂ ਹੋਣਗੀਆਂ, ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਤੁਹਾਡੇ ਅੱਗੇ ਸਿਰ ਝੁਕਾ ਕੇ ਮੁਆਫ਼ੀ ਮੰਗਾਂਗੇ।”

ਨਿਊਜ਼ ਐਕਸਪ੍ਰੈੱਸ ਨੇ ਸਾਰੀਆਂ ਹੀ ਦੇਸੀ-ਵਿਦੇਸ਼ੀ ਏਜੰਸੀਆਂ ਦੇ ਸਰਵੇਖਣਾਂ ਦੀ ਪੋਲ ਖੋਲ੍ਹ ਦਿੱਤੀ ਹੈ, ਪਰ ਪਿਊ ਦੇ ਹਾਲੀਆ ਸਰਵੇਖਣ ਦੀ ਪ੍ਰਵਾਨਗੀ ਦੀ ਕਮਾਲ ਦੇਖੋ। ਸਾਰੀਆਂ ਹੀ ਅਖ਼ਬਾਰਾਂ ਅਤੇ ਵੈੱਬਸਾਈਟਾਂ ਨੇ ਇਸ ਨੂੰ ਪ੍ਰਮੁੱਖਤਾ ਨਾਲ ਛਾਪਿਆ ਅਤੇ ਕਿਸੇ ਪਾਸਿਓਂ ਕੋਈ ਕਿੰਤੂ-ਪ੍ਰੰਤੂ ਸਾਹਮਣੇ ਨਹੀਂ ਆਇਆ। ਦਰਅਸਲ, ਚੋਣ ਸਰਵੇਖਣ ਦੇ ਅਸਰ ਦਾ ਸਵਾਲ ਇਸ ਦੇ ਢੰਗ ਅਤੇ ਤਕਨੀਕੀ ਪੱਖਾਂ ਤੱਕ ਮਹਿਦੂਦ ਨਹੀਂ ਹੁੰਦਾ, ਸਗੋਂ ਉਸ ਪਿਛੇ ਕੰਮ ਕਰਦੀ ਅਸਲ ਮਨਸ਼ਾ ਨੂੰ ਸਮਝਣਾ ਵੀ ਜ਼ਰੂਰੀ ਹੁੰਦਾ ਹੈ। ਇਸ ਲਈ ਸਾਰੇ ਚੋਣ ਸਰਵੇਖਣਾਂ ਦੀ ਪੋਲ ਖੁੱਲ੍ਹ ਜਾਣ ਦੇ ਬਾਵਜੂਦ 27 ਵਰਵਰੀ ਨੂੰ ਗੋਧਰਾ ਦੀ 12ਵੀਂ ਬਰਸੀ ਉਪਰ ਜੋ ਇਕਲੌਤਾ ਵਿਦੇਸ਼ੀ ਚੋਣ ਸਰਵੇਖਣ ਮੀਡੀਆ ਵਿਚ ਜਾਰੀ ਕੀਤਾ ਗਿਆ, ਉਸ ਦੀਆਂ ਜੜ੍ਹਾਂ ਤਕ ਪਹੁੰਚਣ ਦੀ ਲੋੜ ਹੈ ਤਾਂ ਜੋ ਕਿਸੇ ਫ਼ੌਰੀ ਨਤੀਜੇ ‘ਤੇ ਪਹੁੰਚਿਆ ਜਾ ਸਕੇ।

ਚੋਣ ਸਰਵੇਖਣ ਏਜੰਸੀ ਵਜੋਂ ਅਮਰੀਕਾ ਦੇ ਪਿਊ ਰਿਸਰਚ ਸੈਂਟਰ ਦਾ ਨਾਂ ਹਿੰਦੁਸਤਾਨੀ ਪਾਠਕਾਂ ਲਈ ਓਪਰਾ ਹੈ। ਇਸ ਏਜੰਸੀ ਨੇ ਆਪਣੀ ਮਰਜ਼ੀ ਨਾਲ ਚੁਣੇ 2464 ਹਿੰਦੁਸਤਾਨੀਆਂ ਦੀ ਰਾਇ ਨੂੰ ਆਧਾਰ ਬਣਾ ਕੇ ‘ਸਰਵੇਖਣ’ ਕੀਤਾ ਅਤੇ ਇਸ ਤੋਂ ਸਿੱਟਾ ਕੱਢ ਲਿਆ ਕਿ 63 ਫ਼ੀਸਦੀ ਲੋਕ ਅਗਲੀਆਂ ਆਮ ਚੋਣਾਂ ਵਿਚ ਕੇਂਦਰ ਵਿਚ ਭਾਜਪਾ ਦੀ ਹਕੂਮਤ ਬਣਾਉਣ ਦੇ ਹੱਕ ਵਿਚ ਹਨ ਅਤੇ 78 ਫ਼ੀਸਦੀ ਲੋਕ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਿਆ ਦੇਖਣਾ ਚਾਹੁੰਦੇ ਹਨ। ਇਸ ਸਰਵੇਖਣ ਦੀ ਤਫ਼ਸੀਲ ਕਿਸੇ ਵੀ ਅਖ਼ਬਾਰ ਦੀ ਵੈੱਬਸਾਈਟ ਤੋਂ ਲਈ ਜਾ ਸਕਦੀ ਹੈ, ਪਰ ਸਾਡੀ ਦਿਲਚਸਪੀ ਇਸ ਦੇ ਉਪਰੋਂ ਪਰਦਾ ਲਾਹ ਕੇ ਇਸ ਦੇ ਪਿੱਛੇ ਲੁਕੇ ਬੈਠੇ ਚਿਹਰਿਆਂ ਨੂੰ ਬੇਨਕਾਬ ਕਰਨ ਦੀ ਹੈ। ਗ਼ੌਰਤਲਬ ਹੈ ਕਿ 125 ਕਰੋੜ

> ***ਮੋਦੀ ਦੀ ਮਕਬੂਲੀਅਤ ਸਥਾਪਤ ਕਰਨ ਲਈ ਦੋ ਵੱਡੀਆਂ ਚਿੰਨ੍ਹਾਤਮਕ ਘਟਨਾਵਾਂ ਹੋਈਆਂ। ਗੁਜਰਾਤ ਕਤਲੇਆਮ ਦੇ ਵਿਰੋਧ ਵਿਚ ਉਸ ਵਕਤ ਦੀ ਐੱਨ.ਡੀ.ਏ. ਹਕੂਮਤ ਤੋਂ ਹਮਾਇਤ ਵਾਪਸ ਲੈਣ ਵਾਲੇ ਦਲਿਤ ਆਗੂ ਰਾਮਵਿਲਾਸ ਪਾਸਵਾਨ ਦੀ ਦਿੱਲੀ ਵਿਚ ਮੋਦੀ ਨਾਲ ਮੁਲਾਕਾਤ ਅਤੇ ਭਾਜਪਾ ਨੂੰ ਹਮਾਇਤ; ਅਤੇ ਪਿਊ ਰਿਸਰਚ ਸੈਂਟਰ ਵਲੋਂ ਜਾਰੀ ਚੋਣ ਸਰਵੇਖਣ ਜੋ ਕਹਿੰਦਾ ਹੈ ਕਿ ਮੁਲਕ ਦਾ 63 ਫ਼ੀਸਦੀ ਅਵਾਮ ਅਗਲੀ ਹਕੂਮਤ ਭਾਜਪਾ ਦੀ ਲਿਆਉਣ ਦੇ ਹੱਕ ਵਿਚ ਹੈ।***

ਅਬਾਦੀ ਵਾਲੇ ਮੁਲਕ ਵਿਚੋਂ ਮਹਿਜ਼ ਢਾਈ ਹਜ਼ਾਰ ਲੋਕਾਂ ਦੀ ਰਾਇ ਦੇ ਆਧਾਰ ’ਤੇ ਇਸ ਸਰਵੇਖਣ ਨੂੰ ਜਾਰੀ ਕਰਨ ਦੀ ਤਰੀਕ ਚੁਣੀ ਗਈ 27 ਫਰਵਰੀ ਜਿਸ ਦਿਨ ਰਾਮਵਿਲਾਸ ਪਾਸਵਾਨ ਅਤੇ ਮੋਦੀ, ਦੋਵਾਂ ਦੀ ਸਿਆਸੀ ਜ਼ਿੰਦਗੀ ਦਾ ਇਕ ਗੇੜ ਪੂਰਾ ਹੋਣ ਵਾਲਾ ਸੀ। ਕੀ ਇਹ ਕੋਈ ਇਤਫ਼ਾਕ ਹੈ? ਹਰਗਿਜ਼ ਨਹੀਂ।

ਪਿਊ ਰਿਸਰਚ ਸੈਂਟਰ ਵਾਸ਼ਿੰਗਟਨ ਸਥਿਤ ਅਮਰੀਕੀ ਥਿੰਕ ਟੈਂਕ ਹੈ ਜੋ ਅਮਰੀਕਾ ਅਤੇ ਬਾਕੀ ਦੁਨੀਆਂ ਬਾਰੇ ਅੰਕੜੇ ਤੇ ਰੁਝਾਨ ਜਾਰੀ ਕਰਦਾ ਹੈ। ਇਸ ਦੇ ਸੰਚਾਲਨ ਅਤੇ ਵਿਤੀ ਦਾਰੋਮਦਾਰ ਦੀ ਵਾਗਡੋਰ ਪਿਊ ਚੈਰੀਟੇਬਲ ਟਰੱਸਟਾਂ ਦੇ ਸਮੂਹ ਦੇ ਹੱਥ ਵਿਚ ਹੈ ਜਿਸ ਦੀ ਸਥਾਪਨਾ 1948 ਵਿਚ ਕੀਤੀ ਗਈ ਸੀ। ਇਸ ਸਮੂਹ ਵਿਚ ਸੱਤ ਟਰੱਸਟ ਹਨ ਜਿਨ੍ਹਾਂ ਨੂੰ 1948 ਤੋਂ ਲੈ ਕੇ 1979 ਦਰਮਿਆਨ ‘ਸਨ ਆਇਲ ਕੰਪਨੀ’ ਦੇ ਮਾਲਕ ਜੋਸਫ਼ ਪਿਊ ਦੇ ਚਾਰ ਧੀਆਂ-ਪੁੱਤਰਾਂ ਨੇ ਸਥਾਪਤ ਕੀਤਾ ਸੀ। ਸਨ ਆਇਲ ਕੰਪਨੀ ਦਾ ਬਰੈਂਡ ਨਾਂ ਸਨੋਕੋ ਹੈ ਜੋ 1996 ਵਿਚ ਅਮਰੀਕਾ ਦੇ ਪੈਨਸਿਲਵੇਨੀਆ ਵਿਚ ਬਣਾਈ ਗਈ ਸੀ। ਇਸ ਦਾ ਮੁੱਢਲਾ ਨਾਂ ਪੀਪਲਜ਼ ਨੈਚੁਰਲ ਗੈਸ ਕੰਪਨੀ ਸੀ। ਇਸ ਦੇ ਮਾਲਕ ਜੋਸਫ਼ ਪਿਊ ਦਾ ਸਭ ਤੋਂ ਵੱਡਾ ਪੁੱਤਰ ਜੇ. ਹਾਵਰਡ ਪਿਊ (ਜੋ ਟਰੱਸਟ ਦਾ ਬਾਨੀ ਸੀ) 1930 ਦੇ ਦਹਾਕੇ ਵਿਚ ਅਮੈਰੀਕਨ ਲਿਬਰਟੀ ਲੀਗ ਦੀ ਸਲਾਹਕਾਰ ਕੌਂਸਲ ਅਤੇ ਕਾਰਜਕਾਰੀ ਕਮੇਟੀ ਦਾ ਮੈਂਬਰ ਸੀ। ਹਾਵਰਡ ਪਿਊ ਨੇ ਸੱਜੇਪੱਖੀ ਲੀਗ ਨੂੰ 20,000 ਡਾਲਰ ਦੀ ਗਰਾਂਟ ਦਿੱਤੀ ਸੀ। ਇਹ ਲੀਗ ਵਾਲ ਸਟਰੀਟ ਦੇ ਵੱਡੇ ਘੋਰ ਸੱਜੇਪੱਖੀ ਕਾਰੋਬਾਰੀਆਂ ਵਲੋਂ ਬਣਾਈ ਗਈ ਸੰਸਥਾ ਸੀ ਜਿਸ ਦਾ ਕੰਮ ਅਮਰੀਕੀ ਰਾਸ਼ਟਰਪਤੀ ਰੂਜ਼ਵੈਲਟ ਦਾ ਤਖ਼ਤਾ ਉਲਟਾ ਕੇ ਵ੍ਹਾਈਟ ਹਾਊਸ ਉਪਰ ਕਬਜ਼ਾ ਕਰਨਾ ਸੀ। ਇਸ ਦੀ ਤੱਥਪੂਰਨ ਤਫ਼ਸੀਲ 1976 ਵਿਚ ਛਪੀ ਕਿਤਾਬ ‘ਦਿ ਪਲਾਟ ਟੂ ਸੀਜ਼ ਦੀ ਵ੍ਹਾਈਟ ਹਾਊਸ’ ਵਿਚ ਮਿਲਦੀ ਹੈ। 1930ਵਿਆਂ ਦੇ ਦਹਾਕੇ ਵਿਚ ਸੈਂਟੀਨਲਜ਼ ਆਫ ਦੀ ਰਿਪਬਲਿਕ ਅਤੇ ਕਰੂਸੇਡਰਜ਼ ਨਾਂ ਦੀਆਂ ਫਾਸ਼ੀਵਾਦੀ ਜਥੇਬੰਦੀਆਂ ਨੂੰ ਫੰਡ ਵੀ ਹਾਵਰਡ ਪਿਊ ਹੀ ਦਿੰਦਾ ਰਿਹਾ ਸੀ।

ਪਿਊ ਘਰਾਣੇ ਦਾ ਅਮਰੀਕੀ ਪਿਛਾਖੜ ਵਿਚ ਮੁੱਖ ਯੋਗਦਾਨ ਘੋਰ ਸੱਜੇਪੱਖੀ ਜਥੇਬੰਦੀਆਂ, ਉਨ੍ਹਾਂ ਦੇ ਪ੍ਰਚਾਰ ਅਤੇ ਪ੍ਰਕਾਸ਼ਨਾਵਾਂ ਦੇ ਖ਼ਰਚੇ ਦੇਣ ਦੇ ਰੂਪ ‘ਚ ਰਿਹਾ ਹੈ। ਹੇਠਾਂ ਕੁਝ ਫਾਸ਼ੀਵਾਦੀ ਜਥੇਬੰਦੀਆਂ ਦੇ ਨਾਂ ਦਿੱਤੇ ਜਾ ਰਹੇ ਹਨ ਜਿਨ੍ਹਾਂ ਨੂੰ ਇਸ ਘਰਾਣੇ ਨੇ ਉਸ ਦੌਰ ਵਿਚ ਖੜ੍ਹਾ ਕਰਨ ਵਿਚ ਮਾਲੀ ਯੋਗਦਾਨ ਪਾਇਆ:

**ਨੈਸ਼ਨਲ ਐਸੋਸੀਏਸ਼ਨ ਆਫ ਮੈਨੂਫੈਕਚਰਜ਼:** ਇਹ ਫਾਸ਼ੀਵਾਦੀ ਜਥੇਬੰਦੀ ਸਨਅਤਕਾਰਾਂ ਦਾ ਇਕ ਤਾਣਾਬਾਣਾ ਸੀ ਜੋ ਨਿਊ ਡੀਲ ਵਿਰੋਧੀ ਮੁਹਿੰਮਾਂ ਵਿਚ ਜੁੱਟੀ ਹੋਈ ਸੀ ਅਤੇ ਇਹ ਅੱਜ ਤਕ ਬਰਕਰਾਰ ਹੈ।

**ਅਮਰੀਕੀ ਐਕਸ਼ਨ ਇੰਕ:** 1940ਵਿਆਂ ਦੇ ਦਹਾਕੇ ਵਿਚ ਅਮੈਰੀਕਨ ਲਿਬਰਟੀ ਲੀਗ ਦੀ ਜਾਨਸ਼ੀਨ ਜਥੇਬੰਦੀ।

**ਫਾਊਂਡੇਸ਼ਨ ਫਾਰ ਦੀ ਇਕਨਾਮਿਕ ਐਜੂਕੇਸ਼ਨ:** ਇਸ ਦਾ ਐਲਾਨੀਆ ਉਦੇਸ਼ ਅਮਰੀਕੀਆਂ ਨੂੰ ਇਸ ਗੱਲ ਲਈ ਤਿਆਰ ਕਰਨਾ ਸੀ ਕਿ ਉਨ੍ਹਾਂ ਦਾ ਮੁਲਕ ਸਮਾਜਵਾਦੀ ਬਣਦਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਰਅਸਲ ਉਨ੍ਹਾਂ ਨੂੰ ਭੁੱਖੇ ਰਹਿਣ ਅਤੇ ਬੇਘਰੇ ਰਹਿਣ ਦੀ ਆਜ਼ਾਦੀ ਤੋਂ ਮਹਿਰੂਮ ਕਰ ਰਹੀਆਂ ਹਨ। 1950 ‘ਚ ਇਸ ਦੇ ਖ਼ਿਲਾਫ਼ ਗ਼ੈਰਕਾਨੂੰਨੀ ਲਾਬਿੰਗ ਕੀਤੇ ਜਾਣ ਦੀ ਜਾਂਚ ਵੀ ਕੀਤੀ ਗਈ।

**ਕ੍ਰਿਸਚੀਅਨ ਫਰੀਡਮ ਫਾਊਂਡੇਸ਼ਨ:** ਇਸ ਦਾ ਉਦੇਸ਼ ਅਮਰੀਕਾ ਨੂੰ ਈਸਾਈ ਗਣਰਾਜ ਬਣਾਉਣਾ ਸੀ ਜਿਸ ਦੀ ਖ਼ਾਤਰ ਕਾਂਗਰਸ ਵਿਚ ਈਸਾਈ ਰੂੜ੍ਹੀਵਾਦੀਆਂ ਦੇ ਚੁਣੇ ਜਾਣ ਵਿਚ ਮਦਦ ਕੀਤੀ ਜਾਂਦੀ ਸੀ।

**ਜਾਨ ਬਿਰਚ ਸੁਸਾਇਟੀ:** ਇਕ ਹਜ਼ਾਰ ਇਕਾਈਆਂ ਅਤੇ ਇਕ ਲੱਖ ਦੇ ਕਰੀਬ ਮੈਂਬਰਸ਼ਿਪ ਵਾਲੀ ਇਹ ਜਥੇਬੰਦੀ ਕਮਿਊਨਿਸਟ ਵਿਰੋਧੀ ਸਿਆਸਤ ਕਰਨ ਲਈ ਤੇਲ ਕੰਪਨੀਆਂ ਵਲੋਂ ਖੜ੍ਹੀ ਕੀਤੀ ਗਈ ਸੀ।

**ਬੈਰੀ ਗੋਲਡਵਾਟਰ:** ਵੀਅਤਨਾਮ ਖ਼ਿਲਾਫ਼ ਜੰਗ ਵਿਚ ਇਸ ਦੀ ਅਹਿਮ ਭੂਮਿਕਾ ਸੀ।

**ਗਾਰਡਨ-ਕਾਨਵੈੱਲ ਥੀਔਲੋਜੀਕਲ ਸੈਮੀਨਰੀ:** ਇਹ ਸੱਜੇਪੱਖੀ ਈਸਾਈ ਮਿਸ਼ਨਰੀ ਜਥੇਬੰਦੀ ਸੀ ਜੋ ਪਿਊ ਨੇ ਖੜ੍ਹੀ ਕੀਤੀ ਸੀ।

**ਪ੍ਰੈਸਿਬਟੇਰੀਅਨ ਲੇਮੈਨ:** ਇਹ ਰਸਾਲਾ ਸਭ ਤੋਂ ਪਹਿਲਾਂ ਪ੍ਰੈਸਿਬਟੇਰੀਅਨ ਲੇ ਕਮੇਟੀ ਨੇ 1968 ਵਿਚ ਛਾਪਿਆ ਜੋ ਈਸਾਈ ਕੱਟੜਪੰਥੀ ਜਥੇਬੰਦੀ ਸੀ।

1970 ਵਿਚ ਜੋਸਫ਼ ਪਿਊ ਦੀ ਮੌਤ ਤੋਂ ਪਿੱਛੋਂ ਉਸ ਦਾ ਟੱਬਰ ਹੇਠ ਦਿੱਤੀਆਂ ਜਥੇਬੰਦੀਆਂ ਜ਼ਰੀਏ ਅਮਰੀਕਾ ਵਿਚ ਫਾਸ਼ੀਵਾਦੀ ਸਿਆਸਤ ਨੂੰ ਫੰਡ ਮੁਹੱਈਆ ਕਰ ਰਿਹਾ ਹੈ:

ਅਮੈਰੀਕਨ ਇੰਟਰਪ੍ਰਾਈਜ਼ ਇੰਸਟੀਚਿਊਟ ਜਿਸ ਦੇ ਮੈਂਬਰਾਂ ਵਿਚ ਡਿਕ ਚੈਨੀ, ਉਸ ਦੀ ਪਤਨੀ ਅਤੇ ਪਾਲ ਉਲਫੋਵਿਜ਼ ਵਰਗੇ ਲੋਕ ਸ਼ਾਮਲ ਹਨ।

ਹੈਰੀਟੇਜ ਫਾਊਂਡੇਸ਼ਨ ਜੋ ਇਕ ਨਸਲਵਾਦੀ, ਕਿਰਤ ਵਿਰੋਧੀ, ਸੱਜੇਪੱਖੀ ਜਥੇਬੰਦੀ ਹੈ।

ਬ੍ਰਿਟਿਸ਼-ਅਮੈਰੀਕਨ ਪ੍ਰੋਜੈਕਟ ਫਾਰ ਦੀ ਸਕਸੈਸਰ ਜਨਰੇਸ਼ਨ ਜਿਸ ਨੂੰ 1985 ਵਿਚ ਰੀਗਨ ਅਤੇ ਥੈਚਰ ਦੇ ਪੈਰੋਕਾਰਾਂ ਨੇ ਮਿਲ ਕੇ ਬਣਾਇਆ ਸੀ ਅਤੇ ਜੋ ਸੱਜੇਪੱਖੀ ਅਮਰੀਕੀ ਅਤੇ ਬਰਤਾਨਵੀ ਨੌਜਵਾਨਾਂ ਦੀ ਸਿਆਸੀ ਪੁਸ਼ਤ-ਪਨਾਹੀ ਕਰਦੀ

*(ਬਾਕੀ ਅਗਲੇ ਸਫੇ ‘ਤੇ)*

# ਗਦਰੀ, ਮੱਧ-ਪੂਰਬ ਅਤੇ ਸਾਰਾਗੜ੍ਹੀ


ਏਸ਼ੀਆ ਦੇ ਮੱਧ-ਪੂਰਬੀ ਮੁਲਕਾਂ ਬਾਬਤ ਬਹਿਸ 'ਅਤਿਵਾਦ' ਦੇ ਹਵਾਲੇ ਨਾਲ ਵਧੇਰੇ ਭਖਦੀ ਰਹਿੰਦੀ ਹੈ। ਇਸਲਾਮੀ ਮੁਲਕਾਂ ਨੂੰ ਸ਼ੱਕੀ ਐਲਾਨਣ ਦਾ ਰੁਝਾਨ ਜ਼ੋਰਾਂ ਉਤੇ ਹੈ। ਮੁਸਲਮਾਨਾਂ ਦੀ ਪਛਾਣ 'ਅਤਿਵਾਦੀਆਂ' ਵਜੋਂ ਕੀਤੀ ਜਾ ਰਹੀ ਹੈ। ਅੱਜ ਮੱਧ ਪੂਰਬੀ ਮੁਲਕਾਂ ਨਾਲ ਭਾਰਤੀ ਅਵਾਮ ਦੇ ਰਿਸ਼ਤਿਆਂ ਨੂੰ ਨਵੇਂ ਸਿਰਿਉਂ ਵਿਚਾਰਨਾ ਬਣਦਾ ਹੈ। ਭਾਰਤ ਦੀ ਕੌਮੀ ਮੁਕਤੀ ਲਹਿਰ ਵੇਲੇ ਮੱਧ-ਪੂਰਬੀ ਇਸਲਾਮੀ ਮੁਲਕਾਂ ਨਾਲ ਸਾਮਰਾਜ ਵਿਰੋਧੀ ਸੰਘਰਸ਼ ਦੀ ਸਾਂਝ ਦੀਆਂ ਕਈ ਮਿਸਾਲਾਂ ਮਿਲਦੀਆਂ ਹਨ। ਇਸ ਸਾਂਝ ਦੇ ਹਵਾਲੇ ਨਾਲ ਮੁਲਕਾਂ ਦੇ ਵਰਤਮਾਨ ਅਤੇ ਭਵਿੱਖੀ ਸੰਬੰਧਾਂ ਨੂੰ

**ਜਤਿੰਦਰ ਮੌਹਰ**
ਫੋਨ: 91-97799-34747

ਨਵੀਂ ਰੌਸ਼ਨੀ ਵਿਚ ਸਮਝਿਆ ਜਾ ਸਕਦਾ ਹੈ। ਇਸ ਨਾਲ ਮੁਲਕਪ੍ਰਸਤੀ, ਸਾਂਝੀਵਾਲਤਾ ਅਤੇ ਸ਼ਹਾਦਤ ਦੇ ਅਰਥਾਂ ਦੀਆਂ ਨਵੀਆਂ ਤੰਦਾਂ ਖੁੱਲ੍ਹਦੀਆਂ ਹਨ ਅਤੇ ਹੱਦਾਂ-ਸਰਹੱਦਾਂ ਦੇ ਨਾਂ ਉੱਤੇ ਪਾਈਆਂ ਗਈਆਂ ਵੰਡੀਆਂ ਦੀ ਸਿਆਸਤ ਵੀ ਉੱਘੜਦੀ ਹੈ। ਜਾਣ-ਬੁੱਝ ਕੇ ਛੁਪਾਏ ਗਏ ਜਾਂ ਉਲਟ ਪੜ੍ਹਾਏ ਗਏ ਇਤਿਹਾਸ ਨੂੰ ਵਰਤਮਾਨ ਅਤੇ ਅਤੀਤ ਨਾਲ ਜੋੜ ਕੇ ਦੇਖਣਾ ਜ਼ਰੂਰੀ ਹੈ। ਇਸ ਪ੍ਰਸੰਗ ਵਿਚ ਗ਼ਦਰ ਲਹਿਰ ਦਾ ਇਤਿਹਾਸ ਅਹਿਮ ਦਸਤਾਵੇਜ਼ ਹੈ। ਇਸ ਲਹਿਰ ਦੇ ਕੌਮਾਂਤਰੀ ਖ਼ਾਸੇ ਅਤੇ ਇਤਿਹਾਸ ਤੋਂ ਸਮਕਾਲੀ ਬਸਤਾਨਾਂ ਵਿਰੁਧ ਸਾਂਝਾ ਆਲਮੀ ਮੋਰਚਾ ਉਸਾਰਨ ਦਾ ਕੀਮਤੀ ਸਬਕ ਮਿਲਦਾ ਹੈ। ਬਸਤਾਨਾਂ ਵਲੋਂ ਕੀਤੀ ਜਾ ਰਹੀ ਲੁੱਟ ਅਤੇ ਉਹਨੂੰ ਠੱਲ੍ਹਣ ਲਈ ਚਲਦੀ ਜਦੋਜਹਿਦ ਲਗਾਤਾਰਤਾ ਵਿਚ ਦਿਖਾਈ ਦਿੰਦੀ ਹੈ। ਇਸਲਾਮੀ ਮੁਲਕਾਂ ਦੀ ਨਾਬਰੀ ਅੱਜ ਬਸਤਾਨਾਂ ਦੀਆਂ ਅੱਖਾਂ ਦਾ ਵੱਡਾ ਰੋੜਾ ਹੈ। ਅਸੀਂ ਗ਼ਦਰ ਪਾਰਟੀ ਦੇ ਹਵਾਲੇ ਨਾਲ ਇਸਲਾਮੀ ਮੁਲਕਾਂ ਨਾਲ ਸਾਂਝੇ ਪਿੜ ਦੀ ਜ਼ਮੀਨ ਲੱਭ ਸਕਦੇ ਹਾਂ।

ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵਲੋਂ ਛਾਪੀ ਗਈ ਲੇਖਕ ਗੁਰਚਰਨ ਸਿੰਘ ਸਹਿੰਸਰਾ ਦੀ ਕਿਤਾਬ 'ਗ਼ਦਰ ਪਾਰਟੀ ਦਾ ਇਤਿਹਾਸ' ਗ਼ਦਰ ਲਹਿਰ ਦਾ ਨਿੱਗਰ ਦਸਤਾਵੇਜ਼ ਹੈ। ਇਸ ਕਿਤਾਬ ਵਿਚ ਗ਼ਦਰੀਆਂ ਦੇ ਮੱਧ ਪੂਰਬ ਵਿਚ ਕੀਤੇ ਕੰਮ ਦੀ ਤਫ਼ਸੀਲ ਮਿਲਦੀ ਹੈ। 20ਵੀਂ ਸਦੀ ਦਾ ਪਹਿਲਾ ਦਹਾਕਾ ਸਿਆਸੀ ਉੱਥਲ-ਪੁੱਥਲ ਦਾ ਸਮਾਂ ਸੀ। ਕੌਮੀ ਮੁਕਤੀ ਲਹਿਰਾਂ ਤਿੱਖੀ ਸਿਆਸੀ ਚੇਤਨਾ ਨਾਲ ਲੈਸ ਹੋ ਰਹੀਆਂ ਸਨ। ਮੁਸਲਮਾਨਾਂ ਦੀ ਅੰਗਰੇਜ਼ਾਂ ਨਾਲ ਕੁੜੱਤਣ ਨੂੰ ਤੁਰਕੀ ਉੱਤੇ ਅੰਗਰੇਜ਼ੀ ਸਾਮਰਾਜ ਦੇ ਹਮਲੇ ਨੇ ਫ਼ੈਸਲਾਕੁਨ ਮੋੜ ਉੱਤੇ ਲਿਆਂਦਾ। ਮੁਸਲਮਾਨਾਂ ਨੇ ਇਸਲਾਮੀ ਏਕੇ ਦੀ ਭਾਵਨਾ ਨੂੰ ਹੋਰ ਸ਼ਿੱਦਤ ਨਾਲ ਮਹਿਸੂਸ ਕੀਤਾ। ਭਾਰਤ ਵਿਚੋਂ ਮੌਲਵੀ ਅਬਦੁੱਲਾ ਸਿੰਧੀ, ਮੌਲਵੀ ਮੁਹੰਮਦ ਹਸਨ (ਦਿਉਬੰਦ) ਅਤੇ ਮੁਹੰਮਦ ਮੀਆਂ ਅਨਸਾਰੀ ਵਰਗਿਆਂ ਨੇ ਅਰਬ ਮੁਲਕਾਂ ਦਾ ਰੁਖ਼ ਕਰ ਲਿਆ। ਇਨ੍ਹਾਂ ਨੇ ਤੁਰਕੀ ਅਤੇ ਅਫ਼ਗਾਨਿਸਤਾਨ ਦੀ ਮਦਦ ਨਾਲ ਹਿੰਦੋਸਤਾਨ ਵਿਚੋਂ ਅੰਗਰੇਜ਼ਾਂ ਨੂੰ ਭਜਾਉਣ ਦਾ ਕੰਮ ਵਿੱਢ ਲਿਆ। ਮੱਕਾ, ਮਦੀਨਾ, ਕੁਸਤੁਨਤੁਨੀਆਂ, ਤਹਿਰਾਨ ਅਤੇ ਕਾਬੁਲ ਇਸ ਮੁਹਿੰਮ ਦੇ ਮੁੱਖ ਕੇਂਦਰ ਬਣੇ। ਇਨ੍ਹਾਂ ਮੌਲਵੀਆਂ ਨਾਲ ਗ਼ਦਰ ਪਾਰਟੀ ਦਾ ਸੰਪਰਕ ਬਣ ਗਿਆ। ਦੋਹਾਂ ਨੇ ਇਕੱਠੇ ਹੋ ਕੇ ਲੜਨ ਦਾ ਫ਼ੈਸਲਾ ਕੀਤਾ। ਜਰਮਨ ਨੇ ਜੰਗੀ ਅਤੇ ਮਾਲੀ ਮਦਦ ਦੇਣੀ ਮੰਨ ਲਈ। ਦਸੰਬਰ 1916 ਵਿਚ ਮੱਕੇ ਦੇ ਅਮੀਰ ਨੇ ਮੌਲਵੀ ਮੁਹੰਮਦ ਹਸਨ ਤੇ ਚਾਰ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਕੇ ਅੰਗਰੇਜ਼ਾਂ ਹਵਾਲੇ ਕਰ ਦਿੱਤਾ। ਇਹ ਮੁਹਿੰਮ ਲਈ ਵੱਡੀ ਸੱਟ ਸੀ ਪਰ ਜੋਸ਼ ਮੱਠਾ ਨਾ ਪਿਆ।

ਗ਼ਦਰ ਪਾਰਟੀ ਨੇ ਮੈਸੋਪੋਟਾਮੀਆਂ (ਇਰਾਕ) ਅਤੇ ਇਰਾਨ 'ਚ ਕੰਮ ਕਰਨ ਲਈ ਡਾਕਟਰ ਖਾਨ ਖੋਜੀ, ਬਿਸ਼ਨ ਦਾਸ ਕੋਛੜ ਨੂਰਮਹਿਲ, ਕਿਦਾਰ ਨਾਥ ਹਰਿਆਣਾ (ਜ਼ਿਲ੍ਹਾ ਹੁਸ਼ਿਆਰਪੁਰ), ਭਾਈ ਬਸੰਤ ਸਿੰਘ ਚੋਂਦਾ (ਪਟਿਆਲਾ), ਭਾਈ ਹਰਨਾਮ ਸਿੰਘ, ਰਿਸ਼ੀ ਕੇਸ਼ ਲੱਠਾ (ਮਹਾਰਾਸ਼ਟਰ) ਅਤੇ ਅਮੀਨ ਚੌਧਰੀ (ਬੰਗਾਲ) ਵਰਗੇ ਗ਼ਦਰੀ ਭੇਜੇ। ਤੁਰਕੀ ਵਿਚ ਗ਼ਦਰੀਆਂ ਨੇ ਜ਼ਿਕਰਯੋਗ ਕੰਮ ਕੀਤਾ। ਉਨ੍ਹਾਂ ਨੇ ਮੱਧ ਪੂਰਬੀ ਮੁਲਕਾਂ 'ਚ ਅੰਗਰੇਜ਼ਾਂ ਨੂੰ ਵਾਹਣੀ ਪਾਈ ਰੱਖਿਆ। ਰਣਨੀਤੀ ਇਹ ਸੀ ਕਿ ਇਰਾਨੀ ਲੋਕਾਂ ਨੂੰ ਮੁਕਾਮੀ ਅੰਗਰੇਜ਼ ਪੱਖੀ ਹਕੂਮਤ ਦੇ ਵਿਰੁਧ ਖੜਾ ਕਰ ਕੇ ਬਲੋਚਿਸਤਾਨ ਵੱਲ ਵਧਿਆ ਜਾਵੇ। ਬਲੋਚਿਸਤਾਨ ਤੋਂ ਅਗਾਂਹ ਪੰਜਾਬ ਤੱਕ ਬਗਾਵਤ ਫੈਲਾ ਦਿੱਤੀ ਜਾਵੇ। ਇਸ ਮੋਰਚੇ ਵਿਚ ਮੁਸਲਮਾਨਾਂ ਦੇ ਇਸਲਾਮੀ ਜਜ਼ਬੇ ਨੇ ਅਹਿਮ ਭੂਮਿਕਾ ਅਦਾ ਕੀਤੀ। ਬਗਦਾਦ, ਬਸਰਾ ਅਤੇ ਬੁਸ਼ਹਿਰ ਵਿਚ ਗ਼ਦਰੀਆਂ ਨੇ ਅੰਗਰੇਜ਼ੀ ਫ਼ੌਜ ਦੇ ਹਿੰਦੀ ਫ਼ੌਜੀਆਂ ਵਿਚ ਬਗਾਵਤ ਲਈ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਇਰਾਨੀ ਲੋਕਾਂ ਨੂੰ ਮੁਕਾਮੀ ਅੰਗਰੇਜ਼ ਪੱਖੀ ਹਕੂਮਤ ਦੇ ਵਿਰੁਧ ਲਾਮਬੰਦ ਕੀਤਾ। ਇਰਾਨੀਆਂ ਨਾਲ ਰਲ ਕੇ ਇਰਾਨੀ ਜਮਹੂਰੀ ਪਾਰਟੀ ਦੀ ਨੀਂਹ ਰੱਖੀ ਗਈ। ਗ਼ਦਰੀਆਂ ਨੇ ਉਨ੍ਹਾਂ ਨੂੰ ਸਮਝਾਇਆ ਕਿ ਇਰਾਨ ਅਤੇ ਹੋਰ ਇਸਲਾਮੀ ਮੁਲਕ ਅੰਗਰੇਜ਼ ਬਸਤਾਨਾਂ ਦੀ ਗ਼ੁਲਾਮੀ ਤੋਂ ਉਦੋਂ ਹੀ ਆਜ਼ਾਦ ਹੋ ਸਕਦੇ ਹਨ ਜੇ ਹਿੰਦੋਸਤਾਨ ਨੂੰ ਅੰਗਰੇਜ਼ਾਂ ਕੋਲੋਂ ਖੋਹ ਲਿਆ ਜਾਵੇ। ਜਿੱਥੋਂ ਉਹ ਫ਼ੌਜਾਂ ਲਿਆ ਕੇ ਇਸਲਾਮੀ ਮੁਲਕਾਂ ਉੱਤੇ ਧਾਵੇ ਬੋਲਦੇ ਹਨ ਅਤੇ ਆਪਣੀ ਸਰਦਾਰੀ ਇਨ੍ਹਾਂ ਮੁਲਕਾਂ 'ਤੇ ਠੋਸਦੇ ਹਨ। ਇਸ ਲਈ ਅੰਗਰੇਜ਼ਾਂ ਨੂੰ ਹਿੰਦੋਸਤਾਨ 'ਚੋਂ ਕੱਢਣ ਲਈ ਇਰਾਨੀਆਂ ਅਤੇ ਹਿੰਦੀਆਂ ਨੂੰ ਰਲ ਕੇ ਲੜਨਾ ਚਾਹੀਦਾ ਹੈ। ਇਸ ਕੰਮ ਲਈ ਹਿੰਦੀ ਗ਼ਦਰੀ ਫ਼ੌਜ (ਇੰਡੀਅਨ ਇੰਡੀਪੈਂਡੈਂਸ ਆਰਮੀ) ਬਣਾਉਣੀ ਸ਼ੁਰੂ ਕੀਤੀ ਗਈ। ਇਰਾਨੀ ਲੋਕ ਗ਼ਦਰੀ ਝੰਡੇ ਹੇਠ ਇਕੱਠੇ ਹੋਣ ਲੱਗੇ।


ਮੌਲਵੀ ਅਬਦੁੱਲਾ ਸਿੰਧੀ

**ਮੁਸਲਮਾਨਾਂ ਦੀ ਅੰਗਰੇਜ਼ਾਂ ਨਾਲ ਕੁੜੱਤਣ ਨੂੰ ਤੁਰਕੀ ਉੱਤੇ ਅੰਗਰੇਜ਼ੀ ਸਾਮਰਾਜ ਦੇ ਹਮਲੇ ਨੇ ਫ਼ੈਸਲਾਕੁਨ ਮੋੜ ਉੱਤੇ ਲਿਆਂਦਾ। ਮੁਸਲਮਾਨਾਂ ਨੇ ਇਸਲਾਮੀ ਏਕੇ ਦੀ ਭਾਵਨਾ ਨੂੰ ਹੋਰ ਸ਼ਿੱਦਤ ਨਾਲ ਮਹਿਸੂਸ ਕੀਤਾ। ਭਾਰਤ ਵਿਚੋਂ ਮੌਲਵੀ ਅਬਦੁੱਲਾ ਸਿੰਧੀ, ਮੌਲਵੀ ਮੁਹੰਮਦ ਹਸਨ (ਦਿਉਬੰਦ) ਅਤੇ ਮੁਹੰਮਦ ਮੀਆਂ ਅਨਸਾਰੀ ਵਰਗਿਆਂ ਨੇ ਅਰਬ ਮੁਲਕਾਂ ਦਾ ਰੁਖ਼ ਕਰ ਲਿਆ। ਇਨ੍ਹਾਂ ਨੇ ਤੁਰਕੀ ਅਤੇ ਅਫ਼ਗਾਨਿਸਤਾਨ ਦੀ ਮਦਦ ਨਾਲ ਹਿੰਦੋਸਤਾਨ ਵਿਚੋਂ ਅੰਗਰੇਜ਼ਾਂ ਨੂੰ ਭਜਾਉਣ ਦਾ ਕੰਮ ਵਿੱਢ ਲਿਆ। ਮੱਕਾ, ਮਦੀਨਾ, ਕੁਸਤੁਨਤੁਨੀਆਂ, ਤਹਿਰਾਨ ਅਤੇ ਕਾਬੁਲ ਇਸ ਮੁਹਿੰਮ ਦੇ ਮੁੱਖ ਕੇਂਦਰ ਬਣੇ। ਇਨ੍ਹਾਂ ਮੌਲਵੀਆਂ ਨਾਲ ਗ਼ਦਰ ਪਾਰਟੀ ਦਾ ਸੰਪਰਕ ਬਣ ਗਿਆ। ਦੋਹਾਂ ਨੇ ਇਕੱਠੇ ਹੋ ਕੇ ਲੜਨ ਦਾ ਫ਼ੈਸਲਾ ਕੀਤਾ। ਜਰਮਨ ਨੇ ਜੰਗੀ ਅਤੇ ਮਾਲੀ ਮਦਦ ਦੇਣੀ ਮੰਨ ਲਈ।**

ਇਸ ਹਵਾਲੇ ਨੂੰ ਸਾਰਾਗੜ੍ਹੀ ਦੀ ਘਟਨਾ ਨਾਲ ਜੋੜ ਕੇ ਦੇਖਿਆ ਜਾਵੇ ਤਾਂ ਸਾਨੂੰ ਪੜ੍ਹਾਇਆ ਗਿਆ ਇਤਿਹਾਸ ਮੂਧੇ ਮੂੰਹ ਹੋ ਜਾਂਦਾ ਹੈ। ਸਾਰਾਗੜ੍ਹੀ ਦੇ 'ਸ਼ਹੀਦ' ਪਠਾਣ ਕਬਾਇਲੀਆਂ ਨੂੰ ਦਬਾਉਣ ਲਈ ਅੰਗਰੇਜ਼ਾਂ ਦੀ ਸੇਵਾ ਕਰਦੇ ਦਿਖਾਈ ਦੇਣਗੇ। ਇਨ੍ਹਾਂ 'ਸ਼ਹੀਦਾਂ' ਦੀ ਮਦਦ ਨਾਲ ਹੀ ਬਸਤਾਨ ਇਸਲਾਮੀ ਮੁਲਕਾਂ ਉੱਤੇ ਧਾਵੇ ਬੋਲਦੇ ਰਹੇ ਹਨ। ਗ਼ਦਰੀ ਇਸ ਗ਼ੁਲਾਮ ਜ਼ਿਹਨੀਅਤ ਤੋਂ ਪਿੱਛਾ ਛੁਡਾਉਣ ਦੇ ਤਾਂਘੀ ਸਨ। ਉਹ ਭਰਾ ਮਾਰੂ ਸਿਆਸਤ ਦੀ ਜੜ੍ਹ ਨੂੰ ਖ਼ਤਮ ਕਰਨਾ ਚਾਹੁੰਦੇ

**ਦੇਸ-ਪਰਦੇਸ**

ਸਨ। ਇਸਲਾਮੀ ਮੁਲਕਾਂ ਨਾਲ ਉਨ੍ਹਾਂ ਦਾ ਜੋੜ ਮੇਲ ਇਸ ਦਿਸ਼ਾ ਵੱਲ ਅਹਿਮ ਕਦਮ ਸੀ। ਮੱਧ ਪੂਰਬ ਦੇ ਮੁਸਲਮਾਨ ਆਪਣੀ ਅਤੇ ਹਿੰਦੋਸਤਾਨ ਦੀ ਮੁਕਤੀ ਲਈ ਜਾਨਾਂ ਕੁਰਬਾਨ ਕਰਨ ਲਈ ਤਿਆਰ ਹੋਏ।

ਮਰਜੀਵੜਿਆਂ ਦਾ ਲਸ਼ਕਰ ਗ਼ਦਰੀਆਂ ਦੇ ਝੰਡੇ ਹੇਠ ਬਲੋਚਿਸਤਾਨ ਪਹੁੰਚ ਗਿਆ ਅਤੇ ਕਰਮਾਨ ਸ਼ਹਿਰ ਉੱਤੇ ਕਾਬਜ਼ ਹੋ ਗਿਆ। ਕੁਝ ਗ਼ਦਰੀਆਂ ਦੇ ਫੜੇ ਜਾਣ ਨਾਲ ਪੰਜਾਬ ਦੇ ਗ਼ਦਰੀ ਮੋਰਚੇ ਨਾਲ ਜੋੜ ਨਾ ਹੋ ਸਕਿਆ। ਅੰਗਰੇਜ਼ ਜਰਨੈਲ ਸਾਈਕਸ ਦੀਆਂ ਫ਼ੌਜਾਂ ਗ਼ਦਰੀ ਫ਼ੌਜ ਦਾ ਮੁਕਾਬਲਾ ਕਰਨ ਲਈ ਬਲੋਚਿਸਤਾਨ ਆ ਢੁੱਕੀਆਂ। ਲਹੂ ਡੋਲ੍ਹਵੀਂ ਲੜਾਈ ਵਿਚ ਗ਼ਦਰੀ ਦਾਊਦ ਅਲੀ (ਮਨਮਥ ਨਾਥ ਦੱਤ) ਸ਼ਹੀਦ ਹੋ ਗਏ ਪਰ ਜਿੱਤ ਗ਼ਦਰੀਆਂ ਦੀ ਹੋਈ। ਗ਼ਦਰੀ ਅੰਗਰੇਜ਼ ਫ਼ੌਜਾਂ ਦਾ ਪਿੱਛਾ ਕਰਦੇ ਹੋਏ ਬਲੋਚਿਸਤਾਨ ਦੇ ਅੰਦਰ ਤੱਕ ਬਮ ਕਰਸ਼ਮੀਰ ਦੇ ਇਲਾਕੇ ਵਿਚ ਜਾ ਪਹੁੰਚੇ। ਬਲੋਚਾਂ ਨੇ ਗ਼ਦਰੀਆਂ ਦਾ ਸਾਥ ਦੇਣਾ ਸ਼ੁਰੂ ਕਰ ਦਿੱਤਾ। ਗ਼ਦਰੀ ਫ਼ੌਜ ਅਰਬ ਸਾਗਰ ਦੇ ਕੰਢੇ ਗਵਾਦੋਰ ਅਤੇ ਦਾਵਰ ਵਰਗੇ ਸ਼ਹਿਰਾਂ ਅਤੇ ਘਾਟਾਂ ਉੱਤੇ ਕਬਜ਼ਾ ਜਮਾਉਂਦੀ ਹੋਈ ਕਰਾਚੀ ਵੱਲ ਵਧ ਰਹੀ ਸੀ। ਇੰਨੇ ਨੂੰ ਯੂਰਪ ਵਿਚ ਜੰਗ ਦਾ ਪਾਸਾ ਪਲਟ ਗਿਆ। ਤੁਰਕੀ ਅਤੇ ਜਰਮਨ ਦੀ ਹਾਰ ਹੋ ਗਈ। ਗ਼ਦਰੀਆਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਜਿੱਤਾਂ ਧਰੀਆਂ ਧਰਾਈਆਂ ਰਹਿ ਗਈਆਂ। ਸਰਾਏ ਡਗਰ ਦੀ ਗਹਿ-ਗੱਚ ਲੜਾਈ ਵਿਚ ਗੋਲੀ ਸਿੱਕੇ ਦੀ ਘਾਟ ਕਾਰਨ ਗ਼ਦਰੀ ਹਾਰ ਗਏ ਪਰ ਸੂਰਿਆਂ ਨੇ ਹਥਿਆਰ ਨਹੀਂ ਸੁੱਟੇ। ਕਿਦਾਰ ਨਾਥ ਹਰਿਆਣਾ, ਭਾਈ ਬਸੰਤ ਸਿੰਘ ਚੋਂਦਾ, ਭਾਈ ਹਰਨਾਮ ਸਿੰਘ ਅਤੇ ਦਾਊਦ ਅਲੀ ਵਰਗੇ ਗ਼ਦਰੀ ਸੂਰੇ ਸ਼ਹੀਦੀ ਜਾਮ ਪੀ ਗਏ। ਸੂਫ਼ੀ ਅੰਬਾ ਪ੍ਰਸਾਦ ਦੀ ਬਾਂਹ ਕੱਟੀ ਗਈ। ਪਛਾੜਾਂ ਦੇ ਬਾਵਜੂਦ ਸ਼ੀਰਾਜ਼ ਅਤੇ ਹੋਰ ਇਲਾਕਿਆਂ ਵਿਚ ਸੰਘਰਸ਼ ਸੰਨ 1919 ਤੱਕ ਚਲਦਾ ਰਿਹਾ।

ਬਸਤਾਨਾਂ ਵਿਰੁਧ ਜੰਗ ਵਿਚ ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬਲ ਗ਼ਦਰੀਆਂ ਦਾ ਖ਼ਾਸ ਕੇਂਦਰ ਸੀ। ਮੌਜੂਦਾ ਹਾਲਾਤ ਵਿਚ ਕਾਬਲ ਨਾਲ ਸਾਡੇ ਰਿਸ਼ਤਿਆਂ ਨੂੰ ਗ਼ਦਰੀ ਇਤਿਹਾਸ ਦੇ ਪ੍ਰਸੰਗ ਵਿਚ ਵਾਚਣਾ ਹੋਰ ਜ਼ਰੂਰੀ ਹੋ ਜਾਂਦਾ ਹੈ। ਫਿਰਕਾਪ੍ਰਸਤੀ, ਆਲਮੀਕਰਨ ਅਤੇ ਸਾਮਰਾਜਵਾਦ ਵਿਰੁਧ ਲੜਾਈ ਵਿਚ ਇਸਲਾਮੀ ਮੁਲਕਾਂ ਨਾਲ ਗ਼ਦਰੀਆਂ ਦੀ ਸਾਂਝ ਆਲਮ ਦੀ ਸਾਂਝੀ ਵਿਰਾਸਤ ਦਾ ਹਿੱਸਾ ਹੈ। ਮਨੁੱਖਤਾ ਦੀ ਮੁਕਤੀ ਦੇ ਸੰਘਰਸ਼ ਵਿਚ ਸੂਰਿਆਂ ਨੇ ਹੱਦਾਂ-ਸਰਹੱਦਾਂ ਨੂੰ ਟਿੱਚ ਜਾਣਿਆ ਅਤੇ ਸਾਂਝੀਵਾਲਤਾ ਦੇ ਵਿਚਾਰ ਨੂੰ ਨਵੇਂ ਅਰਥ ਦਿੱਤੇ। ਇਸ ਪ੍ਰਸੰਗ ਵਿਚ ਗ਼ਦਰੀਆਂ ਦਾ ਸ਼ਾਨਾਮੱਤਾ ਇਤਿਹਾਸ ਹਮੇਸ਼ਾ ਪ੍ਰਸੰਗਕ ਰਹੇਗਾ।

# ਭਾਰਤੀ ਲੀਡਰਾਂ ਦੀ ਮੌਕਾਪ੍ਰਸਤੀ

ਅੱਜ ਭਾਰਤ ਦੇ ਸਿਆਸੀ ਲੋਕ ਇਕ-ਦੂਜੇ 'ਤੇ ਦਬਾਅ ਪਾ ਰਹੇ ਹਨ। ਨਾਲ ਹੀ ਆਪਣੀ ਵਿਰੋਧੀ ਪਾਰਟੀ ਦੇ ਨੇਤਾਵਾਂ ਨੂੰ ਆਪਣੇ ਪੱਖ ਵਿਚ ਕਰਨ ਦੀ ਕੋਸ਼ਿਸ਼ ਵੀ ਕਰ ਰਹੇ ਹਨ। ਆਉਣ ਵਾਲੇ ਦਿਨਾਂ ਵਿਚ ਸਾਡੀ ਸਿਆਸਤ 'ਚ ਸਾਜ਼ਿਸ਼, ਦੋਗਲਾਪਨ, ਪਿੱਠ ਵਿਚ ਛੁਰਾ ਮਾਰਨ ਵਰਗੀਆਂ ਅਨੋਖੀਆਂ ਮਿਸਾਲਾਂ ਦੇਖਣ ਨੂੰ ਮਿਲਣਗੀਆਂ। ਹੁਣ ਮੁੱਦਾ ਇਹ ਨਹੀਂ ਹੈ ਕਿ ਕੇਂਦਰ ਵਿਚ ਅਗਲੀ ਸਰਕਾਰ ਕੌਣ ਬਣਾਏਗਾ, ਸਗੋਂ ਮੁੱਦਾ ਇਹ ਹੈ ਕਿ ਕਾਂਗਰਸ ਦੀ ਅਗਵਾਈ ਵਾਲਾ ਯੂ.ਪੀ.ਏ. ਕਿੰਨੀਆਂ ਸਹਿਯੋਗੀ ਪਾਰਟੀਆਂ ਨੂੰ ਆਪਣੇ ਨਾਲ ਜੋੜੀ ਰੱਖਦਾ ਹੈ ਅਤੇ ਭਾਜਪਾ ਦੀ ਅਗਵਾਈ ਵਾਲਾ

**ਪੂਨਮ ਆਈ. ਕੌਸ਼ਿਸ਼**

ਐਨ.ਡੀ.ਏ. ਉਸ ਦੇ ਕਿੰਨੇ ਸਹਿਯੋਗੀਆਂ ਨੂੰ ਖੋਹ ਸਕਦਾ ਹੈ। ਹਰ ਪਾਰਟੀ ਘੋਰ ਮੌਕਾਪ੍ਰਸਤੀ ਦਾ ਪ੍ਰਦਰਸ਼ਨ ਕਰ ਰਹੀ ਹੈ।

ਇਸ ਕੰਮ ਵਿਚ ਪਹਿਲਾ ਨਾਂ ਲੋਕ ਜਨਸ਼ਕਤੀ ਪਾਰਟੀ ਦੇ ਨੇਤਾ ਰਾਮਵਿਲਾਸ ਪਾਸਵਾਨ ਦਾ ਹੈ। 67 ਸਾਲਾ ਪਾਸਵਾਨ ਦਲ-ਬਦਲੀ ਕਰਦੇ ਰਹੇ ਹਨ ਅਤੇ 12 ਸਾਲਾਂ ਬਾਅਦ ਉਹ ਮੁੜ ਐਨ.ਡੀ.ਏ. ਵਿਚ ਸ਼ਾਮਿਲ ਹੋ ਗਏ ਹਨ। ਭੁੱਲਣ ਦੀ ਬਿਮਾਰੀ ਦੇ ਸ਼ਿਕਾਰ ਪਾਸਵਾਨ ਆਸਾਨੀ ਨਾਲ ਇਹ ਭੁੱਲ ਗਏ ਕਿ 2002 ਦੇ ਗੋਧਰਾ ਦੰਗਿਆਂ ਤੋਂ ਬਾਅਦ ਉਨ੍ਹਾਂ ਨੇ ਭਾਜਪਾ ਨੂੰ ਫਿਰਕੂ ਕਿਹਾ ਸੀ ਅਤੇ ਅਟਲ ਬਿਹਾਰੀ ਵਾਜਪਾਈ ਸਰਕਾਰ ਵਿਚ ਮੰਤਰੀ ਅਹੁਦੇ ਤੋਂ ਅਸਤੀਫ਼ਾ ਦਿੱਤਾ ਸੀ। ਸੱਤਾ ਹੜੱਪਣ ਅਤੇ ਮੌਕਿਆਂ ਦਾ ਲਾਭ ਉਠਾਉਣ ਦੇ ਮਾਮਲੇ ਵਿਚ ਉਹ ਮਾਹਿਰ ਮੰਨੇ ਜਾਂਦੇ ਹਨ, ਹਾਲਾਂਕਿ ਜਦੋਂ ਉਹ ਅਤੇ ਰਾਸ਼ਟਰੀ ਜਨਤਾ ਦਲ ਦੇ ਲਾਲੂ ਯਾਦਵ 2009 ਦੀਆਂ ਚੋਣਾਂ ਤੋਂ ਪਹਿਲਾਂ ਯੂ.ਪੀ.ਏ.-1 ਨਾਲੋਂ ਅੱਡ ਹੋ ਗਏ ਸਨ ਤਾਂ 5 ਸਾਲਾਂ ਤਕ ਉਹ ਸਿਆਸੀ ਭੁੱਲ-ਭੁਲੱਈਆਂ ਵਿਚ ਗੁਆਚੇ ਰਹੇ। ਭਾਜਪਾ ਅਤੇ ਲੋਕ ਜਨਸ਼ਕਤੀ ਪਾਰਟੀ ਵਿਚਾਲੇ ਇਸ ਨਵੇਂ ਗੱਠਜੋੜ ਤੋਂ ਪਹਿਲਾਂ ਇਕ ਹਫ਼ਤੇ ਤਕ ਡਰਾਮਾ ਚੱਲਿਆ ਜਿਸ ਵਿਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਪਾਸਵਾਨ ਨੂੰ 10 ਸਾਲਾਂ ਤੋਂ ਚੱਲੇ ਆ ਰਹੇ ਕਾਂਗਰਸ-ਰਾਸ਼ਟਰੀ ਜਨਤਾ ਦਲ-ਲੋਕ ਜਨਸ਼ਕਤੀ ਪਾਰਟੀ ਦੇ ਗੱਠਜੋੜ ਵਿਚ ਬਣਾਈ ਰੱਖਣ ਲਈ ਕੋਸ਼ਿਸ਼ ਕੀਤੀ। ਅੱਡ ਹੋਣ ਲਈ ਪਾਸਵਾਨ ਨੇ ਜੋ ਬਹਾਨਾ ਬਣਾਇਆ, ਉਹ ਸੱਚਮੁਚ ਹਾਸੋਹੀਣਾ ਹੈ ਕਿ ਕਾਂਗਰਸ ਨੇ ਉਸ ਨੂੰ ਸਿਰਫ਼ 5 ਸੀਟਾਂ ਦਿੱਤੀਆਂ, ਜਦਕਿ ਭਾਜਪਾ 7 ਸੀਟਾਂ ਦੇ ਰਹੀ ਹੈ। ਸਪਸ਼ਟ ਹੈ ਕਿ ਰਾਮਵਿਲਾਸ ਪਾਸਵਾਨ ਨੇ ਆਪਣੇ ਸਹਿਯੋਗੀ ਲਾਲੂ ਯਾਦਵ ਦੀ ਪਿੱਠ ਵਿਚ ਹੀ ਛੁਰਾ ਮਾਰ ਦਿੱਤਾ ਹੈ ਜਿਨ੍ਹਾਂ ਨੇ ਉਨ੍ਹਾਂ ਨੂੰ 2010 ਵਿਚ ਯੂ.ਪੀ.ਏ. ਦੇ ਕੋਟੇ 'ਚੋਂ ਰਾਜ ਸਭਾ ਵਿਚ ਭੇਜਿਆ ਸੀ। ਦੂਜੇ ਪਾਸੇ ਭਾਜਪਾ ਨੇ ਹਰ ਰੋਜ਼ ਇਕ ਨਵੇਂ ਸਹਿਯੋਗੀ ਦੀ ਭਾਲ ਨੂੰ ਆਪਣਾ ਟੀਚਾ ਬਣਾ ਲਿਆ ਹੈ, ਕਿਉਂਕਿ ਪਾਸਵਾਨ ਦੀ ਲੋਕ ਜਨਸ਼ਕਤੀ ਪਾਰਟੀ ਨੂੰ ਐਨ.ਡੀ.ਏ. ਵਿਚ ਸ਼ਾਮਿਲ ਕਰਨ ਤੋਂ ਬਾਅਦ ਭਾਜਪਾ ਹੁਣ ਅਸਾਮ ਵਿਚ ਅਸਾਮ ਗਣ ਪ੍ਰੀਸ਼ਦ ਨਾਲ ਸਮਝੌਤਾ ਕਰਨ ਦੇ ਯਤਨ ਕਰ ਰਹੀ ਹੈ।

ਹੁਣ ਜੇ ਪਾਸਵਾਨ ਆਪਣੇ ਸਹਿਯੋਗੀ ਲਾਲੂ ਅਤੇ ਕਾਂਗਰਸ ਦਾ ਸਾਥ ਛੱਡ ਕੇ ਭਾਜਪਾ ਨਾਲ ਜਾ ਸਕਦੇ ਹਨ ਤਾਂ ਦੱਖਣ ਵਿਚ ਡੀ.ਐਮ.ਕੇ. ਸੁਪਰੀਮੋ ਕਰੁਣਾਨਿਧੀ ਨੂੰ ਭਾਜਪਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਨਰਿੰਦਰ ਮੋਦੀ ਦੀ ਤਾਰੀਫ਼ ਕਰਨ ਤੋਂ ਕੌਣ ਰੋਕ ਸਕਦਾ ਹੈ? ਇਕ ਤਮਿਲ ਅਖ਼ਬਾਰ ਵਿਚ ਛਪੀ ਇੰਟਰਵਿਊ ਵਿਚ 90 ਸਾਲਾ ਕਰੁਣਾਨਿਧੀ ਨੇ ਮੋਦੀ ਨੂੰ ਮਿਹਨਤੀ ਅਤੇ ਆਪਣਾ ਚੰਗਾ ਮਿੱਤਰ ਦੱਸਿਆ ਹੈ। ਭਾਜਪਾ ਨਾਲ ਗੱਠਜੋੜ ਬਾਰੇ ਉਨ੍ਹਾਂ ਕਿਹਾ ਹੈ ਕਿ ਇਹ ਚੋਣਾਂ ਤੋਂ ਬਾਅਦ ਦੀ ਹਾਲਤ 'ਤੇ ਨਿਰਭਰ ਕਰੇਗਾ। ਮੋਦੀ 2-ਜੀ ਸਪੈਕਟ੍ਰਮ ਘਪਲੇ ਵਿਚ ਡੀ.ਐਮ.ਕੇ. ਉਤੇ ਤਿੱਖਾ ਹਮਲਾ ਕਰ ਚੁੱਕੇ ਹਨ ਜਿਸ ਵਿਚ ਕਰੁਣਾਨਿਧੀ ਦੀ ਧੀ ਕਨੀਮੋਜ਼ੀ ਅਤੇ ਸਾਬਕਾ ਦੂਰਸੰਚਾਰ ਮੰਤਰੀ ਏ. ਰਾਜਾ ਦੋਸ਼ੀ ਹਨ। ਹੁਣ ਸਾਰਿਆਂ ਦੀਆਂ ਨਜ਼ਰਾਂ ਇਸ ਗੱਲ ਵੱਲ ਹਨ ਕਿ ਕੀ ਪਾਸਵਾਨ ਵਾਂਗ ਡੀ.ਐਮ.ਕੇ. ਵੀ ਐਨ.ਡੀ.ਏ. ਵਿਚ ਵਾਪਸੀ ਕਰੇਗੀ?

ਯਾਦ ਰਹੇ ਕਿ 2004 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਡੀ.ਐਮ.ਕੇ. ਭਗਵਾ ਬ੍ਰਿਗੇਡ ਨਾਲੋਂ ਅੱਡ ਹੋ ਕੇ ਕਾਂਗਰਸ ਦੀ ਅਗਵਾਈ ਵਾਲੇ ਯੂ.ਪੀ.ਏ. ਵਿਚ ਸ਼ਾਮਿਲ ਹੋ ਗਈ ਸੀ ਤੇ ਯੂ.ਪੀ.ਏ. ਦੀਆਂ 2 ਸਰਕਾਰਾਂ ਵਿਚ ਉਸ ਦੀ ਹਿੱਸੇਦਾਰੀ ਰਹੀ ਹੈ। ਜੇ ਹੁਣ ਡੀ.ਐਮ.ਕੇ.,ਐਨ.ਡੀ.ਏ. ਵਿਚ ਸ਼ਾਮਿਲ ਹੁੰਦੀ ਹੈ ਤਾਂ ਕਾਂਗਰਸ ਦੇ ਘਪਲਿਆਂ ਨੂੰ ਲੈ ਕੇ ਮੋਦੀ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦਾ ਕੀ ਹੋਵੇਗਾ? ਉਧਰ, ਭਾਜਪਾ ਵੀ ਘੱਟ ਮੌਕਾਪ੍ਰਸਤ ਨਹੀਂ ਹੈ। ਉਹ ਧਰਮ-ਨਿਰਪੱਖਤਾ ਦੇ ਦੁਸ਼ਮਣਾਂ ਨਾਲ ਹੱਥ ਮਿਲਾਉਣਾ ਚਾਹੁੰਦੀ ਹੈ। ਸੱਤਾ ਵਿਚ ਆਉਣ ਲਈ ਉਸ ਨੇ ਕਰਨਾਟਕ ਦੇ ਭ੍ਰਿਸ਼ਟ ਨੇਤਾ ਯੇਡੀਯੁਰੱਪਾ ਨਾਲ ਸੁਲ੍ਹਾ ਕਰ ਕੇ ਉਸ ਨੂੰ ਮੁੜ ਪਾਰਟੀ ਵਿਚ ਸ਼ਾਮਿਲ ਕਰ ਲਿਆ ਹੈ। ਭਾਜਪਾ ਤ੍ਰਿਣਮੂਲ ਕਾਂਗਰਸ ਦੀ ਨੇਤਾ ਮਮਤਾ ਬੈਨਰਜੀ ਨੂੰ ਵੀ ਮਨਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਮੋਦੀ ਨੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਸ਼ਰਦ ਪਵਾਰ ਨੂੰ ਵੀ ਸੁਨੇਹਾ ਭੇਜਿਆ ਹੈ ਜਿਨ੍ਹਾਂ ਨੇ ਅਜੇ ਆਪਣਾ ਰੁਖ਼ ਸਪਸ਼ਟ ਨਹੀਂ ਕੀਤਾ ਹੈ। ਜਿਥੋਂ ਤਕ ਕਾਂਗਰਸ ਦਾ ਸਵਾਲ ਹੈ, ਲੱਗਦਾ ਹੈ ਕਿ ਉਹ 'ਕੱਲ ਹੋ ਯਾ ਨਾ ਹੋ' ਸਿੰਡ੍ਰੋਮ ਤੋਂ ਪੀੜਤ ਹੈ। ਹਾਲ ਹੀ ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦਾ ਪੱਤਾ ਸਾਫ਼ ਹੋ ਗਿਆ ਅਤੇ ਹੁਣ ਉਸ ਦੇ ਸਹਿਯੋਗੀ ਯੂ.ਪੀ.ਏ. ਨਾਲੋਂ ਅੱਡ ਹੋ ਰਹੇ ਹਨ। ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਸਾਰੀਆਂ ਪਾਰਟੀਆਂ ਨੂੰ ਧਰਮ-ਨਿਰਪੱਖ ਗੱਠਜੋੜ ਵਿਚ ਸ਼ਾਮਿਲ ਹੋਣ ਅਤੇ ਭਾਜਪਾ ਦੀ ਫਿਰਕਾਪ੍ਰਸਤੀ ਤੋਂ ਦੂਰ ਰਹਿਣ ਲਈ ਮਨਾ ਰਹੇ ਹਨ। 11 ਖੇਤਰੀ ਨੇਤਾਵਾਂ/ ਪਾਰਟੀਆਂ ਬਾਰੇ ਘੱਟ ਹੀ ਕਿਹਾ ਜਾਵੇ ਤਾਂ ਚੰਗਾ ਹੈ ਜੋ ਅੱਜ ਇਕਜੁੱਟ ਹਨ। ਤਾਮਿਲਨਾਡੂ ਦੀ ਮੁੱਖ ਮੰਤਰੀ ਜੈਲਲਿਤਾ, ਬਿਹਾਰ ਦੇ ਨਿਤੀਸ਼ ਕੁਮਾਰ, ਉੜੀਸਾ ਦੇ ਨਵੀਨ ਪਟਨਾਇਕ, ਯੂ.ਪੀ. ਦੇ ਮੁਲਾਇਮ ਸਿੰਘ ਯਾਦਵ, ਸੀ.ਪੀ.ਆਈ., ਸੀ.ਪੀ.ਐਮ., ਆਰ.ਐਸ.ਪੀ. ਅਤੇ ਫਾਰਵਰਡ ਬਲਾਕ ਵਰਗੀਆਂ ਖੱਬੇਪੱਖੀ ਪਾਰਟੀਆਂ, ਅਸਾਮ ਗਣ ਪ੍ਰੀਸ਼ਦ, ਝਾਰਖੰਡ ਵਿਕਾਸ ਮੋਰਚਾ ਅਤੇ ਦੇਵੇਗੌੜਾ ਦਾ ਜਨਤਾ ਦਲ (ਐਸ) ਇਸ ਗੱਠਜੋੜ ਵਿਚ ਸ਼ਾਮਿਲ ਹਨ। ਮੌਜੂਦਾ ਲੋਕ ਸਭਾ ਵਿਚ ਇਨ੍ਹਾਂ ਪਾਰਟੀਆਂ ਦੇ 92 ਸੰਸਦ ਮੈਂਬਰ ਹਨ ਅਤੇ ਇਹ ਸਾਰੇ ਨੇਤਾ ਹਰ ਧਰਮ-ਨਿਰਪੱਖ ਪਾਰਟੀ ਨਾਲ 'ਗੁੱਲੀ-ਡੰਡਾ' ਖੇਡਣ ਲਈ ਤਿਆਰ ਹਨ ਅਤੇ ਦੋਹਾਂ ਕੌਮੀ ਪਾਰਟੀਆਂ ਨੂੰ ਚੁਣੌਤੀ ਦੇਣ ਦੀਆਂ ਗੱਲਾਂ ਵੀ ਕਰ ਰਹੇ ਹਨ।

ਇਹ ਸੱਚ ਹੈ ਕਿ ਅੱਜ ਦੇ ਸਿਆਸੀ ਮਾਹੌਲ ਵਿਚ ਸਮਝੌਤਾ ਕਰਨ ਦੀ ਕਲਾ ਅਹਿਮ ਹੋ ਗਈ ਹੈ ਜਿਸ ਵਿਚ ਫਿਰਕੂ ਮਿੱਤਰ ਅਤੇ ਧਰਮ-ਨਿਰਪੱਖ ਦੁਸ਼ਮਣ ਸਾਰੇ ਇਕ ਰੰਗ ਵਿਚ ਰੰਗੇ ਹੋਏ ਹਨ। ਇਸ ਦਾ ਸਿੱਧਾ ਜਿਹਾ ਮਤਲਬ ਸੱਤਾ ਦੀ ਭੁੱਖ ਹੈ। ਸਾਰੀਆਂ ਸਿਆਸੀ ਪਾਰਟੀਆਂ ਸੱਤਾ ਲਈ ਆਪਣੀ ਸਿਆਸੀ ਵਚਨਬੱਧਤਾ ਦੇ ਖੋਖਲੇਪਨ ਨੂੰ ਜ਼ਾਹਿਰ ਕਰ ਰਹੀਆਂ ਹਨ। ਇਸ ਮਾਹੌਲ ਵਿਚ ਇਹ ਸਪਸ਼ਟ ਨਹੀਂ ਕਿ ਭਾਰਤੀ ਲੋਕਤੰਤਰ ਆਖਰ ਕਿਸ ਦਿਸ਼ਾ ਵੱਲ ਵਧ ਰਿਹਾ ਹੈ।

## ਖ਼ੂਨ ਨਾਲ ਰੰਗੇ ਹੱਥ ਅਤੇ ਚੋਣ ਸਰਵੇਖਣ

*(ਪਿਛਲੇ ਸਫੇ ਤੋਂ ਜਾਰੀ)*

ਹੈ। ਮੈਨਹਟਨ ਇੰਸਟੀਚਿਊਟ ਫਾਰ ਪਾਲਿਸੀ ਰਿਸਰਚ ਜਿਸ ਦੀ ਸਥਾਪਨਾ 1978 ਵਿਚ ਵਿਲੀਅਮ ਕੈਸੀ ਨੇ ਕੀਤੀ ਸੀ, ਉਹ ਪਿੱਛੋਂ ਰੀਗਨ ਦੇ ਰਾਜ ਸਮੇਂ ਸੀ.ਆਈ.ਏ. ਦਾ ਡਾਇਰੈਕਟਰ ਬਣਿਆ। ਉਪਰੋਕਤ ਤੱਥਾਂ ਤੋਂ ਇਕ ਚੀਜ਼ ਸਾਫ਼ ਹੋ ਜਾਂਦੀ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਹਿੰਦੁਸਤਾਨ ਦੀ ਸਿਆਸਤ ਵਿਚ ਜੋ ਦੇਖਣ ਵਿਚ ਆਇਆ, ਉਹ ਸੰਸਾਰ ਪੱਧਰ ਦੇ ਫਾਸ਼ੀਵਾਦੀ ਏਜੰਡੇ ਦਾ ਹਿੱਸਾ ਸੀ ਜਿਸ ਦੀ ਤਸਦੀਕ ਇਸ 27 ਫਰਵਰੀ ਨੂੰ ਪਿਊ ਦੇ ਹਾਲੀਆ ਚੋਣ ਸਰਵੇਖਣ ਨਾਲ ਹੋ ਗਈ ਹੈ। ਸ਼ਾਹ ਆਲਮ ਕੈਂਪ ਦੀਆਂ ਭਟਕਦੀਆਂ ਰੂਹਾਂ (ਗੁਜਰਾਤ ਵਿਚ ਮੁਸਲਮਾਨਾਂ ਦੀ ਕਤਲੋਗਾਰਤ ਪਿੱਛੋਂ ਅਹਿਮਦਾਬਾਦ ਦੇ ਸ਼ਾਹ-ਏ-ਆਲਮ ਦੀ ਦਰਗਾਹ ਖੇਤਰ ਵਿਚ ਬਣਾਇਆ ਸਭ ਤੋਂ ਵੱਡਾ ਮੁਸਲਿਮ ਰਾਹਤ ਕੈਂਪ ਜਿਥੇ ਕਤਲੋਗਾਰਤ ਦਾ ਸ਼ਿਕਾਰ ਹੋਏ 13000 ਮੁਸਲਮਾਨ ਕਿਸੇ ਤਰ੍ਹਾਂ ਆਪਣੀਆਂ ਜਾਨਾਂ ਬਚਾ ਕੇ ਆਣ ਛੁਪੇ ਸਨ ਅਤੇ ਜਿਥੇ ਬੇਵਸੀ ਦੇ ਆਲਮ ਵਿਚ ਹਫ਼ਤਿਆਂ ਬੱਧੀ ਉਨ੍ਹਾਂ ਨੇ ਭੁੱਖੇ ਤਿਹਾਏ ਨੀਲੀ ਛੱਤ ਹੇਠਾਂ ਗੁਜ਼ਾਰੇ) ਨਾਲ ਇਸ ਤੋਂ ਵੱਡਾ ਧੋਖਾ ਸ਼ਾਇਦ ਨਹੀਂ ਹੋ ਸਕਦਾ। ਯਕੀਨ ਕਰਿਓ, ਚੌਦਵੀਂ ਲੋਕ ਸਭਾ ਲਈ ਫਾਸ਼ੀਵਾਦ ਨੂੰ ਜਿਤਾ ਕੇ ਸੱਤਾਧਾਰੀ ਬਣਾਏ ਜਾਣ ਉਪਰ ਅਮਰੀਕੀ ਮੋਹਰ ਲੱਗ ਚੁੱਕੀ ਹੈ।

*(ਲੰਮੇ ਲੇਖ ਦਾ ਸੰਖੇਪ ਰੂਪ)*

# ਮੋਦੀ, ਨਰਿੰਦਰ ਮੋਦੀ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਭਾਰਤੀ ਜਨਤਾ ਪਾਰਟੀ, ਅਕਾਲੀ ਦਲ ਤੇ ਕੁਝ ਹੋਰ ਸਹਿਯੋਗੀ ਪਾਰਟੀਆਂ ਨੇ ਅਗਲੀਆਂ ਪਾਰਲੀਮਾਨੀ ਚੋਣਾਂ ਲਈ ਗੁਜਰਾਤ ਦੇ ਮੁਖ ਮੰਤਰੀ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਤਾਰਿਆ ਹੈ। 2002 ਵਿਚ ਗੋਧਰਾ ਰੇਲ ਅਗਨੀ ਕਾਂਡ ਪਿਛੋਂ ਗੁਜਰਾਤ ਵਿਚ ਮੁਸਲਮਾਨਾਂ ਦੇ ਖਿਲਾਫ਼ ਵਿਆਪਕ ਹਿੰਸਾ ਢਾਹੁਣ ਕਾਰਨ ਨਰਿੰਦਰ ਮੋਦੀ ਦੇਸ਼ ਭਰ ਵਿਚ ਬਦਨਾਮ ਹੋਇਆ ਹੈ। ਉਸ ਦਾ ਮੁਸਲਮਾਨ ਵਿਰੋਧੀ ਤੇ ਫਿਰਕੂ ਰਵੱਈਆ ਕਿਸੇ ਤੋਂ ਛੁਪਿਆ ਨਹੀਂ। ਭਾਰਤੀ ਰਾਜਨੀਤੀ ਦਾ ਨਿਘਾਰ ਦੇਖੋ ਜੁ ਅਜਿਹੇ ਹਾਲਾਤ ਬਣ ਰਹੇ ਹਨ ਕਿ ਸ਼ਾਇਦ ਘੋਰ ਫਿਰਕਾਪ੍ਰਸਤੀ ਦੀ ਰਾਜਨੀਤੀ ਕਰਨ ਵਾਲਾ ਇਹ ਹੈਂਕੜਬਾਜ਼ ਮੋਦੀ ਦੇਸ਼ ਦਾ ਸਰਵਉਚ ਅਧਿਕਾਰੀ ਬਣ ਬੈਠੇ। ਸ਼ੁਭ ਸਮਾਚਾਰ ਇਹ ਹੈ ਕਿ ਇਕ ਵਿਆਪਕ ਲਹਿਰ ਬਣ ਚੁੱਕੀ 'ਆਮ ਆਦਮੀ ਪਾਰਟੀ' ਦੀ ਤੇਜ਼ੀ ਨਾਲ ਵਧ ਰਹੀ ਲੋਕਪ੍ਰਿਅਤਾ ਕਾਰਨ ਨਰਿੰਦਰ ਮੋਦੀ ਦੀ ਚੜ੍ਹਤ ਵਿਚ ਠੱਲ੍ਹ ਪੈਣ ਦੀਆ ਸੰਭਾਵਨਾਵਾਂ ਨਜ਼ਰ ਆਉਣ ਲੱਗੀਆਂ ਹਨ। ਖੈਰ! ਦੇਸ਼ ਭਰ ਵਿਚ ਮੋਦੀ ਦਾ ਨਾਂ ਗਿਆ ਹੈ ਤਾਂ ਸੋਚਿਆ ਕਿ ਮੋਦੀ ਉਪ ਨਾਂ ਅਤੇ ਸ਼ਬਦ ਬਾਰੇ ਹੀ ਕੁਝ ਲਿਖਿਆ ਜਾਵੇ। ਇਸ ਬਾਰੇ ਮੇਰੇ ਦੋਸਤ ਅਜਿਤ ਵਡਨੇਰਕਰ ਨੇ ਕਾਫੀ ਲਿਖਿਆ ਹੈ ਤੇ ਮੈਂ ਵੀ ਖੋਜ ਕੀਤੀ ਹੈ। ਇਸ ਤਰ੍ਹਾਂ ਇਹ ਲੇਖ ਭਾਵੇਂ ਮੁਖ ਤੌਰ 'ਤੇ ਵਡਨੇਰਕਰ ਦੀ ਖੋਜ 'ਤੇ ਹੀ ਆਧਾਰਤ ਹੈ ਪਰ ਇਸ ਵਿਚ ਮੇਰਾ ਵੀ ਚੋਖਾ ਦਖਲ ਹੈ।

ਸਾਡੀਆਂ ਭਾਸ਼ਾਵਾਂ ਵਿਚ ਵਣਜ ਦੇ ਕਿੱਤੇ ਨਾਲ ਸਬੰਧਤ ਕਈ ਸ਼ਬਦ ਹਨ ਜਿਨ੍ਹਾਂ ਵਿਚੋਂ ਇੱਕ ਹੈ ਮੋਦੀ। ਪ੍ਰਸਿਧ ਵਣਜ ਘਰਾਣੇ, ਮੋਦੀ ਦੇ ਸੰਸਥਾਪਕ ਦਾ ਨਾਂ ਰਾਏ ਬਹਾਦਰ ਗੁੱਜਰ ਮੱਲ ਮੋਦੀ ਹੈ। ਇਹ ਹਰਿਆਣੇ ਦਾ ਰਹਿਣ ਵਾਲਾ ਸੀ ਤੇ ਪਟਿਆਲੇ ਵਿਚ ਪੜ੍ਹਿਆ ਸੀ। ਇਸ ਨੇ ਉਤਰ ਪ੍ਰਦੇਸ਼ ਵਿਚ ਮੋਦੀਨਗਰ ਨਾਂ ਦਾ ਸ਼ਹਿਰ ਵੀ ਵਸਾਇਆ ਹੈ। ਪਾਰਸੀਆਂ ਵਿਚ ਵੀ ਮੋਦੀ ਉਪ ਨਾਂ ਹੈ ਜਿਵੇਂ ਇਨ੍ਹਾਂ ਦੇ ਧਾਰਮਿਕ ਮੁਖੀ ਅਤੇ ਵਿਦਵਾਨ ਸਰ ਐਰਵਦ ਜੀਵਨਜੀ ਜਮਸ਼ਾਦ ਜੀ ਮੋਦੀ। ਬਹੁਤ ਸਾਰੇ ਉਪਨਾਮ ਪੇਸ਼ੇ ਜਾਂ ਸਥਾਨ ਦੇ ਸੂਚਕ ਹੁੰਦੇ ਹਨ ਜਿਵੇਂ ਦਾਰੂਵਾਲਾ (ਦਾਰੂ ਬਣਾਉਣ ਦਾ ਧੰਦਾ ਕਰਨ ਵਾਲਾ), ਬੌਕਸਵਾਲਾ। ਮੋਦੀ ਭਾਵੇਂ ਬਾਣੀਆ ਜਾਤੀ ਦਾ ਗੋਤ ਹੈ ਪਰ ਇਸ ਦੋ ਅੱਖਰੀ ਸ਼ਬਦ ਤੋਂ ਇਸ ਦੇ ਅਰਥਾਂ ਦਾ ਸਿਧੇ ਤੌਰ 'ਤੇ ਕੋਈ ਕੋਈ ਥਹੁ ਨਹੀਂ ਲਭਦਾ।

ਬਹੁਤ ਸਾਰੇ ਪ੍ਰਸਿਧ ਸ਼ਬਦਕੋਸ਼ਾਂ ਤੋਂ ਮੋਦੀ ਸ਼ਬਦ ਬਾਰੇ ਤਸੱਲੀਬਖਸ਼ ਜਾਣਕਾਰੀ ਨਹੀਂ ਮਿਲਦੀ। ਕਈ ਇਸ ਦਾ ਸਬੰਧ ਸੰਸਕ੍ਰਿਤ ਦੇ ਮੋਦ (ਅਨੰਦ) ਜਾਂ ਮੋਦਕ (ਲੱਡੂ) ਨਾਲ ਜੋੜਦੇ ਹਨ। ਹਾਂ, ਕੋਸ਼ਾਂ ਵਿਚ ਇਸ ਦਾ ਸਬੰਧ ਬਾਣੀਆ ਜਾਤੀ, ਲੂਣ, ਤੇਲ, ਮਿਰਚ ਵੇਚਣ ਵਾਲਾ, ਆਟਾ ਦਾਲ ਚਾਵਲ ਵੇਚਣ ਵਾਲਾ, ਆੜਤੀਆ, ਪਰਚੂਨੀਆ ਆਦਿ ਜ਼ਰੂਰ ਦੱਸਿਆ ਗਿਆ ਹੈ। ਅਜਿਹੇ ਕਿੱਤੇ ਮੋਦ ਸ਼ਬਦ ਦੇ ਅਨੰਦ ਵਾਲੇ ਅਰਥਾਂ ਨਾਲ ਮੇਲ ਨਹੀਂ ਖਾਂਦੇ। ਪਲੈਟਸ ਤੇ ਕੁਝ ਹੋਰ ਕੋਸ਼ਕਾਰ ਇਸ ਦਾ ਸਬੰਧ ਹਲਵਾਈ ਨਾਲ ਦੱਸਦੇ ਹਨ ਜਿਸ ਤੋਂ ਲਗਦਾ ਹੈ ਕਿ ਉਹ ਮੋਦੀ ਦੇ ਲੱਡੂ ਵਾਲੇ ਅਰਥ ਤੋਂ ਪ੍ਰਭਾਵਤ ਹਨ। ਹਿੰਦੀ ਸ਼ਬਦਸਾਗਰ ਵਿਚ ਇਸ ਦਾ ਸਬੰਧ ਸੰਸਕ੍ਰਿਤ ਮੋਦਕ ਦੇ ਨਾਲ ਜੋੜਦੇ ਹੋਏ ਇਸ ਦਾ ਅਰਬੀ ਨਾਲ ਵੀ ਸਬੰਧ ਦੱਸਿਆ ਗਿਆ ਹੈ।

ਕਬੀਰ ਨੇ ਇਕ ਥਾਂ ਮੋਦੀ ਸ਼ਬਦ ਵਰਤਿਆ ਹੈ, "ਮਾਇਆ ਮੇਰੇ ਰਾਮ ਕੀ, ਮੋਦੀ ਸਭ ਸੰਸਾਰ, ਜਾਕੀ ਚਿੱਠੀ ਉਤਰੀ ਸੋਈ ਖਰਚਣਹਾਰ।" ਇਹ ਦੋਹਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ।



ਦਿਲਚਸਪ ਗੱਲ ਹੈ ਕਿ ਭਾਈ ਕਾਹਨ ਸਿੰਘ ਦੇ ਮਹਾਨ ਕੋਸ਼ ਵਿਚ ਵੀ ਇਸ ਦੇ ਪਹਿਲੇ ਅਤੇ ਦੂਜੇ ਅਰਥ ਯਾਨਿ ਅਨੰਦ ਦੇਣ ਵਾਲਾ, ਖੁਸ਼, ਪ੍ਰਸੰਨ ਨੂੰ ਸੰਸਕ੍ਰਿਤ ਮੋਦਿਨ ਨਾਲ ਜੋੜਿਆ ਗਿਆ ਹੈ। ਪਰ ਮਹਾਨ ਕੋਸ਼ ਨੇ ਇਸ ਦਾ ਤੀਜਾ ਅਰਥ ਅਰਬੀ ਤੋਂ ਆਇਆ ਦੱਸ ਕੇ ਕਿਹਾ ਹੈ, "ਅਦਾ ਕਰਨ ਵਾਲਾ, ਪਹੁੰਚਾਉਣ ਵਾਲਾ, ਜੋ ਰਸਦ ਆਦਿ ਸਾਮਾਨ ਪਹੁੰਚਾਉਂਦਾ ਹੈ।" ਸਪਸ਼ਟ ਹੈ ਕਿ ਉਹ ਇਸ ਨੂੰ ਅਰਬੀ "ਅਦਾ" ਨਾਲ ਜੋੜਦੇ ਹਨ। ਇਸ ਦਾ ਚੌਥਾ ਅਰਥ 'ਮਿਹਰਬਾਨ' ਦੱਸਿਆ ਹੈ ਜੋ ਅਰਬੀ ਮੂਦੀ ਦਾ ਬਦਲਿਆ ਰੂਪ ਹੈ ਤੇ ਨਾਲ ਹੀ ਨਾਮਦੇਵ ਨੂੰ ਉਧਰਿਤ ਕੀਤਾ ਹੈ, "ਮੋਦੀ ਕੇ ਘਰਿ ਖਾਣਾ ਪਾਕਾ, ਵਾਕ੍ਰਾ ਲੜਕਾ ਮਾਰਿਆ ਥਾ।" ਇਥੇ ਏਨਾ ਕੁ ਸੰਕੇਤ ਦੇ ਦੇਈਏ ਕਿ ਗਿਆਨੀ ਸਾਹਿਬ ਸਿੰਘ ਨੇ ਇਸ ਦਾ ਅਰਥ ਭੰਡਾਰੀ ਕੀਤਾ ਹੈ ਕਿਉਂਕਿ ਇਸ ਤੁਕ ਵਿਚੋਂ ਸ਼ਿਵ ਜੀ ਦੇ ਭੰਡਾਰੀ ਹੋਣ ਦੇ ਗੁਣ ਨਿਰੂਪਤ ਹੁੰਦੇ ਹਨ। ਖੈਰ! ਮਹਾਨ ਕੋਸ਼ ਵਿਚ ਆਖਰੀ ਦੋਨੋਂ ਪ੍ਰਸੰਗਾਂ ਵਿਚ ਇਸ ਨੂੰ ਅਰਬੀ ਨਾਲ ਜੋੜਿਆ ਗਿਆ ਹੈ ਜੋ ਦਰੁਸਤ ਹੈ ਪਰ ਕੀ ਉਸ ਵਜੋਂ ਦਰਸਾਏ ਅਰਬੀ ਦੇ ਮੂਲ ਸਹੀ ਹਨ? ਅਸੀਂ ਇਸ ਗੱਲ 'ਤੇ ਵਿਚਾਰ ਕਰਾਂਗੇ ਕਿ ਮੋਦੀ ਉਪ ਨਾਂ ਵਜੋਂ ਇਸ ਦਾ ਸਬੰਧ ਲੱਡੂ/ਅਨੰਦ ਨਾਲ ਜਾਂ ਮਿਹਰਬਾਨ ਜਿਹੇ ਅਰਥ ਨਾਲ ਹੈ ਜਾਂ ਨਹੀਂ।

ਮੋਦੀ ਸ਼ਬਦ ਮੁਸਲਮਾਨੀ ਹਕੂਮਤ ਦੌਰਾਨ ਭਾਰਤੀ ਭਾਸ਼ਾਵਾਂ ਵਿਚ ਰਚ ਗਏ ਬੇਸ਼ੁਮਾਰ ਅਰਬੀ-ਫਾਰਸੀ ਲਫ਼ਜ਼ਾਂ ਵਿਚੋਂ ਇਕ ਮਾਲੂਮ ਹੁੰਦਾ ਹੈ। ਇਸ ਸਮੇਂ ਵਿਚ ਬਹੁਤ ਸਾਰੇ ਸ਼ਬਦ ਅਜਿਹੇ ਹਨ ਜਿਨ੍ਹਾਂ ਦਾ ਸਬੰਧ ਫੌਜ ਨਾਲ ਹੈ ਜਿਵੇਂ ਬਹਾਦਰ, ਫੌਜਦਾਰ, ਨਾਇਬ, ਅਹਿਦੀ ਆਦਿ। ਇਸ ਤਰ੍ਹਾਂ ਮੋਦੀ ਸ਼ਬਦ ਅਰਬੀ ਤੋਂ ਪੰਜਾਬੀ ਸਮੇਤ ਹੋਰ ਭਾਰਤੀ ਭਾਸ਼ਾਵਾਂ ਵਿਚ ਦਾਖਿਲ ਹੋਇਆ ਪਰ ਬੜੇ ਟੇਢੇ ਜਿਹੇ ਢੰਗ ਨਾਲ। ਬਰਤਾਨਵੀ ਸਾਮਰਾਜ ਸਮੇਂ ਅੰਗਰੇਜ਼ੀ ਵਿਚ ਵੜ ਗਏ ਭਾਰਤੀ ਸ਼ਬਦਾਂ ਬਾਰੇ ਇਕ ਕੋਸ਼ ਵਿਚ ਮੋਦੀ ਸ਼ਬਦ ਦਾ ਜ਼ਿਕਰ ਕਰਦਿਆਂ ਦੱਸਿਆ ਗਿਆ ਹੈ ਕਿ ਰਿਆਸਤੀ ਦੌਰ ਵਿਚ ਲਗਾਨ ਦੀ ਵਸੂਲੀ ਅਨਾਜ ਦੇ ਰੂਪ ਵਿਚ ਇਕੱਠੀ ਹੁੰਦੀ ਸੀ ਤੇ ਜਿਸ ਗੁਦਾਮ ਵਿਚ ਇਹ ਇਕੱਠੀ ਹੁੰਦੀ ਸੀ ਉਸ ਨੂੰ ਮੋਦੀਖਾਨਾ ਕਿਹਾ ਜਾਂਦਾ ਸੀ। ਭਾਰਤੀ ਭਾਸ਼ਾਵਾਂ ਵਿਚ ਪੰਸਾਰੀ ਦੇ ਅਰਥ ਵਿਚ ਮੋਦੀ ਸ਼ਬਦ ਪ੍ਰਚਲਿਤ ਹੈ। ਦੇਸ਼ ਦੇ ਕਈ ਸ਼ਹਿਰਾਂ ਵਿਚ ਅਜੇ ਵੀ ਮੋਦੀਖਾਨੇ ਦੇਖੇ ਜਾ ਸਕਦੇ ਹਨ ਜਿਵੇਂ ਜੈਪੁਰ ਦਾ ਚੌਕੜੀ ਮੋਦੀਖਾਨਾ ਤੇ ਪੂਨੇ ਦਾ ਨਿਊ ਮੋਦੀਖਾਨਾ। ਗੁਰੂ ਨਾਨਕ ਵਾਲੇ ਮੋਦੀਖਾਨੇ ਤੋਂ ਪੰਜਾਬੀ ਚੰਗੀ ਤਰ੍ਹਾਂ ਜਾਣੂੰ ਹਨ।

ਗੁਜਰਾਤੀ, ਮਰਾਠੀ, ਪੰਜਾਬੀ ਤੇ ਹੋਰ ਕਈ ਸ੍ਰੋਤਾਂ ਤੋਂ ਮੋਦੀ ਸ਼ਬਦ ਦੇ ਜੋ ਅਰਥ ਉਭਰਦੇ ਹਨ ਉਹ ਹਨ, ਲਗਾਨ ਅਧਿਕਾਰੀ, ਕਾਰਿੰਦਾ, ਗੁਮਾਸ਼ਤਾ, ਦੀਵਾਨ, ਪਿੰਡ ਦਾ ਮੁਖੀਆ, ਵਪਾਰੀ, ਚੌਧਰੀ, ਭੰਡਾਰੀ, ਆੜ੍ਹਤੀਆ, ਪੰਸਾਰੀ, ਦੁਕਾਨਦਾਰ ਆਦਿ। ਜਨਮ ਸਾਖੀਆਂ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਆਪਣੇ ਭਣੋਈਏ ਸ੍ਰੀ ਜੈ ਚੰਦ ਦੇ ਨਗਰ ਸੁਲਤਾਨਪੁਰ ਵਿਚ ਇਕ ਮੋਦੀਖਾਨੇ ਵਿਚ ਨੌਕਰੀ ਕੀਤੀ ਸੀ। ਸਿੱਖ ਵਿਦਵਾਨ ਵੀ ਮੋਦੀਖਾਨੇ ਨੂੰ ਇਕ ਰਸਦ ਭੰਡਾਰ ਹੀ ਦਸਦੇ ਹਨ। ਭਾਵੇਂ ਕਈ ਭਾਰਤੀ ਭਾਸ਼ਾਵਾਂ ਦੇ ਕੋਸ਼ਾਂ ਵਿਚ ਇਸ ਸ਼ਬਦ ਦਾ ਸ੍ਰੋਤ ਅਰਬੀ ਮਦਈ ਜਿਹਾ ਸ਼ਬਦ ਦੱਸਿਆ ਗਿਆ ਹੈ ਪਰ ਅਰਬੀ, ਫਾਰਸੀ ਕੋਸ਼ਾਂ ਵਿਚ ਇਹ ਸ਼ਬਦ ਸੁਤੰਤਰ ਤੌਰ 'ਤੇ ਨਹੀਂ ਲਭਦਾ। ਇਕ ਮੁਆਦੀ ਸ਼ਬਦ ਹੈ ਜੋ 'ਅਦਾ' ਤੋਂ ਬਣਿਆ ਹੈ ਪਰ ਇਸ ਤੋਂ ਵੀ ਮੋਦੀ ਦੇ ਭਾਵ ਵਿਕਸਿਤ ਹੋਣ ਦੀ ਸੰਭਾਵਨਾ ਨਹੀਂ। ਹਾਂ, ਇਸ ਨਾਲ ਰਲਦੇ ਮਿਲਦੇ ਕੁਝ ਹੋਰ ਸ਼ਬਦ ਅਰਬੀ ਵਿਚ ਜ਼ਰੂਰ ਮੌਜੂਦ ਹਨ ਜਿਵੇਂ ਵਿਸ਼ੇ-ਵਸਤੂਆਂ ਵਿਚ ਰੁਚੀ ਰੱਖਣ ਵਾਲਾ=ਮੱਦੀ; ਭੇਜਣ ਵਾਲਾ= ਮੁਆਦੀ; ਵਿਸ਼ਾ ਵਸਤੂ=ਮੁੱਦਾ। ਅਨੁਮਾਨ ਹੈ ਕਿ ਇਨ੍ਹਾਂ ਭਾਵਾਂ ਤੋਂ ਹੀ ਮੋਦੀ ਜਿਹਾ ਸ਼ਬਦ ਭਾਰਤ ਵਿਚ ਵਿਕਸਿਤ ਹੋਇਆ।

ਮੋਦੀ ਦੇ ਅਰਥ ਵਜੋਂ ਗਿਣਾਏ ਗਏ ਸਾਰੇ ਸ਼ਬਦਾਂ ਦਾ ਸਬੰਧ ਸਾਮੀ ਮੂਲ "ਮੱਦ (ਮ-ਦ-ਦ)" ਨਾਲ ਜਾ ਜੁੜਦਾ ਹੈ। ਇਸ ਮੂਲ ਵਿਚ ਮੁਖ ਭਾਵ ਫੈਲਾਅ, ਵਿਸਤਾਰ ਦਾ ਉਜਾਗਰ ਹੁੰਦਾ ਹੈ। ਇਸ ਨਜ਼ਰੀਏ ਤੋਂ ਦੇਖਿਆਂ ਰਸਦ ਪਹੁੰਚਾਉਣਾ, ਪੂਰਤੀ ਕਰਨਾ, ਮਾਲ ਭੇਜਣਾ, ਸਭ ਕਾਸੇ ਵੱਲ ਰਸਾਈ ਕਰਨ, ਲਮਕਣ ਅਰਥਾਤ ਫੈਲਣ ਦਾ ਹੀ ਆਸ਼ਾ ਹੈ। ਰਸਦ ਭੇਜਣ ਤੋਂ ਸਹਾਇਤਾ ਦਾ ਭਾਵ ਸਾਹਮਣੇ ਆਉਂਦਾ ਹੈ, ਇਸ ਲਈ ਮੱਦ ਤੋਂ ਹੀ ਮਦਦ ਜਿਹਾ ਸ਼ਬਦ ਬਣਦਾ ਹੈ ਤੇ ਇਸ ਤੋਂ ਅੱਗੇ ਮਦਦਗਾਰ। ਸਹਾਇਤਾ ਦੇ ਅਰਥਾਂ ਵਾਲਾ ਇਮਦਾਦ ਵੀ ਇਸੇ ਤੋਂ ਬਣਿਆ। ਅਰਬੀ ਵਿਚ ਖੁਦ ਇਕ ਮੱਦ ਸ਼ਬਦ ਹੈ ਜਿਸ ਦਾ ਪੰਜਾਬੀ ਰੂਪ 'ਮਦ' ਹੈ। ਅਰਬੀ ਵਿਚ ਮੱਦ/ਮਦ ਦਾ ਅਰਥ ਅਲਫ਼ ਅੱਖਰ ਤੇ ਲਾਈ ਉਹ ਲਕੀਰਨੁਮਾ ਲੱਗ ਹੈ ਜਿਸ ਨਾਲ ਇਸ ਦੀ ਧੁਨੀ ਲੰਮੀ (ਦੀਰਘ) ਹੋ ਜਾਂਦੀ ਹੈ ਅਰਥਾਤ 'ਅ' ਦਾ 'ਆ' ਬਣ ਜਾਂਦਾ ਹੈ। ਅਸੀਂ ਮੱਦ ਮੂਲ ਵਿਚ ਫੈਲਾਅ ਦਾ ਭਾਵ ਦੱਸਿਆ ਹੈ, ਇਹ ਫੈਲਾਅ ਜਾਂ ਲਮਕਾਅ ਦਾ ਭਾਵ ਅਸੀਂ ਧੁਨੀ ਦੇ ਦੀਰਘ ਹੋਣ ਵਿਚ ਦੇਖਦੇ ਹਾਂ। ਵਹੀ ਖਾਤਿਆਂ ਵਿਚ ਹਿਸਾਬ ਦੀ ਰਕਮ ਦਰਸਾਉਣ ਲਈ ਵੀ ਅਰੰਭ ਵਿਚ ਲਕੀਰ ਖਿੱਚੀ ਜਾਂਦੀ ਹੈ ਜਿਸ ਨੂੰ ਮੱਦ ਕਿਹਾ ਜਾਂਦਾ ਹੈ। ਇਸ ਮੱਦ ਦੇ ਲਗਾਉਣ ਨਾਲ ਇਸ ਦੇ ਹੇਠਾਂ ਲਿਖਿਆ ਸਾਰਾ ਹਿਸਾਬ ਅਲੱਗ ਹੀ ਦਿਖਾਈ ਦਿੰਦਾ ਹੈ, ਇਸ ਲਈ ਮੱਦ ਦਾ ਅਰਥ ਕਾਲਮ ਜਾਂ ਪੈਰਾ ਵੀ ਹੋ ਗਿਆ ਤੇ ਲੇਖੇ ਦਾ ਸਿਰਲੇਖ ਵੀ। ਇਸ ਦਾ ਅਰਥ ਆਈਟਮ ਜਾਂ ਲੇਖਾ ਜਿਹਾ ਵੀ ਹੋ ਗਿਆ ਜਿਵੇਂ "ਮੁਰੰਮਤ ਦੀ ਮਦ।" ਮੱਦ ਤੋਂ ਹੀ ਫਾਰਸੀ ਮਦ-ਏ-ਨਜ਼ਰ ਸ਼ਬਦ ਬਣਿਆ ਜਿਸ ਦਾ ਅਰਥ ਨਜ਼ਰ ਦੇ ਸਾਹਮਣੇ ਹੁੰਦਾ ਹੈ। ਮਦ-ਏ ਸੁਰਮਾ ਦਾ ਮਤਲਬ ਸੁਰਮੇ ਦੀ ਧਾਰੀ (ਲਕੀਰ) ਹੁੰਦਾ ਹੈ।

ਮੱਦ ਦਾ ਇਕ ਅਰਥ ਸਮੁੰਦਰ ਦਾ ਚੜ੍ਹਾਅ ਵੀ ਹੈ ਜਿਸ ਵਿਚ ਇਸ ਸ਼ਬਦ ਵਿਚ ਨਿਹਿਤ ਫੈਲਾਅ, ਵਿਸਤਾਰ ਦੇ ਭਾਵ ਸਪਸ਼ਟ ਹਨ। ਫੋੜੇ ਆਦਿ ਤੋਂ ਨਿਕਲੇ ਰਿਸਾਅ ਨੂੰ ਮਵਾਦ ਕਿਹਾ ਜਾਂਦਾ ਹੈ ਜੋ ਅੰਦਰਲੇ ਗੰਦ ਦਾ ਬਾਹਰ ਨੂੰ ਫੈਲਾਅ ਹੀ ਹੈ। ਲੰਬੇ ਅਰਸੇ ਦੇ ਅਰਥਾਂ ਵਿਚ ਇਕ ਸ਼ਬਦ ਮੁੱਦਤ ਹੈ ਜੋ ਇਸੇ ਮੂਲ ਤੋਂ ਆਇਆ ਹੈ। ਇਸ ਵਿਚ ਸਮੇਂ ਦੇ ਫੈਲਾਅ ਦਾ ਭਾਵ ਪ੍ਰਤੱਖ ਹੈ। ਇਸ ਤਰਾਂ ਅਸੀਂ ਦਖਦੇ ਹਾਂ ਕਿ ਇਸ ਮੂਲ ਤੋਂ ਵਿਕਸਿਤ ਸਾਰੇ ਸ਼ਬਦਾਂ ਵਿਚ ਫੈਲਾਅ, ਵਿਸਤਾਰ ਹੀ ਵਿਦਮਾਨ ਹੈ।

ਨਰਿੰਦਰ ਮੋਦੀ ਸਾਹਿਬ ਜਿਥੇ ਜਾਂਦੇ ਹਨ ਇਤਿਹਾਸ-ਮਿਥਹਾਸ ਬਾਰੇ ਆਪਣੇ ਗਿਆਨ ਦਾ ਖੂਬ ਜਲੂਸ ਕਢਦੇ ਹਨ। ਅਰੁਣਾਚਲ ਪ੍ਰਦੇਸ਼ ਦੇ ਕਿਸੇ ਛੋਟੇ ਜਿਹੇ ਕਬੀਲੇ ਵਿਚ ਵੀ ਮੋਦੀ ਨਾਂ ਪ੍ਰਚਲਤ ਹੈ ਜੋ ਕਿ ਇਕ ਇਤਫਾਕ ਹੈ। ਪਰ ਸਾਡੇ ਬਣ ਸਕਣ ਵਾਲੇ ਪ੍ਰਧਾਨ ਮੰਤਰੀ ਨੇ ਉਥੇ ਇਕ ਰੈਲੀ ਵਿਚ ਫਰਮਾਇਆ ਕਿ ਗੁਜਰਾਤ ਅਤੇ ਅਰੁਣਾਚਲ ਵਿਚ ਮੋਦੀ ਨਾਂ ਦੀ ਬਰਾਬਰ ਵਰਤੋਂ ਕਾਰਨ ਇਤਿਹਾਸਕ ਸਾਂਝ ਹੈ। ਇਹ ਗੱਲ ਏਥੋਂ ਵੀ ਪ੍ਰਗਟ ਹੁੰਦੀ ਹੈ ਕਿ ਦਵਾਰਕਾ ਦੇ ਕ੍ਰਿਸ਼ਨ ਨੇ ਅਰੁਣਾਚਲ ਦੀ ਰੁਕਮਣੀ ਨਾਲ ਵਿਆਹ ਰਚਾਇਆ ਸੀ। ਅਸੀਂ ਦੱਸਿਆ ਹੈ ਕਿ ਮੋਦਨ ਦਾ ਅਰਥ ਅਨੰਦ ਦੇਣਾ ਵੀ ਹੁੰਦਾ ਹੈ ਤੇ ਇਸ ਤਰ੍ਹਾਂ ਮੋਦੀ ਉਹ ਹੈ ਜੋ ਅਨੰਦ ਦਿੰਦਾ ਹੈ। ਨਰਿੰਦਰ ਮੋਦੀ ਅੱਜ ਕਲ੍ਹ ਬੇਥਵੀਆਂ ਜਿਹੀਆਂ ਗੱਲਾਂ ਕਰਕੇ ਲੋਕਾਂ ਨੂੰ ਅਨੰਦ ਹੀ ਤਾਂ ਦੇ ਰਿਹਾ ਹੈ ਤੇ ਪ੍ਰਧਾਨ ਮੰਤਰੀ ਬਣਨ ਦੇ ਸੁਪਨੇ ਲੈ ਕੇ ਆਪਣੇ ਆਪ ਨੂੰ ਵੀ ਅਨੰਦਿਤ ਕਰ ਰਿਹਾ ਹੈ!

# ਅਗਾਂਹਵਧੂ ਕਿਸਾਨੀ ਦਾ ਸਿਖਰ ਸੰਮੇਲਨ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪਿਛਲੇ ਦਿਨੀਂ ਚੰਡੀਗੜ੍ਹ ਨੇੜੇ ਮੁਹਾਲੀ ਦੇ ਚਪੜ ਚਿੜੀ ਸਥਾਨ ਉਤੇ ਪੰਜਾਬ ਸਰਕਾਰ ਨੇ ਅਗਾਂਹਵਧੂ ਕਿਸਾਨੀ ਦਾ ਲਾਸਾਨੀ ਸਿਖਰ ਸੰਮੇਲਨ ਕੀਤਾ ਹੈ। ਇਸ ਵਿਚ ਭਾਰਤ ਦੇ ਉਤਰੀ ਤੇ ਕੇਂਦਰੀ ਰਾਜਾਂ ਦੇ ਕਿਸਾਨ, ਸਿਆਸਤਦਾਨ ਤੇ ਖੇਤੀ ਵਿਗਿਆਨੀਆਂ ਨੇ ਮਾੜੇ ਮੌਸਮ ਦੇ ਬਾਵਜੂਦ ਹੁਮ ਹੁਮਾ ਕੇ ਹਿੱਸਾ ਲਿਆ। ਇਹ ਪਹਿਲੀ ਵਾਰ ਹੈ ਕਿ ਚੰਗੀ ਖੇਤੀ ਦੀ ਮਹੱਤਤਾ ਨੂੰ ਪਛਾਣਨ ਵਾਲੇ ਖੇਤੀ ਵਿਗਿਆਨੀ, ਕਿਸਾਨ ਤੇ ਰਾਜਨੀਤਕ ਇਕ ਮੰਚ ਤੋਂ ਪੰਜਾਬ ਦੇ ਖੇਤੀ ਖੇਤਰ ਵਿਚ ਯੋਗਦਾਨ ਨੂੰ ਸਰਾਹੁਣ ਦੇ ਨਾਲ ਨਾਲ ਇਸ ਦੀ ਧਰਤੀ ਹੇਠਲੇ ਪਾਣੀ ਅਤੇ ਧਰਤੀ ਦੀ ਉਪਜਾਊ ਸ਼ਕਤੀ ਨੂੰ ਲੱਗ ਰਹੇ ਖੋਰੇ ਦਾ ਸਿਰ ਜੋੜ ਕੇ ਸਮਾਧਾਨ ਕਰਨ ਵੱਲ ਰੁਚਿਤ ਹੋਏ ਹਨ। ਇਨ੍ਹਾਂ ਵਿਚ ਅੰਤਰਰਾਸ਼ਟਰੀ ਪ੍ਰਸਿੱਧੀ ਵਾਲਾ ਧਾਨ ਖੋਜ ਸ਼ਾਸਤਰੀ ਡਾ. ਗੁਰਦੇਵ ਸਿੰਘ ਖੁਸ਼ ਦੇਸ਼ ਭਰ ਦੀ ਕਿਸਾਨੀ ਦੀਆਂ ਸਮੱਸਿਆਵਾਂ ਦਾ ਗਿਆਤਾ ਤੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਪੰਜਾਬ ਰਾਜ ਫਾਰਮਰਜ਼ ਕਮਿਸ਼ਨ ਦੀ ਕਮਾਨ ਸਾਂਭਣ ਵਾਲਾ ਡਾ. ਗੁਰਚਰਨ ਸਿੰਘ ਕਾਲਕਟ ਤੋਂ ਪੰਜਾਬ ਖੇਤੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਡਾ. ਬਲਦੇਵ ਸਿੰਘ ਢਿੱਲੋਂ ਹੀ ਨਹੀਂ ਖੇਤੀਬਾੜੀ ਨਾਲ ਸਬੰਧਤ ਖਰਚਿਆਂ ਤੇ ਕੀਮਤਾਂ ਦੀ ਨਬਜ਼ ਪਛਾਨਣ ਦੇ ਵੱਡੇ ਮਾਹਰ ਤੇ ਯੁਵਕਾਂ ਲਈ ਤਕਨੀਕੀ ਵਿਦਿਆ ਦੀ ਘਾਟ ਨੂੰ ਅਨੁਭਵ ਕਰਨ ਵਾਲੇ ਚਿੰਤਕ ਵੀ ਸ਼ਾਮਲ ਸਨ। ਜਦੋਂ ਡਾ. ਖੁਸ਼ ਵਰਗਾ ਧਾਨ ਦੀ ਖੇਤੀ ਦਾ ਮਾਹਰ ਪੰਜਾਬ ਦੀ ਕਿਸਾਨੀ ਨੂੰ ਬਾਗਬਾਨੀ ਵਾਲੇ ਪਾਸੇ ਤੁਰਨ ਲਈ ਪ੍ਰੇਰਦਾ ਹੈ ਤੇ ਡਾ. ਕਾਲਕਟ ਵਰਗਾ ਸੁਘੜ ਵਿਗਿਆਨੀ ਕਣਕ-ਧਾਨ ਦੀ ਖੇਤੀ ਵਿਚੋਂ ਬਾਹਰ ਕੱਢਣ ਲਈ ਸੋਇਆਬੀਨ ਤੇ ਮੱਕੀ ਦੀ ਕਾਸ਼ਤ ਵਲ ਧਿਆਨ ਦੇਣ ਲਈ ਕਹਿੰਦਾ ਹੈ ਤਾਂ ਉਸ ਦੇ ਅਰਥ ਦੂਣ ਸਵਾਏ ਹੋ ਜਾਂਦੇ ਹਨ। ਖਾਸ ਕਰਕੇ ਭੂਮੀ ਹੇਠਲੇ ਪਾਣੀ ਦੀ ਪੱਧਰ ਨੀਵੀਂ ਹੋਣ ਦੇ ਮਸਲੇ ਨੂੰ ਆਉਣ ਵਾਲੀਆਂ ਨਸਲਾਂ ਤੋਂ ਮਿਲਣ ਵਾਲੀਆਂ ਸੰਭਾਵੀ ਦੁਰਅਸੀਸਾਂ ਨਾਲ ਜੋੜਨ ਵਾਲੀ ਚੇਤੰਨਤਾ।



***ਕਿਸਾਨ ਸੰਮੇਲਨ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਲਹਿੰਦੇ ਪੰਜਾਬ ਦੇ ਗਵਰਨਰ ਮੁਹੰਮਦ ਸਰਵਰ ਦਾ ਸਵਾਗਤ ਕਰਦੇ ਹੋਏ।***

ਖੇਤੀਬਾੜੀ ਚਿੰਤਕਾਂ ਤੇ ਵਿਗਿਆਨੀਆਂ ਨੇ ਇਕ ਪਾਸੇ ਸਰਕਾਰ ਦਾ ਫਲਾਂ ਤੇ ਸਬਜ਼ੀਆਂ ਦੀ ਸਾਂਭ-ਸੰਭਾਲ ਤੇ ਯੋਗ ਵਿਕਰੀ ਵੱਲ ਧਿਆਨ ਦਿਲਵਾਇਆ ਤੇ ਦੂਜੇ ਪਾਸੇ ਕਿਸਾਨਾਂ ਨੂੰ ਤੁਰੰਤ ਲਾਭ ਦੇ ਕੇ ਨਿੱਜੀ ਖਰਚੇ ਵਧਾਉਣ ਵਾਲੀਆਂ ਫਸਲਾਂ ਵਲੋਂ ਮੂੰਹ ਮੋੜ ਕੇ ਧਰਤੀ ਮਾਤਾ ਦੀ ਕੁੱਖ ਦਾ ਆਦਰ ਕਰਨ ਲਈ ਪ੍ਰੇਰਿਆ। ਜੇ ਸਾਡੀ ਸਰਕਾਰ ਕਿਸਾਨਾਂ ਨੂੰ ਆੜ੍ਹਤੀਆਂ ਦੇ ਚੁੰਗਲ ਵਿਚੋਂ ਕੱਢਣ ਲਈ ਯੋਗ ਕਰਜ਼ਿਆਂ ਦਾ ਪ੍ਰਬੰਧ ਕਰਦੀ ਹੈ ਤੇ ਕਿਸਾਨ ਉਨ੍ਹਾਂ ਕਰਜ਼ਿਆਂ ਦੀ ਦੁਰਵਰਤੋਂ ਕਰਨ ਦੀ ਥਾਂ ਆਪਣੇ ਧੀਆਂ ਪੁੱਤਰਾਂ ਨੂੰ ਉਨਤ ਖੇਤੀ ਦੀਆਂ ਨਵੀਆਂ ਤਕਨੀਕਾਂ ਦਾ ਗਿਆਨ ਦਿਵਾਉਣ ਵਾਲੇ ਪਾਸੇ ਜਾਂ ਉਸ ਪਾਸੇ ਲਾਉਂਦੇ ਹਨ ਜਿਸ ਲਈ ਲੈਂਦੇ ਹਨ ਤਾਂ ਬਹੁਤ ਸਾਰੇ ਮਸਲੇ ਆਪਣੇ ਆਪ ਹੀ ਹੱਲ ਹੋ ਜਾਂਦੇ ਹਨ। ਭੂਮੀ ਉਤੇ ਬੋਝ ਬਣਨ ਵਾਲੀਆਂ ਫਸਲਾਂ ਦੀ ਥਾਂ ਪਸ਼ੂ ਪਾਲਣ, ਘੋੜਾ ਪਾਲਣ ਤੇ ਮੁਰਗੀ ਪਾਲਣ ਵਲ ਧਿਆਨ ਦੇਣ ਦੀ ਲੋੜ ਹੈ ਜਿਸ ਨਾਲ ਮਹਿੰਗੇ ਟਰੈਕਟਰ ਟ੍ਰਾਲੀਆਂ ਤੇ ਟਿਊਬਵੈਲਾਂ ਉਤੇ ਹੋਣ ਵਾਲੇ ਖਰਚੇ ਬਚੇ ਰਹਿੰਦੇ ਹਨ ਤੇ ਆਮਦਨ ਫਸਲਾਂ ਜਿੰਨੀ ਹੀ ਮਿਲਣ ਲਗਦੀ ਹੈ। ਇਨ੍ਹਾਂ ਤੇ ਇਹੋ ਜਿਹੇ ਹੋਰ ਉਪਜਾਊ ਧੰਦਿਆਂ ਦੀ ਸਿਖਲਾਈ ਯੁਵਕਾਂ ਦੇ ਘੇਰੇ ਵਿਚ ਲਿਆਉਣਾ ਸਰਕਾਰ ਦਾ ਕੰਮ ਹੈ। ਇਸ ਤੱਥ ਵੱਲ ਉਚੇਚਾ ਧਿਆਨ ਦਿਵਾਇਆ ਗਿਆ ਕਿ ਜੇ ਭਾਰਤ ਵਿਚ ਅਜਿਹੀ ਸਿਖਲਾਈ ਕੇਵਲ ਇਕ ਸੌ ਜਾਂ ਇਸ ਤੋਂ ਵੀ ਘੱਟ ਧੰਦਿਆਂ ਵਿਚ ਦਿੱਤੀ ਜਾਂਦੀ ਹੈ ਤਾਂ ਕਾਇਆ ਪਲਟ ਸਕਦੀ ਹੈ। ਚੀਨ ਦੀ ਸਰਕਾਰ ਨੇ ਆਪਣੇ ਯੁਵਕਾਂ ਲਈ ਇੰਨੇ ਧੰਦੇ ਲਭ ਰੱਖੇ ਹਨ ਕਿ ਉਨ੍ਹਾਂ ਦੀ ਗਿਣਤੀ ਕਰਦਿਆਂ ਆਪਣੀ ਨਿਗੂਣੀ ਸੋਚ ਉਤੇ ਸ਼ਰਮ ਆਉਂਦੀ ਹੈ। ਇਹ ਗੱਲ ਕੌਣ ਨਹੀਂ ਜਾਣਦਾ ਕਿ ਕਿੱਤਾ ਮੁਖੀ ਧੰਦੇ ਤੇ ਉਨ੍ਹਾਂ ਦੀ ਸਿਖਲਾਈ ਬੇਰੁਜ਼ਗਾਰੀ ਨੂੰ ਨੱਥ ਪਾਉਂਦੀ ਹੈ। ਜੇ ਹੋਰ ਕੁਝ ਨਹੀਂ ਤਾਂ ਸਾਡੇ ਕਿਸਾਨਾਂ ਨੂੰ ਆਪਣੀ ਉਪਜ ਆਪ ਵੇਚਣ ਲਈ ਪ੍ਰੇਰਨਾ ਤੇ ਤਿਆਰ ਕਰਨਾ ਤਾਂ ਅਤਿਅੰਤ ਲਾਭਦਾਇਕ ਹੈ। ਉਹ ਚੰਡੀਗੜ੍ਹ ਦੀ ਆਪਣੀ ਮੰਡੀ ਵਾਲੀ ਪ੍ਰਥਾ ਤੋਂ ਸਬਕ ਲੈ ਸਕਦੇ ਹਨ। ਮੈਂ ਮੰਨਦਾ ਹਾਂ ਕਿ ਅਜਿਹੇ ਸਿਖਰ ਸੰਮੇਲਨ ਦਾ ਪ੍ਰਭਾਵ ਤੁਰੰਤ ਨਹੀਂ ਪਿਆ ਕਰਦਾ ਪਰ ਇਸ ਨਾਲ ਲੋੜੀਂਦੀ ਜਾਗ੍ਰਤੀ ਪੈਦਾ ਹੁੰਦੀ ਹੈ ਜਿਹੜੀ ਸਮਾਂ ਪਾ ਕੇ ਲਾਭ ਦਿੰਦੀ ਹੈ। ਸਾਡੀਆਂ ਖੇਤੀ ਯੂਨੀਵਰਸਿਟੀਆਂ ਨੂੰ ਇਸ ਸੰਮੇਲਨ ਦਾ ਸੰਦੇਸ਼ ਅੱਗੇ ਲਿਜਾਣਾ ਚਾਹੀਦਾ ਹੈ। ਅੱਜ ਕੱਲ੍ਹ ਪੰਜਾਬ ਸਰਕਾਰ ਆਪਣੇ ਪਿੰਡਾਂ ਵਿਚ ਸੁਵਿਧਾ ਕੇਂਦਰ ਖੋਲ੍ਹ ਰਹੀ ਹੈ। ਉਨ੍ਹਾਂ ਵਿਚ ਵੀ ਖੇਤੀ ਖੇਤਰ ਵਿਚ ਦਿੱਤੀਆਂ ਜਾ ਰਹੀਆਂ ਆਰਥਿਕ ਸੁਵਿਧਾਵਾਂ ਦਾ ਪ੍ਰਚਾਰ ਵੀ ਸ਼ਾਮਲ ਕਰ ਲੈਣਾ ਚਾਹੀਦਾ ਹੈ। ਜਾਗ੍ਰਤੀ ਦੀਪ ਨਾਲ ਦੀਪ ਜਲਾਇਆਂ ਹੀ ਆਉਂਦੀ ਹੈ।

**ਅੰਤਿਕਾ:** (ਮੋਹਨ ਸਿੰਘ)
ਸ਼ੋਖ ਦਿਲ ਨੂੰ ਨਾ ਵਲੀ
ਤੇ ਨਾ ਪੈਗੰਬਰ ਫੜ ਸਕੇ,
ਆ ਕਿ ਤੈਨੂੰ ਅੱਜ ਇਹ
ਉਡਦਾ ਟਟਹਿਣਾ ਫੜ ਦਿਆਂ।

# ਦੇਸ਼ ਦੇ ਲੋਕ ਅਤੇ ਕਾਰਪੋਰੇਟ ਘਰਾਣਿਆਂ ਦੀ ਵਲਗਣ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪਾਠਕਾਂ ਨੂੰ ਅਸੀਂ ਯਾਦ ਕਰਾਉਣਾ ਚਾਹੁੰਦੇ ਹਾਂ ਕਿ ਬੀਤੀ ਛੱਬੀ ਜਨਵਰੀ ਵਾਲੇ ਹਫਤੇ ਦੀ ਸਾਡੇ ਦ੍ਰਿਸ਼ਟੀਕੋਣ ਦੀ ਲਿਖਤ ਇਨ੍ਹਾਂ ਸ਼ਬਦਾਂ ਨਾਲ ਸ਼ੁਰੂ ਹੋਈ ਸੀ,

"ਸਾਡੇ ਲਈ ਇਹ ਗੱਲ ਖਾਸ ਅਰਥ ਨਹੀਂ ਰੱਖਦੀ ਕਿ ਕਿਸ ਮੀਡੀਆ ਚੈਨਲ ਨੇ ਕਿਸ ਕੰਪਨੀ ਤੋਂ ਸਰਵੇਖਣ ਕਰਵਾ ਕੇ ਕਿਸ ਪਾਰਟੀ ਨੂੰ ਕਿੰਨੀਆਂ ਸੀਟਾਂ ਦਿੱਤੀਆਂ ਹਨ? ...ਕਈ ਲੀਡਰਾਂ ਦੇ ਬੱਚੇ ਇਸੇ ਕਾਰੋਬਾਰ ਦੀ ਏਜੰਸੀ ਚਲਾਉਣ ਲੱਗ ਪਏ ਹਨ। ਰਾਜਸੀ ਪਾਰਟੀਆਂ ਨਾਲ ਸਿੱਧੇ ਜਾਂ ਅਸਿੱਧੇ ਜੁੜੇ ਹੋਏ ਕਈ ਲੋਕ ਰਾਜਸੀ ਸੌਦਾ ਵੇਚਣ ਦੇ ਇਸ ਧੰਦੇ ਵਿਚੋਂ ਚੋਖਾ ਮਾਲ ਕਮਾ ਰਹੇ ਹਨ। ਅੰਕੜਿਆਂ ਦੀ ਏਟੀ-ਟਵੰਟੀ ਵਿਚ ਵੀਹ ਫੀਸਦੀ ਸਰਵੇਖਣ ਤੇ ਅੱਸੀ ਫੀਸਦੀ ਕੰਮ ਦਫਤਰ ਬੈਠ ਕੇ ਕੀਤਾ ਜਾਂਦਾ ਹੈ। ...ਹੁਣ ਲੱਗਭੱਗ ਹਰ ਚੈਨਲ ਇਸੇ ਕੰਮ ਰੁੱਝਾ ਪਿਆ ਹੈ ਤੇ ਜਿਸ ਨੇ ਆਪ ਇਹ ਕੰਮ ਨਹੀਂ ਕੀਤਾ ਉਹ ਦੂਸਰਿਆਂ ਦੇ ਅੰਕੜੇ ਪੇਸ਼ ਕਰ ਕੇ ਉਨ੍ਹਾਂ ਦੀ ਚੀਰ-ਪਾੜ ਦਾ ਪੀਹਣ ਪਾ ਬੈਠਾ ਹੈ।"

ਉਸ ਤੋਂ ਪਹਿਲਾਂ ਵੀ ਕੁਝ ਲਿਖਤਾਂ ਵਿਚ ਅਸੀਂ ਇੱਕ ਖਾਸ ਏਜੰਸੀ ਵਲ ਇਸ਼ਾਰਾ ਕੀਤਾ



ਮੁਕੇਸ਼ ਅੰਬਾਨੀ

ਸੀ ਕਿ ਉਸ ਦਾ ਮਾਲਕ ਆਰ ਐਸ ਐਸ ਨਾਲ ਪੱਕੇ ਜੁੜੇ ਪਰਿਵਾਰ ਦਾ ਮੈਂਬਰ ਹੋਣ ਕਰ ਕੇ ਇੱਕ ਖਾਸ ਰਾਜਸੀ ਸੋਚ ਦੇ ਅਧੀਨ ਇਹ ਚੋਣ ਸਰਵੇਖਣ ਪਰੋਸਦਾ ਰਹਿੰਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਉਸ ਦੇ ਸਰਵੇਖਣ ਹੋਰਨਾਂ ਸਭਨਾਂ ਤੋਂ ਵੱਧ ਵੇਖੇ ਤੇ ਵਿਚਾਰੇ ਜਾਂਦੇ ਸਨ, ਹਾਲਾਂਕਿ ਉਹ ਸਭ ਤੋਂ ਵੱਧ ਗੁੰਮਰਾਹ ਕਰਨ ਵਾਲੇ ਅੰਕੜੇ ਪੇਸ਼ ਕਰਦਾ ਸੀ। ਇਸ ਦੀ ਇੱਕ ਮਿਸਾਲ ਇਹ ਹੈ ਕਿ ਉਸ ਨੇ ਵਾਜਪਾਈ ਸਰਕਾਰ ਦੇ ਜਾਣ ਤੋਂ ਪਹਿਲਾਂ ਹੋਈ ਚੋਣ ਵੇਲੇ ਕਿਹਾ ਸੀ ਕਿ ਭਾਜਪਾ ਦਾ ਐਨ ਡੀ ਏ ਗੱਠਜੋੜ 276 ਲੋਕ ਸਭਾ ਸੀਟਾਂ ਜਿੱਤ ਜਾਵੇਗਾ, ਪਰ ਨਤੀਜੇ ਆਏ ਤੋਂ ਉਨ੍ਹਾਂ ਦੀਆਂ ਸਿਰਫ 181 ਸੀਟਾਂ ਨਿਕਲ ਸਕੀਆਂ ਸਨ। ਕਾਂਗਰਸ ਦੇ ਗੱਠਜੋੜ ਨੂੰ ਉਸ ਨੇ 173 ਸੀਟਾਂ ਦਿੱਤੀਆਂ, ਪਰ ਉਸ ਦੀਆਂ 218 ਸੀਟਾਂ ਆ ਗਈਆਂ ਸਨ। ਅਗਲੀ ਵਾਰ ਫਿਰ ਉਸ ਨੇ ਇਹੋ ਖੇਡ ਖੇਡੀ ਸੀ।

ਇਸ ਹਫਤੇ ਖਬਰਾਂ ਦੀ ਇੱਕ ਵੈਬਸਾਈਟ ਜਾਂ ਇੰਟਰਨੈਟ ਵਾਲੀ ਇੱਕ ਅਖਬਾਰ ਨੇ ਕੁਝ ਏਜੰਸੀਆਂ ਦਾ ਸਟਿੰਗ ਅਪਰੇਸ਼ਨ ਕਰ ਕੇ ਜਿਹੜਾ ਪਰਦਾਫਾਸ਼ ਕੀਤਾ ਹੈ, ਉਸ ਖੁਲਾਸੇ ਦੀ ਸਭ ਤੋਂ ਵੱਧ ਮਾਰ ਨਾਨਾਜੀ ਦੇਸ਼ਮੁਖ ਦੇ ਪੁੱਤਰ ਯਸ਼ਵੰਤ ਦੇਸ਼ਮੁਖ ਦੀ ਰਾਜਸੀ ਖੇਡਾਂ ਖੇਡਣ ਵਾਲੀ ਉਸੇ ਏਜੰਸੀ ਨੂੰ ਪਈ ਹੈ। ਉਸ ਏਜੰਸੀ ਵਾਲਿਆਂ ਨੇ ਸਟਿੰਗ ਅਪਰੇਸ਼ਨ ਕਰਦੇ ਪੱਤਰਕਾਰਾਂ ਨਾਲ ਸੌਦੇਬਾਜ਼ੀ ਦੀ ਇਹ ਪੇਸ਼ਕਸ਼ ਕਰ ਦਿੱਤੀ ਕਿ ਜੇ ਤੁਸੀਂ ਖਰਚਾ ਦਿਓ ਤਾਂ ਤੁਹਾਡੇ ਪੱਖ ਦੇ ਅੰਕੜੇ ਬਣਾ ਕੇ ਪੇਸ਼ ਕੀਤੇ ਜਾ ਸਕਦੇ ਹਨ। ਏਜੰਸੀ ਦਾ ਮਾਲਕ ਹੁਣ ਇਹ ਕਹਿੰਦਾ ਹੈ ਕਿ ਉਸ ਨੂੰ ਇਹੋ ਜਿਹੇ ਸਟਿੰਗ ਅਪਰੇਸ਼ਨਾਂ ਦੀ ਚਿੰਤਾ ਨਹੀਂ। ਸਾਫ ਹੈ ਕਿ ਜਿਨ੍ਹਾਂ ਲੋਕਾਂ ਲਈ ਉਹ ਕੰਮ ਕਰ ਰਿਹਾ ਹੈ, ਉਹ ਉਸ ਦੀ ਪਿੱਠ ਉਤੇ ਰਹਿਣੇ ਹੀ ਰਹਿਣੇ ਹਨ।

ਇਸ ਹਾਲਤ ਵਿਚ ਅਸੀਂ ਇਹ ਭੁੱਲ ਜਾਈਏ ਕਿ ਚੋਣ ਸਰਵੇਖਣਾਂ ਵਿਚ ਕੀ ਪਰੋਸਿਆ ਜਾਂਦਾ ਹੈ, ਸਗੋਂ ਇਹ ਵੇਖੀਏ ਕਿ ਭਾਰਤ ਦੇ ਲੋਕਤੰਤਰ ਦੀ ਹਾਲਤ ਕੀ ਹੋ ਗਈ ਹੈ ਤੇ ਸਿਆਸੀ ਪਿਆਦਿਆਂ ਦਾ ਸਰਪ੍ਰਸਤ ਕੌਣ ਹੈ?

ਸਾਡੇ ਸਾਹਮਣੇ ਇੱਕ ਤਾਜ਼ਾ ਮਾਮਲਾ ਸਹਾਰਾ ਗਰੁਪ ਦੇ ਮਾਲਕ ਸੁਬਰਤੋ ਰਾਏ ਦੀ ਹੈ। ਕਦੀ ਉਹ ਇੱਕ ਟੁੱਟੇ ਜਿਹੇ ਲੰਬਰੇਟਾ ਸਕੂਟਰ ਉਤੇ ਘੁੰਮਦਾ ਹੁੰਦਾ ਸੀ। ਨਹਿਰ ਕੰਢੇ ਬੈਠੇ ਝੁੱਗੀਆਂ ਵਾਲਿਆਂ ਦੇ ਨੇੜੇ ਉਸ ਨੇ ਦਫਤਰ ਖੋਲ੍ਹ ਕੇ ਉਨ੍ਹਾਂ ਗਰੀਬਾਂ ਨਾਲ ਪੰਜਾਹ-ਸੱਠ ਰੁਪਏ ਦੀ ਠੱਗੀ ਤੋਂ ਕਾਰੋਬਾਰ ਸ਼ੁਰੂ ਕੀਤਾ ਸੀ, ਹੁਣ ਉਸ ਦੇ ਪੰਜ-ਤਾਰਾ ਹੋਟਲ ਇੰਗਲੈਂਡ ਤੇ ਅਮਰੀਕਾ ਤੱਕ ਹਨ। ਉਸ ਦੀ ਹਵਾਬਾਜ਼ੀ ਕੰਪਨੀ ਹੈ ਤੇ ਦੋ ਲੱਖ ਕਰੋੜ ਰੁਪਏ ਦੇ ਕਾਰੋਬਾਰ ਦਾ ਹੋਣਾ ਸਰਕਾਰੀ ਕਾਗਜ਼ ਮੰਨਦੇ ਹਨ। ਰਿਕਾਰਡ ਤੋਂ ਬਾਹਰ ਦਾ ਕਾਰੋਬਾਰ ਇਸ ਤੋਂ ਵੱਧ ਹੋਵੇਗਾ। ਸੁਪਰੀਮ ਕੋਰਟ ਪਿਛਲੇ ਲੰਮੇ ਸਮੇਂ ਤੋਂ ਉਸ ਦੀ ਕੰਪਨੀ ਬਾਰੇ ਫੈਸਲੇ ਸੁਣਾ ਰਹੀ ਸੀ ਕਿ ਉਹ ਦੇਸ਼ ਦੇ ਲੋਕਾਂ ਦੀ ਮਿਹਨਤ ਦੀ ਕਮਾਈ ਦੇ ਪੈਸੇ ਉਨ੍ਹਾਂ ਨੂੰ ਵਾਪਸ ਕਰੇ ਤੇ ਇਹ ਰਕਮ ਬਾਈ ਹਜ਼ਾਰ ਕਰੋੜ ਰੁਪਏ ਦੇ ਕਰੀਬ ਬਣਦੀ ਸੀ। ਪਹਿਲਾਂ ਉਹ ਪੈਸੇ ਮੋੜਨੇ ਨਹੀਂ ਸੀ ਮੰਨਦਾ, ਫਿਰ ਮੰਨ ਕੇ ਵਾਪਸ ਨਹੀਂ ਸੀ ਕਰਦਾ ਤੇ ਇੱਕ ਮੌਕੇ ਇਹ ਕਹਿ ਦਿੱਤਾ ਕਿ ਲੋਕਾਂ ਨੂੰ ਪੰਜ ਹਜ਼ਾਰ ਕਰੋੜ ਵਾਪਸ ਕਰ ਦਿੱਤੇ ਹਨ, ਬਾਕੀ ਵੀ ਕਰ ਦੇਵਾਂਗਾ, ਪਰ ਪੰਜ ਹਜ਼ਾਰ ਕਰੋੜ ਕਿਨ੍ਹਾਂ ਲੋਕਾਂ ਨੂੰ ਮੋੜੇ ਹਨ, ਇਸ ਦੀ ਸੂਚੀ ਨਹੀਂ ਸੀ ਦੇਂਦਾ।

ਜਦੋਂ ਸੁਪਰੀਮ ਕੋਰਟ ਸੱਦਦੀ ਹੈ ਤਾਂ ਹਰ ਕੋਈ ਪੇਸ਼ ਹੋਣ ਲਈ ਦੌੜਿਆ ਜਾਂਦਾ ਹੈ, ਪਰ ਆਪਣੇ ਆਪ ਨੂੰ 'ਸਹਾਰਾ ਸ੍ਰੀ' ਅਖਵਾਉਣ ਵਾਲਾ ਪੇਸ਼ ਹੋਣ ਤੋਂ ਵੀ ਇਨਕਾਰੀ ਹੋ ਗਿਆ। ਉਸ ਦੇ ਵਾਰੰਟ ਨਿਕਲੇ ਤਾਂ ਪੁਲਿਸ ਉਸ ਦੇ ਮਹਾਰਾਜਿਆਂ ਵਾਲੇ ਮਹਿਲ ਵਿਚ ਗੇੜਾ ਮਾਰ ਕੇ ਮੁੜ ਆਈ ਤੇ ਕਹਿ ਦਿੱਤਾ ਕਿ ਉਹ ਉਥੇ ਨਹੀਂ, ਪਰ ਸੁਪਰੀਮ ਕੋਰਟ ਦੀ ਸਖਤੀ ਪਿੱਛੋਂ ਉਸ ਨੂੰ ਪੇਸ਼ ਹੋਣਾ ਪੈ ਗਿਆ। ਇਸ ਦੇ ਬਾਅਦ ਉਸ ਨੂੰ ਜੇਲ੍ਹ ਨਹੀਂ ਭੇਜਿਆ ਗਿਆ, ਇੱਕ ਰੈਸਟ ਹਾਊਸ ਵਿਚ ਰੱਖਿਆ ਗਿਆ ਹੈ। ਕੇਂਦਰੀ ਮੰਤਰੀ ਗ੍ਰਿਫਤਾਰ ਕੀਤੇ ਜਾਣ ਤਾਂ ਜੇਲ੍ਹ ਭੇਜੇ ਜਾਂਦੇ ਹਨ, ਮੁੱਖ ਮੰਤਰੀ ਵੀ ਜੇਲ੍ਹ ਚਲੇ ਜਾਂਦੇ ਹਨ, ਪਰ ਸੁਬਰਤੋ ਰਾਏ ਨੂੰ ਜੇਲ੍ਹ ਦੀ ਥਾਂ ਰੈਸਟ ਹਾਊਸ ਵਿਚ ਰੱਖਿਆ ਗਿਆ ਹੈ, ਕਿਉਂਕਿ ਉਹ ਸਿਆਸੀ ਆਗੂਆਂ ਦਾ ਚਹੇਤਾ ਹੈ। ਉਸ ਦੀ ਗ੍ਰਿਫਤਾਰੀ ਤੋਂ ਪਹਿਲਾਂ ਦੋ ਵੱਡੇ ਵਿਰੋਧੀਆਂ ਮੁਲਾਇਮ ਸਿੰਘ ਯਾਦਵ ਅਤੇ ਮਾਇਆਵਤੀ ਦੀ ਆਪੋ ਵਿਚ ਗੱਲ ਕਰ ਕੇ ਇਸ ਮਾਮਲੇ ਬਾਰੇ ਸਹਿਮਤੀ ਹੋਣ ਦੀਆਂ ਖਬਰਾਂ ਵੀ ਚਰਚਾ ਵਿਚ ਆਈਆਂ ਹਨ। ਕਾਂਗਰਸ ਤੇ ਭਾਜਪਾ ਦੇ ਆਗੂ ਵੀ ਉਸ ਦੀ ਪਿੱਠ ਉਤੇ ਹਨ।

ਇੱਕ ਦੂਸਰੇ ਦੇ ਕੱਟੜ ਰਾਜਸੀ ਵਿਰੋਧ ਦੇ ਬਾਵਜੂਦ ਕਾਂਗਰਸ ਤੇ ਭਾਜਪਾ ਦੇ ਲੀਡਰ ਬਹੁਤ ਸਾਰੇ ਮਾਮਲਿਆਂ ਵਿਚ ਇਕੱਠੇ ਹੋ ਜਾਂਦੇ ਹਨ। ਇਸ ਦੀਆਂ ਕਈ ਮਿਸਾਲਾਂ ਹਨ। ਪਿਛਲੇ ਹਫਤੇ ਅਰਵਿੰਦ ਕੇਜਰੀਵਾਲ ਨੇ ਰਿਲਾਇੰਸ ਗਰੁਪ ਦੇ



ਹਸਨ ਅਲੀ ਖਾਨ

ਮਾਲਕ ਮੁਕੇਸ਼ ਅੰਬਾਨੀ ਦਾ ਮੁੱਦਾ ਉਛਾਲਿਆ ਸੀ। ਉਹ ਠੀਕ ਕਹਿੰਦਾ ਸੀ। ਅੰਬਾਨੀ ਦੀ ਇੱਕ ਜੇਬ ਅੰਦਰ ਕਾਂਗਰਸ ਤੇ ਦੂਸਰੀ ਜੇਬ ਵਿਚ ਭਾਜਪਾ ਪਈ ਹੈ। ਨੀਰਾ ਰਾਡੀਆ ਦੀਆਂ ਟੇਪਾਂ ਵਿਚ ਮੁਕੇਸ਼ ਅੰਬਾਨੀ ਮਾਣ ਨਾਲ ਇਹ ਕਹਿੰਦਾ ਸੁਣਿਆ ਗਿਆ ਕਿ ਕਾਂਗਰਸ ਮੇਰੀ ਦੁਕਾਨ ਹੈ। ਇਹ ਗੱਲ ਉਹ ਭਾਜਪਾ ਬਾਰੇ ਵੀ ਕਹਿੰਦਾ ਹੋਵੇਗਾ। ਅੰਬਾਨੀ ਦੇ ਕਿੱਸੇ ਨੂੰ ਇੱਕ ਵਾਰ ਹੋਰ ਦੁਹਰਾਉਣ ਦੀ ਬਜਾਏ ਅਸੀਂ ਕਈ ਹੋਰ ਮਿਸਾਲਾਂ ਲੈ ਸਕਦੇ ਹਾਂ।

ਅਬਦੁਲ ਕਰੀਮ ਤੇਲਗੀ ਦਾ ਨਾਂ ਹੁਣ ਲੋਕਾਂ ਨੂੰ ਚੇਤੇ ਹੀ ਨਹੀਂ ਰਹਿ ਗਿਆ ਹੋਣਾ, ਪਰ ਕਿਸੇ ਵੇਲੇ ਉਸ ਦੀ ਗੂੰਜ ਦੇਸ਼ ਦੀ ਪਾਰਲੀਮੈਂਟ ਵਿਚ ਸੁਣੀ ਗਈ ਸੀ। ਉਹ ਜਾਅਲੀ ਅਸ਼ਟਾਮਾਂ ਦੇ ਕਾਂਡ ਦਾ ਮੁੱਖ ਮੋਹਰਾ ਸੀ। ਉਦੋਂ ਖੇਡ ਇਹ ਖੇਡੀ ਗਈ



ਅਬਦੁਲ ਕਰੀਮ ਤੇਲਗੀ

ਕਿ ਭਾਰਤ ਸਰਕਾਰ ਦੇ ਸਟੈਂਪ ਪੇਪਰ, ਜਿਸ ਨੂੰ ਆਮ ਲੋਕ 'ਅਸ਼ਟਾਮ' ਕਹਿੰਦੇ ਹਨ, ਛਾਪਣ ਵਾਲੀ ਪ੍ਰੈਸ ਨੂੰ ਕੰਡਮ ਕਹਿ ਕੇ ਨੀਲਾਮੀ ਵਿਚ ਤੇਲਗੀ ਨੂੰ ਵੇਚ ਦਿੱਤਾ ਗਿਆ। ਹਦਾਇਤਾਂ ਇਹ ਹਨ ਕਿ ਏਦਾਂ ਦੀ ਮਸ਼ੀਨ ਵੇਚਣ ਤੋਂ ਪਹਿਲਾਂ ਤੋੜ-ਭੰਨ ਦਿੱਤੀ ਜਾਵੇ, ਤਾਂ ਕਿ ਉਸ ਦੀ ਕੋਈ ਵਰਤੋਂ ਨਾ ਹੋ ਸਕੇ, ਪਰ ਉਹ ਮਸ਼ੀਨ ਤੇਲਗੀ ਨੂੰ ਸਬੂਤੀ ਦੇ ਦਿੱਤੀ ਗਈ। ਫਿਰ ਸਰਕਾਰੀ ਪ੍ਰੈਸ ਦੇ ਮੁਲਾਜ਼ਮ ਉਥੋਂ ਛੁੱਟੀ ਲੈ ਕੇ ਤੇਲਗੀ ਦੀ ਇਸ ਜਾਅਲੀ ਟਕਸਾਲ ਵਿਚ ਆ ਕੇ ਅਸ਼ਟਾਮ ਛਾਪਦੇ ਰਹੇ ਤੇ ਇਹ ਅਸ਼ਟਾਮ ਸਾਰੇ ਦੇਸ਼ ਵਿਚ ਵਿਕਦੇ ਰਹੇ। ਅਖੀਰ ਰੌਲਾ ਪੈ ਗਿਆ। ਜਾਂਚ ਹੋਈ ਤੋਂ ਪਤਾ ਲੱਗਾ ਕਿ ਕੇਂਦਰੀ ਤੇ ਰਾਜ ਸਰਕਾਰਾਂ ਦੇ ਵਿਭਾਗ ਵੀ ਉਹੋ ਅਸ਼ਟਾਮ ਵਰਤਦੇ ਰਹੇ ਸਨ।

ਪਾਰਲੀਮੈਂਟ ਵਿਚ ਵਾਜਪਾਈ ਸਰਕਾਰ ਦੇ ਖਜ਼ਾਨਾ ਮੰਤਰੀ ਜਸਵੰਤ ਸਿੰਘ ਨੇ ਮੰਨਿਆ ਕਿ ਬੀਮਾ ਅਤੇ ਬੈਂਕਿੰਗ ਖੇਤਰ ਤੋਂ ਲੈ ਕੇ ਲੋਕਾਂ ਦੇ ਘਰਾਂ ਤੱਕ ਦੀ ਖਰੀਦ ਤੇ ਵੇਚ ਲਈ ਇਹੋ ਅਸ਼ਟਾਮ ਵਰਤੇ ਗਏ ਹਨ, ਪਰ ਹੁਣ ਇਨ੍ਹਾਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਇਸ ਬਾਰੇ ਦੋ ਪ੍ਰਮੁੱਖ ਧਿਰਾਂ ਦੀ ਸਹਿਮਤੀ ਹੋ ਗਈ, ਬਾਕੀ ਖੜੇ ਰਹਿ ਗਏ। ਦੇਸ਼ ਦੀ ਪਾਰਲੀਮੈਂਟ ਨੇ ਵੀ ਇਹ ਮੰਨ ਲਿਆ ਕਿ ਜਾਅਲੀ ਅਸ਼ਟਾਮਾਂ ਨਾਲ ਜਾਇਦਾਦਾਂ ਦੀ ਖਰੀਦ-ਵੇਚ ਜਾਂ ਹੋਰ ਸਰਕਾਰੀ ਕਾਰੋਬਾਰ ਜਿੰਨਾ ਵੀ ਹੋ ਚੁੱਕਾ ਹੈ, ਉਸ ਨੂੰ ਜਾਅਲੀ ਦੀ ਥਾਂ ਜਾਇਜ਼ ਮੰਨ ਲਿਆ ਜਾਵੇ। ਇਹ ਘੋਟਾਲਾ ਬੱਤੀ ਹਜ਼ਾਰ ਕਰੋੜ ਰੁਪਏ ਦਾ ਉਦੋਂ ਸੀ, ਜਿਸ ਸਾਲ ਸਾਡੇ ਪੰਜਾਬ ਦਾ ਕੁੱਲ ਬਜਟ 28 ਹਜ਼ਾਰ ਕਰੋੜ ਰੁਪਏ ਦਾ ਸੀ। ਦੋ ਵੱਡੀਆਂ ਰਾਜਸੀ ਧਿਰਾਂ ਦੀ ਸਹਿਮਤੀ ਇਸ ਲਈ ਹੋ ਗਈ ਕਿ ਇਹ ਕੰਮ ਰਾਤੋ-ਰਾਤ ਨਹੀਂ ਸੀ ਹੋਇਆ, ਕਾਂਗਰਸ ਦੇ ਨਰਸਿਮਹਾ ਰਾਓ ਤੋਂ ਲੈ ਕੇ ਦੇਵਗੌੜਾ, ਗੁਜਰਾਲ ਤੇ ਭਾਜਪਾ ਦੀ ਵਾਜਪਾਈ ਸਰਕਾਰ ਦੇ ਦੌਰਾਨ ਵੀ ਚੱਲਦਾ ਰਿਹਾ ਸੀ।

ਇੱਕ ਬੰਦਾ ਹਸਨ ਅਲੀ ਹੈ। ਉਸ ਨੂੰ ਬਹੁਤੇ ਲੋਕ ਘੋੜਿਆਂ ਦੇ ਵਪਾਰੀ ਵਜੋਂ ਜਾਣਦੇ ਸਨ। ਪਿੱਛੋਂ ਪਤਾ ਲੱਗਾ ਕਿ ਬਰੂਨੀ ਦੇ ਸੁਲਤਾਨ ਨਾਲ ਮਿਲ ਕੇ ਹਥਿਆਰਾਂ ਦੇ ਵਪਾਰ ਦੀ ਦਲਾਲੀ ਤੱਕ ਵਿਚ ਵੀ ਉਹ ਸ਼ਾਮਲ ਹੈ ਤੇ ਉਸ ਨੇ ਕਈ ਕਿਸਮ ਦੇ ਹੋਰ ਗੈਰ-ਕਾਨੂੰਨੀ ਧੰਦਿਆਂ ਵਿਚ ਵੀ ਮੋਟੀ ਕਮਾਈ ਦਾ ਇਹੋ ਜਿਹਾ ਜੁਗਾੜ ਕੀਤਾ ਪਿਆ ਹੈ ਕਿ ਪੂਰੀਆਂ ਦੀਆਂ ਪੂਰੀਆਂ ਸਰਕਾਰਾਂ ਦੇ ਬੱਜਟ ਨੂੰ ਬੌਣਾ ਸਾਬਤ ਕਰ ਸਕਦਾ ਹੈ। ਇਹ ਵੀ ਭੇਦ ਖੁੱਲ੍ਹ ਗਿਆ ਕਿ ਉਸ ਨੇ ਭਾਰਤ ਸਰਕਾਰ ਦੇ ਇਨਕਮ ਟੈਕਸ ਵਿਭਾਗ ਨੂੰ ਚਾਲੀ ਹਜ਼ਾਰ ਕਰੋੜ ਰੁਪਏ ਦੇ ਸਿਰਫ ਟੈਕਸ ਦੇ ਬਕਾਏ ਦੇਣੇ ਹਨ। ਸਿਰਫ ਟੈਕਸ ਦੇ ਬਕਾਏ ਦੀ ਇਹ ਰਕਮ ਵੀ ਉਸ ਤੋਂ ਕੋਈ ਸਰਕਾਰ ਨਹੀਂ ਲੈ ਸਕੀ। ਨਾ ਕਾਂਗਰਸ ਵਾਲਿਆਂ ਨੇ ਕੁਝ ਸਖਤੀ ਕੀਤੀ ਹੈ ਤੇ ਨਾ ਭਾਜਪਾ ਕਰ ਸਕਦੀ ਹੈ, ਕਿਉਂਕਿ ਦੋਵਾਂ ਦੀ ਲੀਡਰਸ਼ਿਪ ਵਿਚ ਉਸ ਦਾ ਦਿੱਤਾ ਖਾਣ ਵਾਲੇ ਲੋਕ ਬੈਠੇ ਹੋਏ ਹਨ। ਉਹ ਲੋਕ 'ਸਹਾਰਾ ਸ੍ਰੀ' ਸੁਬਰਤੋ ਰਾਏ ਦਾ ਦਿੱਤਾ ਵੀ ਖਾਈ ਜਾਂਦੇ ਹਨ।

ਹੁਣ ਪੰਜਾਬ ਦੀ ਇੱਕ ਕੰਪਨੀ ਦਾ ਕੱਚਾ ਚਿੱਠਾ ਬਾਹਰ ਆ ਗਿਆ ਹੈ, ਜਿਹੜੀ ਗਲਤ ਧੰਦੇ ਕਰ ਕੇ ਲੋਕਾਂ ਨੂੰ ਲੁੱਟਣ ਵਾਲੀ ਪਹਿਲੀ ਨਹੀਂ, ਅਤੇ ਆਖਰੀ ਵੀ ਸਾਬਤ ਨਹੀਂ ਹੋਣੀ। ਪੌਂਟੀ ਚੱਢਾ ਬਹੁਤ ਬਦਨਾਮ ਗਿਣਿਆ ਜਾਂਦਾ ਸੀ। ਹੈਰਾਨੀ ਦੀ ਗੱਲ ਹੈ ਕਿ ਮੰਡ ਵਿਚ ਸ਼ਰਾਬ ਦੇ ਅੱਡੇ ਤੋਂ ਤੁਰਿਆ ਉਹ ਬੰਦਾ ਇੱਕ ਮੌਕੇ ਏਡਾ ਉਚਾ ਚਲਾ ਗਿਆ ਕਿ ਆਪੋ ਵਿਚ ਲੜਨ ਵਾਲੇ ਬਾਦਲਾਂ ਤੇ ਅਮਰਿੰਦਰ ਸਿੰਘ ਦੋਵਾਂ ਲਈ ਚੋਣਾਂ ਮੌਕੇ ਸਭ ਤੋਂ ਵੱਡਾ ਦਾਨ-ਦਾਤਾ ਬਣ ਗਿਆ। ਦੇਸ਼ ਦੇ ਸਭ ਤੋਂ ਵੱਡੇ ਰਾਜ ਉਤਰ ਪ੍ਰਦੇਸ਼ ਦੀ ਸ਼ਰਾਬ ਦੀ ਕਾਰਪੋਰੇਸ਼ਨ ਦਾ ਉਸ ਨੂੰ ਚੇਅਰਮੈਨ ਲਾ ਦਿੱਤਾ ਗਿਆ ਸੀ। ਏਦਾਂ ਦੇ ਪੌਂਟੀ ਚੱਢੇ ਭਾਰਤ ਵਿਚ ਬਹੁਤ ਹਨ। ਇਹ ਸਾਰੇ ਸਾਡੇ ਦੇਸ਼ ਦੇ ਲੋਕ-ਰਾਜੀ ਪ੍ਰਬੰਧ ਦਾ ਅਸਲ ਸ਼ੀਸ਼ਾ ਹਨ।

ਬੜੇ ਉਤਾਵਲੇ ਹਨ ਭਾਰਤ ਦੇ ਲੋਕ, ਇਸ ਗੱਲ ਲਈ ਕਿ ਉਹ ਇੱਕ ਵਾਰ ਫਿਰ ਦੇਸ਼ ਦੇ ਰਾਜ-ਕਰਤਿਆਂ ਦੀ ਚੋਣ ਕਰਨ ਦਾ ਸੁਭਾਗ ਪ੍ਰਾਪਤ ਕਰਨਗੇ। ਵਿਚਾਰੇ ਲੋਕ ਇਹ ਨਹੀਂ ਜਾਣਦੇ




ਸੁਬਰਤੋ ਰਾਏ

ਕਿ ਇਸ ਦੇਸ਼ ਵਿਚ ਲੋਕ-ਰਾਜ ਦਾ ਹਾਲ ਇਹੋ ਜਿਹਾ ਬਣ ਗਿਆ ਹੈ ਕਿ ਇਸ ਨੂੰ ਲੋਕ-ਰਾਜ ਕਹਿੰਦਿਆਂ ਵੀ ਸ਼ਰਮ ਆਉਂਦੀ ਹੈ। ਦੇਸ਼ ਦੀ ਅਗਵਾਈ ਕਾਂਗਰਸ ਕਰੇ ਜਾਂ ਭਾਜਪਾ, ਇੱਕ ਜਾਂ ਦੂਸਰੇ ਫਿਰਕੇ ਵੱਲ ਸੋਚ ਦਾ ਫਰਕ ਛੱਡ ਕੇ ਆਰਥਿਕ ਨੀਤੀਆਂ ਨੂੰ ਅਮਰੀਕਾ ਦੀ ਮਰਜ਼ੀ ਮੁਤਾਬਕ ਚਲਾਉਣ ਤੇ ਲੋਕਾਂ ਦੀ ਜੱਤ ਮੁੰਨਣ ਵਾਲੇ ਲੁਟੇਰਿਆਂ ਬਾਰੇ ਪਹੁੰਚ ਇੱਕੋ ਰਹਿਣੀ ਹੈ। ਇਹ ਤਾਂ ਪਿਆਦੇ ਹਨ, ਸਰਕਾਰਾਂ ਦੇ ਅਸਲੀ ਮਾਲਕ ਸਾਹਮਣੇ ਆਏ ਬਿਨਾਂ ਆਪਣਾ ਰਾਜ ਚਲਾਉਣਗੇ। ਅੰਬਾਨੀ ਐਵੇਂ ਨਹੀਂ ਸੀ ਕਹਿੰਦਾ ਕਿ ਕਾਂਗਰਸ ਉਸ ਦੀ ਦੁਕਾਨ ਹੈ। ਬਿਨਾਂ ਕਹੇ ਤੋਂ ਸਭ ਨੂੰ ਪਤਾ ਹੈ ਕਿ ਭਾਜਪਾ ਵੀ ਉਸੇ ਦੀ ਦੁਕਾਨ ਹੈ। ਲੋਕ ਆਪਣਾ ਭਲਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਇਨ੍ਹਾਂ ਦੋ ਸਿਆਸੀ ਦੁਕਾਨਾਂ ਤੋਂ ਪਾਸੇ ਹਟ ਕੇ ਸੋਚਣਾ ਪਵੇਗਾ। ਉਨ੍ਹਾਂ ਨੂੰ ਆਪਣੇ ਸਿਰ ਨਾਲ ਸੋਚਣ ਲਈ ਉਨ੍ਹਾਂ ਚੋਣ ਸਰਵੇਖਣਾਂ ਤੋਂ ਅੱਖ ਪਾਸੇ ਹਟਾਉਣੀ ਪਵੇਗੀ, ਜਿਹੜੇ ਨਜ਼ਰ ਦਾ ਧੋਖਾ ਦੇਣ ਲਈ ਇੱਕ ਜਾਂ ਦੂਸਰੀ ਧਿਰ ਵਾਲਿਆਂ ਨੇ ਸੁੱਬੀ ਨੂੰ ਸੱਪ ਅਤੇ ਸੱਪ ਨੂੰ ਸੁੱਬੀ ਬਣਾਉਣ ਲਈ ਆਪ ਹੀ ਛੱਡੇ ਹੋਏ ਹਨ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

24/7 Customer Service Available
Same rate for lanline and mobile.

ਟੌਲ ਫਰੀ ਨੰਬਰ 1-888-652-6268
732-983-4332/4333


ਭਾਈ ਅਵਤਾਰ ਸਿੰਘ ਧਾਮੀ


ਭਾਈ ਗੁਰਚਰਨ ਸਿੰਘ ਮਾਨ


ਭਾਈ ਹਰਚਰਨ ਸਿੰਘ


ਭਾਈ ਜਸਵੰਤ ਸਿੰਘ


ਬੀਬੀ ਰਣਬੀਰ ਕੌਰ


# ਆਓ, ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਲਈ ਬੇਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਦੀ ਸਲੇਟ ਨੂੰ ਕਾਮਯਾਬ ਕਰੀਏ

## ਬੇਏਰੀਆ ਸਿੱਖ ਅਲਾਇੰਸ ਦੀ ਹਮਾਇਤ 'ਚ ਨਿਤਰੇ ਸਿੱਖ ਭਾਈਚਾਰੇ ਦੇ ਪਤਵੰਤੇ























# ਭਾਈ ਗਜਿੰਦਰ ਸਿੰਘ ਦਾ ਕਾਵਿ ਸੰਗ੍ਰਹਿ ਰਿਲੀਜ਼

**ਅੰਮ੍ਰਿਤਸਰ:** ਦਲ ਖਾਲਸਾ ਦੇ ਬਾਨੀ ਆਗੂ ਤੇ ਭਾਰਤ ਵੇਲੋਂ ਜਾਰੀ 'ਮੋਸਟ ਵਾਂਟਡ' 20 ਵਿਅਕਤੀਆਂ ਦੀ ਸੂਚੀ ਵਿਚ ਸ਼ਾਮਲ ਭਾਈ ਗਜਿੰਦਰ ਸਿੰਘ ਦਾ ਕਾਵਿ ਸੰਗ੍ਰਿਹ 'ਸੁਪਨੇ ਤੋਂ ਸੰਘਰਸ਼ ਵੱਲ' ਇਥੇ ਦਲ ਖਾਲਸਾ ਦੇ ਸਮਾਗਮ ਦੌਰਾਨ ਜਾਰੀ ਕੀਤਾ ਗਿਆ। ਇਸ ਪੁਸਤਕ ਨੂੰ ਗੁਰਦੁਆਰਾ ਬੀ ਬਲਾਕ ਵਿਖੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਕਰਨੈਲ ਸਿੰਘ ਪੰਜੋਲੀ, ਸਿੱਖ ਚਿੰਤਕ ਮਨਜੀਤ ਸਿੰਘ ਕਲਕੱਤਾ ਤੇ ਗੁਰਤੇਜ ਸਿੰਘ ਸਮੇਤ ਦਲ ਖਾਲਸਾ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਤੇ ਹੋਰਾਂ ਨੇ ਜਾਰੀ ਕੀਤਾ ਹੈ।



ਸ. ਗਜਿੰਦਰ ਸਿੰਘ ਨੇ 1981 ਵਿਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਗ੍ਰਿਫ਼ਤਾਰੀ ਦੇ ਰੋਸ ਵਜੋਂ ਭਾਰਤੀ ਜਹਾਜ਼ ਨੂੰ ਅਗਵਾ ਕੀਤਾ ਸੀ ਤੇ ਪਾਕਿਸਤਾਨੀ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਇਹ ਸਜ਼ਾ 1995 ਵਿਚ ਮੁਕੰਮਲ ਹੋਈ ਪਰ ਸਜ਼ਾ ਭੁਗਤਣ ਤੋਂ ਬਾਅਦ ਵੀ ਗਜਿੰਦਰ ਸਿੰਘ ਹੁਣ ਤਕ ਜਲਾਵਤਨੀ ਦੀ ਜ਼ਿੰਦਗੀ ਬਿਤਾ ਰਹੇ ਹਨ। ਇਸ ਦੌਰਾਨ ਉਸ ਵੱਲੋਂ ਕਈ ਕਵਿਤਾਵਾਂ ਲਿਖੀਆਂ ਗਈਆਂ ਹਨ ਜਿਨ੍ਹਾਂ ਨੂੰ ਇਕੱਠਿਆਂ ਕਰਕੇ ਦਲ ਖਾਲਸਾ ਵੱਲੋਂ ਇਕ ਕਾਵਿ ਸੰਗ੍ਰਹਿ 'ਸੁਪਨੇ ਤੋਂ ਸੰਘਰਸ਼ ਵੱਲ' ਪ੍ਰਕਾਸ਼ਿਤ ਕੀਤਾ ਗਿਆ ਹੈ, ਜਿਸ ਨੂੰ ਇਥੇ ਜਾਰੀ ਕੀਤਾ ਗਿਆ।

ਇਹ ਕਿਤਾਬ ਸਿਰਦਾਰ ਕਪੂਰ ਸਿੰਘ ਦੇ 105ਵੇਂ ਜਨਮ ਦਿਹਾੜੇ ਮੌਕੇ ਜਾਰੀ ਕੀਤੀ ਗਈ ਹੈ। ਇਸ ਕਿਤਾਬ ਵਿਚ ਦੱਖਣੀ ਅਫਰੀਕਾ ਦੇ ਨਸਲਪ੍ਰਸਤੀ-ਵਿਰੋਧੀ ਨੇਤਾ ਨੈਲਸਨ ਮੰਡੇਲਾ ਨੂੰ ਵਿਸ਼ੇਸ਼ ਸ਼ਰਧਾਂਜਲੀ ਭੇਟ ਕੀਤੀ ਗਈ ਹੈ। 258 ਸਫ਼ਿਆਂ ਦੀ ਇਸ ਪੁਸਤਕ ਦੀ ਭੂਮਿਕਾ ਦਲ ਖਾਲਸਾ ਦੇ ਮੌਜੂਦਾ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਤੇ ਪਾਰਟੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਲਿਖੀ ਹੈ। ਇਸ ਮੌਕੇ ਗਜਿੰਦਰ ਸਿੰਘ ਦੀ ਰਚਨਾ 'ਗਜਿੰਦਰ ਕਿਤੇ ਖੋਹ ਗਿਆ ਹੈ' ਵੀ ਪੜ੍ਹ ਕੇ ਸੁਣਾਈ ਗਈ। ਇਸ ਮੌਕੇ ਭਾਈ ਮੋਹਕਮ ਸਿੰਘ, ਪੰਚ ਪ੍ਰਧਾਨੀ ਦੇ ਆਗੂ ਮਨਧੀਰ ਸਿੰਘ, ਸਿੱਖ ਯੂਥ ਆਫ ਪੰਜਾਬ ਦੇ ਪ੍ਰਧਾਨ ਨੋਬਲਜੀਤ ਸਿੰਘ, ਦਲ ਖਾਲਸਾ ਦੇ ਸਰਬਜੀਤ ਸਿੰਘ ਘੁਮਾਣ, ਭਾਈ ਧਰਮ ਸਿੰਘ ਕਾਸ਼ਤੀਵਾਲ ਟਰੱਸਟ ਤੋਂ ਬੀਬੀ ਸੰਦੀਪ ਕੌਰ ਤੇ ਹੋਰ ਹਾਜ਼ਰ ਸਨ।

# ਬੱਬਰ ਖਾਲਸਾ ਦਾ ਨਾਂ ਵਰਤ ਕੇ ਮੰਗੀ ਫਿਰੌਤੀ

**ਚੰਡੀਗੜ੍ਹ:** ਪੰਜਾਬੀ ਗਾਣਿਆਂ ਦੇ ਸੰਗੀਤਕ ਵੀਡੀਓ ਤਿਆਰ ਕਰਨ ਵਾਲੇ ਨਿਰਦੇਸ਼ਕ ਹਰਵੀਰ ਢਿੱਲੋਂ ਤੇ ਉਸ ਦੇ ਡਰਾਈਵਰ ਕਮ ਮਾਡਲ ਜਗਦੇਵ ਬੋਸੀ ਨੂੰ ਵੱਡੇ ਪੰਜਾਬੀ ਫਿਲਮ ਨਿਰਦੇਸ਼ਕ ਬਣਨ ਦੀ ਲਾਲਸਾ ਲੈ ਡੁੱਬੀ। ਉਨ੍ਹਾਂ ਨੇ ਅੰਤਰਰਾਸ਼ਟਰੀ ਖਾੜਕੂ ਜਥੇਬੰਦੀ ਬੱਬਰ ਖ਼ਾਲਸਾ ਦੇ ਨਾਂ 'ਤੇ ਧਮਕੀ ਪੱਤਰ ਭੇਜ ਕੇ ਚੰਡੀਗੜ੍ਹ ਦੇ 'ਜ਼ਾਇਰਾ ਡਾਇਮੰਡ' ਦੇ ਮਾਲਕ ਸੁਨਿਆਰੇ ਮਨੋਜ ਜੈਨ ਤੋਂ ਸੱਤ ਕਰੋੜ ਦੀ ਫ਼ਿਰੌਤੀ ਮੰਗੀ ਸੀ। ਪੁਲਿਸ ਨੇ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਚੰਡੀਗੜ੍ਹ ਪੁਲਿਸ ਦੇ ਡੀ.ਐਸ.ਪੀ. ਸੁਰਜੀਤ ਸਿੰਘ ਮਲਿਕ ਤੇ ਜਾਂਚ ਟੀਮ ਅਨੁਸਾਰ 22 ਫਰਵਰੀ ਨੂੰ ਜੈਨ ਦੇ ਸੈਕਟਰ 35 ਸਥਿਤ ਘਰ ਦੇ ਲੈਟਰ ਬਾਕਸ ਵਿਚ ਧਮਕੀ ਪੱਤਰ ਸੁੱਟਿਆ ਗਿਆ ਜੋ ਕਿ ਬੱਬਰ ਖ਼ਾਲਸਾ ਵੱਲੋਂ ਲਿਖਿਆ ਗਿਆ ਸੀ ਕਿ ਜੇਕਰ ਜਲਦ ਸੱਤ ਕਰੋੜ ਰੁਪਿਆ ਨਾ ਦਿੱਤਾ ਗਿਆ ਤਾਂ ਉਸ ਦੇ ਸਕੂਲ ਪੜ੍ਹਦੇ 10 ਸਾਲਾ ਬੇਟੇ ਨੂੰ ਉਠਾ ਕੇ ਖ਼ਤਮ ਕਰ ਦਿੱਤਾ ਜਾਵੇਗਾ। ਇਸ 'ਤੇ ਜੈਨ ਨੇ ਕੋਈ ਪ੍ਰਤੀਕਿਰਿਆ ਨਾ ਵਿਖਾਈ ਜਿਸ ਉਪਰੰਤ 24 ਫਰਵਰੀ ਸ਼ਾਮ ਨੂੰ ਇਕ ਹੋਰ ਧਮਕੀ ਪੱਤਰ ਸੁੱਟਿਆ ਗਿਆ ਜਿਸ 'ਚ ਸਾਰਾ ਵੇਰਵਾ ਲਿਖਿਆ ਹੋਇਆ ਸੀ ਕਿ ਉਸ ਦਾ ਬੇਟਾ ਕਿਸ ਸਮੇਂ ਤੇ ਕਿਥੇ ਹੁੰਦਾ ਹੈ।

ਜੈਨ ਨੇ ਮਾਮਲਾ ਚੰਡੀਗੜ੍ਹ ਪੁਲਿਸ ਦੇ ਧਿਆਨ ਵਿਚ ਲਿਆਂਦਾ ਤਾਂ ਅਪਰਾਧ ਸ਼ਾਖਾ ਤੇ ਥਾਣਾ ਸੈਕਟਰ 36 ਦੀ ਸਾਂਝੀ ਟੀਮ ਬਣਾ ਕੇ ਕਾਰਵਾਈ ਆਰੰਭੀ ਗਈ। ਪੁਲਿਸ ਨੇ ਸਭ ਤੋਂ ਪਹਿਲਾਂ ਧਮਕੀ ਪੱਤਰ ਦੀ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਇਹ ਬੱਬਰ ਖ਼ਾਲਸਾ ਵੱਲੋਂ ਨਹੀਂ ਲਿਖਿਆ ਗਿਆ ਜੈਨ ਦੇ ਘਰ ਇਹ ਪੱਤਰ ਕਿਸੇ ਜਾਣਕਾਰ ਨੇ ਹੀ ਸੁੱਟਿਆ ਹੈ। ਘਰ ਅੱਗੇ ਲੱਗੇ ਸੀ.ਸੀ.ਟੀ.ਵੀ. ਕੈਮਰੇ ਦੀ ਰਿਕਾਰਡਿੰਗ ਵਿਚ ਸਾਹਮਣੇ ਆਇਆ ਕੀ ਕੋਈ ਚਿੱਟੇ ਰੰਗ ਦੀ ਪਜੇਰੋ ਗੱਡੀ ਵਿਚ ਧਮਕੀ-ਪੱਤਰ ਸੁੱਟ ਕੇ ਗਿਆ ਹੈ ਤਾਂ ਜੈਨ ਨੇ ਆਪਣੇ ਦੋ ਅਜਿਹੇ ਜਾਣਕਾਰਾਂ ਦਾ ਪਤਾ ਪੁਲਿਸ ਨੂੰ ਦੱਸਿਆ ਜਿਨ੍ਹਾਂ ਕੋਲ ਚਿੱਟੇ ਰੰਗ ਦੀ ਪਜੇਰੋ ਗੱਡੀ ਹੈ। ਉਸ ਨੇ ਜ਼ਿਆਦਾ ਸ਼ੱਕ ਹਰਵੀਰ ਤੇ ਹੀ ਪ੍ਰਗਟ ਕੀਤਾ। ਇਸ ਪਿੱਛੋਂ ਪੁਲਿਸ ਨੇ ਚੁੱਪਚਾਪ ਹਰਵੀਰ ਦਾ ਮੋਬਾਈਲ ਫ਼ੋਨ ਟੇਪ ਕਰਨਾ ਸ਼ੁਰੂ ਕਰ ਦਿੱਤਾ। ਜਿਉਂ ਹੀ ਫ਼ੋਨ ਰਾਹੀਂ ਪੁਲਿਸ ਨੂੰ ਹਰਵੀਰ ਤੇ ਜਗਦੇਵ ਵਿਚਾਲੇ ਇਸ ਸਾਜ਼ਿਸ਼ ਬਾਰੇ ਗੱਲਬਾਤ ਪਤਾ ਲੱਗੀ ਤਾਂ ਪੁਲਿਸ ਨੇ ਦੋਵਾਂ ਨੂੰ ਜਗਰਾਉਂ ਤੋਂ ਗ੍ਰਿਫ਼ਤਾਰ ਕਰ ਲਿਆ। ਪੁਲਿਸ ਅਨੁਸਾਰ ਹਰਵੀਰ ਸ਼ਾਦੀਸ਼ੁਦਾ ਹੈ ਤੇ ਉਸ ਦੇ ਦੋ ਬੱਚੇ ਵੀ ਹਨ ਜਦਕਿ ਜਗਦੇਵ ਉਰਫ਼ ਬੋਸੀ ਮਾਡਲ ਵਜੋਂ ਸਥਾਪਤ ਹੋਣ ਲਈ ਸੰਘਰਸ਼ ਕਰ ਰਿਹਾ ਸੀ।

ਹਰਵੀਰ ਵੈਸੇ ਜਗਰਾਉਂ ਰਹਿੰਦਾ ਸੀ ਤੇ ਦਫ਼ਤਰ ਵੀ ਉਥੇ ਹੀ ਬਣਾਇਆ ਸੀ ਪਰ ਸੰਨੀ ਇਨਕਲੇਵ ਵਿਚ ਉਸ ਨੇ ਫਲੈਟ ਲੈ ਰੱਖਿਆ ਸੀ ਜਿਥੇ ਉਹ ਚੰਡੀਗੜ੍ਹ ਆਉਣ ਸਮੇਂ ਰੁਕਦਾ ਸੀ। ਦੋਵਾਂ ਨੇ ਯੋਜਨਾ ਬਣਾਈ ਸੀ ਕਿ ਸੱਤ ਕਰੋੜ ਇਕੋ ਹੀ ਵੱਡਾ ਹੱਥ ਮਾਰ ਕੇ ਉਹ ਵੱਡੇ ਬਜਟ ਦੀ ਪੰਜਾਬੀ ਫਿਲਮ ਬਣਾਉਣਗੇ ਜਿਸ ਨਾਲ ਹਰਵੀਰ ਫਿਲਮ ਨਿਰਦੇਸ਼ਕ ਬਣ ਜਾਵੇਗਾ ਤੇ ਜਗਦੇਵ ਉਰਫ਼ ਬੋਸੀ ਪੰਜਾਬੀ ਫਿਲਮ ਹੀਰੋ ਵਜੋਂ ਸਥਾਪਤ ਹੋ ਜਾਵੇਗਾ।










# 'ਆਪਕਾ' ਦੇ ਫਰਿਜ਼ਨੋ ਚੈਪਟਰ ਦਾ ਗਠਨ

**ਫਰਿਜ਼ਨੋ (ਬਿਊਰੋ):** ਗੈਸ ਸਟੇਸ਼ਨ ਅਤੇ ਕਨਵੀਨੀਐਂਸ ਸਟੋਰ ਮਾਲਕਾਂ ਦੀ ਜਥੇਬੰਦੀ ਅਮੈਰਿਕਨ ਪੈਟਰੋਲੀਅਮ ਐਂਡ ਕਨਵੀਨੀਐਂਸ ਸਟੋਰ ਐਸੋਸੀਏਸ਼ਨ ('ਆਪਕਾ') ਦੇ ਫਰਿਜ਼ਨੋ ਕਿਵੇਂ ਏ ਡੀ ਏ ਮੁਕੱਦਮੇ (ਲਾਅ ਸੂਟ) ਛੋਟੇ ਬਿਜਨਸਮੈਨਾਂ ਲਈ ਘਾਤਕ ਸਾਬਿਤ ਹੋ ਰਹੇ ਹਨ ਅਤੇ ਇਨ੍ਹਾਂ ਦਾ ਸਾਹਮਣਾ ਕਿਵੇਂ ਕੀਤਾ ਜਾਵੇ? ਇਸ ਤੋਂ ਇਲਾਵਾ 'ਆਪਕਾ' ਨੇ ਇਹ ਵੀ ਵਿਚਾਰ ਕੀਤਾ ਜਾਵੇਗਾ ਅਤੇ ਉਸ ਉਪਰੰਤ ਜਲਦ ਹੀ ਲਾਸ ਏਂਜਲਸ ਵਿਚ ਵੀ ਇਸ ਦਾ ਗਠਨ ਕੀਤਾ ਜਾਵੇਗਾ। ਇਨ੍ਹਾਂ ਦੋਹਾਂ ਇਕਾਈਆਂ ਰਾਹੀਂ ਸੈਂਕੜੇ ਗੈਸ ਸਟੇਸ਼ਨ ਅਤੇ ਕਨਵੀਨੀਐਂਸ ਸਟੋਰ ਮਾਲਕ ਲਈ ਨੈਸ਼ਨਲ ਐਸੋਸੀਏਸ਼ਨ ਆਫ ਕਨਵੀਨੀਐਂਸ ਸਟੋਰਜ਼ (ਐਨ ਏ ਸੀ ਐਸ), ਕੈਲੀਫੋਰਨੀਆ ਇੰਡੀਪੈਂਡੈਂਟ ਆਇਲ ਮਾਰਕੀਟਰਜ਼ ਐਸੋਸੀਏਸ਼ਨ ਅਤੇ ਕੈਲੀਫੋਰਨੀਆ ਗਰੌਸਰਜ਼ ਐਸੋਸੀਏਸ਼ਨ ਜਿਹੀਆਂ ਜਥੇਬੰਦੀਆਂ ਸਰਗਰਮ ਹਨ ਪਰ 'ਆਪਕਾ' ਦਾ ਮੁੱਖ ਮਕਸਦ ਸਥਾਨਕ ਪ੍ਰਸ਼ਾਸਨ (ਕਾਉਂਟੀ ਤੇ ਸਿਟੀ) ਵਲੋਂ ਜਾਰੀ ਆਰਡੀਨੈਂਸਾਂ ਅਤੇ ਰੈਗੂਲੇਸ਼ਨਾਂ ਦੇ ਮਾਮਲੇ ਵਿਚ ਆਪਣੇ ਮੈਂਬਰਾਂ ਦੀ ਮਦਦ ਕਰਨਾ ਹੈ। ਹੋਰ ਜਾਣਕਾਰੀ ਮਨਰਾਜ ਨੱਤ ਈਮੇਲ: manrajnatt@sbcglobal.net,ਗੌਰੀ ਕੌਥਾ ਈਮੇਲ: gkowtha@stratusinc.net ਜਾਂ ਜਥੇਬੰਦੀ ਦੀ ਵੈਬਸਾਈਟ www.apca.us ਰਾਹੀਂ ਲਈ ਜਾ ਸਕਦੀ ਹੈ।



*ਏ ਪੀ ਸੀ ਏ (ਆਪਕਾ) ਦੀ ਫਰਿਜ਼ਨੋ ਸ਼ਾਖਾ ਦੇ ਗਠਨ ਮੌਕੇ (ਖੱਬਿਓਂ) ਗੌਰੀ ਕੌਥਾ, ਬਿਲ ਬੁਨੈਲ, ਬਲਵੰਤ ਭੌਰਲਾ, ਜਗਰੂਪ ਭੰਡਾਲ, ਐਂਡੀ ਸ਼ਿਕਾਰਾ, ਡੀ ਧਾਲੀਵਾਲ, ਜੇ ਪੀ ਸੇਠੀ, ਅਜੀਤ ਗਿੱਲ, ਗੁਰਵਿੰਦਰ ਔਜਲਾ, ਜੋ ਜੌਹਲ, ਮਨਰਾਜ ਨੱਤ ਅਤੇ ਜਗ ਕਪੂਰ*

ਚੈਪਟਰ ਦਾ ਉਦਘਾਟਨ ਲੰਘੀ 19 ਫਰਵਰੀ ਨੂੰ ਇਥੇ ਇਕ ਸਮਾਗਮ ਵਿਚ ਕੀਤਾ ਗਿਆ ਜਿਸ ਵਿਚ ਫਰਿਜ਼ਨੋ ਅਤੇ ਆਲੇ ਦੁਆਲੇ ਦੇ ਸ਼ਹਿਰਾਂ ਤੋਂ ਡੇਢ ਸੌ ਤੋਂ ਵੱਧ ਬਿਜਨਸਮੈਨ ਸ਼ਾਮਲ ਹੋਏ।

ਜ਼ਿਕਰਯੋਗ ਹੈ ਕਿ ਗੈਰ ਮੁਨਾਫਾ ਜਥੇਬੰਦੀ ਏ ਪੀ ਸੀ ਏ ਦਾ ਗਠਨ 2013 ਵਿਚ ਕੈਲੀਫੋਰਨੀਆ ਦੇ ਛੋਟੇ ਗੈਸ ਸਟੇਸ਼ਨ ਅਤੇ ਕਨਵੀਨੀਐਂਸ ਸਟੋਰ ਮਾਲਕਾਂ ਦੇ ਹਿਤਾਂ ਦੀ ਰਾਖੀ ਲਈ ਕੀਤਾ ਗਿਆ ਸੀ। ਇਸ ਉਦਘਾਟਨੀ ਸਮਾਗਮ ਸਮੇਂ ਹਾਜ਼ਰ ਸਾਰੇ ਕਾਰੋਬਾਰੀ ਆਪਕਾ ਦੇ ਮੈਂਬਰ ਬਣ ਗਏ ਅਤੇ ਉਨ੍ਹਾਂ ਨੇ ਮੁਢਲੀ ਵਰਕਿੰਗ ਬਾਡੀ, ਜਿਸ ਵਿਚ ਐਂਡੀ ਸ਼ਿਕਾਰਾ, ਬਲਵੰਤ ਭੌਰਲਾ, ਬਿਲ ਬੁਨੈਲ ਅਤੇ ਜਗਰੂਪ ਭੰਡਾਲ ਜਿਹੇ ਸਥਾਨਕ ਆਗੂ ਵੀ ਸ਼ਾਮਲ ਹਨ, ਦੀ ਬਾਕਾਇਦਾ ਚੋਣ ਹੋਣ ਤੱਕ ਪ੍ਰੋੜਤਾ ਕੀਤੀ। ਇਸ ਸਮਾਗਮ ਦੌਰਾਨ ਵਿਚਾਰ ਕੀਤੀ ਗਈ ਕਿ ਕੀਤਾ ਕਿ ਕਿਵੇਂ ਇਸ ਸਨਅਤ ਦੇ ਮੋਹਰੀ ਟਰੇਨਿੰਗ ਰਾਹੀਂ ਇਸ ਕਾਰੋਬਾਰ ਵਿਚ ਸ਼ਾਮਲ ਹਰ ਕਾਰੋਬਾਰੀ ਦੀ ਕਿਵੇਂ ਮਦਦ ਕਰ ਸਕਦੇ ਹਨ। 'ਆਪਕਾ' ਐਗਜੈਕਟਿਵ ਬੋਰਡ, ਜਿਸ ਵਿਚ ਇਸ ਸਨਅਤ ਦੇ ਮੋਹਰੀ ਸ਼ਾਮਲ ਹਨ, ਨੇ ਭਰੋਸਾ ਦਿੱਤਾ ਕਿ ਜਥੇਬੰਦੀ ਹਰ ਵਿਅਕਤੀਗਤ ਗੈਸ ਸਟੇਸ਼ਨ ਅਤੇ ਕਨਵੀਨੀਐਂਸ ਸਟੋਰ ਮਾਲਕ ਦੀ ਮਦਦ ਕਰਨ ਵਾਸਤੇ ਪ੍ਰਤੀਬੱਧ ਹੈ। 'ਆਪਕਾ' ਦੇ ਚੇਅਰਮੈਨ ਜਗ ਕਪੂਰ ਨੇ ਆਖਿਆ ਕਿ ਅਸੀਂ ਆਪਣੇ ਮੈਂਬਰਾਂ ਦੀ ਤਰੱਕੀ ਦੀਆਂ ਮੰਜ਼ਿਲਾਂ ਛੋਹਣ ਵਿਚ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਮਦਦ ਕਰਾਂਗੇ। 'ਆਪਕਾ' ਜਥੇਬੰਦੀ 'ਚ ਇਸ ਵੇਲੇ ਕਰੀਬ ਢਾਈ ਸੌ ਮੈਂਬਰ ਹਨ।

ਇਸ ਮੌਕੇ ਜਥੇਬੰਦੀ ਨੇ ਇਹ ਐਲਾਨ ਵੀ ਕੀਤਾ ਕਿ ਮਈ 2014 ਵਿਚ ਇਸ ਵਲੋਂ ਆਪਣੇ ਸੈਨ ਫਰਾਂਸਿਸਕੋ, ਬੇਏਰੀਆ ਚੈਪਟਰ ਦਾ ਗਠਨ ਜਥੇਬੰਦੀ ਵਿਚ ਸ਼ਾਮਲ ਹੋ ਸਕਣਗੇ।

ਜਥੇਬੰਦੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਸਮੇਂ ਕੈਲੀਫੋਰਨੀਆ ਵਿਚ ਕਰੀਬ 11,200 ਅਜਿਹੇ ਸਟੋਰ ਹਨ ਜਿਨ੍ਹਾਂ ਰਾਹੀਂ 25,000 ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੋਇਆ ਹੈ ਪ੍ਰੰਤੂ ਬਿਖਰੇ ਹੋਣ ਕਾਰਨ ਇਹ ਸਟੋਰ ਮਾਲਕ ਆਪਣੇ ਹਿਤਾਂ ਦੀ ਰਾਖੀ ਲਈ ਸਾਂਝੀ ਆਵਾਜ਼ ਉਠਾਉਣ ਦੇ ਅਸਮਰਥ ਹਨ। 'ਆਪਕਾ' ਦੇ ਬਹੁਤੇ ਮੈਂਬਰ ਛੋਟੇ ਬਿਜਨਸਮੈਨਾਂ ਜੋ ਆਪਣੇ ਰੋਜ ਦੇ ਕੰਮਾਂ ਕਾਰਾਂ ਵਿਚ ਇੰਨੇ ਰੁੱਝੇ ਹੋਏ ਹੁੰਦੇ ਹਨ ਕਿ ਸਥਾਨਕ ਪ੍ਰਸ਼ਾਸਨ ਪਾਸ ਆਪਣੇ ਮਸਲੇ ਹੱਲ ਕਰਵਾਉਣ ਲਈ ਪਹੁੰਚ ਨਹੀਂ ਕਰ ਪਾਉਂਦੇ। 'ਆਪਕਾ' ਕੈਲੀਫੋਰਨੀਆ ਵਿਚ ਇਸ ਆਵਾਜ਼ ਨੂੰ ਜਥੇਬੰਦ ਕਰਨ ਲਈ ਸਰਗਰਮ ਹੈ। ਜਥੇਬੰਦੀ ਅਨੁਸਾਰ ਭਾਵੇਂ ਸਟੇਟ ਅਤੇ ਕੌਮੀ ਪੱਧਰ ਉਤੇ ਇਨ੍ਹਾਂ ਛੋਟੇ ਕਾਰੋਬਾਰੀਆਂ ਦੀ ਪ੍ਰਤੀਨਿਧਤਾ ਕਰਨ

## ਜਾਂਚ ਏਜੰਸੀ ਅੱਗੇ ਪੇਸ਼ ਨਾ ਹੋਇਆ ਜੇਲ੍ਹ ਮੰਤਰੀ ਦਾ ਫਰਜ਼ੰਦ

**ਜਲੰਧਰ:** ਸਿੰਥੈਟਿਕ ਡਰੱਗ ਮਾਮਲੇ ਵਿਚ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਕੈਬਨਿਟ ਮੰਤਰੀ ਸਰਵਣ ਸਿੰਘ ਫਿਲੌਰ ਦੇ ਪੁੱਤਰ ਦਮਨਬੀਰ ਸਿੰਘ ਨੂੰ ਜਾਰੀ ਕੀਤੇ ਗਏ ਸੰਮਨ ਦੇ ਬਾਵਜੂਦ ਉਹ ਪੇਸ਼ ਨਹੀਂ ਹੋਇਆ। ਈ.ਡੀ. ਨੇ ਦਮਨਬੀਰ ਨੂੰ 28 ਫਰਵਰੀ ਤੱਕ ਪੇਸ਼ ਹੋਣ ਲਈ ਕਿਹਾ ਸੀ। ਈ.ਡੀ. ਅਧਿਕਾਰੀਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ। ਜ਼ਿਕਰਯੋਗ ਹੈ ਕਿ ਈ.ਡੀ. ਦਾ ਮੁੱਖ ਦਫਤਰ ਕੂਲ ਰੋਡ 'ਤੇ ਸਥਿਤ ਹੈ ਜਿਥੇ ਦਮਨਬੀਰ ਨੂੰ ਪੇਸ਼ ਹੋਣ ਲਈ ਬੁਲਾਇਆ ਗਿਆ ਸੀ।

ਸੂਤਰਾਂ ਅਨੁਸਾਰ ਦਮਨਬੀਰ ਨੇ ਅਜਿਹਾ ਸੁਨੇਹਾ ਭੇਜਿਆ ਦੱਸਿਆ ਜਾਂਦਾ ਹੈ ਕਿ ਉਹ ਵਿਦੇਸ਼ ਵਿਚ ਹੋਣ ਕਾਰਨ ਪੇਸ਼ ਨਹੀਂ ਹੋ ਸਕਦਾ। ਉਧਰ ਈ.ਡੀ. ਅਧਿਕਾਰੀ ਦਮਨਬੀਰ ਨੂੰ ਮੁੜ ਸੰਮਨ ਭੇਜਣ ਦੀ ਤਿਆਰੀ ਵਿਚ ਲੱਗ ਗਏ ਹਨ। ਸਿੰਥੈਟਿਕ ਡਰੱਗ ਮਾਮਲੇ ਵਿਚ ਫੜ੍ਹੇ ਗਏ ਸਾਬਕਾ ਡੀ.ਐਸ.ਪੀ. ਜਗਦੀਸ਼ ਭੋਲਾ ਨੇ ਸਭ ਤੋਂ ਪਹਿਲਾਂ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਨਾਂ ਲਿਆ ਸੀ ਤੇ ਉਸ ਤੋਂ ਬਾਅਦ ਦਿੱਤੇ ਗਏ ਬਿਆਨ ਵਿਚ ਕੈਬਨਿਟ ਮੰਤਰੀ ਸਰਵਣ ਸਿੰਘ ਫਿਲੌਰ ਦੇ ਪੁੱਤਰ ਦਮਨਬੀਰ ਸਿੰਘ ਦਾ ਨਾਂ ਸਾਹਮਣੇ ਆਇਆ ਸੀ।ਈ.ਡੀ. ਵੱਲੋਂ ਦਮਨਬੀਰ ਨੂੰ ਤਾਂ ਸੰਮਨ ਭੇਜ ਦਿੱਤੇ ਗਏ ਸਨ ਪਰ ਇਸੇ ਕੇਸ ਵਿਚ ਬਿਕਰਮ ਸਿੰਘ ਮਜੀਠੀਆ ਬਾਰੇ ਈ.ਡੀ. ਅਧਿਕਾਰੀਆਂ ਨੇ ਚੁੱਪੀ ਧਾਰੀ ਹੋਈ ਹੈ। ਇਸ ਬਾਰੇ ਈ.ਡੀ. ਅਧਿਕਾਰੀਆਂ ਨੇ ਸਿਰਫ ਏਨਾ ਹੀ ਕਿਹਾ ਕਿ ਜਾਂਚ ਦੌਰਾਨ ਦੇਖਿਆ ਜਾਵੇਗਾ ਕਿ ਕੀ ਨਤੀਜੇ ਸਾਹਮਣੇ ਆਉਂਦੇ ਹਨ। ਈ.ਡੀ. ਦੇ ਅਧਿਕਾਰੀ ਇਸ ਹਾਈ-ਪ੍ਰੋਫਾਈਲ ਕੇਸ ਨੂੰ ਪਹਿਲ ਦੇ ਅਧਾਰ 'ਤੇ ਸੁਲਝਾਉਣ ਵਿਚ ਲੱਗੇ ਹੋਏ ਹਨ। ਜੇਲ੍ਹ ਮੰਤਰੀ ਸਰਵਣ ਸਿੰਘ ਫਿਲੌਰ ਦੇ ਹੀ ਇਕ ਨਜ਼ਦੀਕੀ ਚੂਨੀ ਲਾਲ ਗਾਬਾ ਨੂੰ ਵੀ ਈ.ਡੀ. ਵੱਲੋਂ ਸੱਦਿਆ ਗਿਆ ਸੀ। ਜਗਦੀਸ਼ ਭੋਲਾ ਨੇ ਇਸ ਗੱਲ ਦਾ ਦਾਅਵਾ ਵੀ ਕੀਤਾ ਸੀ ਕਿ ਚੂਨੀ ਲਾਲ ਗਾਬਾ ਦੀ ਫੈਕਟਰੀ ਵਿਚ ਸਿੰਥੈਟਿਕ ਡਰੱਗ ਤਿਆਰ ਕੀਤੀ ਜਾਂਦੀ ਹੈ।

## ਗੁਜਰਾਤ ਦੰਗਿਆਂ ਬਾਰੇ ਨਹੀਂ ਬਦਲੀ ਅਮਰੀਕੀ ਨੀਤੀ

**ਵਾਸ਼ਿੰਗਟਨ:** ਅਮਰੀਕੀ ਵਿਦੇਸ਼ ਵਿਭਾਗ ਦੀ ਬੁਲਾਰਨ ਜੇਨ ਪਸਾਕੀ ਨੇ ਕਿਹਾ ਕਿ ਅਮਰੀਕਾ ਦੀ 2002 ਦੇ ਗੁਜਰਾਤ ਦੰਗਿਆਂ ਬਾਰੇ ਨੀਤੀ ਵਿਚ ਕੋਈ ਤਬਦੀਲੀ ਨਹੀਂ ਆਈ ਤੇ ਮਾਨਵੀ ਹੱਕਾਂ ਬਾਰੇ ਰਿਪੋਰਟ ਤੋਂ ਭਾਜਪਾ ਦੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਨਰਿੰਦਰ ਮੋਦੀ ਦਾ ਨਾਂ ਹਟਾਉਣਾ ਨੀਤੀ ਵਿਚ ਤਬਦੀਲੀ ਦਾ ਸੰਕੇਤ ਨਹੀਂ।

# ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਜਨਮ ਦਿਹਾੜਾ ਮਨਾਇਆ

**ਰੋਜ਼ਵਿਲ, ਕੈਲੀਫੋਰਨੀਆ (ਬਿਊਰੋ):** 20ਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦਾ 67 ਵਾਂ ਜਨਮ ਦਿਹਾੜਾ ਗੁਰਦੁਆਰਾ ਸਚਖੰਡ ਰੋਜ਼ਵਿਲ ਵਿਖੇ ਪਿਛਲੇ ਦਿਨੀਂ ਚੜ੍ਹਦੀ ਕਲਾ ਤੇ ਖੁਸ਼ੀਆਂ ਦੇ ਮਾਹੌਲ ਵਿਚ ਮਨਾਇਆ ਗਿਆ।

ਸੁਖਮਨੀ ਸਾਹਿਬ ਦੇ ਪਾਠ ਉਪਰੰਤ ਰਾਗੀ ਜਥਿਆਂ ਨੇ ਇਲਾਹੀ ਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਪੰਥਕ ਜਥੇਬੰਦੀਆਂ ਨਾਲ ਸਬੰਧਿਤ ਸੱਜਣਾਂ ਨੇ ਦੂਰੋਂ ਨੇੜਿਉਂ ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਵਿਚ ਹਾਜ਼ਰੀ ਭਰੀ।



*ਬਲਵਿੰਦਰ ਸਿੰਘ ਚੱਬਾ*

ਬੁਲਾਰਿਆਂ ਵਿਚ ਖਾਲਿਸਤਾਨ ਦੇ ਸ਼ਹੀਦ ਪਰਿਵਾਰਾਂ ਵੱਲੋਂ ਭਾਈ ਬਲਵਿੰਦਰ ਸਿੰਘ ਚੱਬਾ ਨੇ ਸੰਤਾਂ ਦੇ ਜਨਮ, ਸ਼ਖਸ਼ੀਅਤ ਤੇ ਜੀਵਨ ਦੇ ਉਦੇਸ਼ ਬਾਰੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸੰਤ ਭਿੰਡਰਾਂਵਾਲਿਆਂ ਵਰਗੀਆਂ ਮਹਾਨ ਰੂਹਾਂ ਸਦੀਆਂ ਬਾਦ ਜਨਮ ਲੈਂਦੀਆਂ ਹਨ, ਜੋ ਆਪਣੀ ਵਿਲੱਖਣ ਰੂਹ ਨਾਲ ਸੰਸਾਰ ਦੇ ਇਤਿਹਾਸ ਉਤੇ ਅਮਿੱਟ ਨਿਸ਼ਾਨ ਛੱਡਦੀਆਂ ਹਨ। ਸੰਤਾਂ ਨੇ ਗੁਰੂ ਦੀ ਬਖਸਿਸ਼ ਸੰਤ-ਸਿਪਾਹੀ ਦੇ ਸਿਧਾਂਤ ਉਤੇ ਡੱਟ ਕੇ ਪਹਿਰਾ ਦਿਤਾ ਤੇ ਆਪਣੇ ਜੀਵਨ ਉਤੇ ਇਸ ਦਾ ਅਨੁਭਵ ਹੰਢਾ ਕੇ ਸੁੱਤੀ ਕੌਮ ਨੂੰ ਜਗਾ ਕੇ ਭਵਿੱਖ ਵਿਚ ਵਾਪਰਨ ਵਾਲੇ ਸਿੱਖ ਨਸਲਘਾਤ ਦੀ ਨਿਸ਼ਾਨਦੇਹੀ ਕਰਦਿਆਂ ਜਗਾਇਆ।

ਇਸ ਸਮਾਗਮ ਵਿਚ ਰੰਧਾਵਾ, ਕੰਗ, ਮਾਵੀ ਤੇ ਕਾਹਲੋਂ ਪਰਿਵਾਰਾਂ ਵੱਲੋਂ ਗੁਰੂ ਕੇ ਲੰਗਰਾਂ ਤੇ ਚਾਹ ਪਾਣੀ ਦੀ ਸੇਵਾ ਕੀਤੀ ਗਈ।



# ਫਿਲਮ 'ਕੌਮ ਦੇ ਹੀਰੇ' ਉਤਰੀ ਅਮਰੀਕਾ ਵਿਚ 14 ਮਾਰਚ ਨੂੰ ਰਿਲੀਜ਼ ਹੋਵੇਗੀ

**ਫਰਿਜ਼ਨੋ (ਬਿਊਰੋ):** ਸੰਨ 84 ਦੇ ਘੱਲੂਘਾਰੇ ਅਤੇ ਸ਼ਹੀਦ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਅਤੇ ਭਾਈ ਕੇਹਰ ਸਿੰਘ ਦੇ ਜੀਵਨ 'ਤੇ ਆਧਾਰਤ ਫਿਲਮ 'ਕੌਮ ਦੇ ਹੀਰੇ' ਅਮਰੀਕਾ/ਕੈਨੇਡਾ ਵਿਚ ਆਉਂਦੀ 14 ਮਾਰਚ ਨੂੰ ਰਿਲੀਜ਼ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਇਸ ਫਿਲਮ ਉਪਰ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵਲੋਂ ਪਾਬੰਦੀ ਲਾਈ ਜਾ ਚੁਕੀ ਹੈ।

ਸਥਾਨਕ ਨੌਜਵਾਨਾਂ ਦੇ ਇਕ ਗਰੁਪ ਵਲੋਂ ਇਥੇ ਗੁਰਦੁਆਰਾ ਸਿੰਘ ਸਭਾ ਵਿਖੇ ਹੋਈ ਇਕੱਤਰਤਾ ਵਿਚ ਸਰਕਾਰ ਵਲੋਂ ਲਾਈ ਗਈ ਪਾਬੰਦੀ ਦੀ ਸਖਤ ਨਿਖੇਧੀ ਕੀਤੀ ਗਈ। ਇਸ ਮੌਕੇ ਨੌਜੁਆਨ ਬੁਲਾਰਿਆਂ ਨੇ ਕਿਹਾ ਕਿ ਫਿਲਮ 'ਤੇ ਸੈਂਸਰ ਬੋਰਡ ਵਲੋਂ ਪਾਬੰਦੀ ਲਾਏ ਜਾਣਾ ਘੱਟ ਗਿਣਤੀਆਂ ਦੇ ਮਨੁੱਖੀ ਹੱਕਾਂ ਦਾ ਘਾਣ ਹੈ। ਉਨ੍ਹਾਂ ਕਿਹਾ ਕਿ ਇਹ ਫਿਲਮ ਸਾਡੀ ਨੌਜਵਾਨ ਪੀੜ੍ਹੀ ਨੂੰ ਬੀਤੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਵਧੀਆ ਉਪਰਾਲਾ ਹੈ। ਉਨ੍ਹਾਂ ਸਮੂਹ ਪੰਜਾਬੀ ਭਾਈਚਾਰੇ ਨੂੰ ਇਸ ਫਿਲਮ ਨੂੰ ਭਰਪੂਰ ਹੁੰਗਾਰਾ ਦੇਣ ਦੀ ਅਪੀਲ ਕੀਤੀ।



*ਗੁਰਦੁਆਰਾ ਸਿੰਘ ਸਭਾ ਵਿਖੇ ਹੋਈ ਇਕੱਤਰਤਾ ਵਿਚ ਹਾਜ਼ਰ ਨੌਜੁਆਨ*


M.K. Nijjar DDS
Ruchi Nijjar DDS

Laser Dentistry
No shots, No Drill,
No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

# ਸੁਪਰੀਮ ਕੌਂਸਲ ਚੋਣਾਂ

# ਗੁਰਦੁਆਰਾ ਫਰੀਮਾਂਟ ਦੀਆਂ ਸੰਗਤਾਂ ਨੂੰ ਅਪੀਲ


ਭਾਈ ਅਵਤਾਰ ਸਿੰਘ ਧਾਮੀ
ਫੋਨ: 510-376-9124


ਭਾਈ ਗੁਰਚਰਨ ਸਿੰਘ ਮਾਨ
ਫੋਨ: 510-557-0061


ਭਾਈ ਹਰਚਰਨ ਸਿੰਘ


ਭਾਈ ਜਸਵੰਤ ਸਿੰਘ


ਬੀਬੀ ਰਣਬੀਰ ਕੌਰ

## ਗੁਰਦੁਆਰਾ ਫਰੀਮਾਂਟ ਨੂੰ ਜਮਹੂਰੀ ਅਤੇ ਵਧੀਆ ਪ੍ਰਬੰਧ ਦੇਣ ਲਈ 9 ਮਾਰਚ ਨੂੰ ਹੋ ਰਹੀਆਂ ਚੋਣਾਂ ਵਿਚ ਸੁਪਰੀਮ ਕੌਂਸਲ ਲਈ ਬੇਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਦੇ ਉਮੀਦਵਾਰਾਂ ਨੂੰ ਕਾਮਯਾਬ ਕਰੋ ਜੀ

**ਬੇਨਤੀ ਕਰਤਾ**


ਇਕਬਾਲ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ


ਅਮੋਲਕ ਸਿੰਘ ਗਾਖਲ


ਦਲਵਿੰਦਰ ਸਿੰਘ ਪੱਡਾ

# A&I Transport Inc.

123 E Lee Rd Watsonville, CA Ph: 831-763-7805

# ਗੁਰਦੁਆਰਾ ਫਰੀਮਾਂਟ ਦੀਆਂ ਸੰਗਤਾਂ ਨੂੰ ਬੇਨਤੀ


ਭਾਈ ਅਵਤਾਰ ਸਿੰਘ ਧਾਮੀ


ਭਾਈ ਗੁਰਚਰਨ ਸਿੰਘ ਮਾਨ


ਭਾਈ ਹਰਚਰਨ ਸਿੰਘ


ਭਾਈ ਜਸਵੰਤ ਸਿੰਘ


ਬੀਬੀ ਰਣਬੀਰ ਕੌਰ

## ਮਾਨ ਅਤੇ ਨਾਗਰਾ ਪਰਿਵਾਰ ਵਲੋਂ ਗੁਰਦੁਆਰਾ ਫਰੀਮਾਂਟ ਦੀ ਸਾਧ ਸੰਗਤ ਨੂੰ ਬੇਨਤੀ ਹੈ ਕਿ 9 ਮਾਰਚ ਦੀਆਂ ਸੁਪਰੀਮ ਕੌਂਸਲ ਚੋਣਾਂ ਵਿਚ ਬੇਏਰੀਆ ਸਿੱਖ ਅਲਾਇੰਸ ਦੇ ਉਮੀਦਵਾਰਾਂ ਨੂੰ ਕਾਮਯਾਬ ਕਰਕੇ ਧੰਨਵਾਦੀ ਬਣਾਓ ਜੀ



Mann Insurance Brokers, Inc. dba
Global Green INSURANCE AGENCY
4 Union Square Suite E
Union City, CA 94587
Phone: 510-487-1000
Fax: 510-740-3451

Gurdawar Singh Mann
President
Cell: 510-468-9381
mann@ggiausa.com



Global Green Insurance Brokers

ੴ ਸਤਿਗੁਰ ਪ੍ਰਸਾਦਿ॥

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

3636 Murillo Ave, San Jose CA 95148, **ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ:** www.sanjosegurdwara.org or facebook "San Jose Gurdwara"



# ਹੋਲਾ ਮਹੱਲਾ

## ਸੰਗਤਾਂ ਨੂੰ ਹੋਲੇ ਮਹੱਲੇ ਦੀ ਲੱਖ ਲੱਖ ਵਧਾਈ

## ਖੇਡ ਮੇਲਾ ਸਨਿਚਰਵਾਰ 15 ਮਾਰਚ 2014 *ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ*




ਖਾਲਸਾ ਜੀ ਕੇ ਬੋਲਬਾਲੇ ਦਾ ਪ੍ਰਤੀਕ ਹੋਲਾ ਮਹੱਲਾ ਗੁਰਦੁਆਰਾ ਸੈਨ ਹੋਜ਼ੇ ਵਿਖੇ ਖਾਲਸਾਈ ਰਵਾਇਤ ਅਨੁਸਾਰ ਸਨਿਚਰਵਾਰ 15 ਅਪਰੈਲ 2014 ਨੂੰ ਖਾਲਸਾਈ ਜਾਹੋ ਜਲਾਲ ਨਾਲ ਮਨਾਇਆ ਜਾ ਰਿਹਾ ਹੈ। ਕੀਰਤਨ ਦੀਵਾਨ ਦੌਰਾਨ ਪੰਥ ਪ੍ਰਸਿਧ ਕੀਰਤਨੀ ਤੇ ਢਾਡੀ ਜਥੇ, ਵਿਆਖਿਆਕਾਰ ਅਤੇ ਕਵੀਸ਼ਰ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਨਗੇ ਤੇ ਸਿੱਖੀ ਇਤਿਹਾਸ ਸਰਵਣ ਕਰਵਾਉਣਗੇ।

ਗੁਰਦੁਆਰਾ ਪ੍ਰਬੰਧਕਾਂ ਵਲੋਂ ਖੇਡਾਂ ਪ੍ਰਤੀ ਲਗਾਓ ਪੈਦਾ ਕਰਨ ਦੇ ਮਨੋਰਥ ਨਾਲ ਵਾਲੀਬਾਲ, ਰੱਸਾਕਸ਼ੀ, ਬਾਸਕਿਟਬਾਲ, ਗਤਕਾ, ਘੋੜ ਸਵਾਰੀ ਤੋਂ ਇਲਾਵਾ ਬੱਚਿਆਂ ਅਤੇ ਬਜ਼ੁਰਗਾਂ ਦੀਆਂ ਦੌੜਾਂ ਅਤੇ ਹੋਰ ਖੇਡਾਂ ਕਰਵਾਈਆਂ ਜਾਣਗੀਆਂ। ਅਨੰਦਪੁਰ ਸਾਹਿਬ ਵਰਗਾ ਮਾਹੌਲ ਸਿਰਜਣ ਲਈ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਸਮੂਹ ਸੰਗਤਾਂ ਨੂੰ ਇਨ੍ਹਾਂ ਸਮਾਗਮਾਂ ਦੌਰਾਨ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ।

### ਪਹੁੰਚ ਰਹੇ ਜਥੇ

**ਕੀਰਤਨੀ ਜਥੇ:** ਭਾਈ ਰਸ਼ਪਾਲ ਸਿੰਘ, ਭਾਈ ਜਗਤਾਰ ਸਿੰਘ, ਭਾਈ ਸੁਵੇਗ ਸਿੰਘ, ਭਾਈ ਜਗੀਰ ਸਿੰਘ ਦਰਬਾਰ ਸਾਹਿਬ ਵਾਲੇ; **ਕਵੀਸ਼ਰੀ ਜਥਾ:** ਭਾਈ ਸਤਨਾਮ ਸਿੰਘ ਅਰਸ਼ੀ

ਇਸ ਸਮਾਗਮ ਦੌਰਾਨ ਹਿੱਸਾ ਲੈਣ ਵਾਲੇ ਸਾਰੇ ਬੱਚਿਆਂ ਨੂੰ ਟੀ-ਸ਼ਰਟਾਂ ਇਨਾਮ ਵਜੋਂ ਦਿੱਤੀਆਂ ਜਾਣਗੀਆਂ ਅਤੇ ਜੇਤੂਆਂ ਨੂੰ ਵਿਸ਼ੇਸ਼ ਇਨਾਮ ਦਿਤੇ ਜਾਣਗੇ।

### ਵਿਸ਼ੇਸ਼ ਲੰਗਰ

ਇਸ ਮੌਕੇ ਛੱਲੀਆਂ, ਛੋਲੇ-ਭਠੂਰੇ, ਗੰਨੇ ਦਾ ਰਸ, ਪਕੌੜੇ, ਤਾਜਾ ਫਲ, ਫਰਾਈਆਂ ਅਤੇ ਬਰੈਡ ਪਕੌੜਿਆਂ ਦਾ ਵਿਸ਼ੇਸ਼ ਬੰਦੋਬਸਤ ਹੋਵੇਗਾ

ਪਾਰਕਿੰਗ ਦਾ ਵਿਸ਼ੇਸ਼ ਪ੍ਰਬੰਧ

**General Info: Sukhdev Singh Bainiwal 408-421-9463**

**Sports: Robinder Singh 408-509-4148 or Langer Seva: Arun Singh 408-439-8903**

# ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀਆਂ ਚੋਣਾਂ


ਭਾਈ ਅਵਤਾਰ ਸਿੰਘ ਧਾਮੀ


ਭਾਈ ਗੁਰਚਰਨ ਸਿੰਘ ਮਾਨ


ਭਾਈ ਹਰਚਰਨ ਸਿੰਘ


ਭਾਈ ਜਸਵੰਤ ਸਿੰਘ


ਬੀਬੀ ਰਣਬੀਰ ਕੌਰ

# ਹਮਾਇਤ ਦੀ ਅਪੀਲ

## ਬੇਅ ਏਰੀਆ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ ਸਮੂਹ ਸਪੋਰਟਸ ਕਲੱਬਾਂ ਅਤੇ ਖਿਡਾਰੀਆਂ ਨੂੰ ਬੇਨਤੀ ਹੈ ਕਿ ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਵਿਚ ਬੇਅ ਏਰੀਆ ਸਿੱਖ ਅਲਾਇੰਸ ਦੇ ਉਮੀਦਵਾਰਾਂ ਨੂੰ ਜਿਤਾ ਕੇ ਧੰਨਵਾਦੀ ਬਣਾਇਆ ਜਾਵੇ


ਬਲਜੀਤ ਸੰਧੂ


ਦਿਲਬਾਗ ਸੰਧੂ


ਮੰਗਲ ਢਿੱਲੋਂ


ਕੁਲਦੀਪ ਸੰਧੂ

## ਬੇਅ ਏਰੀਆ ਸਪੋਰਟਸ ਕਲੱਬ ਕੈਲੀਫੋਰਨੀਆ

# ਅਪੀਲ



ਭਾਈ ਅਵਤਾਰ ਸਿੰਘ ਧਾਮੀ | ਭਾਈ ਗੁਰਚਰਨ ਸਿੰਘ ਮਾਨ | ਭਾਈ ਹਰਚਰਨ ਸਿੰਘ | ਭਾਈ ਜਸਵੰਤ ਸਿੰਘ | ਬੀਬੀ ਰਣਬੀਰ ਕੌਰ

## ਗੁਰਦੁਆਰਾ ਫਰੀਮਾਂਟ ਦੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਬੇਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਦੇ ਉਮੀਦਵਾਰਾਂ ਨੂੰ ਕਾਮਯਾਬ ਕਰਕੇ ਗੁਰਦੁਆਰਾ ਫਰੀਮਾਂਟ ਦੇ ਯੋਗ ਪ੍ਰਬੰਧਕ ਚੁਣੋ ਜੀ

### ਬੇਨਤੀ ਕਰਤਾ



ਹਰਵਿੰਦਰ ਧਾਲੀਵਾਲ | ਰਾਣਾ ਕਾਹਲੋਂ | ਰਾਜਿੰਦਰਪਾਲ ਸਿੰਘ ਢਿੱਲੋਂ | ਦਵਿੰਦਰ ਭੇਲਾ | ਲਛਮਣ ਮਾਂਗਟ | ਹਰਪਾਲ ਸਿੰਘ ਰਾਨਾ | ਭੁਪਿੰਦਰ ਪਰਮਾਰ | ਜੱਸੀ ਗਿੱਲ



ਹਰਦੀਪ ਸਿੰਘ ਔਲਖ | ਕੁਲਦੀਪ ਸਿੰਘ ਸਿੱਧੂ | ਸੁਖਵੀਰ ਨਿੱਜਰ | ਅਰਵਿੰਦ ਸਿੰਘ | ਰੌਬਿਨ ਸਿੰਘ | ਸ਼ਮਸ਼ੇਰ ਸਿੰਘ | ਸੰਦੀਪ ਸਿੰਘ ਚਾਹਲ | ਕੁਲਵੰਤ ਸਿੰਘ ਨਿੱਜਰ

### ਜਾਰੀ ਕਰਤਾ:

**ਹਰਵਿੰਦਰ ਧਾਲੀਵਾਲ, ਰਾਣਾ ਕਾਹਲੋਂ, ਰਾਜਿੰਦਰਪਾਲ ਸਿੰਘ ਢਿੱਲੋਂ ਭੁਪਿੰਦਰ ਪਰਮਾਰ, ਦਵਿੰਦਰ ਭੇਲਾ ਅਤੇ ਲਛਮਣ ਮਾਂਗਟ**

# ਗੁਰਦੁਆਰਾ ਫਰੀਮਾਂਟ ਦੀਆਂ ਸੰਗਤਾਂ ਨੂੰ

# ਅਪੀਲ



ਭਾਈ ਅਵਤਾਰ ਸਿੰਘ ਧਾਮੀ



ਭਾਈ ਗੁਰਚਰਨ ਸਿੰਘ ਮਾਨ



ਭਾਈ ਹਰਚਰਨ ਸਿੰਘ



ਭਾਈ ਜਸਵੰਤ ਸਿੰਘ



ਬੀਬੀ ਰਣਬੀਰ ਕੌਰ

## 9 ਮਾਰਚ ਨੂੰ ਹੋ ਰਹੀਆਂ ਸੁਪਰੀਮ ਕੌਂਸਲ ਚੋਣਾਂ ਵਿਚ ਬੇਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਦੇ ਉਮੀਦਵਾਰਾਂ ਨੂੰ ਕਾਮਯਾਬ ਕਰਕੇ ਧੰਨਵਾਦੀ ਬਣਾਓ



ਜਗਰਾਜ ਸਿੰਘ ਸਹੋਤਾ

### ਬੇਨਤੀ ਕਰਤਾ

**ਜਗਰਾਜ ਸਿੰਘ ਸਹੋਤਾ**

*ਡਾਇਰੈਕਟਰ, ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ (ਫਰੀਮਾਂਟ)*

**ਨਰਿੰਦਰ ਸਿੰਘ ਸਹੋਤਾ**

*ਡਾਇਰੈਕਟਰ, ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ (ਫਰੀਮਾਂਟ)*

ਫੋਨ:510-673-0825



ਨਰਿੰਦਰ ਸਿੰਘ ਸਹੋਤਾ

ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

# ਪੰਜਾਬ ਟਾਈਮਜ਼


ਗਾਇਕ ਮੰਗਜੀਤ ਸਿੰਘ ਮੰਗਾ


## 14ਵੀਂ ਵਰ੍ਹੇਗੰਢ ਮੌਕੇ
## ਗੀਤ-ਸੰਗੀਤ ਭਰੀ ਇਕ ਸ਼ਾਮ
## 'ਪੰਜਾਬ ਟਾਈਮਜ਼ ਨਾਈਟ'

ਸਨਿਚਰਵਾਰ, 5 ਅਪਰੈਲ 2014


ਇੰਡੀਆ ਹਾਊਸ, ਸ਼ਾਮਬਰਗ


ਗਾਇਕ ਤਰਸੇਮ ਅਟਵਾਲ

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਸਵਰਨਜੀਤ ਸਿੰਘ ਢਿਲੋਂ


ਪ੍ਰੋ ਜੋਗਿੰਦਰ ਸਿੰਘ ਰਮਦੇਵ



ਅਮੋਲਕ ਸਿੰਘ ਗਾਖਲ



ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ


ਬਲਵਿੰਦਰ ਸਿੰਘ ਸੰਧੂ


ਸਰਵਣ ਸਿੰਘ ਟਿਵਾਣਾ


ਦਰਸ਼ਨ ਸਿੰਘ ਦਰੜ


ਰਾਜਿੰਦਰ ਸਿੰਘ ਬੈਂਸ


ਜੈਦੇਵ ਸਿੰਘ ਭੱਠਲ


ਜੱਸੀ ਗਿੱਲ


ਦਰਸ਼ਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ


ਡਾ. ਤੇਜਿੰਦਰ ਸਿੰਘ ਮੰਡੇਰ


ਮਨਦੀਪ ਸਿੰਘ ਭੂਰਾ


ਜਗਦੀਸ਼ਰ ਸਿੰਘ ਕਲੇਰ


ਗੁਰਿੰਦਰ ਸਿੰਘ ਗਿੱਲ


ਸਰਬਜੀਤ ਥਿਆੜਾ


ਅਯੁਧਿਆ ਸਲਵਾਨ

### ਵਿਸ਼ੇਸ਼ ਸਹਿਯੋਗੀ


ਡਾ. ਹਰਜਿੰਦਰ ਸਿੰਘ ਖਹਿਰਾ


ਜੈਰਾਮ ਸਿੰਘ (ਨੀਟੂ) ਕਾਹਲੋਂ


ਗੁਰਮੁਖ ਸਿੰਘ ਭੁੱਲਰ


ਸੁਰਿੰਦਰ ਸਿੰਘ ਭਾਟੀਆ

### ਸਾਡੇ ਕਾਲਮਨਵੀਸ


ਗੁਰਬਚਨ ਭੁੱਲਰ


ਤਰਲੋਚਨ ਸਿੰਘ


ਐਸ. ਅਸ਼ੋਕ ਭੌਰਾ


ਡਾ. ਗੁਰਨਾਮ ਕੌਰ


ਬੀਬੀ ਸੁਰਜੀਤ ਕੌਰ


ਬਲਜੀਤ ਬਾਸੀ


ਜਤਿੰਦਰ ਪਨੂੰ


ਦਲਜੀਤ ਅਮੀ


ਜਤਿੰਦਰ ਮੌਹਰ


ਮੇਜਰ ਕੁਲਾਰ


ਇਕਬਾਲ ਜੱਬੋਵਾਲ

ਹੋਰ ਜਾਣਕਾਰੀ ਲਈ 847-359-0746 ਏ-ਮਅਲਿ: ਪੁਨਜਅਬਟਮਿੲਸ1@ਸਬਚਗਲੋਬਅਲ।ਨੲਟ, ੱੲਬਸਟਿੲ:

## ਖਡੂਰ ਸਾਹਿਬ ਤੋਂ ਚੋਣ ਲੜਨਗੇ ਸਿਮਰਨਜੀਤ ਸਿੰਘ ਮਾਨ

**ਲੁਧਿਆਣਾ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪਾਰਲੀਮੈਂਟ ਬੋਰਡ ਦੀ ਅਹਿਮ ਮੀਟਿੰਗ ਲੁਧਿਆਣਾ ਦੇ ਸਰਕਟ ਹਾਊਸ ਵਿਚ ਹੋਈ ਜਿਸ ਤੋਂ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਧਿਆਨ ਸਿੰਘ ਮੰਡ ਨੇ ਲੋਕ ਸਭਾ ਚੋਣਾਂ ਲਈ ਪਾਰਟੀ ਦੇ ਨੌਂ ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ। ਜਾਰੀ ਸੂਚੀ ਅਨੁਸਾਰ ਪਾਰਟੀ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਖਡੂਰ ਸਾਹਿਬ ਹਲਕੇ ਤੋਂ ਚੋਣ ਲੜਨਗੇ।

ਇਸ ਤੋਂ ਇਲਾਵਾ ਪਾਰਟੀ ਨੇ ਮਾਸਟਰ ਕਰਨੈਲ ਸਿੰਘ ਨਾਰੀਕੇ ਨੂੰ ਸੰਗਰੂਰ, ਧਰਮ ਸਿੰਘ ਕਲੌੜ ਨੂੰ ਸ੍ਰੀ ਫਤਹਿਗੜ੍ਹ ਸਾਹਿਬ, ਦਰਸ਼ਨ ਸਿੰਘ ਮਨੂੰਕੇ ਨੂੰ ਫਰੀਦਕੋਟ, ਸਾਬਕਾ ਵਿਧਾਇਕ ਤਾਲਿਬ ਸਿੰਘ ਸੰਧੂ ਨੂੰ ਲੁਧਿਆਣਾ, ਪਰਮਿੰਦਰਪਾਲ ਸਿੰਘ ਸੁਕਰਚੱਕਰੀਆ ਨੂੰ ਅੰਮ੍ਰਿਤਸਰ, ਸਮਸ਼ੇਰ ਸਿੰਘ ਮਲੋਆ ਨੂੰ ਹੁਸ਼ਿਆਰਪੁਰ, ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੂੰ ਬਠਿੰਡਾ ਤੇ ਪਿਆਰੇ ਲਾਲ ਕਲੇਰ ਨੂੰ ਜਲੰਧਰ ਤੋਂ ਮੈਦਾਨ ਵਿਚ ਉਤਾਰਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਪੰਜਾਬ ਦੀ ਇਕ ਸੀਟ ਤੋਂ ਇਲਾਵਾ ਹਰਿਆਣਾ, ਰਾਜਸਥਾਨ, ਚੰਡੀਗੜ੍ਹ ਦੇ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਵੀ ਛੇਤੀ ਹੀ ਕਰ ਦਿੱਤਾ ਜਾਵੇਗਾ।

# ਨਨਕਾਣਾ ਸਾਹਿਬ ਵਿਖੇ ਭਾਰਤੀਆਂ ਨੂੰ ਮੱਥਾ ਟੇਕਣ ਤੋਂ ਰੋਕਿਆ

**ਲਾਹੌਰ:** ਗੁਰਦੁਆਰਾ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਪਹੁੰਚੇ ਪੰਜ ਭਾਰਤੀ ਹਿੰਦੂਆਂ ਨੂੰ ਅੰਦਰ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ। ਸੂਤਰਾਂ ਮੁਤਾਬਕ ਦੋ ਔਰਤਾਂ ਸਮੇਤ ਪੰਜ ਜਣਿਆਂ ਕੋਲ ਇਸ ਜ਼ਿਲ੍ਹੇ ਦਾ ਦੌਰਾ ਕਰਨ ਲਈ ਵੀਜ਼ਾ ਨਹੀਂ ਸੀ। ਔਕਾਫ ਬੋਰਡ ਦੇ ਸੂਤਰਾਂ ਨੇ ਦੱਸਿਆ ਕਿ ਵਨੀਤ ਗੁਪਤਾ, ਨੀਲਮ ਗੁਪਤਾ, ਨਰਿੰਦਰ ਕੁਮਾਰ, ਹਰੀਓਮ ਤੇ ਵਿਜੈ ਲਕਸ਼ਮੀ ਗੁਰੂ ਨਾਨਕ ਦੇਵ ਦੇ ਜਨਮ ਅਸਥਾਨ ਦੇ ਦਰਸ਼ਨਾਂ ਲਈ ਲਾਹੌਰ ਤੋਂ ਕਾਰ ਰਾਹੀਂ ਪਹੁੰਚੇ ਸਨ।

ਗੁਰਦੁਆਰੇ ਦੇ ਅਧਿਕਾਰੀਆਂ ਨੂੰ ਜਦੋਂ ਪਤਾ ਲੱਗਾ ਕਿ ਉਨ੍ਹਾਂ ਕੋਲ ਉਥੇ ਆਉਣ ਦਾ ਵੀਜ਼ਾ ਨਹੀਂ ਹੈ ਤਾਂ ਉਨ੍ਹਾਂ ਇਨ੍ਹਾਂ ਭਾਰਤੀਆਂ ਨੂੰ ਔਕਾਫ ਬੋਰਡ ਹਵਾਲੇ ਕਰ ਦਿੱਤਾ। ਸੂਤਰਾਂ ਦਾ ਕਹਿਣਾ ਹੈ ਕਿ ਸ਼ਰਧਾਲੂ ਗੁਰਦੁਆਰੇ ਵਿਚ ਮੱਥਾ ਟੇਕਣ ਦੇ ਇੱਛੁਕ ਸਨ। ਇਸ ਲਈ ਵੀਜ਼ਾ ਨਾ ਹੋਣ ਦੇ ਬਾਵਜੂਦ ਉਹ ਉਥੇ ਪਹੁੰਚ ਗਏ। ਇਹ ਹਿੰਦੂ ਚਕਵਾਲ ਜ਼ਿਲ੍ਹੇ ਵਿਚ ਇਤਿਹਾਸਕ ਕਟਾਸਰਾਜ ਮੰਦਰ ਵਿਚ ਸ਼ਿਵਰਾਤਰੀ ਦਾ ਤਿਉਹਾਰ ਮਨਾਉਣ ਲਈ ਪਹੁੰਚੇ ਜਥੇ ਵਿਚ ਸ਼ਾਮਲ ਸਨ।

ਹਿੰਦੂ ਮਾਮਲਿਆਂ ਬਾਰੇ ਡਿਪਟੀ ਸਕੱਤਰ ਅਜ਼ਹਰ ਸੁਲਾਹਰੀ ਨੇ ਕਿਹਾ ਕਿ ਪੰਜ ਭਾਰਤੀਆਂ ਕੋਲ ਸਿਰਫ ਲਾਹੌਰ ਤੇ ਚਕਵਾਲ ਦਾ ਵੀਜ਼ਾ ਸੀ।



ਉਨ੍ਹਾਂ ਕਿਹਾ ਕਿ ਇਨ੍ਹਾਂ ਭਾਰਤੀਆਂ ਨੂੰ ਬਾਅਦ ਵਿਚ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਭੇਜ ਦਿੱਤਾ ਗਿਆ ਸੀ। ਜ਼ਿਕਰਯੋਗ ਹੈ ਕਿ 150 ਤੋਂ ਵੱਧ ਹਿੰਦੂ ਸ਼ਰਧਾਲੂ ਭਾਰਤ ਤੋਂ ਕਟਾਸਰਾਜ ਮੰਦਰ ਵਿਚ ਸ਼ਿਵਰਾਤਰੀ ਮਨਾਉਣ ਲਈ 25 ਫਰਵਰੀ ਨੂੰ ਪੁੱਜੇ ਸਨ।

## ਅੰਮ੍ਰਿਤਸਰ-ਲਾਹੌਰ ਬੱਸ ਸੇਵਾ ਠੱਪ

**ਅੰਮ੍ਰਿਤਸਰ:** ਅੰਮ੍ਰਿਤਸਰ-ਲਾਹੌਰ ਤੇ ਨਨਕਾਣਾ ਸਾਹਿਬ ਵਿਚਾਲੇ ਚੱਲਦੀ ਬੱਸ ਸੇਵਾ ਤਹਿਤ ਪਾਕਿਸਤਾਨੀ ਬੱਸ ਦੇ ਡਰਾਈਵਰ ਨੂੰ ਵੀਜ਼ਾ ਮਿਲਣ ਵਿਚ ਦੇਰੀ ਹੋਣ ਕਾਰਨ ਪਿਛਲੇ ਕੁਝ ਦਿਨਾਂ ਤੋਂ ਪਾਕਿਸਤਾਨੀ ਬੱਸ ਇੱਥੇ ਨਹੀਂ ਆਈ ਹੈ। ਹੁਣ ਇਸ ਵੇਲੇ ਭਾਰਤੀ ਬੱਸ ਸਿਰਫ ਲਾਹੌਰ ਤੇ ਨਨਕਾਣਾ ਸਾਹਿਬ ਯਾਤਰੂਆਂ ਨੂੰ ਲੈ ਕੇ ਜਾ ਰਹੀ ਹੈ। ਇਸ ਦੀ ਪੁਸ਼ਟੀ ਕਰਦਿਆਂ ਪੰਜਾਬ ਰੋਡਵੇਜ਼ ਦੇ ਜਨਰਲ ਮੈਨੇਜਰ ਜੋਗਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪਾਕਿਸਤਾਨੀ ਅਧਿਕਾਰੀਆਂ ਨਾਲ ਗੱਲ ਹੋਈ ਹੈ। ਇਨ੍ਹਾਂ ਅਧਿਕਾਰੀਆਂ ਨੇ ਦੱਸਿਆ ਕਿ ਚਾਲਕ ਦਾ ਵੀਜ਼ਾ ਖਤਮ ਹੋ ਚੁੱਕਿਆ ਹੈ। ਉਸ ਵੱਲੋਂ ਨਵਿਆਉਣ ਲਈ ਅਰਜ਼ੀ ਦਿੱਤੀ ਹੋਈ ਹੈ ਪਰ ਕੁਝ ਦੇਰ ਹੋ ਰਹੀ ਹੈ। ਉਨ੍ਹਾਂ ਨੇ ਕੋਈ ਆਰਜ਼ੀ ਪ੍ਰਬੰਧ ਕਰਨ ਦੀ ਵੀ ਅਪੀਲ ਕੀਤੀ ਹੈ। ਇਸ ਪਾਸਿਉਂ ਫਿਲਹਾਲ ਆਰਜ਼ੀ ਪ੍ਰਬੰਧ ਕੀਤਾ ਗਿਆ ਹੈ ਜਿਸ ਤਹਿਤ ਅੰਮ੍ਰਿਤਸਰ ਤੋਂ ਸਵਾਰੀਆਂ ਨੂੰ ਅਟਾਰੀ ਸਰਹੱਦ ਤੱਕ ਲਿਜਾਇਆ ਜਾ ਰਿਹਾ ਹੈ।

# ਪੰਜਾਬ ਤੋਂ ਪਾਣੀ ਲੈਣ ਲਈ ਸੁਪਰੀਮ ਕੋਰਟ ਪਹੁੰਚਿਆ ਹਰਿਆਣਾ

**ਚੰਡੀਗੜ੍ਹ:** ਅਲ ਨੀਨੋ ਦੇ ਪ੍ਰਭਾਵ ਕਾਰਨ 2014 ਵਿਚ ਪੈਣ ਵਾਲੇ ਸੋਕੇ ਬਾਰੇ ਕੇਂਦਰ ਵੱਲੋਂ ਕੀਤੀ ਗਈ ਚੌਕਸੀ 'ਤੇ ਹਰਿਆਣਾ ਨੇ ਸੁਪਰੀਮ ਕੋਰਟ ਵਿਚ ਪਹੁੰਚ ਕਰਕੇ ਭਾਖੜਾ ਮੁੱਖ ਲਾਈਨ (ਬੀ.ਐਮ.ਐਲ.) ਵਿਚੋਂ ਪੰਪ ਰਾਹੀਂ ਪਾਣੀ ਲੈ ਕੇ 109 ਕਿਲੋਮੀਟਰ ਲੰਮੀ ਹਾਂਸੀ-ਬੁਟਾਣਾ ਨਹਿਰ ਦੀ ਵਰਤੋਂ ਕੀਤੇ ਜਾਣ ਦੀ ਆਗਿਆ ਦੇਣ ਦੀ ਬੇਨਤੀ ਕੀਤੀ ਹੈ। ਪੰਜਾਬ ਤੇ ਰਾਜਸਥਾਨ ਨੇ ਇਸ ਬੇਨਤੀ ਦਾ ਵਿਰੋਧ ਕੀਤਾ ਹੈ। ਹਰਿਆਣਾ ਵੱਲੋਂ ਪੇਸ਼ ਸੀਨੀਅਰ ਵਕੀਲ ਅਲਤਾਫ ਅਹਿਮਦ ਨੇ ਜਸਟਿਸ ਐਚ.ਐਲ. ਗੋਖਲੇ ਤੇ ਐਨ.ਵੀ. ਰਾਮੰਨਾ ਆਧਾਰਤ ਬੈਂਚ ਅੱਗੇ ਕਿਹਾ ਕਿ ਕਿਉਂਕਿ ਸੁਪਰੀਮ ਕੋਰਟ ਨੇ ਹਰਿਆਣਾ ਨੂੰ ਬੀ.ਐਮ.ਐਲ. ਵਿਚ ਪਾੜ ਪਾ ਕੇ ਪਾਣੀ ਲੈਣ 'ਤੇ ਰੋਕ ਲਾਈ ਹੋਈ ਹੈ, ਇਸ ਕਰਕੇ ਅਦਾਲਤ ਇਸ ਨੂੰ ਘੱਟੋ-ਘੱਟ ਪਾਣੀ ਪੰਪ ਰਾਹੀਂ ਲੈਣ ਦੀ ਆਗਿਆ ਤਾਂ ਦੇਵੇ। ਪੰਜਾਬ ਵੱਲੋਂ ਪੇਸ਼ ਹੁੰਦਿਆਂ ਸੀਨੀਅਰ ਵਕੀਲ ਹਰੀਸ਼ ਸਾਲਵੇ ਨੇ ਕਿਹਾ ਕਿ ਸੁਪਰੀਮ ਕੋਰਟ ਪਹਿਲਾਂ ਹੀ ਹਰਿਆਣਾ ਵੱਲੋਂ ਬੀ.ਐਮ.ਐਲ. ਵਿਚ ਪਾੜ ਪਾਉਣ ਜਾਂ ਸਾਈਫਨਾਂ ਰਾਹੀਂ ਪੈਣ ਦੇ ਬਦਲਵੇਂ ਪ੍ਰਬੰਧ ਕਰਨ ਦੀਆਂ ਤਜਵੀਜ਼ਾਂ ਰੱਦ ਕਰ ਚੁੱਕੀ ਹੈ।ਰਾਜਸਥਾਨ ਵੱਲੋਂ ਸੀਨੀਅਰ ਵਕੀਲ ਕੇ ਕੇ ਵੇਣੂਗੋਪਾਲ ਪੇਸ਼ ਹੋਏ ਤੇ ਕਿਹਾ ਕਿ ਸਰਵਉੱਚ ਅਦਾਲਤ ਹਰਿਆਣਾ ਦੀਆਂ ਅਜਿਹੀਆਂ ਛੇ ਬੇਨਤੀਆਂ ਹੁਣ ਤਕ ਖਾਰਜ ਕਰ ਚੁੱਕੀ ਹੈ ਤੇ ਇਸ ਪੜਾਅ 'ਤੇ ਇਸ ਨੂੰ ਨਹਿਰ ਦੀ ਵਰਤੋਂ ਕਰਨ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ। ਪੰਜਾਬ ਮੁਤਾਬਕ ਹਰਿਆਣਾ ਨੂੰ ਭਾਖੜਾ ਮੁੱਖ ਨਹਿਰ ਵਿਚ ਪਾੜ ਪਾਉਣ ਦੀ ਆਗਿਆ ਦੇਣ ਨਾਲ ਇਸ ਦੇ ਖੇਤਰਾਂ ਵਿਚ ਹੜ੍ਹ ਆਉਣਗੇ। ਰਾਜਸਥਾਨ ਦੀ ਦਲੀਲ ਸੀ ਕਿ ਜੇਕਰ ਭਾਖੜਾ ਨਹਿਰ ਵਿਚ ਪਾੜ ਪਾਇਆ ਜਾਂਦਾ ਹੈ ਤਾਂ ਖੇਤੀਬਾੜੀ ਵਾਲੇ ਨੀਵੇਂ ਇਲਾਕਿਆਂ ਤਕ ਪਾਣੀ ਦਾ ਪੱਧਰ ਘਟ ਜਾਵੇਗਾ ਤੇ ਇਸ ਦੀ ਖੇਤੀ ਪ੍ਰਭਾਵਿਤ ਹੋਵੇਗੀ।

ਹਰਿਆਣਾ ਨੇ ਦਲੀਲ ਦਿੱਤੀ ਕਿ ਇਹ ਨਹਿਰ ਰਾਹੀਂ ਸਿਰਫ 0.8 ਐਮ.ਏ.ਐਫ. ਪਾਣੀ ਲਵੇਗੀ ਜੋ ਇਸ ਦੇ ਅਖਤਿਆਰੀ ਪਾਣੀ 1.62 ਐਮ.ਏ.ਐਫ. ਦਾ ਤਕਰੀਬਨ 50 ਫੀਸਦੀ ਹੈ। ਇਹ ਪਾਣੀ ਸਿਰਫ ਸੋਕੇ ਕਾਰਨ ਪੈਦਾ ਹੋਣ ਵਾਲੇ ਸੰਕਟ ਦੇ ਸਮੇਂ ਲਈ ਲਿਆ ਜਾ ਰਿਹਾ ਹੈ। ਸ੍ਰੀ ਅਹਿਮਦ ਅਨੁਸਾਰ ਕੇਂਦਰੀ ਖੇਤੀ ਮੰਤਰਾਲੇ ਨੇ ਹਰਿਆਣਾ ਤੇ ਹੋਰ ਰਾਜਾਂ ਨੂੰ ਪੱਤਰ ਭੇਜ ਕੇ ਅਲ ਨੀਨੋ ਪ੍ਰਭਾਵ ਤਹਿਤ ਪੈਣ ਵਾਲੇ ਸੰਭਾਵੀ ਸੋਕੇ ਨਾਲ ਨਜਿੱਠਣ ਲਈ ਤਿਆਰ ਰਹਿਣ ਲਈ ਕਿਹਾ ਸੀ। ਉਨ੍ਹਾਂ ਦੀ ਦਲੀਲ ਸੀ ਕਿ ਕੇਂਦਰੀ ਜਲ ਕਮਿਸ਼ਨ ਨੇ ਇਹ ਸਪਸ਼ਟ ਕੀਤਾ ਸੀ ਕਿ ਨਹਿਰ ਵਿਚੋਂ ਪਾਣੀ ਲੈਣ ਨਾਲ ਪੰਜਾਬ ਜਾਂ ਰਾਜਸਥਾਨ 'ਤੇ ਕੋਈ ਮਾੜਾ ਪ੍ਰਭਾਵ ਨਹੀਂ ਪਵੇਗਾ। ਹਰਿਆਣਾ ਨੇ ਪੰਜਾਬ ਦੇ ਹਾਂਸੀ-ਬੁਟਾਣਾ ਨਹਿਰ ਖਿਲਾਫ ਪਾਏ ਅਸਲ ਕੇਸ ਵਿਚ ਕੇਂਦਰੀ ਜਲ ਕਮਿਸ਼ਨ ਨੂੰ ਧਿਰ ਬਣਾਏ ਜਾਣ ਦੀ ਬੇਨਤੀ ਕੀਤੀ ਜਿਸ 'ਤੇ ਪੰਜਾਬ ਤੇ ਰਾਜਸਥਾਨ ਨੇ ਕਿਹਾ ਕਿ ਪਹਿਲਾਂ ਹਰਿਆਣਾ ਰਸਮੀ ਅਰਜ਼ੀ ਪਾਵੇ ਤਾਂ ਕਿ ਉਨ੍ਹਾਂ ਨੂੰ ਇਸ ਦਾ ਵਿਰੋਧ ਕਰਨ ਦਾ ਮੌਕਾ ਮਿਲ ਸਕੇ।

# ਹੋਲੇ ਮਹੱਲੇ ਮੌਕੇ ਦਿੱਸੇਗਾ ਖੁੱਲ੍ਹ ਕੇ ਸਿਆਸੀ ਰੰਗ

**ਆਨੰਦਪੁਰ ਸਾਹਿਬ:** ਖਾਲਸਾ ਪੰਥ ਦੇ ਜਨਮ ਸਥਾਨ ਆਨੰਦਪੁਰ ਸਾਹਿਬ ਵਿਖੇ 15 ਤੋਂ 17 ਮਾਰਚ ਤੱਕ ਮਨਾਏ ਜਾਣ ਵਾਲੇ ਕੌਮੀ ਤਿਓਹਾਰ ਮੌਕੇ ਜਿਥੇ ਵਿਸ਼ਵ ਭਰ ਦੇ ਸ਼ਰਧਾਲੂ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਲਈ ਪਹੁੰਚਣਗੇ, ਉਥੇ ਇਸ ਮੌਕੇ ਪਹੁੰਚਣ ਵਾਲੇ ਲੱਖਾਂ ਲੋਕਾਂ ਦਾ ਸਿਆਸੀ ਤੌਰ 'ਤੇ ਲਾਹਾ ਲੈਣ ਲਈ ਵੀ ਵੱਖ-ਵੱਖ ਪਾਰਟੀਆਂ ਵੀ ਪੱਬਾਂ ਭਾਰ ਹਨ। ਹੋਲੇ ਮਹੱਲੇ ਦੌਰਾਨ 16 ਮਾਰਚ ਨੂੰ ਸਿਆਸੀ ਪਾਰਟੀਆਂ ਵੱਲੋਂ ਆਪਣੀਆਂ ਸਟੇਜਾਂ ਲਾਉਣ ਦਾ ਐਲਾਨ ਕਰ ਦਿੱਤਾ ਗਿਆ ਹੈ।

ਉਂਜ ਤਾਂ ਹਰ ਸਾਲ ਹੀ ਹੋਲੇ ਮਹੱਲੇ ਮੌਕੇ ਸਿਆਸੀ ਪਾਰਟੀਆਂ ਵੱਲੋਂ ਮੰਚ ਸਜਾਏ ਜਾਂਦੇ ਹਨ ਪਰ ਇਸ ਵਾਰ ਲੋਕ ਸਭਾ ਚੋਣਾਂ ਦਾ ਪਿੜ ਭਖ ਜਾਣ ਕਰਕੇ ਧਾਰਮਿਕ ਆਸਥਾ ਦਾ ਕੇਂਦਰ ਆਨੰਦਪੁਰ ਸਾਹਿਬ ਪੂਰੇ ਸਿਆਸੀ ਰੰਗ ਵਿਚ ਰੰਗਿਆ ਨਜ਼ਰ ਆਵੇਗਾ। ਸੱਤਾਧਾਰੀ ਧਿਰ ਸ਼੍ਰੋਮਣੀ ਅਕਾਲੀ ਦਲ ਦੀ ਕਾਨਫਰੰਸ ਹਰ ਸਾਲ ਦੀ ਤਰ੍ਹਾਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਹਮਣੇ ਵਾਲੇ ਮੈਦਾਨ ਵਿਚ ਕੀਤੀ ਜਾਵੇਗੀ। ਪਾਰਟੀ ਦੇ ਸਕੱਤਰ ਤੇ ਵਿਧਾਇਕ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ 16 ਮਾਰਚ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਕਾਨਫਰੰਸ ਕੀਤੀ ਜਾ ਰਹੀ ਹੈ ਜਿਸ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੋਂ ਇਲਾਵਾ ਐਨ.ਡੀ.ਏ. ਦੀ ਸੀਨੀਅਰ ਲੀਡਰਸ਼ਿਪ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰੇਗੀ।

ਦੂਸਰੇ ਪਾਸੇ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਹਰਭਾਗ ਸਿੰਘ ਸੈਣੀ ਨੇ ਦੱਸਿਆ ਕਿ ਹੋਲੇ ਮਹੱਲੇ



ਮੌਕੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕਾਂਗਰਸ ਪਾਰਟੀ ਵੱਲੋਂ ਪਹਿਲਾਂ ਵਾਲੇ ਸਥਾਨ 'ਤੇ ਪੰਜ ਪਿਆਰਾ ਪਾਰਕ ਦੇ ਸਾਹਮਣੇ ਕਾਨਫਰੰਸ ਕੀਤੀ ਜਾ ਰਹੀ ਹੈ। ਇਸ ਵਿਚ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ ਕੇਂਦਰੀ ਲੀਡਰਸ਼ਿਪ ਪਹੁੰਚੇਗੀ। ਪੰਜਾਬ ਕਾਂਗਰਸ ਵੱਲੋਂ ਹੋਲੇ ਮਹੱਲੇ ਮੌਕੇ ਕਾਨਫਰੰਸ ਕਰਵਾਉਣ ਦੇ ਲਈ ਆਰਗੇਨਾਈਜ਼ਿੰਗ ਕਮੇਟੀ ਦਾ ਚੇਅਰਮੈਨ ਰਾਣਾ ਕੇ.ਪੀ. ਸਿੰਘ ਨੂੰ ਬਣਾ ਦਿੱਤਾ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਵੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਹਮਣੇ ਸਰੋਵਰ ਨਾਲ ਲਗਦੇ ਮੈਦਾਨ ਵਿਚ ਸਿਆਸੀ ਕਾਨਫਰੰਸ ਕਰਨ ਲਈ ਤਖਤ ਦੇ ਮੈਨੇਜਰ ਨੂੰ ਅਰਜ਼ੀ ਦਿੱਤੀ ਗਈ ਹੈ। ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਜਸਵੰਤ ਸਿੰਘ ਮਾਨ ਨੂੰ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੀ ਹੋਲੇ ਮਹੱਲੇ ਮੌਕੇ ਕਾਨਫਰੰਸ ਕਰਕੇ ਲਾਹਾ ਲੈਣ ਵਿਚ ਕੋਈ ਕਸਰ ਨਹੀਂ ਛੱਡਣਾ ਚਾਹੁੰਦਾ। ਆਮ ਆਦਮੀ ਪਾਰਟੀ ਵੀ ਇਸ ਵਾਰ ਠੀਕ ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਭਰ ਦੇ ਲੋਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਲਈ ਸੂਬੇ ਵਿਚ ਪਲੇਠੀ ਕਾਨਫਰੰਸ ਹੋਲੇ ਮਹੱਲੇ ਮੌਕੇ 16 ਮਾਰਚ ਨੂੰ ਆਨੰਦਪੁਰ ਸਾਹਿਬ ਵਿਖੇ ਕਰਨ ਜਾ ਰਹੀ ਹੈ। ਹਾਸਲ ਜਾਣਕਾਰੀ ਅਨੁਸਾਰ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਵੱਲੋਂ ਕਾਨਫਰੰਸ ਕਰਨ ਲਈ ਢੁਕਵੀਂ ਥਾਂ ਵਾਸਤੇ ਸ਼੍ਰੋਮਣੀ ਕਮੇਟੀ ਨੂੰ ਅਰਜ਼ੀ ਦਿੱਤੀ ਗਈ ਸੀ ਪਰ ਸ਼੍ਰੋਮਣੀ ਕਮੇਟੀ ਨੇ

# ਸਵਾ ਮਹੀਨੇ ਬਾਅਦ ਵੀ ਆਸ਼ੂਤੋਸ਼ ਦੀ ਸਮਾਧੀ ਦਾ ਭੇਤ ਬਰਕਰਾਰ

**ਜਲੰਧਰ:** ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਨੂਰਮਹਿਲ ਦੇ ਬਾਨੀ ਆਸ਼ੂਤੋਸ਼ ਮਹਾਰਾਜ ਦੀ ਮੌਤ ਜਾਂ ਸਮਾਧੀ ਦਾ ਭੇਤ ਪਿਛਲੇ ਇਕ ਮਹੀਨੇ ਤੋਂ ਬਰਕਰਾਰ ਹੈ। ਡੇਰੇ ਦੇ ਪ੍ਰਬੰਧਕਾਂ ਵੱਲੋਂ ਅਜੇ ਵੀ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਆਸ਼ੂਤੋਸ਼ ਮਹਾਰਾਜ ਨੇ ਫਰੀਜ਼ਰ ਵਿਚ ਸਮਾਧੀ ਲਾਈ ਹੋਈ ਹੈ। ਡੇਰੇ ਦੀ ਵੈੱਬਸਾਈਟ 'ਤੇ ਉਨ੍ਹਾਂ ਆਪਣੇ ਸ਼ਰਧਾਲੂਆਂ ਨੂੰ ਕਿਹਾ ਕਿ ਮਹਾਰਾਜ ਆਸ਼ੂਤੋਸ਼ ਸਮਾਧੀ ਵਿਚ ਹਨ ਤੇ ਉਨ੍ਹਾਂ ਵੱਲੋਂ ਛੱਡੀ ਜਾ ਰਹੀ ਸਕਾਰਾਤਮਕ ਊਰਜਾ ਦਾ ਲਾਹਾ ਲੈਣਾ ਚਾਹੀਦਾ ਹੈ।

ਡੇਰੇ ਦੇ ਪ੍ਰਬੰਧਕ ਅਜੇ ਵੀ ਆਪਣੇ ਇਸ ਦਾਅਵੇ 'ਤੇ ਅੜੇ ਹੋਏ ਹਨ ਕਿ ਆਸ਼ੂਤੋਸ਼ ਸਮਾਧੀ ਵਿਚ ਹਨ ਤੇ ਇਹ ਸਮਾਧੀ ਉਨ੍ਹਾਂ ਨੇ ਫਰੀਜ਼ਰ ਵਿਚ ਲਾਈ ਹੋਈ ਹੈ। ਡੇਰੇ ਵਾਲੇ ਇਹ ਦਾਅਵਾ ਕਰਦੇ ਆ ਰਹੇ ਹਨ ਕਿ ਸਮਾਧੀ ਦਾ ਕੋਈ ਵੀ ਸਮਾਂ ਨਹੀਂ ਦੱਸਿਆ ਜਾ ਸਕਦਾ। ਉਨ੍ਹਾਂ ਇਹ ਕਿਹਾ ਸੀ ਕਿ ਸਮਾਧੀ ਇਕ ਮਹੀਨਾ ਜਾਂ ਤਿੰਨ ਮਹੀਨੇ ਜਾਂ ਫਿਰ ਤਿੰਨ ਸਾਲ ਤੱਕ ਵੀ ਹੋ ਸਕਦੀ ਹੈ। ਪਿਛਲੀ ਵਾਰ ਸਮਾਧੀ ਸਿਰਫ ਤਿੰਨ ਦਿਨ ਦੀ ਹੀ ਦੱਸੀ ਗਈ ਸੀ।

ਪਿਛਲੇ ਇਕ ਮਹੀਨੇ ਤੋਂ ਡੇਰੇ ਵੱਲੋਂ ਆਸ਼ੂਤੋਸ਼ ਨੂੰ ਸਮਾਧੀ ਵਿਚ ਦੱਸੇ ਜਾਣ ਕਾਰਨ ਇਥੇ ਆਉਣ ਵਾਲੇ ਸ਼ਰਧਾਲੂਆਂ ਦੀ ਆਮਦ ਵਿਚ ਕਮੀ ਆਈ ਹੈ ਹਾਲਾਂਕਿ ਹਰ ਐਤਵਾਰ ਡੇਰੇ ਵਿਚ ਸਤਿਸੰਗ ਕੀਤਾ ਜਾਂਦਾ ਹੈ। ਸੰਗਤਾਂ ਐਤਵਾਰ ਵਾਲੇ ਦਿਨ ਹੀ ਆਉਂਦੀਆਂ ਹਨ। ਜ਼ਿਕਰਯੋਗ ਹੈ ਕਿ 28 ਜਨਵਰੀ ਦੀ ਅੱਧੀ ਰਾਤ ਨੂੰ ਆਸ਼ੂਤੋਸ਼ ਦੀ ਛਾਤੀ ਵਿਚ ਤਿੱਖਾ ਦਰਦ ਉੱਠਿਆ ਸੀ ਜਿਸ ਕਾਰਨ ਲੁਧਿਆਣੇ ਦੇ ਅਪੋਲੋ ਹਸਪਤਾਲ ਵਿਚੋਂ ਡਾਕਟਰਾਂ ਦੀ ਟੀਮ ਆਈ ਸੀ। ਡਾਕਟਰਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਆਸ਼ੂਤੋਸ਼ ਦੀ ਨਬਜ਼ ਤੇ ਦਿਲ ਦੀ ਧੜਕਣ ਨਹੀਂ ਚੱਲ ਰਹੀ।



ਡਾਕਟਰਾਂ ਨੇ ਕਿਹਾ ਸੀ ਆਸ਼ੂਤੋਸ਼ ਦੀ ਕਲੀਨੀਕਲੀ ਡੈੱਥ ਹੋ ਚੁੱਕੀ ਹੈ। ਪੰਜਾਬ ਪੁਲਿਸ ਨੇ ਵੀ 5 ਫਰਵਰੀ ਨੂੰ ਹਾਈ ਕੋਰਟ ਵਿਚ ਇਹ ਰਿਪੋਰਟ ਪੇਸ਼ ਕੀਤੀ ਸੀ ਕਿ ਆਸ਼ੂਤੋਸ਼ ਦੀ ਕਲੀਨੀਕਲੀ ਡੈੱਥ ਹੋ ਚੁੱਕੀ ਹੈ। ਇਸ ਰਿਪੋਰਟ ਨਾਲ ਡਾਕਟਰਾਂ ਵੱਲੋਂ ਜਾਰੀ ਕੀਤੇ ਗਏ ਸਰਟੀਫਿਕੇਟ ਵੀ ਲਾਏ ਗਏ ਸਨ। ਇਸ ਦੇ ਬਾਵਜੂਦ ਡੇਰੇ ਦੇ ਪ੍ਰਬੰਧਕਾਂ ਵੱਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਆਸ਼ੂਤੋਸ਼ ਮਹਾਰਾਜ ਅਜੇ ਵੀ ਸਮਾਧੀ ਵਿਚ ਹਨ।

ਆਸ਼ੂਤੋਸ਼ ਦੇ ਪੁੱਤਰ ਦਲੀਪ ਝਾਅ ਵੱਲੋਂ ਆਪਣੇ ਪਿਤਾ ਦੀ ਦੇਹ ਲੈਣ ਵਾਸਤੇ ਚਾਰਾਜੋਈ ਕੀਤੀ ਜਾ ਰਹੀ ਹੈ। ਦਲੀਪ ਝਾਅ ਨੇ ਬਿਹਾਰ ਵਿਚ ਆਪਣੇ ਪਿੰਡ ਭੁੱਖ ਹੜਤਾਲ ਵੀ ਕੀਤੀ ਸੀ ਜੋ ਭਾਜਪਾ ਦੇ ਸੀਨੀਅਰ ਆਗੂ ਤੇ ਸੂਬੇ ਦੇ ਸਾਬਕਾ ਉਪ ਮੁੱਖ ਮੰਤਰੀ ਸੁਸ਼ੀਲ ਮੋਦੀ ਨੇ ਇਹ ਕਹਿ ਕੇ ਖਤਮ ਕਰਵਾਈ ਸੀ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਗੱਲਬਾਤ ਕਰਨਗੇ।

ਆਸ਼ੂਤੋਸ਼ ਦਾ ਪਰਿਵਾਰ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਵੀ ਮਿਲ ਚੁੱਕਾ ਹੈ। ਹੁਣ ਉਨ੍ਹਾਂ ਨੇ ਸੁਪਰੀਮ ਕੋਰਟ ਵਿਚ ਰਿਟ ਦਾਖਲ ਕੀਤੀ ਹੋਈ ਹੈ। ਨੂਰਮਹਿਲ ਡੇਰੇ ਦੇ ਪ੍ਰਬੰਧਕਾਂ ਵੱਲੋਂ ਪਹਿਲਾਂ ਇਹ ਕਿਹਾ ਜਾ ਰਿਹਾ ਸੀ ਕਿ ਆਸ਼ੂਤੋਸ਼ ਮਹਾਰਾਜ ਦਾ ਵਿਆਹ ਨਹੀਂ ਸੀ ਹੋਇਆ ਜਦੋਂ ਪਰਿਵਾਰ ਸਾਹਮਣੇ ਆ ਗਿਆ ਤਾਂ ਡੇਰੇ ਵਾਲਿਆਂ ਨੇ ਵੀ ਆਪਣਾ ਪੈਂਤੜਾ ਬਦਲ ਲਿਆ ਸੀ। ਯਾਦ ਰਹੇ ਕਿ ਡੇਰੇ ਵਾਲਿਆਂ ਨੇ ਇਸ ਮਾਮਲੇ ਵਿਚ ਕਈ ਵਾਰ ਆਪਣਾ ਸਟੈਂਡ ਬਦਲਿਆ ਸੀ ਜਿਸ ਕਾਰਨ ਸ਼ਰਧਾਲੂਆਂ ਵਿਚ ਦੁਬਿਧਾ ਵਾਲੀ ਹਾਲਤ ਬਣੀ ਹੋਈ ਹੈ। ਆਸ਼ੂਤੋਸ਼ ਦੇ ਗੁਰੂ ਸਤਪਾਲ ਮਹਾਰਾਜ ਵੀ ਇਹ ਗੱਲ ਕਹਿ ਚੁੱਕੇ ਹਨ ਕਿ ਆਸ਼ੂਤੋਸ਼ ਦਾ ਹਿੰਦੂ ਰਹੁ-ਰੀਤਾਂ ਨਾਲ ਸਸਕਾਰ ਕਰ ਦੇਣਾ ਚਾਹੀਦਾ ਹੈ।

## ਬੇਰਿੰਗ ਲੈਂਡ ਬ੍ਰਿਜ ਉਤੇ ਰਿਹਾ ਮੂਲ ਅਮਰੀਕੀਆਂ ਦਾ ਵਾਸ

**ਵਾਸ਼ਿੰਗਟਨ:** ਤਕਰੀਬਨ ਹਜ਼ਾਰਾਂ ਸਾਲ ਪਹਿਲਾਂ ਮੂਲ ਅਮਰੀਕੀ ਵਾਸੀ ਬੇਰਿੰਗ ਲੈਂਡ ਬ੍ਰਿਜ ਵਿਚ ਰਹਿੰਦੇ ਰਹੇ ਸਨ ਜਿਹੜਾ ਇਲਾਕਾ ਹੁਣ ਸਮੁੰਦਰ ਦੀ ਜ਼ਦ ਵਿਚ ਹੈ ਤੇ ਫਿਰ ਉਹ ਅਲਾਸਕਾ ਤੇ ਉੱਤਰੀ ਅਮਰੀਕਾ ਦੇ ਬਾਕੀ ਖਿੱਤਿਆਂ ਵਿਚ ਨਜ਼ਰ ਆਏ ਸਨ।

ਇਸ ਖੋਜ ਤੋਂ ਬਹੁਤ ਸਮੇਂ ਤੋਂ ਚੱਲੇ ਆ ਰਹੇ ਰਹੱਸ ਦਾ ਜਵਾਬ ਮਿਲੇਗਾ ਕਿ ਨਵੀਂ ਦੁਨੀਆਂ ਵਿਚ ਪੈਰ ਧਰਨ ਵਾਲੇ ਲੋਕ 25 ਹਜ਼ਾਰ ਸਾਲ ਪਹਿਲਾਂ ਆਪਣੇ ਏਸ਼ਿਆਈ ਰਿਸ਼ਤੇਦਾਰਾਂ ਤੋਂ ਵਿਛੜਨ ਮਗਰੋਂ ਪਿਛਲੇ ਬਰਫਾਨੀ ਯੁੱਗ ਦੀ ਮਾਰ ਤੋਂ ਕਿਵੇਂ ਬਚੇ ਸਨ। ਲੰਡਨ 'ਚ ਰਾਇਲ ਹੋਲੋਵੇਅ ਕਾਲਜ ਦੇ ਜੁਗਰਾਫੀਆ ਵਿਭਾਗ ਦੇ ਸਕਾਟ ਏਲੀਆਸ ਮੁਤਾਬਕ ਇਹ ਖੋਜ ਨਵੀਂ ਦੁਨੀਆਂ ਦੇ ਵਸੇਬੇ ਦੀ ਕਹਾਣੀ ਵਿਚ 10 ਹਜ਼ਾਰ ਸਾਲਾਂ ਦੇ ਖੱਪੇ ਦੀ ਭਰਪਾਈ ਕਰਦਾ ਹੈ। ਪਤਾ ਲੱਗਿਆ ਹੈ ਕਿ ਸੈਂਕੜੇ ਜਾਂ ਹਜ਼ਾਰਾਂ ਲੋਕ 5000 ਸਾਲ ਪਹਿਲਾਂ ਮੱਧ ਬੇਰਿੰਜੀਆ ਵਿਚ ਵਸਦੇ ਸਨ।

## ਅਮਰੀਕਾ ਵਿਚ ਮੋਦੀ ਦਾ ਬੋਲਬਾਲਾ

ਵਾਸ਼ਿੰਗਟਨ: ਅਮਰੀਕਾ ਵਿਚ ਕੀਤੇ ਗਏ ਸਰਵੇਖਣ ਵਿਚ ਦੱਸਿਆ ਗਿਆ ਹੈ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਕਰੀਬ 63 ਫੀਸਦੀ ਭਾਰਤੀ ਲੋਕ ਵਿਰੋਧੀ ਧਿਰ ਭਾਜਪਾ ਦੇ ਪੱਖ ਵਿਚ ਹਨ ਜਦੋਂਕਿ 20 ਫੀਸਦੀ ਤੋਂ ਘੱਟ ਲੋਕ ਸੱਤਾਧਾਰੀ ਪਾਰਟੀ ਕਾਂਗਰਸ ਦੇ ਪੱਖ ਵਿਚ ਹਨ।

ਇਹ ਸਰਵੇ ਵਿਚ ਇਹ ਤਾਂ ਕਿਹਾ ਗਿਆ ਹੈ ਕਿ 63 ਫੀਸਦੀ ਵੋਟਰ ਭਾਜਪਾ ਦੇ ਪੱਖ ਵਿਚ ਹਨ ਤੇ 19 ਫੀਸਦੀ ਕਾਂਗਰਸ ਦੇ ਪੱਖ ਵਿਚ ਹਨ ਪਰ ਦੋਵਾਂ ਪਾਰਟੀਆਂ ਨੂੰ ਮਿਲਣ ਵਾਲੀਆਂ ਸੀਟਾਂ ਦੇ ਬਾਰੇ ਵਿਚ ਕੁਝ ਨਹੀਂ ਕਿਹਾ ਗਿਆ।

ਇਸ ਸਰਵੇ ਵਿਚ ਇਹ ਜ਼ਰੂਰ ਕਿਹਾ ਗਿਆ ਹੈ ਕਿ ਭਾਜਪਾ ਦੇ ਉਮੀਦਵਾਰ ਨਰਿੰਦਰ ਮੋਦੀ ਕਾਂਗਰਸ ਪਾਰਟੀ ਦੇ ਉਮੀਦਵਾਰ ਰਾਹੁਲ ਗਾਂਧੀ ਨਾਲੋਂ ਜ਼ਿਆਦਾ ਹਰਮਨ ਪਿਆਰੇ ਹਨ। ਇਹ ਸਰਵੇ 7 ਦਸੰਬਰ, 2013 ਤੋਂ 12 ਜਨਵਰੀ, 2014 ਦੇ ਦਰਮਿਆਨ ਕੀਤਾ ਗਿਆ ਸੀ।

## ਗੁਰਮੇਜ ਸਿੰਘ ਗਿੱਲ ਵੱਲੋਂ ਖਾੜਕੂ ਜਥੇਬੰਦੀਆਂ ਨਾਲ ਸਬੰਧਾਂ ਤੋਂ ਇਨਕਾਰ

**ਟੋਰਾਂਟੋ:** ਕੈਨੇਡਾ ਫੇਰੀ ਉਪਰ ਆਏ ਤੇ ਸੀਮਾ ਸੁਰੱਖਿਆ ਏਜੰਸੀ ਦੇ ਅੜਿੱਕੇ ਚੜ੍ਹੇ ਖਾੜਕੂ ਜਥੇਬੰਦੀ ਦੇ ਆਗੂ ਗੁਰਮੇਜ ਸਿੰਘ ਗਿੱਲ ਨੇ ਇਮੀਗਰੇਸ਼ਨ ਅਧਿਕਾਰੀਆਂ ਨੂੰ ਆਖਿਆ ਕਿ ਉਸ ਦਾ ਬ੍ਰਿਟਿਸ਼ ਬੱਬਰ ਖਾਲਸਾ ਜਾਂ ਕੈਨੇਡਾ ਜਾਂ ਦੁਨੀਆ ਭਰ ਵਿਚ ਅਤਿਵਾਦ ਨਾਲ ਜੁੜੀਆਂ ਜਥੇਬੰਦੀਆਂ ਨਾਲ ਕੋਈ ਸਬੰਧ ਨਹੀਂ। ਪੇਸ਼ੀ ਦੌਰਾਨ ਉਨ੍ਹਾਂ ਦੱਸਿਆ ਕਿ ਉਹ ਭਾਰਤ ਵਿਚ ਖਾਲਿਸਤਾਨ ਬਣਾਉਣ ਦਾ ਕੱਟੜ ਹਮਾਇਤੀ ਰਿਹਾ ਹੈ ਪਰ ਉਸ ਨੇ ਕਦੇ ਹਿੰਸਾ ਨੂੰ ਹਵਾ ਨਹੀਂ ਦਿੱਤੀ।

ਕੈਨੇਡਾ ਸਰਕਾਰ ਇਸ ਸਾਬਕਾ ਖਾੜਕੂ ਆਗੂ ਨੂੰ ਮੁਲਕ ਵਿਚ ਵੜਨ ਤੋਂ ਰੋਕਣ ਦੀ ਚਾਰਾਜੋਈ ਵਿਚ ਹੈ ਕਿਉਂਕਿ 1985 ਦੇ ਏਅਰ ਇੰਡੀਆ ਹਵਾਈ ਹਾਦਸੇ ਮਗਰੋਂ 2003 ਤੋਂ ਉਸ ਦੀ ਜਥੇਬੰਦੀ ਬੱਬਰ ਖਾਲਸਾ ਨੂੰ ਕੈਨੇਡਾ ਨੇ ਅਤਿਵਾਦੀ ਗਰੁੱਪ ਐਲਾਨਿਆ ਹੋਇਆ ਹੈ। ਸ. ਗਿੱਲ ਮੁਤਾਬਕ ਉਸ ਨੇ 1994 ਵਿਚ ਬੱਬਰ ਖਾਲਸਾ ਨੂੰ ਛੱਡ ਦਿੱਤਾ ਸੀ। ਇਸ ਸੁਣਵਾਈ



ਵਿਚ ਖੁਲਾਸਾ ਹੋਇਆ ਕਿ 1985 ਦੇ ਏਅਰ ਇੰਡੀਆ ਟਰਾਇਲ ਮੌਕੇ ਸਕਾਟਲੈਂਡ ਯਾਰਡ ਦੇ ਜਾਂਚਕਾਰ ਕੀਥ ਵੈਸਟਨ ਨੂੰ ਅਜੈਬ ਸਿੰਘ ਬਾਗੜੀ ਨੇ ਦੱਸਿਆ ਕਿ ਉਹ ਗਿੱਲ ਦੀ ਬੱਬਰ ਖਾਲਸਾ ਨੂੰ ਕੈਨੇਡੀਅਨ ਜਥੇਬੰਦੀ ਨਾਲ ਜੋੜਨਾ ਚਾਹੁੰਦਾ ਸੀ।

ਸ. ਗਿੱਲ ਆਪਣੀ ਪਤਨੀ ਨਾਲ ਪਿਛਲੇ ਸਾਲ ਨਵੰਬਰ ਵਿਚ ਆਪਣੇ ਰਿਸ਼ਤੇਦਾਰਾਂ ਕੋਲ ਆਇਆ ਪਰ ਇੰਗਲੈਂਡ ਵਾਪਸੀ ਮੌਕੇ ਬਾਰਡਰ ਏਜੰਸੀ ਨੇ ਰੋਕ ਲਿਆ। ਉਸ ਨੂੰ ਸੁਰੱਖਿਆ ਐਕਟ ਤਹਿਤ ਇਮੀਗਰੇਸ਼ਨ ਤੇ ਰਫਿਊਜ਼ੀ ਬੋਰਡ ਅੱਗੇ ਪੇਸ਼ ਹੋਣ ਲਈ ਕਿਹਾ ਸੀ। ਉਸ ਨੂੰ 2001 ਵਿਚ ਵੀ ਵੈਨਕੂਵਰ ਹਵਾਈ ਅੱਡੇ 'ਤੇ ਗ੍ਰਿਫਤਾਰ ਕਰ ਲਿਆ ਗਿਆ ਸੀ ਜਦ ਉਹ ਆਪਣੇ ਪੁੱਤ ਦੇ ਵਿਆਹ ਵਿਚ ਸ਼ਾਮਲ ਹੋਣ ਆਇਆ ਸੀ। ਉਸ ਸਮੇਂ ਬੇਰੰਗ ਵਾਪਸ ਮੋੜ ਦਿੱਤਾ ਗਿਆ ਸੀ। ਕੈਨੇਡੀਅਨ ਬਾਰਡਰ ਏਜੰਸੀ ਦੇ ਸੁਣਵਾਈ ਅਫਸਰ ਕਮਲ ਗਿੱਲ ਨੇ ਮੰਗ ਕੀਤੀ ਕਿ ਗੁਰਮੇਜ ਸਿੰਘ ਗਿੱਲ ਦਾ ਕੈਨੇਡਾ ਵਿਚ ਆਉਣਾ ਜਾਣਾ ਬੰਦ ਕਰਨਾ ਚਾਹੀਦਾ ਹੈ ਕਿਉਂਕਿ ਉਸ ਦਾ ਸਬੰਧ ਬੱਬਰ ਖਾਲਸਾ ਨਾਲ ਰਿਹਾ ਹੈ ਜਿਸ ਦਾ ਏਅਰ ਇੰਡੀਆ ਵਰਗੀਆਂ ਸਾਜਸ਼ਾਂ ਵਿਚ ਹੱਥ ਸੀ। ਸ. ਗਿੱਲ ਕਿਸੇ ਵੇਲੇ ਕੈਨੇਡਾ ਦਾ ਪੱਕਾ ਸ਼ਹਿਰੀ ਹੁੰਦਾ ਸੀ ਪਰ ਛੇ ਮਹੀਨੇ ਮੁਲਕ ਤੋਂ ਬਾਹਰ ਰਹਿਣ ਕਾਰਨ ਇਹ ਦਰਜਾ ਗਵਾ ਬੈਠਾ। ਸ. ਗਿੱਲ ਦੇ ਦੋ ਲੜਕੇ ਪਰਿਵਾਰਾਂ ਸਮੇਤ ਵੈਨਕੂਵਰ ਤੇ ਪੰਜ ਧੀਆਂ ਇੰਗਲੈਂਡ ਵਿਚ ਰਹਿੰਦੀਆਂ ਹਨ।

## ਪਰਵਾਸੀ ਪੰਜਾਬੀਆਂ ਨੇ ਨਹੀਂ ਵਿਖਾਈ ਵੋਟ ਬਣਾਉਣ 'ਚ ਰੁਚੀ

**ਚੰਡੀਗੜ੍ਹ:** ਪੰਜਾਬ ਵਿਚ ਸਿਰਫ਼ 138 ਪਰਵਾਸੀ ਪੰਜਾਬੀ (ਐਨ.ਆਰ.ਆਈ.) ਵੋਟਰ ਬਣੇ ਹਨ ਜਦੋਂਕਿ ਵੱਡੀ ਗਿਣਤੀ ਨੇ ਵੋਟ ਬਣਾਉਣ ਤੋਂ ਪਾਸਾ ਹੀ ਵੱਟਿਆ ਹੈ। ਪਰਵਾਸੀ ਪੰਜਾਬੀ ਆਪੋ ਆਪਣੇ ਉਮੀਦਵਾਰਾਂ ਦੀ ਵੋਟ ਦੀ ਥਾਂ ਨੋਟ ਨਾਲ ਮਦਦ ਤਾਂ ਕਰਦੇ ਹਨ ਪਰ ਵੋਟ ਬਣਾਉਣ ਵਿਚ ਕੋਈ ਰੁਚੀ ਨਹੀਂ ਦਿਖਾਉਂਦੇ। ਚੋਣ ਕਮਿਸ਼ਨ ਨੇ ਪਰਵਾਸੀ ਭਾਰਤੀਆਂ ਨੂੰ ਆਨਲਾਈਨ ਵੋਟਰ ਬਣਨ ਦੀ ਸਹੂਲਤ ਦਿੱਤੀ ਹੋਈ ਹੈ ਪਰ ਇਸ ਦੇ ਬਾਵਜੂਦ ਉਹ ਵੋਟ ਬਣਾਉਣ ਵਿਚ ਰੁਚੀ ਨਹੀਂ ਲੈ ਰਹੇ।

ਚੋਣ ਕਮਿਸ਼ਨ ਦੇ ਵੇਰਵਿਆਂ ਅਨੁਸਾਰ ਦੇਸ਼ ਦੇ 28 ਰਾਜਾਂ ਵਿਚੋਂ ਸਿਰਫ਼ ਕੇਰਲਾ ਹੀ ਅਜਿਹਾ ਰਾਜ ਹੈ ਜਿਥੇ ਸਭ ਤੋਂ ਜਿਆਦਾ 11448 ਐਨ.ਆਰ.ਆਈ. ਵੋਟਰ ਹਨ। ਪੰਜਾਬ ਦੂਸਰੇ ਨੰਬਰ 'ਤੇ ਹੈ ਜਿਸ ਵਿਚ 138 ਐਨ.ਆਰ.ਆਈ ਵੋਟਰ ਹਨ। ਇਨ੍ਹਾਂ ਵਿਚੋਂ 89 ਪੁਰਸ਼ ਤੇ 49 ਮਹਿਲਾ ਵੋਟਰ ਹਨ। ਪੀਪਲਜ਼ ਪਾਰਟੀ ਆਫ਼ ਪੰਜਾਬ ਦਾ ਵਿਦੇਸ਼ਾਂ ਵਿਚ ਕਾਫ਼ੀ ਪ੍ਰਭਾਵ ਹੈ ਤੇ ਪਾਰਟੀ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੂੰ ਉਥੇ ਵੱਡਾ ਹੁੰਗਾਰਾ ਵੀ ਮਿਲਿਆ ਪਰ ਕੋਈ ਐਨ.ਆਰ.ਆਈ. ਉਨ੍ਹਾਂ ਦੀ ਵੋਟ ਪਰਚੀ ਨਾਲ ਮਦਦ ਨਹੀਂ ਕਰ ਸਕਿਆ।

ਪਰਵਾਸੀ ਪੰਜਾਬੀਆਂ ਦਾ ਕਹਿਣਾ ਹੈ ਕਿ ਪਰਵਾਸੀ ਭਾਰਤੀਆਂ ਨੂੰ ਆਨਲਾਈਨ ਵੋਟਿੰਗ ਦਾ ਅਧਿਕਾਰ ਹੋਣਾ ਚਾਹੀਦਾ ਹੈ। ਇਸੇ ਕਮੀ ਕਰਕੇ ਪਰਵਾਸੀ ਭਾਰਤੀ ਵੋਟਰ ਨਹੀਂ ਬਣਦੇ। ਬਠਿੰਡਾ ਜ਼ਿਲ੍ਹੇ ਦੇ 1700 ਪਰਿਵਾਰ ਵਿਦੇਸ਼ਾਂ ਵਿਚ ਵਸੇ ਹੋਏ ਹਨ। ਇਨ੍ਹਾਂ ਵਿਚੋਂ ਕਿਸੇ ਨੇ ਆਪਣੀ ਵੋਟ ਇਧਰ ਪੰਜਾਬ ਵਿਚ ਨਹੀਂ ਬਣਵਾਈ। ਪੰਜਾਬ ਦੇ ਦੋਆਬੇ ਖ਼ਿੱਤੇ ਵਿਚੋਂ ਵੱਡੀ ਗਿਣਤੀ ਵਿਚ ਲੋਕ ਵਿਦੇਸ਼ਾਂ ਵਿਚ ਹਨ ਪਰ ਉਨ੍ਹਾਂ ਵੱਲੋਂ ਵੀ ਕੋਈ ਰੁਚੀ ਨਹੀਂ ਲਈ ਜਾਂਦੀ ਹੈ।

ਚੋਣ ਕਮਿਸ਼ਨ ਤੋਂ ਪ੍ਰਾਪਤ ਵੇਰਵਿਆਂ ਅਨੁਸਾਰ ਦੇਸ਼ ਦੇ 18 ਰਾਜ ਅਜਿਹੇ ਹਨ ਜਿਥੇ ਵੀ ਇਕ ਵੀ ਐਨ.ਆਰ.ਆਈ.ਵੋਟਰ ਨਹੀਂ ਹੈ। ਰਾਜਸਥਾਨ ਤੇ ਆਂਧਰਾ ਪ੍ਰਦੇਸ਼ ਵਿੱਚ ਸਿਰਫ਼ ਇਕ-ਇਕ ਐਨ.ਆਰ.ਆਈ. ਵੋਟਰ ਹੈ। ਤਾਮਿਲਨਾਡੂ ਵਿਚ 112 ਤੇ ਗੋਆ ਵਿਚ 27 ਪਰਵਾਸੀ ਭਾਰਤੀ ਵੋਟਰ ਹਨ। ਗੁਜਰਾਤ ਵਿਚ ਸਿਰਫ਼ ਸੱਤ ਐਨ.ਆਰ.ਆਈ ਵੋਟਰ ਹਨ। ਹਰਿਆਣਾ ਤੇ ਜੰਮੂ ਕਸ਼ਮੀਰ ਵਿਚ ਕੋਈ ਪਰਵਾਸੀ ਭਾਰਤੀ ਵੋਟਰ ਨਹੀਂ ਹੈ। ਪਰਵਾਸੀ ਭਾਰਤੀਆਂ ਦਾ ਕਹਿਣਾ ਹੈ ਕਿ ਪਰਵਾਸੀ ਭਾਰਤੀਆਂ ਨੂੰ ਆਨਲਾਈਨ ਵੋਟ ਬਣਾਉਣ ਦਾ ਹੀ ਹੱਕ ਤਾਂ ਦਿੱਤਾ ਗਿਆ ਹੈ ਪਰ ਵੋਟਿੰਗ ਦੀ ਵਿਵਸਥਾ ਵੀ ਆਨਲਾਈਨ ਹੋਣੀ ਚਾਹੀਦੀ ਹੈ। ਜੇਕਰ ਅਜਿਹਾ ਹੋ ਜਾਵੇ ਤਾਂ ਪਰਵਾਸੀ ਵੋਟਰਾਂ ਦੀ ਗਿਣਤੀ ਤੇਜ਼ੀ ਨਾਲ ਵਧ ਜਾਵੇਗੀ।

## ਮੰਗਲ 'ਤੇ ਪਾਣੀ ਦੇ ਸਬੂਤ ਮਿਲੇ

**ਵਾਸ਼ਿੰਗਟਨ:** ਨਾਸਾ ਦੇ ਵਿਗਿਆਨੀਆਂ ਨੇ ਮੰਗਲ ਗ੍ਰਹਿ ਦੇ ਉਲਕਾ ਪਿੰਡ ਵਿਚ ਪਾਣੀ ਦੀ ਹਰਕਤ ਦੇਖੀ ਹੈ ਜੋ ਅੰਟਾਰਟਿਕਾ ਵਿਚ ਕਰੀਬ 50 ਹਜ਼ਾਰ ਸਾਲ ਪਹਿਲਾਂ ਡਿੱਗਿਆ ਸੀ। ਇਸ ਨਾਲ ਮੰਗਲ ਗ੍ਰਹਿ 'ਤੇ ਜੀਵਨ ਹੋਣ ਦੀ ਸੰਭਾਵਨਾ ਨੂੰ ਬਲ ਮਿਲਿਆ ਹੈ।

ਨਾਸਾ ਦੇ ਜੋਹਨਸਨ ਪੁਲਾੜ ਕੇਂਦਰ ਹੂਸਟਨ ਦੇ ਵਿਗਿਆਨੀਆਂ ਨੇ 13.7 ਕਿਲੋ ਦੇ ਉਲਕਾ ਪਿੰਡ ਦੇ ਢਾਂਚੇ ਦੀ ਡੂੰਘਾਈ ਨਾਲ ਪੜਤਾਲ ਪਿੱਛੋਂ ਇਹ ਨਤੀਜਾ ਕੱਢਿਆ ਹੈ। ਖੋਜ ਮੁਤਾਬਕ ਚਟਾਨ ਲਾਵਾ ਫੈਲਣ ਕਾਰਨ 1.3 ਅਰਬ ਸਾਲ ਪਹਿਲਾਂ ਬਣਨੀ ਸ਼ੁਰੂ ਹੋਈ ਸੀ।

## ਬਰਤਾਨੀਆ ਦੇ 50 ਅਰਬਪਤੀਆਂ ਵਿਚੋਂ ਪੰਜ ਭਾਰਤੀ

**ਲੰਡਨ:** ਬਰਤਾਨੀਆ ਵਿਚ ਰਹਿਣ ਵਾਲੇ ਦੌਲਤਮੰਦ ਅਰਬਪਤੀਆਂ ਦੀ ਜਾਰੀ ਸੂਚੀ ਅਨੁਸਾਰ ਪਹਿਲੇ 50 ਵਿਅਕਤੀਆਂ ਵਿਚੋਂ 26 ਬਰਤਾਨੀਆ ਦੇ ਹਨ ਜਦਕਿ ਪੰਜ ਭਾਰਤੀ, ਦੋ ਬ੍ਰਾਜ਼ੀਲ, ਦੋ ਰੂਸ ਤੇ ਅਮਰੀਕਾ, ਫਰਾਂਸ, ਜਰਮਨੀ, ਚੀਨ, ਮਿਸਰ, ਇੰਡੋਨੇਸ਼ੀਆ, ਇਰਾਨ, ਇਜ਼ਰਾਇਲ, ਨਾਰਵੇ, ਦੱਖਣੀ ਅਫਰੀਕਾ, ਸਲੋਵਾਕੀਆ, ਸਵੀਡਨ, ਯੂ.ਏ.ਈ. ਤੇ ਯੂਕਰੇਨ ਦੇ ਇਕ-ਇਕ ਵਿਅਕਤੀ ਸ਼ਾਮਲ ਹਨ।

ਇਨ੍ਹਾਂ ਅਰਬਪਤੀਆਂ ਵਿਚ ਭਾਰਤੀ ਮੂਲ ਦਾ ਲਕਸ਼ਮੀ ਮਿੱਤਲ ਦਾ ਨਾਂ ਦੂਜੇ ਸਥਾਨ 'ਤੇ ਹੈ ਜਿਸ ਕੋਲ 10.2 ਅਰਬ ਪਾਡ ਦੀ ਜਾਇਦਾਦ ਹੈ। ਸ੍ਰੀ ਚੰਦ ਹਿੰਦੂਜਾ ਤੇ ਪਰਿਵਾਰ ਦਾ ਨਾਂ ਤੀਜੇ ਸਥਾਨ 'ਤੇ ਹੈ ਜਿਨ੍ਹਾਂ ਕੋਲ 7.2 ਅਰਬ ਪੌਂਡ ਦੀ ਜਾਇਦਾਦ ਹੈ ਜੋ ਬਕਿੰਘਮ ਪੈਲਿਸ ਦੇ ਕੋਲ 3000 ਲੱਖ ਪੌਂਡ ਦੀ ਕੀਮਤ ਦੇ ਘਰ ਵਿਚ ਰਹਿੰਦੇ ਹਨ। ਭਾਰਤ ਦੇ ਜੰਮਪਲ ਅਨਿਲ ਅਗਰਵਾਲ ਜਿਸ ਕੋਲ 1.6 ਅਰਬ ਪਾਡ ਦੀ ਜਾਇਦਾਦ ਹੈ, ਵੀ ਮੇਅ ਫੇਅਰ ਵਿਖੇ 200 ਲੱਖ ਪੌਂਡ ਦੀ ਕੀਮਤ ਦੇ ਘਰ ਵਿਚ ਰਹਿੰਦੇ ਹਨ ਜੋ 27ਵੇਂ ਸਥਾਨ 'ਤੇ ਹੈ।

ਭਾਰਤ ਦੇ ਕੋਲਕਾਤਾ ਦੇ ਜੰਮਪਲ ਤੇ ਇੰਡੋਨੇਸ਼ੀਅਨ ਪ੍ਰਕਾਸ਼ ਲੋਹੀਆ ਕੋਲ 1.5 ਅਰਬ ਪੌਂਡ ਦੀ ਜਾਇਦਾਦ ਹੈ ਜੋ 28ਵੇਂ ਸਥਾਨ 'ਤੇ ਹਨ, ਜਿਸ ਨੇ ਕੰਜੈਗਸਟਨ ਵਿਖੇ 570 ਲੱਖ ਪੌਂਡ ਦੀ ਕੀਮਤ ਦਾ 2004 ਵਿਚ ਦੁਨੀਆ ਦਾ ਸਭ ਤੋਂ ਮਹਿੰਗਾ ਘਰ ਖਰੀਦਿਆ ਸੀ। ਇਸੇ ਤਰ੍ਹਾਂ ਭਾਰਤੀ ਮੂਲ ਦੇ ਇਕ ਹੋਰ ਧਨਾਢ ਸਰ ਅਨਵਰ ਪ੍ਰਵੇਜ਼ ਹਨ ਜਿਸ ਦੀ ਜਾਇਦਾਦ 1.1 ਅਰਬ ਪੌਂਡ ਦੀ ਹੈ ਜੋ 21 ਸਾਲ ਦੀ ਉਮਰ ਵਿਚ ਭਾਰਤ ਤੋਂ ਬ੍ਰੈਡਫੋਰਡ ਆਇਆ ਸੀ।

ਬਰਮਿੰਘਮ ਦੇ ਰਹਿਣ ਵਾਲੇ ਰਣਜੀਤ ਸਿੰਘ ਤੇ ਬਲਜਿੰਦਰ ਬੋਪਾਰਾਏ ਪਤੀ-ਪਤਨੀ ਵੀ ਧਨਾਢ ਲੋਕਾਂ ਵਿਚ ਸ਼ਾਮਲ ਹਨ ਜਿਨ੍ਹਾਂ ਕੋਲ 1.1 ਅਰਬ ਪੌਂਡ ਦੀ ਜਾਇਦਾਦ ਹੈ।

## *ਫਿਨਲੈਂਡ ਵਿਚ ਡਿਊਟੀ 'ਤੇ ਪੱਗ ਬੰਨ੍ਹਣ ਦਾ ਕੇਸ ਜਿੱਤਿਆ*

**ਲੰਡਨ:** ਫ਼ਿਨਲੈਂਡ ਦੇ ਇਕ ਸਿੱਖ ਬੱਸ ਡਰਾਈਵਰ ਨੇ ਉਸ ਟਰਾਂਸਪੋਰਟ ਕੰਪਨੀ ਤੋਂ ਪੱਗ ਬੰਨ੍ਹ ਕੇ ਕੰਮ 'ਤੇ ਆਉਣ ਦਾ ਕੇਸ ਜਿੱਤ ਲਿਆ ਹੈ ਜਿਸ ਕੰਪਨੀ ਵਿਚ ਉਹ ਕੰਮ ਕਰਦਾ ਹੈ। ਹਾਸਲ ਜਾਣਕਾਰੀ ਮੁਤਾਬਕ ਗੁਰਦਰਸ਼ਨ ਸਿੰਘ ਗਿੱਲ ਨਾਮਕ ਇਸ ਸਿੱਖ ਵਿਅਕਤੀ ਦਾ ਪਿਛਲੇ ਇਕ ਸਾਲ ਤੋਂ ਵੇਓਲੀਆ ਟਰਾਂਸਪੋਰਟ ਕੰਪਨੀ ਨਾਲ ਪੱਗ ਬੰਨ੍ਹ ਕੇ ਕੰਮ 'ਤੇ ਆਉਣ ਦਾ ਕੇਸ ਚੱਲ ਰਿਹਾ ਸੀ ਜਿਸ ਨੂੰ ਕੰਪਨੀ ਇਹ ਕਹਿ ਕੇ ਨਕਾਰ ਰਹੀ ਸੀ ਕਿ ਇਹ ਉਨ੍ਹਾਂ ਦੀ ਵਰਦੀ ਦਾ ਹਿੱਸਾ ਨਹੀਂ ਹੈ।

ਸ. ਗਿੱਲ ਨੇ ਦੱਸਿਆ ਕਿ ਉਸ ਨੂੰ ਇਸ ਗੱਲ ਦੀ ਬੇਹੱਦ ਖ਼ੁਸ਼ੀ ਹੈ ਕਿ ਹੁਣ ਉਹ ਕੰਮ 'ਤੇ ਪੱਗੜੀ ਬੰਨ੍ਹ ਕੇ ਆ ਸਕੇਗਾ। ਸੂਤਰਾਂ ਅਨੁਸਾਰ ਦੱਖਣੀ ਫ਼ਿਨਲੈਂਡ ਦੇ ਖੇਤਰੀ ਪ੍ਰਸਾਸ਼ਨ ਸਾਹਮਣੇ ਟ੍ਰਾਂਸਪੋਰਟ ਕੰਪਨੀ ਨਾਲ ਸਿੰਘ ਨੇ ਆਪਣੀ ਜਾਇਜ਼ ਕਾਨੂੰਨੀ ਲੜਾਈ ਲੜੀ ਜਿਸ ਤਹਿਤ ਕੰਪਨੀ ਤੇ ਕਰਮਚਾਰੀਆਂ ਵਿਚ ਇਕੱਠੇ ਬੈਠ ਕੇ ਇਸ ਵਿਸ਼ੇ 'ਤੇ ਸਮਝੌਤਾ ਕੀਤਾ ਗਿਆ ਕਿ ਹੁਣ ਸਿੱਖ ਆਪਣੀ ਡਿਊਟੀ ਦੌਰਾਨ ਪੱਗ ਬੰਨ੍ਹ ਸਕਦੇ ਹਨ।


ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਡੇਢ ਸਦੀ ਬਾਅਦ ਕੱਢੀਆਂ ਸ਼ਹੀਦਾਂ ਦੀਆਂ ਅਸਥੀਆਂ

**ਅੰਮ੍ਰਿਤਸਰ:** ਅਜਨਾਲਾ ਸਥਿਤ ਕਾਲਿਆਂ ਵਾਲਾ ਖੂਹ ਵਿਚੋਂ 1857 ਦੇ ਗਦਰ ਦੌਰਾਨ ਬਰਤਾਨਵੀ ਸਰਕਾਰ ਖ਼ਿਲਾਫ਼ ਬਗਾਵਤ ਕਰਨ ਵਾਲੇ 500 ਭਾਰਤੀ ਸੈਨਿਕਾਂ ਦੀਆਂ ਅਸਥੀਆਂ ਕੱਢੀਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਇਨ੍ਹਾਂ ਸੈਨਿਕਾਂ ਨੂੰ ਅਜਨਾਲਾ ਨੇੜੇ ਗੋਲੀਆਂ ਮਾਰ ਕੇ ਮਾਰਨ ਮਗਰੋਂ ਖੂਹ ਵਿਚ ਦੱਬ ਦਿੱਤਾ ਗਿਆ ਸੀ।

ਸੈਨਿਕਾਂ ਦੀਆਂ ਅਸਥੀਆਂ ਖੂਹ ਵਿਚੋਂ ਕੱਢਣ ਦਾ ਕੰਮ ਗੁਰਦੁਆਰਾ ਸ਼ਹੀਦ ਗੰਜ ਸ਼ਹੀਦਾਂ ਵਾਲਾ ਖੂਹ ਕਮੇਟੀ ਦੇ ਸਹਿਯੋਗ ਨਾਲ ਸ਼ੁਰੂ ਕੀਤਾ ਗਿਆ ਹੈ। 157 ਸਾਲਾਂ ਬਾਅਦ ਸ਼ਹੀਦ ਫੌਜੀਆਂ ਦੀਆਂ ਅਸਥੀਆਂ ਬਾਹਰ ਕੱਢ ਕੇ ਇਨ੍ਹਾਂ ਦਾ ਧਾਰਮਿਕ ਰਸਮਾਂ ਮੁਤਾਬਕ ਸਸਕਾਰ ਤੇ ਮਗਰੋਂ ਜਲ ਪ੍ਰਵਾਹ ਕੀਤਾ ਜਾਵੇਗਾ।

ਕਮੇਟੀ ਦੇ ਜਨਰਲ ਸਕੱਤਰ ਕਾਬਲ ਸਿੰਘ ਸ਼ਾਹਪੁਰ ਤੇ ਕਮੇਟੀ ਦੇ ਪ੍ਰਧਾਨ ਅਮਰਜੀਤ ਸਿੰਘ ਸਰਕਾਰੀਆ ਨੇ ਕਾਲਿਆਂ ਵਾਲੇ ਖੂਹ ਦੇ ਇਤਿਹਾਸ ਬਾਰੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਅਸਥੀਆਂ ਕੱਢਣ ਮਗਰੋਂ ਇਨ੍ਹਾਂ ਦੀ ਜ਼ਰੂਰੀ ਜਾਂਚ ਕਰਵਾਈ ਜਾਵੇਗੀ। ਜਾਂਚ ਤੋਂ ਬਾਅਦ ਸ਼ਹੀਦਾਂ ਦਾ ਸਸਕਾਰ ਕੀਤਾ ਜਾਵੇਗਾ ਤੇ



ਅਸਥੀਆਂ ਨੂੰ ਗੋਇੰਦਵਾਲ ਤੇ ਹਰਿਦੁਆਰ ਵਿਖੇ ਜਲ ਪ੍ਰਵਾਹ ਕੀਤਾ ਜਾਵੇਗਾ।

ਖੋਜਕਰਤਾ ਸੁਰਿੰਦਰ ਕੋਛੜ ਨੇ ਦੱਸਿਆ ਕਿ ਖੁਦਾਈ ਦੌਰਾਨ ਖੋਪੜੀਆਂ, ਹੱਡੀਆਂ ਤੋਂ ਇਲਾਵਾ ਪੱਥਰ ਦੀਆਂ ਬਣੀਆਂ ਦੋ ਗੋਲੀਆਂ ਵੀ ਬਰਾਮਦ ਹੋਈਆਂ ਹਨ। ਇਨ੍ਹਾਂ ਗੋਲੀਆਂ ਨੂੰ ਇਥੇ ਬਣਨ ਵਾਲੇ ਅਜਾਇਬ ਘਰ ਵਿਚ ਰੱਖਿਆ ਜਾਵੇਗਾ। ਇਹ ਖੂਹ ਤਕਰੀਬਨ 20 ਤੋਂ 25 ਫੁੱਟ ਡੂੰਘਾ ਹੋਣ ਦਾ ਅਨੁਮਾਨ ਹੈ। ਕੁਝ ਵਿਅਕਤੀਆਂ ਦੀਆਂ ਹੱਡੀਆਂ ਆਪਸ ਵਿਚ ਜਕੜੀਆਂ ਹੋਈਆਂ ਹਨ। ਜ਼ਿਕਰਯੋਗ ਹੈ ਕਿ 1857 ਵਿਚ ਗਦਰ ਸਮੇਂ ਲਾਹੌਰ ਛਾਉਣੀ ਤੋਂ ਬਗਾਵਤ ਕਰਕੇ ਆਏ 500 ਭਾਰਤੀ ਸੈਨਿਕਾਂ ਨੂੰ ਕਾਲਿਆਂ ਵਾਲੇ ਖੂਹ ਵਿਚ ਦੱਬ ਦਿੱਤਾ ਗਿਆ ਸੀ। ਇਹ ਫੌਜੀ ਬੰਗਾਲ ਨੇਟੀਵਇਨਫੈਂਟਰੀ ਦੀ 26 ਰੈਜਮੈਂਟ ਨਾਲ ਸਬੰਧਤ ਸਨ ਜਿਨ੍ਹਾਂ ਨੇ ਲਾਹੌਰ ਦੀ ਮੀਆਂਮੀਰ ਛਾਉਣੀ ਵਿਚੋਂ 30 ਜੁਲਾਈ 1857 ਨੂੰ ਈਸਟ ਇੰਡੀਆ ਕੰਪਨੀ ਵਿਰੁੱਧ ਬਗਾਵਤ ਕੀਤੀ ਸੀ। ਇਹ ਸਾਰੇ ਹੀ ਉਸ ਵੇਲੇ ਖਾਲੀ ਹੱਥ ਸਨ।

ਇਨ੍ਹਾਂ ਵਿਚੋਂ 218 ਨੂੰ ਅਜਨਾਲਾ ਨੇੜੇ ਰਾਵੀ ਕੰਢੇ 31 ਜੁਲਾਈ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ ਜਦਕਿ ਬਾਕੀ 282 ਫੌਜੀਆਂ ਨੂੰ ਅੰਮ੍ਰਿਤਸਰ ਦੇ ਉਸ ਵੇਲੇ ਦੇ ਬਰਤਾਨਵੀ ਡਿਪਟੀ ਕਮਿਸ਼ਨਰ ਫਰੈਡਰਿਕ ਹੈਨਰੀ ਕੂਪਰ ਨੇ ਗ੍ਰਿਫ਼ਤਾਰ ਕੀਤਾ ਸੀ। ਇਨ੍ਹਾਂ ਨੂੰ ਅਜਨਾਲਾ ਜੇਲ੍ਹ ਵਿਚ ਡੱਕ ਦਿੱਤਾ ਗਿਆ ਸੀ, ਜਿਥੇ ਦਮ ਘੁੱਟਣ ਨਾਲ ਕਈ ਫੌਜੀ ਮਰ ਗਏ ਤੇ ਕਈਆਂ ਨੂੰ ਸਵੇਰ ਸਮੇਂ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਇਨ੍ਹਾਂ ਵਿਚੋਂ ਕੁਝ ਜਿਉਂਦੇ ਬਚ ਗਏ ਸਨ ਪਰ ਉਨ੍ਹਾਂ ਨੂੰ ਖੂਹ ਵਿਚ ਸੁੱਟੀਆਂ ਲਾਸ਼ਾਂ ਦੇ ਨਾਲ ਹੀ ਦੱਬ ਦਿੱਤਾ ਗਿਆ। ਇਸ ਨੂੰ ਕਾਲਿਆਂ ਵਾਲੇ ਖੂਹ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਤੇ ਹੁਣ ਇਸ ਨੂੰ ਸ਼ਹੀਦੀ ਖੂਹ ਦਾ ਨਾਂ ਦਿੱਤਾ ਗਿਆ ਹੈ।

# ਪੁਸਤਕਾਂ ਵਿਚ ਸਿੱਖੀ ਬਾਰੇ ਇਤਰਾਜ਼ਯੋਗ ਤੱਥਾਂ ਦੀ ਹੋਵੇਗੀ ਘੋਖ

**ਅੰਮ੍ਰਿਤਸਰ:** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਹੁਕਮ ਦਿੱਤਾ ਹੈ ਕਿ ਉਹ ਇਕ ਅਜਿਹੀ ਕਮੇਟੀ ਬਣਾਵੇ ਜੋ ਸਕੂਲਾਂ-ਕਾਲਜਾਂ ਦੀਆਂ ਪੁਸਤਕਾਂ ਵਿਚ ਗੁਰੂ ਸਾਹਿਬਾਨ ਤੇ ਸਿੱਖ ਧਰਮ ਬਾਰੇ ਗਲਤ ਤੱਥਾਂ ਦੀ ਜਾਂਚ ਕਰਕੇ ਗਲਤੀਆਂ ਠੀਕ ਕਰੇ।

ਜਥੇਦਾਰ ਨੇ ਆਖਿਆ ਕਿ ਸਕੂਲਾਂ ਦੀਆਂ ਪੁਸਤਕਾਂ ਵਿਚ ਕਈ ਵਾਰ ਗੁਰੂ ਸਾਹਿਬਾਨ ਤੇ ਸਿੱਖ ਧਰਮ ਬਾਰੇ ਇਤਰਾਜ਼ਯੋਗ ਤੱਥ ਪ੍ਰਕਾਸ਼ਿਤ ਹੋ ਚੁੱਕੇ ਹਨ ਜਿਨ੍ਹਾਂ ਨਾਲ ਸਿੱਖ ਹਿਰਦਿਆਂ ਨੂੰ ਠੇਸ ਪੁੱਜੀ ਹੈ। ਅਜਿਹੀਆਂ ਗਲਤੀਆਂ ਨੂੰ ਠੀਕ ਕਰਨ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਆਖਿਆ ਗਿਆ ਹੈ ਕਿ ਉਹ ਵਿਦਵਾਨਾਂ ਦੀ ਇਕ ਕਮੇਟੀ ਦਾ ਗਠਨ ਕਰਨ ਜੋ ਸਕੂਲਾਂ ਤੇ ਕਾਲਜਾਂ ਦੀਆਂ ਪੁਸਤਕਾਂ ਦੀ ਜਾਂਚ ਕਰੇ ਤੇ ਇਤਰਾਜ਼ਯੋਗ ਤੱਥਾਂ ਨੂੰ ਹਟਾਏ। ਜ਼ਿਕਰਯੋਗ ਹੈ ਕਿ ਐਨ.ਸੀ.ਆਰ.ਟੀ ਦੀਆਂ ਕਈ ਪੁਸਤਕਾਂ ਵਿਚ ਗੁਰੂ ਸਾਹਿਬਾਨ ਬਾਰੇ ਗਲਤ ਤੱਥ ਪ੍ਰਕਾਸ਼ਿਤ ਹੋ ਚੁੱਕੇ ਹਨ। ਜਿਨ੍ਹਾਂ ਦਾ ਵਿਰੋਧ ਕਰਨ ਤੋਂ ਬਾਅਦ ਹੀ ਉਨ੍ਹਾਂ ਦੀ ਸੁਧਾਈ ਹੋਈ ਹੈ।

# ਨਹੀਂ ਮੁੱਕ ਰਿਹਾ ਨਾਨਕਸ਼ਾਹੀ ਕੈਲੰਡਰ ਦਾ ਵਿਵਾਦ

**ਚੰਡੀਗੜ੍ਹ:** ਸਿੱਖ ਵਿਦਵਾਨਾਂ ਦਾ ਇਕ ਮੱਤ ਨਾ ਹੋਣਾ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਦੇ ਰਾਹ ਵਿਚ ਵੱਡਾ ਅੜਿੱਕਾ ਬਣ ਰਿਹਾ ਹੈ। ਕੁਝ ਸਿੱਖ ਵਿਦਵਾਨਾਂ ਨੇ ਕੈਲੰਡਰ ਵਿਚ ਤਕਨੀਕੀ ਤਰੁੱਟੀਆਂ ਦੱਸ ਕੇ ਇਸ ਬਾਰੇ ਸੋਧ ਕਮੇਟੀ ਬਣਾਉਣ ਦੀ ਮੰਗ ਕੀਤੀ ਹੈ। ਇਸ ਬਾਰੇ ਸਰਵੇ ਆਫ਼ ਇੰਡੀਆ ਦੇ ਰਿਟਾ. ਡਿਪਟੀ ਡਾਇਰੈਕਟਰ ਤੇ ਸਿੱਖ ਬੁੱਧੀਜੀਵੀ ਕੌਂਸਲ ਤੇ ਸਕੱਤਰ ਜਨਰਲ ਨਿਸ਼ਾਨ ਸਿੰਘ ਦਾ ਕਹਿਣਾ ਹੈ ਕਿ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਸਿੱਖ ਕੌਮ ਨੂੰ ਜਵਾਬ ਦੇਣ ਕਿ ਬਿਨਾਂ ਵਿਦਵਾਨਾਂ ਤੇ ਸਿੱਖ ਜਥੇਬੰਦੀਆਂ ਨੂੰ ਭਰੋਸੇ ਵਿਚ ਲਏ ਉਨ੍ਹਾਂ ਤਰੁੱਟੀਆਂ ਭਰੇ ਨਾਨਕਸ਼ਾਹੀ ਕੈਲੰਡਰ ਨੂੰ ਕਿਉਂ ਪ੍ਰਵਾਨਗੀ ਦਿੱਤੀ।

ਉਨ੍ਹਾਂ ਕਿਹਾ ਕਿ ਸਿੱਖ ਪੰਥ ਵਿਰੋਧੀ ਇਸ ਫੈਸਲੇ ਨੇ ਸਾਰੀ ਸਿੱਖ ਕੌਮ ਨੂੰ ਦੁਫਾੜ ਕਰ ਦਿੱਤਾ ਹੈ ਪਰ ਸ਼੍ਰੋਮਣੀ ਕਮੇਟੀ, ਅਕਾਲ ਤਖ਼ਤ ਤੇ ਜਥੇਦਾਰ ਸਾਹਿਬਾਨ ਇਸ ਬਾਰੇ ਨਜ਼ਰਸਾਨੀ ਕਰਨਾ ਤਾਂ ਦੂਰ ਇਸ ਮੁੱਦੇ 'ਤੇ ਗੱਲ ਕਰਨ ਨੂੰ ਵੀ ਤਿਆਰ ਨਹੀਂ। ਕਾਹਲੀ ਵਿਚ ਕੈਲੰਡਰ ਪਾਸ ਕਰਨ ਲਈ ਜਥੇਦਾਰ ਤਖ਼ਤ ਸ੍ਰੀ ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਨੂੰ ਇਸ ਬਾਰੇ ਮੀਟਿੰਗਾਂ ਵਿਚ ਸ਼ਾਮਲ ਨਹੀਂ ਕੀਤਾ ਗਿਆ ਤੇ ਨਾ ਹੀ ਪ੍ਰਵਾਨਗੀ ਲਈ ਗਈ। ਦੋਵੇਂ ਜਥੇਦਾਰ ਸਾਹਿਬਾਨਾਂ ਨੇ ਉਸ ਵੇਲੇ ਵੀ ਇਤਰਾਜ਼ ਪ੍ਰਗਟਾ ਕੇ ਪ੍ਰਵਾਨਗੀ ਦੇਣ ਤੋਂ ਨਾਂਹ ਕੀਤੀ ਸੀ ਤੇ ਅੱਜ ਵੀ ਨਾਨਕਸ਼ਾਹੀ ਕੈਲੰਡਰ ਦੇ ਵਿਰੋਧ ਵਿਚ ਹੀ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਇਹ ਬੜਾ ਹੀ ਸੰਵੇਦਨਸ਼ੀਲ ਮੁੱਦਾ ਹੈ ਤੇ ਇਸ ਬਾਰੇ ਆਖ਼ਰੀ ਫੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਹੀ ਲੈਣਾ ਹੈ। ਉਨ੍ਹਾਂ ਨੂੰ ਇਸ ਬਾਰੇ ਅੱਜ ਤੱਕ ਕੋਈ ਸ਼ਿਕਾਇਤ ਤੇ ਸੁਝਾਅ ਨਹੀਂ ਮਿਲੇ ਪਰ ਹੋ ਸਕਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਸ ਬਾਰੇ ਸ਼ਿਕਾਇਤਾਂ ਮਿਲੀਆਂ ਹਨ। ਉਧਰ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਦਾ ਕਹਿਣਾ ਹੈ ਕਿ ਨਾਨਕਸ਼ਾਹੀ ਕੈਲੰਡਰ ਕੁਝ ਦਿਨਾਂ ਵਿਚ ਨਹੀਂ ਸਗੋਂ ਕਈ ਸਾਲਾਂ ਦੀ ਮਿਹਨਤ ਮਗਰੋਂ ਤਿਆਰ ਕੀਤਾ ਗਿਆ ਤੇ ਇਸ ਨੂੰ ਪਾਸ ਕਰਨ ਲਈ ਵੀ ਕਈ ਪੜਾਵਾਂ ਵਿਚੋਂ ਗੁਜ਼ਰਨਾ ਪਿਆ ਪਰ ਇਸ ਸਾਰੀ ਪ੍ਰਕਿਰਿਆ 'ਤੇ ਲੰਮੇ ਸਮੇਂ ਦੌਰਾਨ ਕਿਸੇ ਸਿੱਖ ਜਥੇਬੰਦੀ ਤੇ ਵਿਦਵਾਨਾਂ ਨੇ ਇਤਰਾਜ਼ ਨਹੀਂ ਪ੍ਰਗਟਾਇਆ। ਤਖ਼ਤ ਸ੍ਰੀ ਪਟਨਾ ਸਾਹਿਬ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਾਹਿਬਾਨਾਂ ਨੇ ਦਸਮੇਸ਼ ਪਿਤਾ ਦਾ ਜੋਤੀ ਜੋਤ ਦਿਵਸ ਤੇ ਦੀਪ ਮਾਲਾ ਪੁਰਾਣੀਆਂ ਤਾਰੀਖ਼ਾਂ ਮੁਤਾਬਕ ਰੱਖਣ ਦੀ ਮੰਗ ਕਰ ਕੇ ਬਾਕੀ ਨਾਨਕਸ਼ਾਹੀ ਕੈਲੰਡਰ ਦੀਆਂ ਤਾਰੀਖ਼ਾਂ ਪ੍ਰਵਾਨ ਕਰਨ ਦਾ ਪ੍ਰਸਤਾਵ ਰੱਖਿਆ ਸੀ ਪਰ ਉਸ ਵੇਲੇ ਇਕ ਮਤ ਨਾ ਹੋਣ ਕਾਰਨ ਇਹ ਸਿਰੇ ਨਾ ਚੜ੍ਹ ਸਕਿਆ ਤੇ ਮਤਭੇਦ ਜਾਰੀ ਰਹੇ। ਜਥੇ. ਵੇਦਾਂਤੀ ਨੇ ਕਿਹਾ ਕਿ ਜੇਕਰ ਸਿੱਖ ਬੁੱਧੀਜੀਵੀਆਂ ਤੇ ਵਿਦਵਾਨਾਂ ਨੂੰ ਲੱਗ ਰਿਹਾ ਹੈ ਕਿ ਕੈਲੰਡਰ ਵਿਚ ਤਕਨੀਕੀ ਤਰੁੱਟੀਆਂ ਹਨ ਤਾਂ ਸਿੱਖ ਜਥੇਬੰਦੀਆਂ ਤੇ ਵਿਦਵਾਨ ਬੈਠ ਕੇ ਮਸਲੇ ਦਾ ਹੱਲ ਕਰ ਸਕਦੇ ਹਨ।

# ਵਿਕੀਮੀਡੀਆ ਦੀ ਤਰਜ਼ 'ਤੇ ਪੰਜਾਬੀਪੀਡੀਆ ਤਿਆਰ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਨੇ ਪੰਜਾਬੀ ਪਾਠਕਾਂ ਨੂੰ ਹਰ ਖੇਤਰ ਦੀ ਭਰੋਸੇਯੋਗ ਸਮੱਗਰੀ ਮੁਹੱਈਆ ਕਰਵਾਉਣ ਦੇ ਮਕਸਦ ਨਾਲ 'ਵਿਕੀਮੀਡੀਆ' ਦੀ ਤਰਜ਼ 'ਤੇ 'ਪੰਜਾਬੀਪੀਡੀਆ' ਜਾਰੀ ਕੀਤਾ ਹੈ। ਇਹ ਪੰਜਾਬੀ ਭਾਸ਼ਾ ਨਾਲ ਸਬੰਧਤ ਇੰਟਰਨੈੱਟ 'ਤੇ ਪ੍ਰਾਪਤ ਪਹਿਲਾ ਵੱਡਆਕਾਰੀ ਕੋਸ਼ ਹੋਵੇਗਾ। ਇਸ ਵਿਚ 72 ਹਜ਼ਾਰ ਇੰਦਰਾਜ ਪਾਏ ਗਏ ਹਨ ਤੇ ਇਹ ਅੰਕੜਾ ਲੱਖਾਂ ਵਿਚ ਲਿਜਾਣ ਦਾ ਟੀਚਾ ਹੈ।

ਡਾ. ਦੇਵਿੰਦਰ ਸਿੰਘ ਦੀ ਅਗਵਾਈ ਹੇਠ ਡਾ. ਰਾਜਵਿੰਦਰ ਸਿੰਘ ਢੀਂਡਸਾ, ਚਰਨਜੀਵ ਸਿੰਘ ਤੇ ਸੀ.ਪੀ ਕੰਬੋਜ 'ਤੇ ਆਧਾਰਤ ਟੀਮ ਵੱਲੋਂ ਤਿਆਰ ਕੀਤੇ ਗਏ ਇਸ ਪੰਜਾਬੀਪੀਡੀਆ ਵਿਚ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ ਦੀਆਂ ਪ੍ਰਕਾਸ਼ਨਾਵਾਂ 'ਤੇ ਆਧਾਰਤ ਵਿਸ਼ਵਕੋਸ਼ਾਂ ਦੇ ਇੰਦਰਾਜ ਪਾਏ ਗਏ ਹਨ। ਇਨ੍ਹਾਂ ਵਿਚ ਪੰਜਾਬੀ ਭਾਸ਼ਾ ਸਾਹਿਤ ਤੇ ਸੱਭਿਆਚਾਰ ਨਾਲ ਸਬੰਧਤ ਬਾਲ ਵਿਸ਼ਵਕੋਸ਼, ਪੰਜਾਬੀ ਵਿਆਕਰਨ ਤੇ ਭਾਸ਼ਾ ਵਿਗਿਆਨ ਤਕਨੀਕੀ ਸ਼ਬਦਾਵਲੀ ਕੋਸ਼, ਕਾਨੂੰਨ ਨਾਲ ਸਬੰਧਤ ਕਾਨੂੰਨ ਵਿਸ਼ਾ ਕੋਸ਼, ਸਮਾਜ ਵਿਗਿਆਨ ਦਾ ਵਿਸ਼ਾਕੋਸ਼, ਸਿੱਖ ਧਰਮ ਵਿਸ਼ਵਕੋਸ਼, ਖੇਡ ਵਿਸ਼ਾ ਕੋਸ਼, ਰਾਜਨੀਤੀ ਵਿਗਿਆਨ ਵਿਸ਼ਾ ਕੋਸ਼, ਵਾਤਾਵਰਨ ਵਿਸ਼ਾ ਕੋਸ਼, ਪੰਜਾਬੀ ਸਭਿਆਚਾਰ ਸ਼ਬਦਾਵਲੀ ਕੋਸ਼, ਕੰਪਿਊਟਰ ਵਿਗਿਆਨ, ਜੁਗਰਾਫ਼ੀਏ ਦਾ ਵਿਸ਼ਾ ਕੋਸ਼ ਤੇ ਸਿੱਖ ਪੰਥ ਵਿਸ਼ਵਕੋਸ਼ ਸ਼ਾਮਲ ਹਨ।

ਇਸ ਪ੍ਰਾਜੈਕਟ ਦਾ ਉਦਘਾਟਨ ਕਰਦਿਆਂ ਉਪ ਕੁਲਪਤੀ ਡਾ. ਜਸਪਾਲ ਸਿੰਘ ਨੇ ਕਿਹਾ ਕਿ ਇੰਟਰਨੈੱਟ 'ਤੇ ਉਪਲਬਧ ਸਮੱਗਰੀ ਦੀ ਅਕਾਦਮਿਕ ਭਰੋਸੇਯੋਗਤਾ ਬਰਕਰਾਰ ਰੱਖਣ ਤੇ ਪੰਜਾਬੀ ਜ਼ੁਬਾਨ ਵਿਚ ਵੱਧ ਤੋਂ ਵੱਧ ਸਮੱਗਰੀ ਮੁਹੱਈਆ ਕਰਵਾਉਣ ਲਈ ਯੂਨੀਵਰਸਿਟੀ ਵੱਲੋਂ ਆਨਲਾਈਨ ਵਿਸ਼ਵਕੋਸ਼ ਦਾ ਇਹ ਇਕ ਵਿਆਪਕ ਪ੍ਰਾਜੈਕਟ ਆਰੰਭਿਆ ਗਿਆ ਹੈ। ਇਸ ਵਿਚਲੇ 72 ਹਜ਼ਾਰ ਇੰਦਰਾਜਾਂ ਨੂੰ 72 ਲੱਖ ਤੱਕ ਲਿਜਾਇਆ ਜਾਵੇਗਾ। ਇਹ ਵਿਸ਼ਵਕੋਸ਼ ਇੰਟਰਨੈੱਟ 'ਤੇ ਮੁਫਤ ਉਪਲਬਧ ਹੋਵੇਗਾ। ਇਸ ਵਿਚਲੀ ਸਮੱਗਰੀ ਇੰਦਰਾਜਾਂ ਦੇ ਰੂਪ ਵਿਚ ਹੋਣ ਕਾਰਨ ਇਸ ਨੂੰ ਗੂਗਲ ਸਰਚ ਇੰਜਣ ਰਾਹੀਂ ਵੀ ਲੱਭਿਆ ਜਾ ਸਕਦਾ ਹੈ।

'ਪੰਜਾਬੀਪੀਡੀਆ' ਪ੍ਰਾਜੈਕਟ ਦੇ ਕੋਆਰਡੀਨੇਟਰ ਡਾ. ਦੇਵਿੰਦਰ ਸਿੰਘ ਨੇ ਕਿਹਾ ਕਿ ਇੰਟਰਨੈੱਟ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਤੇ ਗਿਆਨ-ਵਿਗਿਆਨ 'ਤੇ ਨਿਰਭਰ ਹੁੰਦੀ ਜਾ ਰਹੀ ਹੈ। ਇੰਟਰਨੈੱਟ 'ਤੇ ਉਪਲਬਧ ਗੈਰ-ਭਰੋਸੇਯੋਗ ਤੇ ਗੈਰ-ਪ੍ਰਵਾਨਤ ਸਮੱਗਰੀ ਗਲਤ ਜਾਣਕਾਰੀ ਮੁਹੱਈਆ ਕਰਵਾ ਰਹੀ ਹੈ ਜਦਕਿ ਪੰਜਾਬੀਪੀਡੀਆ ਪੰਜਾਬੀ ਪਾਠਕਾਂ ਨੂੰ ਹਰੇਕ ਖੇਤਰ ਦੀ ਭਰੋਸੇਯੋਗ ਸਮੱਗਰੀ ਮੁਹੱਈਆ ਕਰਵਾਏਗਾ।

## ਖਾੜਕੂ ਬਖ਼ਸ਼ੀਸ਼ ਸਿੰਘ ਸਮੇਤ ਤਿੰਨ ਹੋਰ ਬਰੀ

**ਪਟਿਆਲਾ:** ਵਧੀਕ ਸੈਸ਼ਨ ਜੱਜ ਪੁਸ਼ਵਿੰਦਰ ਸਿੰਘ ਦੀ ਅਦਾਲਤ ਨੇ ਬਾਬਾ ਬਖ਼ਸ਼ੀਸ਼ ਸਿੰਘ ਤੇ ਤਿੰਨ ਹੋਰਾਂ ਨੂੰ ਨਾਭਾ ਬੌਟਲਿੰਗ ਪਲਾਂਟ ਨੇੜੇ ਧਮਾਕਾਖੇਜ਼ ਪਦਾਰਥ ਰੱਖਣ ਦੇ ਪੁਲਿਸ ਦੀ ਥਿਊਰੀ ਨੂੰ ਰੱਦ ਕਰਦਿਆਂ ਬਰੀ ਕਰ ਦਿੱਤਾ ਹੈ। ਇਨ੍ਹਾਂ ਵਿਚ ਬਾਬਾ ਬਖ਼ਸ਼ੀਸ਼ ਸਿੰਘ ਦੇ ਇਲਾਵਾ ਜਸਵੀਰ ਸਿੰਘ, ਪ੍ਰਗਟ ਸਿੰਘ ਤੇ ਹਰਜੀਤ ਸਿੰਘ ਸ਼ਾਮਲ ਹਨ।

ਪੁਲਿਸ ਨੇ ਇਨ੍ਹਾਂ ਵਿਰੁੱਧ 18 ਜਨਵਰੀ, 2010 ਨੂੰ ਸਦਰ ਨਾਭਾ ਵਿਚ ਐਫ.ਆਈ.ਆਰ. ਨੰਬਰ 7 ਤਹਿਤ 3,4 ਧਮਾਕਾਖੇਜ਼ ਪਦਾਰਥ ਤਹਿਤ ਮਾਮਲਾ ਦਰਜ ਕੀਤਾ ਸੀ। ਪੁਲਿਸ ਅਨੁਸਾਰ ਬੌਟਲਿੰਗ ਪਲਾਂਟ ਨਾਭਾ ਦੇ ਚੀਫ਼ ਮੈਨੇਜਰ ਸ਼ੇਰ ਸਿੰਘ ਨੇ ਰਿਪੋਰਟ ਲਿਖਾਈ ਸੀ ਕਿ ਉਸ ਨੂੰ ਸੂਚਨਾ ਮਿਲੀ ਸੀ ਕਿ ਪਲਾਂਟ ਦੀ ਕੰਧ ਨਾਲ ਤਿੰਨ-ਚਾਰ ਬੰਦੇ ਇਕ ਡਰੰਮ ਨਾਲ ਖੜ੍ਹੇ ਸੀ। ਪੁਲਿਸ ਅਨੁਸਾਰ ਇਸ ਡਰੰਮ ਨਾਲ ਦੋ ਤਾਰਾਂ ਵੀ ਲਟਕ ਰਹੀਆਂ ਸੀ। ਸ. ਸੋਢੀ ਨੇ ਕਿਹਾ ਕਿ ਉਹ ਤਾਂ ਪਹਿਲੇ ਦਿਨ ਤੋਂ ਹੀ ਕਹਿ ਰਿਹਾ ਸੀ ਕਿ ਇਸ ਮਾਮਲੇ ਵਿਚ ਬਖ਼ਸ਼ੀਸ਼ ਸਿੰਘ, ਜਸਵੀਰ ਸਿੰਘ, ਪ੍ਰਗਟ ਸਿੰਘ ਤੇ ਹਰਜੀਤ ਸਿੰਘ ਨੂੰ ਝੂਠੀ ਕਹਾਣੀ ਬਣਾ ਕੇ ਫਸਾਇਆ ਜਾ ਰਿਹਾ ਹੈ।

# ਰਿਸ਼ਤੇ-ਨਾਤੇ ਹਰਿਆਣਾ ਨਾਲ ਪਰ ਦਿਲ ਹੈ ਪੰਜਾਬੀ

## ਹਿੰਦੂ ਵੱਸੋਂ ਵਾਲਾ ਪਿੰਡ ਪੰਜਾਬੀ ਰੰਗ 'ਚ ਰੰਗਿਆ

**ਮਾਨਸਾ:** ਪੁਨਰਗਠਨ ਸਮੇਂ ਪੰਜਾਬ ਦੇ ਹਿੱਸੇ ਆਏ ਹਰਿਆਣੇ ਦੇ ਪਿੰਡ ਕਰੰਡੀ ਦੇ ਬਾਗੜੀ ਲੋਕ ਅੱਜ ਪੰਜਾਬੀ ਹੋਣ ਦਾ ਮਾਣ ਮਹਿਸੂਸ ਕਰਦੇ ਹਨ। ਇਸ ਪਿੰਡ ਵਿਚ ਨਾ ਸਿੱਖ ਵਸੋਂ ਹੈ ਤੇ ਨਾ ਹੀ ਕੋਈ ਗੁਰੂ ਘਰ। ਪਿੰਡ ਦੇ ਬਾਗੜੀ ਲੋਕਾਂ ਦਾ ਸੱਭਿਆਚਾਰ ਵੀ ਹਰਿਆਣਾ ਦਾ ਹੈ ਤੇ ਸਭ ਰਿਸ਼ਤੇ ਨਾਤੇ ਵੀ ਹਰਿਆਣਵੀਆਂ ਨਾਲ ਹਨ। ਫਿਰ ਵੀ ਇਨ੍ਹਾਂ ਲੋਕਾਂ ਦਾ ਦਿਲ ਪੰਜਾਬ ਲਈ ਧੜਕਦਾ ਹੈ।

ਬਾਗੜੀ ਲੋਕਾਂ ਵਾਲਾ ਪਹਿਰਾਵਾ ਤੇ ਤਿੱਥ ਤਿਉਹਾਰ ਵੀ ਉਹੀ ਹਨ। ਪਿੰਡ ਦੀਆਂ ਔਰਤਾਂ ਹਾਲੇ ਵੀ ਲੰਮੇ ਘੁੰਡ ਕੱਢਦੀਆਂ ਹਨ। ਦਿਨ ਲਹਿੰਦੇ-ਚੜ੍ਹਦੇ ਪਿੰਡ ਵਿਚ ਹੁੱਕਾ ਮਹਿਫਲਾਂ ਵੀ ਸਜਦੀਆਂ ਹਨ। ਇਸ ਪਿੰਡ ਦੇ ਲੋਕ ਆਪਣੇ ਧੀਆਂ-ਪੁੱਤਾਂ ਦਾ ਵਿਆਹ ਵੀ ਹਰਿਆਣੇ ਵਿਚ ਹੀ ਕਰਦੇ ਹਨ। ਪਿੰਡ ਦੇ ਲੋਕਾਂ ਦਾ ਕਹਿਣਾ ਹੈ ਕਿ ਸਾਡਾ ਰੋਮ-ਰੋਮ ਹੁਣ ਪੰਜਾਬ ਨਾਲ ਬੱਝਾ ਹੈ। ਉਨ੍ਹਾਂ ਬਾਗੜੀ ਭਾਸ਼ਾ ਵਿਚ ਆਖਿਆ, 'ਦਿਲ ਤੋ ਆਪਨੋ ਪੰਜਾਬੀ ਐ।' ਪਿੰਡ ਦੇ ਲੋਕ ਹੁਣ ਪੰਜਾਬੀ ਬੋਲ ਲੈਂਦੇ ਹਨ।

ਪਿੰਡ ਦੀ ਆਬਾਦੀ ਤਕਰੀਬਨ ਤਿੰਨ ਹਜ਼ਾਰ



ਹੈ ਤੇ ਪੰਜ ਸੌ ਘਰ ਹਨ। ਇਨ੍ਹਾਂ ਘਰਾਂ ਵਿਚ ਹਾਲੇ ਵੀ ਬਾਗੜੀ ਔਰਤਾਂ ਦੇ ਲੰਮੇ-ਲੰਮੇ ਘੁੰਡ ਦੇਖਣ ਨੂੰ ਮਿਲਦੇ ਹਨ। ਪਿੰਡ ਵਿਚ ਤਿੰਨ ਮੰਦਰ ਹਨ ਤੇ ਕੋਈ ਗੁਰਦੁਆਰਾ ਨਹੀਂ ਹੈ। ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਵਿਜੇ ਕੁਮਾਰ ਮੁਤਾਬਕ ਜਦੋਂ ਸਾਲ 2011 ਦੀ ਜਨਗਣਨਾ ਹੋਈ ਤਾਂ ਸਭਨਾਂ ਘਰਾਂ ਨੇ ਆਪਣੀ ਬੋਲੀ ਪੰਜਾਬੀ ਹੀ ਲਿਖਵਾਈ।

ਪਿੰਡ ਵਿਚ ਤਕਰੀਬਨ 457 ਵਿਦਿਆਰਥੀ ਹਨ ਜੋ ਪੜ੍ਹਦੇ ਤਾਂ ਪੰਜਾਬੀ ਮਾਧਿਅਮ ਵਿਚ ਹਨ ਪਰ ਉਹ ਲਾਇਬਰੇਰੀ ਵਿਚੋਂ ਹਿੰਦੀ ਕਿਤਾਬਾਂ ਲੈਣ ਦੀ ਰੁਚੀ ਵੀ ਦਿਖਾਉਂਦੇ ਹਨ। ਸਕੂਲ ਦੇ ਚਾਰ ਅਧਿਆਪਕ ਵੀ ਹਰਿਆਣਾ ਦੇ ਹਨ। ਪਿੰਡ ਦਾ ਵੈਦ ਓਮ ਪ੍ਰਕਾਸ਼ ਦੱਸਦਾ ਹੈ ਕਿ ਸਭ ਘਰਾਂ ਦੇ ਰਿਸ਼ਤੇ-ਨਾਤੇ ਹਰਿਆਣੇ ਨਾਲ ਜੁੜੇ ਹੋਏ ਹਨ ਤੇ ਵਿਆਹ-ਸਾਹੇ ਵੀ ਹਰਿਆਣਾ ਵਿਚ ਹੀ ਹੁੰਦੇ ਹਨ। ਸਰਕਾਰ ਨੇ ਪਿੰਡ ਦੇ ਸ਼ਮਸ਼ਾਨਘਾਟ ਲਈ ਕਾਫ਼ੀ ਗਰਾਂਟਾਂ ਦਿੱਤੀਆਂ ਹਨ।

ਪਿੰਡ ਦਾ ਹਰ ਕੋਈ ਪਿੰਡ ਦੇ ਆਪਸੀ ਭਾਈਚਾਰੇ ਦਾ ਜ਼ਿਕਰ ਜ਼ਰੂਰ ਕਰਦਾ ਸੀ। ਲੋਕਾਂ ਨੇ ਦੱਸਿਆ ਕਿ ਸਾਲ 1985 ਤੱਕ ਪਿੰਡ ਵਿਚ ਧੜੇਬੰਦੀ ਰਹੀ ਪਰ ਉਸ ਮਗਰੋਂ ਕਦੇ ਕੋਈ ਪਾਰਟੀਬਾਜ਼ੀ ਨਹੀਂ ਰਹੀ। ਇਸ ਪਿੰਡ ਦੇ ਬਾਗੜੀ ਲੋਕ ਇਕੱਠੇ ਹੋ ਕੇ ਹੁੱਕਾ ਵੀ ਪੀਂਦੇ ਹਨ ਪਰ ਹੋਰ ਕੋਈ ਨਸ਼ਾ ਨਹੀਂ ਕਰਦੇ। ਪਿੰਡ ਵਿਚ ਖੁੱਲ੍ਹੇ ਠੇਕੇ ਨੂੰ ਕੋਈ ਬਹੁਤੀ ਕਮਾਈ ਨਹੀਂ ਹੁੰਦੀ ਹੈ। ਸਾਵਣ ਤੀਜ ਵਿਸ਼ੇਸ਼ ਤਿਉਹਾਰ ਦੇ ਤੌਰ 'ਤੇ ਪਿੰਡ ਵਿਚ ਮਨਾਇਆ ਜਾਂਦਾ ਹੈ। ਪੰਜਾਬ-ਹਰਿਆਣਾ ਦੀ ਹੱਦ ਲਾਗੇ ਹੀ ਇਹ ਪਿੰਡ ਹੈ ਤੇ ਇਸ ਦੇ ਲਾਗਲੇ ਪਿੰਡ ਖੈਰਾ ਖੁਰਦ, ਕਾਹਨੇਵਾਲਾ ਅਤੇ ਝੰਡਾ ਵਿਚ ਵੀ ਬਹੁਗਿਣਤੀ ਬਾਗੜੀ ਲੋਕਾਂ ਦੀ ਹੈ।

ਪਿੰਡ ਦੇ ਨੰਬਰਦਾਰ ਵਿਜੇ ਕੁਮਾਰ ਨੇ ਦੱਸਿਆ ਕਿ ਪਿੰਡ ਦੇ ਲੋਕਾਂ ਵੱਲੋਂ ਫਸਲ ਹਰਿਆਣਾ ਦੇ ਫਤਿਆਬਾਦ ਵਿਚ ਵੇਚੀ ਜਾਂਦੀ ਹੈ। ਉਸ ਦਾ ਕਹਿਣਾ ਸੀ ਕਿ ਕਦੇ ਓਪਰਾ ਲੱਗਿਆ ਹੀ ਨਹੀਂ ਹੈ। ਲੋਕਾਂ ਨੇ ਦੱਸਿਆ ਕਿ ਹਿਸਾਰ ਯੂਨੀਵਰਸਿਟੀ ਦਾ ਸਾਬਕਾ ਵਾਈਸ ਚਾਂਸਲਰ ਵਿਨੇ ਕੁਮਾਰ ਇਸੇ ਪਿੰਡ ਦਾ ਜੰਮਪਲ ਹੈ। ਪਿੰਡ ਦੀ ਗਊ ਚਰਾਂਦ ਵੀ ਕਾਫ਼ੀ ਮਸ਼ਹੂਰ ਹੈ ਜਿਥੇ ਸਾਰੇ ਪਿੰਡ ਦੇ ਪਸ਼ੂ ਇਕ ਥਾਂ 'ਤੇ ਬੈਠਦੇ ਹਨ। ਪਿੰਡ ਦੇ 60 ਤੋਂ ਉਪਰ ਨੌਜਵਾਨ ਫੌਜ ਵਿਚ ਹਨ।

ਬਹੁਤੇ ਨੌਜਵਾਨ ਹਰਿਆਣਾ ਵਿਚ ਨੌਕਰੀ ਕਰਦੇ ਹਨ। ਲੋਕਾਂ ਨੇ ਮਾਣ ਨਾਲ ਦੱਸਿਆ ਕਿ ਉਨ੍ਹਾਂ ਦੀਆਂ ਔਰਤਾਂ ਖੇਤਾਂ ਵਿਚ ਬਰਾਬਰ ਕੰਮ ਕਰਦੀਆਂ ਹਨ। ਪਿੰਡ ਵਿਚ ਤਕਰੀਬਨ ਦੋ ਹਜ਼ਾਰ ਵੋਟ ਹੈ ਜਿਸ ਕਰਕੇ ਹਰ ਸਿਆਸੀ ਪਾਰਟੀ ਦਾ ਇਨ੍ਹਾਂ ਲੋਕਾਂ ਨਾਲ ਸਿਆਸੀ ਮੋਹ ਵੀ ਜੁੜਿਆ ਹੀ ਰਹਿੰਦਾ ਹੈ। ਪੰਜਾਬ ਸਰਕਾਰ ਨੇ ਲੜਕੀਆਂ ਦੇ ਹੋਸਟਲ ਦੀ ਸਹੂਲਤ ਦਿੱਤੀ ਹੈ ਤੇ ਲੱਖਾਂ ਰੁਪਏ ਦੇ ਫੰਡ ਦਿੱਤੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸੰਸਦ ਮੈਂਬਰ ਬਲਵਿੰਦਰ ਸਿੰਘ ਭੂੰਦੜ ਦਾ ਗੇੜਾ ਵੀ ਇਸ ਪਿੰਡ ਵਿਚ ਰਹਿੰਦਾ ਹੈ ਤੇ ਉਨ੍ਹਾਂ ਨਾਲ ਬਾਗੜੀ ਲੋਕ ਨੇੜਿਓਂ ਜੁੜੇ ਹੋਏ ਹਨ।

# ਬੱਝਿਆ ਰਹੇ ਯਕੀਨ ਵੇ ਬੱਲਿਆ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਡਬਲ ਸਟੋਰੀ ਪੰਜ ਬੈਡਰੂਮ ਘਰ ਵਿਚ ਅਖੰਡ ਪਾਠ ਦੇ ਭੋਗ ਉਪਰੰਤ ਖੁਸ਼ੀਆਂ ਦਾ ਮਾਹੌਲ ਸੀ। ਮਹਿਮਾਨ ਹਰੀ ਸਿੰਘ ਤੇ ਉਸ ਦੀ ਪਤਨੀ ਦਿਲਜੀਤ ਕੌਰ ਨੂੰ ਨਵੇਂ ਘਰ ਦੀਆਂ ਵਧਾਈਆਂ ਦੇ ਰਹੇ ਸਨ। ਹਰੀ ਸਿੰਘ ਦੀਆਂ ਚਾਚੀਆਂ, ਤਾਈਆਂ ਤੇ ਭਰਜਾਈਆਂ ਦਿਲਜੀਤ ਕੌਰ ਨਾਲ ਗੱਲਾਂ ਕਰ ਰਹੀਆਂ ਸਨ। "ਸਾਡੀ ਜੀਤੋ ਤਾਂ ਕਰਮਾਂ ਵਾਲੀ ਐ। ਸਾਡੇ ਪੁੱਤ ਨੇ ਤਾਂ ਏਅਰਪੋਰਟ ਤੋਂ ਆਉਂਦਿਆਂ ਹੀ ਪੰਜ ਬੈਡਰੂਮ ਵਾਲੇ ਘਰ ਦੀ ਮਾਲਕਣ ਬਣਾ ਦਿੱਤਾ।" ਇਕ ਤਾਈ ਬੋਲੀ।

"ਲੈ ਦੇਖ! ਆਉਂਦੀ ਨੂੰ ਨਵੀਆਂ ਕਾਰਾਂ। ਅਸੀਂ ਤਾਂ ਪੰਜ ਸਾਲ ਬੱਸਾਂ ਵਿਚ ਹੀ ਧੱਕੇ ਖਾਂਦੀਆਂ ਰਹੀਆਂ। ਸੱਚੀਂ ਇਹ ਤਾਂ ਨੂੰਹ ਰਾਣੀ ਕਰਮਾਂ ਵਾਲੀ ਐ।" ਦੂਜੀ ਚਾਚੀ ਵੀ ਸੁਣਾ ਗਈ।

"ਹਰੀ ਸਿਆਂ! ਸੁੱਖਾਂ ਨਾਲ ਪੁੱਤ ਤਾਂ ਤੇਰਾ ਗੱਭਰੂ ਐ, ਭਲਾ ਅੱਜ ਹੀ ਵਿਆਹ ਕਰ ਦੇ।" ਇਕ ਪੇਂਡੂ ਚਾਚੇ ਨੇ ਕਿਹਾ।

"ਬਾਈ! ਹਰੀ ਸਿਉਂ ਦੀ ਧੀ ਵੀ ਵਿਆਹੁਣ ਵਾਲੀ ਹੈ। ਅਹੁ ਦੇਖ ਪਤਲੀ ਜਿਹੀ, ਲੰਮੀ ਸੋਹਣੀ... ਆਪਣੀ ਮਾਂ ਕੋਲ ਖੜ੍ਹੀ ਐ।" ਦੂਜੇ ਚਾਚੇ ਨੇ ਪਹਿਲੇ ਨੂੰ ਕਿਹਾ।

ਪਰਮਾਤਮਾ ਨੇ ਅੱਜ ਹਰੀ ਸਿੰਘ ਤੇ ਦਲਜੀਤ ਕੌਰ ਨੂੰ ਸਭ ਤੋਂ ਅੱਗੇ ਕਰ ਦਿੱਤਾ ਸੀ। ਇਸ ਥਾਂ ਪਹੁੰਚਦਿਆਂ ਦੋਵਾਂ ਦੇ ਸੰਘਰਸ਼ ਦੀਆਂ ਪੈੜਾਂ ਜੇ ਗਿਣੀਆਂ ਜਾਣ ਤਾਂ ਮੂੰਹੋਂ ਇਹੋ ਨਿਕਲਦਾ ਕਿ ਇਹ ਇਸ ਮੰਜ਼ਲ ਦੇ ਹੱਕਦਾਰ ਸਨ। ਹਰੀ ਸਿੰਘ ਜਿਥੋਂ ਤੁਰਿਆ ਸੀ, ਮੈਂ ਵੀ ਉਥੋਂ ਹੀ ਸ਼ੁਰੂ ਕਰਦਾ ਹਾਂ...

ਖਾੜਕੂ ਸੰਘਰਸ਼ ਆਖਰੀ ਪੜਾਅ 'ਤੇ ਸੀ। ਜ਼ਾਲਮ ਤੇ ਲਾਲਚੀ ਪੁਲਿਸ ਅਫ਼ਸਰ ਕੁਝ ਖੱਟਣ ਦੀ ਲਾਲਸਾ ਨਾਲ ਚੰਗੇ ਘਰਾਂ ਦੇ ਮੁੰਡੇ ਚੁੱਕ ਲੈਂਦੇ। ਤਸ਼ੱਦਦ ਕਰਦੇ ਤੇ ਮੋਟੀਆਂ ਰਕਮਾਂ ਲੈ ਕੇ ਛੱਡ ਦਿੰਦੇ। ਜੇ ਰਕਮ ਨਾ ਮਿਲਦੀ ਤਾਂ ਚੁੱਕੇ ਹੋਏ ਗੱਭਰੂ ਦੀ ਕੋਈ ਉਘ-ਸੁੱਘ ਨਾ ਮਿਲਦੀ।

ਹਰੀ ਸਿੰਘ ਦਾ ਪਿਤਾ ਤਰਸੇਮ ਸਿੰਘ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਸਿਰਕੱਢ ਆਗੂ ਸੀ। ਤਰਸੇਮ ਸਿੰਘ ਨੂੰ ਕਈ ਵਾਰ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ। ਉਸ ਨੂੰ ਫੜਨਾ, ਤਸ਼ੱਦਦ ਕਰਨਾ, ਫਿਰ ਛੱਡ ਦੇਣਾ ਤਾਂ ਆਮ ਸੀ ਪਰ ਇਕ ਵਾਰ ਪੁਲਿਸ ਹਰੀ ਸਿੰਘ ਨੂੰ ਲੈ ਗਈ। ਇਕਲੌਤਾ ਪੁੱਤਰ ਹੋਣ ਕਰ ਕੇ ਪੁਲਿਸ ਵਾਲਿਆਂ ਨੇ ਵਾਹਵਾ ਮੋਟੀ ਰਕਮ ਵਸੂਲ ਕੇ ਛੱਡਿਆ ਸੀ। ਪਰਿਵਾਰ ਖਾਲਿਸਤਾਨ ਪੱਖੀ ਹੋਣ ਕਰ ਕੇ ਕਿਸੇ ਨਾ ਕਿਸੇ ਮੁਸੀਬਤ ਵਿਚ ਘਿਰਿਆ ਰਹਿੰਦਾ। ਗੁਜ਼ਾਰੇ ਵਾਸਤੇ ਜ਼ਮੀਨ ਕਾਫੀ ਸੀ ਪਰ ਕਚਹਿਰੀਆਂ ਦੇ ਚੱਕਰਾਂ ਵਿਚ ਜ਼ਮੀਨ ਨੂੰ ਵੀ ਵਾਢ ਲੱਗ ਚੁੱਕੀ ਸੀ। ਪਿਉ ਪੁੱਤ ਕਮਾਊ ਸਨ ਪਰ ਸਮਾਂ ਖੇਤੀ ਵੱਲ ਧਿਆਨ ਨਹੀਂ ਸੀ ਦੇਣ ਦਿੰਦਾ। ਇਸ ਦੌਰਾਨ ਤਰਸੇਮ ਸਿੰਘ ਦੀ ਮੌਤ ਹੋ ਗਈ। ਘਰ 'ਤੇ ਕਹਿਰ ਟੁੱਟ ਪਿਆ। ਖਾੜਕੂ ਪੱਖੀ ਹੋਣ ਕਰ ਕੇ ਰਿਸ਼ਤੇਦਾਰ ਤਾਂ ਪਹਿਲਾਂ ਹੀ ਘੱਟ ਆਉਂਦੇ-ਜਾਂਦੇ ਸਨ ਪਰ ਹੁਣ ਲੋੜ ਵੇਲੇ ਵੀ ਕੋਈ ਨਾਲ ਨਾ ਖੜ੍ਹਿਆ।

ਤਰਸੇਮ ਸਿੰਘ ਦੇ ਤੁਰ ਜਾਣ ਬਾਅਦ ਪੁਲਿਸ ਦਾ ਆਉਣਾ ਘਟਣ ਲੱਗਾ। ਮਾਂ ਨੇ ਹਰੀ ਸਿੰਘ ਦਾ ਵਿਆਹ ਕਰਨ ਬਾਰੇ ਸੋਚਿਆ। ਰਿਸ਼ਤੇਦਾਰਾਂ ਨੂੰ ਸਾਕ ਬਾਰੇ ਕਿਹਾ, ਪਰ 'ਦੇਖਾਂਗੇ' ਤੋਂ ਅੱਗੇ ਕੋਈ ਨਾ ਵਧਿਆ। ਹਰੀ ਸਿੰਘ ਦਾ ਇਕ ਮਿੱਤਰ ਕੈਨੇਡਾ ਤੋਂ ਕਈ ਸਾਲਾਂ ਬਾਅਦ ਪਿੰਡ ਗਿਆ ਸੀ। ਉਹਨੇ ਹਰੀ ਸਿੰਘ ਨੂੰ ਰਿਸ਼ਤਾ ਕਰਵਾ ਦਿੱਤਾ। ਦਿਲਜੀਤ ਕੌਰ ਨੇ ਘਰ ਅੰਦਰ ਪੈਰ ਰੱਖਦਿਆਂ ਹੀ ਸਭ ਦੇ ਦਿਲ ਜਿੱਤ ਲਏ। ਹਰੀ ਸਿੰਘ ਦੀ ਮਾਂ ਨੂੰ ਕੰਮ ਤੋਂ ਵਿਹਲੇ ਕਰ ਦਿੱਤਾ, ਰਸੋਈ ਦੇ ਨਾਲ ਪਸ਼ੂਆਂ ਦਾ ਵੀ ਸਾਰਾ ਕੰਮ ਸਾਂਭ ਲਿਆ। ਮਾਂ ਕਹਿੰਦੀ, ਗਏ ਹੋਏ ਮੁੜਦੇ ਤਾਂ ਨਹੀਂ, ਪਰ ਰੱਬ ਕਿਸੇ ਨਾ ਕਿਸੇ ਪਾਸਿਉਂ ਆ ਕੇ ਦੁੱਖਾਂ ਦਾ ਪਾਸਾ ਪਲਟ ਦਿੰਦਾ ਹੈ। ਰੱਬ ਨੇ ਛੇਤੀ ਹੀ ਹਰੀ ਸਿੰਘ ਨੂੰ ਪੁੱਤਰ ਦੀ ਦਾਤ ਵੀ ਬਖ਼ਸ਼ ਦਿੱਤੀ।

ਥੋੜ੍ਹੀ ਰਹਿ ਗਈ ਜ਼ਮੀਨ ਵਿਚ ਹਰੀ ਸਿੰਘ ਦਾ ਦਿਲ ਨਾ ਲੱਗਦਾ। ਉਹ ਖੇਤ ਜਾਂਦਾ, ਤੇ ਦੁਖੀ ਹੋ ਕੇ ਘਰ ਮੁੜ ਆਉਂਦਾ। ਫਿਰ ਉਹਨੇ ਆਪਣੇ ਮਿੱਤਰ ਨਾਲ ਸਲਾਹ ਕਰ ਕੇ ਵਿਦੇਸ਼ ਵੱਸਣ ਦਾ ਮਨ ਬਣਾ ਲਿਆ ਪਰ ਮਾਂ ਨੇ ਮਮਤਾ ਦੀਆਂ ਬੇੜੀਆਂ ਉਹਦੇ ਪੈਰਾਂ ਨੂੰ ਪਾਉਂਦਿਆਂ ਰੋਕ ਲਿਆ। ਥੋੜ੍ਹਾ ਸਮਾਂ ਲੰਘਿਆ, ਹਰੀ ਸਿੰਘ ਦੇ ਘਰ ਧੀ ਨੇ ਜਨਮ ਲਿਆ। ਹੁਣ ਹਰੀ ਸਿੰਘ ਨੇ ਪੱਕਾ ਧਾਰ ਲਿਆ ਕਿ ਘਰ ਦੀ ਗਰੀਬੀ ਦੂਰ ਕਰਨ ਲਈ ਸੱਤ ਸਮੁੰਦਰ ਪਾਰ ਕਰਨੇ ਪੈਣੇ ਹਨ। ਰਹਿੰਦੀ ਜ਼ਮੀਨ ਵੇਚ ਕੇ ਅਮਰੀਕਾ ਵਾਸਤੇ ਰੁਪਏ ਭਰ ਦਿੱਤੇ। ਤਿੰਨ ਮਹੀਨਿਆਂ ਬਾਅਦ ਉਹ ਅਮਰੀਕਾ ਆ ਗਿਆ। ਹਰੀ ਸਿੰਘ ਦੇ ਮਿੱਤਰ ਨੇ ਹਫ਼ਤਾ ਆਪਣੇ ਕੋਲ ਰੱਖਿਆ ਅਤੇ ਫਿਰ ਅਗਾਂਹ ਮੁੰਡਿਆਂ ਕੋਲ ਭੇਜ ਦਿੱਤਾ। ਮਿੱਤਰ ਨੇ ਹਰੀ ਸਿੰਘ ਨੂੰ ਸੰਘਰਸ਼ ਦੀ ਪਗਡੰਡੀ ਦਿਖਾ ਦਿੱਤੀ। ਹੁਣ ਰਾਹ ਉਸ ਨੇ ਆਪ ਖੁਦ ਬਣਾਉਣਾ ਸੀ।

ਕਿਸੇ ਟਰੱਕ ਵਾਲੇ ਦੇ ਮਨ ਮਿਹਰ ਪਈ। ਉਸ ਨੇ ਹਰੀ ਸਿੰਘ ਨੂੰ ਟਰੱਕ-ਸ਼ਾਪ 'ਤੇ ਕੰਮ ਦਿਵਾ ਦਿੱਤਾ। ਹਰੀ ਸਿੰਘ ਨੇ ਰਿਫਿਊਜੀ ਕੇਸ ਕਰ ਦਿੱਤਾ। ਪੰਜਾਬੀ ਵਕੀਲ ਨੇ ਹਰੀ ਸਿੰਘ ਦੀ ਕਹਾਣੀ ਸੁਣਦਿਆਂ ਸੌ ਫੀਸਦੀ ਗਾਰੰਟੀ ਦਿੱਤੀ ਕਿ ਕੇਸ ਪਹਿਲੀ ਤਰੀਕੇ ਹੀ ਪਾਸ ਹੋ ਜਾਵੇਗਾ, ਪਰ ਗੱਲ ਨਾ ਬਣੀ। ਰਿਫਿਊਜੀ ਕੇਸ ਲਟਕਦਾ ਰਿਹਾ। ਵਕੀਲ ਨੇ ਉਸ ਨੂੰ ਵਰਕ ਪਰਮਿਟ ਦਿਵਾ ਦਿੱਤਾ। ਹਰੀ ਸਿੰਘ ਟਰੱਕ ਚਲਾਉਣ ਲੱਗ ਗਿਆ, ਚੰਗੇ ਡਾਲਰ ਕਮਾਏ, ਜ਼ਮੀਨ ਖਰੀਦੀ। ਮਾਂ ਦੀ ਜਾਂਦੀ ਹੋਈ ਅੱਖਾਂ ਦੀ ਰੋਸ਼ਨੀ ਵਾਪਸ ਆਉਣ ਲੱਗੀ। 'ਹੋਵੇ ਏਕ ਹੋਵੇ ਨੇਕ' ਵਾਲੀ ਗੱਲ ਮਾਂ ਨੂੰ ਭਾਅ ਗਈ ਸੀ।

ਹਰੀ ਸਿੰਘ ਤੇ ਉਸ ਦੇ ਪਰਿਵਾਰ ਨੂੰ ਬੱਸ ਇਕ ਹੀ ਦੁੱਖ ਸੀ ਕਿ ਹਰੀ ਸਿੰਘ ਪੱਕਾ ਨਹੀਂ ਹੋਇਆ ਪਰ ਉਸ ਕਮਾਈ ਦੀ ਕੋਈ ਕਸਰ ਬਾਕੀ ਨਹੀਂ ਛੱਡੀ। ਹੁਣ ਰਿਸ਼ਤੇਦਾਰ ਵੀ ਆਉਣ-ਜਾਣ ਲੱਗ ਗਏ ਸਨ। ਹਰੀ ਸਿੰਘ ਦਾ ਆਪਣੀ ਬਿਰਧ ਮਾਤਾ, ਘਰਵਾਲੀ ਤੇ ਬੱਚਿਆਂ ਨੂੰ ਮਿਲਣ ਲਈ ਦਿਲ ਕਾਹਲਾ ਪੈਂਦਾ ਪਰ ਕੋਈ ਪੇਸ਼ ਨਾ ਜਾਂਦੀ। ਇਥੇ ਆਇਆਂ 15 ਸਾਲ ਹੋ ਗਏ ਸਨ। ਉਸ ਨੇ ਕਈਆਂ ਨੂੰ ਕਿਹਾ ਸੀ ਕਿ ਉਸ ਦੇ ਗੱਭਰੂ ਪੁੱਤ ਨੂੰ ਇਥੋਂ ਦਾ ਰਿਸ਼ਤਾ ਕਰਵਾ ਦੇਵੋ! ਅੱਗਿਉਂ ਹਰ ਕੋਈ ਟਿੱਚਰ ਕਰਦਾ।

ਮਾਂ ਨੇ ਕਈ ਵਾਰ ਕਿਹਾ, 'ਪੁੱਤ ਆ ਜਾ। ਦੋਵੇਂ ਬੱਚੇ ਵੱਡੇ ਹੋ ਗਏ। ਵਿਹੜੇ ਵਿਚ ਲੱਗੀ ਬੇਰੀ ਨੂੰ ਲੋਕ ਰੋੜੇ ਮਾਰਨ ਲੱਗ ਜਾਂਦੇ ਹਨ। ਤੇਰੀ ਵਹੁਟੀ ਦੀਆਂ ਕਾਲੀਆਂ ਜ਼ੁਲਫ਼ਾਂ, ਬੱਗੀਆਂ ਹੋ ਗਈਆਂ। ਮੈਨੂੰ ਵੀ ਹੁਣ ਮੌਤ ਨੇੜੇ ਹੁੰਦੀ ਜਾਪਦੀ ਹੈ।' ਮਾਂ ਦੀਆਂ ਇਹ ਗੱਲਾਂ ਹਰੀ ਸਿੰਘ ਨੂੰ ਵਤਨਾਂ ਵੱਲ ਪਰਵਾਜ਼ ਭਰਨ ਲਈ ਤਿਆਰ ਕਰ ਦਿੰਦੀਆਂ। ਜਦ ਵਕੀਲ ਨਾਲ ਗੱਲ ਕਰਦਾ ਤਾਂ ਉਹ ਆਸ ਦੀ ਕਿਰਨ ਜਗ੍ਹਾ ਹਨੇਰੇ ਮਨ 'ਚ ਚਾਨਣ ਕਰ ਦਿੰਦਾ। ਉਸ ਨੂੰ 18 ਸਾਲ ਹੋ ਗਏ ਸਨ ਹਰਾ ਪੱਤਾ ਉਡੀਕਦਿਆਂ।

ਹਰੀ ਸਿੰਘ ਦੇ ਦੋਵੇਂ ਬੱਚੇ ਕਾਲਜ ਪੜ੍ਹਨ ਲੱਗ ਪਏ ਸਨ। ਫਿਰ ਇਕ ਦਿਨ ਮਨ ਦੇ ਅਕਾਸ਼ 'ਤੇ ਉਦਾਸੀ ਦੀ ਬੱਦਲੀ ਛਾ ਗਈ। ਬੰਜਰ ਪਈ ਜ਼ਮੀਨ ਨੂੰ ਚਾਰ ਬੂੰਦਾਂ ਮਿਲਣ ਦੀ ਆਸ ਮੁੱਕ ਚੁੱਕੀ ਸੀ। ਉਹ ਸੋਚਦਾ ਕਿ ਟਰੱਕ-ਟਰਾਲਾ ਵੇਚ ਕੇ ਮੈਂ ਵਤਨ ਮੁੜ ਜਾਵਾਂ। ਉਹ ਮਨ ਵਿਚ ਹੀ ਅਜਿਹੀ ਭੰਨ-ਤੋੜ ਕਰ ਰਿਹਾ ਸੀ ਕਿ ਫੋਨ ਦੀ ਘੰਟੀ ਨੇ ਉਸ ਨੂੰ ਸੋਚਾਂ ਦੇ ਬਿਸਤਰੇ ਵਿਚੋਂ ਉਠਾ ਦਿੱਤਾ। "ਹਰੀ ਸਿਆਂ! ਪੁੱਤ ਤੇਰੀ ਬੁਰਜ ਵਾਲੀ ਮਾਸੀ, ਸਿਆਟਲ ਤੋਂ ਬੋਲਦੀ ਆਂ। ਵੇ ਪੁੱਤਾ! ਮੁੜ ਜਾਹ ਵਤਨਾਂ ਨੂੰ। ਜਾ ਕੇ ਮਿਲ ਲੈ ਆਪਣੀ ਬੁੱਢੀ ਮਾਂ ਨੂੰ। ਆਪਣੀ ਘਰਵਾਲੀ ਨੂੰ ਮਿਲ ਲੈ ਜਾ ਕੇ। ਉਸ ਬੇਗਾਨੀ ਧੀ ਦਾ ਕੀ ਕਸੂਰ? ਐਨੇ ਲੰਮੇ ਵਿਛੋੜੇ ਦੀ ਸਜ਼ਾ ਕਿਉਂ? ਧੀ ਤੇਰੀ ਮੁਟਿਆਰ ਹੋ ਗਈ ਐ। ਪੁੱਤ ਤੇਰਾ ਗੱਭਰੂ ਹੋ ਗਿਐ। ਜੇ ਕੋਈ ਉੱਨੀ-ਇੱਕੀ ਹੋ ਗਈ, ਫਿਰ ਮੱਥੇ 'ਤੇ ਹੱਥ ਮਾਰੇਗਾ।" ਮਾਸੀ ਬੋਲਦੀ ਗਈ।

"ਮਾਸੀ, ਮੈਂ ਚਲਿਆ ਜਾਂਦਾ ਹਾਂ... ਜੇ ਤੈਨੂੰ ਮੇਰੇ ਕਰ ਕੇ ਇਥੇ ਭੀੜ ਲੱਗੀ ਐ। ਤੂੰ ਕਦੇ ਇਹ ਕਿਉਂ ਨਹੀਂ ਕਹਿੰਦੀ ਕਿ ਮੈਂ ਤੇਰੀ ਕੁੜੀ ਦਾ ਰਿਸ਼ਤਾ ਇਥੇ ਕਰਵਾ ਦਿੰਨੀ ਆਂ, ਜਾਂ ਤੇਰੇ ਮੁੰਡੇ ਦਾ ਰਿਸ਼ਤਾ ਅਮਰੀਕਾ ਕਰਵਾ ਦਿੰਨੀ ਆਂ।" ਹਰੀ ਸਿੰਘ ਜਿਵੇਂ ਅੱਕਿਆ ਪਿਆ ਸੀ। ਮਾਸੀ ਨੇ ਹਰੀ ਸਿੰਘ ਦਾ ਪਾਰਾ ਚੜ੍ਹਿਆ ਦੇਖ ਫੋਨ ਕੱਟ ਦਿੱਤਾ। ਹਰੀ ਸਿੰਘ ਫਿਰ ਟਰੱਕ ਦਾ ਕੁਝ ਦੇਖਣ ਲਈ ਥੱਲੇ ਵੜ ਗਿਆ। ਫੋਨ ਦੀ ਘੰਟੀ ਫਿਰ ਵੱਜੀ। "ਮਾਸੀ, ਹੁਣ ਕੀ ਸੱਪ ਸੁੰਘ ਗਿਆ?" ਹਰੀ ਸਿੰਘ ਦੇ ਮੂੰਹੋਂ ਅਚਾਨਕ ਨਿਕਲ ਗਿਆ। ਜਦੋਂ ਫੋਨ ਦੀ ਸਕਰੀਨ 'ਤੇ ਦੇਖਿਆ ਤਾਂ ਨੰਬਰ ਵਕੀਲ ਦੇ ਦਫਤਰੋਂ ਸੀ। "ਹੈਲੋ ਮਿਸਟਰ ਸਿੰਘ, ਮੁਬਾਰਕ ਹੋ। ਆਪ ਕਾ ਕੇਸ ਨਾਈਨ ਸਰਕਟ ਨੇ ਪਾਸ ਕਰ ਦੀਆ ਹੈ।" ਗੁਜਰਾਤਣ ਕੁੜੀ ਦੇ ਬੋਲ ਖੰਡ ਨਾਲੋਂ ਮਿੱਠੇ ਸਨ।

ਹਰੀ ਸਿੰਘ ਟਰੱਕ ਥੱਲਿਉਂ ਬਾਹਰ ਨਿਕਲਿਆ। ਦੋਵੇਂ ਹੱਥ ਅਰਦਾਸ ਲਈ ਜੋੜੇ। ਬੱਸ, ਹੰਝੂਆਂ ਦੀ ਝੜੀ ਹੀ ਲੱਗ ਗਈ। ਹਰੀ ਸਿੰਘ ਗੁਰਦੁਆਰੇ ਪਹੁੰਚਿਆ, ਅਰਦਾਸ ਕੀਤੀ ਤੇ ਵਕੀਲ ਦੇ ਦਫਤਰ ਵੱਲ ਹੋ ਤੁਰਿਆ। ਵਕੀਲ ਨੇ ਜਾਂਦਿਆਂ ਹੀ ਖੁਸ਼ੀਆਂ ਦਾ ਹਾਰ ਹਰੀ ਸਿਉਂ ਦੇ ਗਲ ਪਾਉਂਦਿਆਂ ਕਿਹਾ, "ਲੈ ਬਈ ਹਰੀ ਸਿਆਂ! ਤੇਰੀ ਕੀਤੀ ਤਪੱਸਿਆ ਸਫ਼ਲ ਹੋ ਗਈ। ਆਪਣੇ ਬੱਚਿਆਂ ਦੇ ਪੇਪਰ ਭਰ ਦੇ ਹੁਣ।" ਵਕੀਲ ਦੇ ਕਹਿਣ ਮੁਤਾਬਕ ਇਕ ਸਾਲ ਦੇ ਅੰਦਰ-ਅੰਦਰ ਸਾਰੇ ਆ ਜਾਣੇ ਸਨ।

ਹਰੀ ਸਿੰਘ ਨੇ ਪਹਿਲਾਂ ਤਾਂ ਪੰਜ ਬੈਡਰੂਮ ਘਰ ਖਰੀਦ ਲਿਆ। ਫਿਰ ਇਕ ਨਵੀਂ ਕਾਰ ਖਰੀਦ ਲਿਆਇਆ। ਉਹਨੂੰ ਪੇਪਰ ਮਿਲਣ ਦੀ ਦੇਰ ਸੀ ਕਿ ਪੇਂਡੂਆਂ ਅਤੇ ਹੋਰ ਯਾਰਾਂ-ਦੋਸਤਾਂ ਦੇ ਫੋਨ ਵੀ ਆਉਣ ਲੱਗੇ... "ਬਾਈ! ਕਿਸੇ ਚੀਜ਼ ਦੀ ਜ਼ਰੂਰਤ ਹੋਈ ਤਾਂ ਜ਼ਰੂਰ ਦੱਸੀਂ।" ਇਕ ਚਾਚੀ ਨੇ ਕਿਹਾ ਸੀ, "ਵੇ ਹਰੀ ਸਿਆਂ! ਮੁੰਡਾ ਵਿਆਹੁਣ ਲੱਗਿਆ ਤੇਜ਼ੀ ਨਾ ਕਰੀ। ਮੇਰੀ ਭਤੀਜੀ ਕਾਲਜ ਪੜ੍ਹਦੀ ਐ। ਮੈਂ ਉਹਦਾ ਰਿਸ਼ਤਾ ਤੇਰੇ ਮੁੰਡੇ ਨੂੰ ਕਰਵਾਉਣੈ। ਦਾਜ ਵੀ ਬਥੇਰਾ ਦਿਵਾ ਦਿਆਂਗੀ।" ਫਿਰ ਇਕ ਦਿਨ ਇਕ ਪੇਂਡੂ ਤਾਏ ਦਾ ਫੋਨ ਆਇਆ, "ਹਰੀ ਸਿਆਂ! ਪੁੱਤਰਾ ਤੂੰ ਤਾਂ ਫੋਨ ਨਹੀਂ ਕਰਦਾ, ਕੀ ਗੱਲ ਹੋ ਗਈ ਐ?" ਹਰੀ ਸਿੰਘ ਨੇ ਰਤਾ ਕੁ ਤਲਖੀ ਨਾਲ ਕਿਹਾ, "ਤਾਇਆ ਜੀ! ਤੁਹਾਡਾ ਫੋਨ ਜੋ ਰੋਜ਼ ਆਉਂਦਾ ਰਿਹਾ ਸੀ।"

"ਮੈਂ ਕਹਿੰਦਾ ਸੀ... ਜਦੋਂ ਬੱਚੇ ਆ ਗਏ, ਸਾਡੇ ਵੱਲ ਜ਼ਰੂਰ ਗੇੜਾ ਮਾਰਿਉ। ਨਾਲੇ ਆਪਣੀ ਤਾਈ ਦੀ ਭਤੀਜੀ ਵੱਲ ਨਿਗ੍ਹਾ ਕੱਢ ਜਾਇਉ। ਇਨ੍ਹਾਂ ਨੇ ਐਤਕੀਂ ਪਿੰਡ ਜਾਣਾ ਸੀ ਵਿਆਹ ਕਰਨ। ਮੈਂ ਕਿਹਾ, ਕੋਈ ਨਾ ਸਾਡਾ ਮੁੰਡਾ ਆਉਣ ਵਾਲੈ।" ਤਾਇਆ ਆਪਣੀ ਵਿਉਂਤ ਸੁਣਾ ਗਿਆ। ਹਰੀ ਸਿੰਘ ਨੇ ਸਭ ਦੇ ਸੱਦੇ ਮਨਜ਼ੂਰ ਕਰਦਿਆਂ 'ਹਾਂ' ਕਰ ਦਿੱਤੀ। ਫਿਰ ਉਹ ਦਿਨ ਆ ਗਿਆ ਜਦੋਂ ਉਹ ਆਪਣੇ ਪਰਿਵਾਰ ਨੂੰ ਏਅਰਪੋਰਟ ਤੋਂ ਲੈਣ ਗਿਆ। ਆਪ ਤੋਂ ਉਚੇ ਹੋਏ ਪੁੱਤ ਧੀ ਨੂੰ ਮਿਲ ਕੇ ਦੁਬਾਰਾ ਗੱਭਰੂ ਹੋ ਗਿਆ। ਉਹਨੇ ਪਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਅਖੰਡ ਪਾਠ ਕਰਵਾਇਆ। ਜਿਹੜੇ ਉਹਨੂੰ ਅਮਰੀਕਾ ਤੋਂ ਤੋਰਦੇ ਸੀ, ਉਨ੍ਹਾਂ ਸਭ ਨੂੰ ਸੱਦਿਆ ਪਰ ਸਿਆਟਲ ਵਾਲੀ ਮਾਸੀ ਨਾ ਆ ਸਕੀ। ਉਸ ਨੇ ਫੋਨ 'ਤੇ ਹੀ ਵਧਾਈਆਂ ਦਿੰਦਿਆਂ ਬੱਸ ਐਨਾ ਹੀ ਆਖਿਆ, "ਭਾਈ ਤੂੰ ਤਾਂ ਬਾਹਲਾ ਜ਼ਿੱਦੀ ਐਂ। ਪੇਪਰ ਬਣਾ ਕੇ ਈ ਹਟਿਆ।"

"ਮਾਸੀ ਮੈਂ ਜ਼ਿੱਦੀ ਨਹੀਂ ਆਂ। ਮੈਨੂੰ ਕਲਗੀ ਵਾਲੇ 'ਤੇ ਭਰੋਸਾ ਸੀ। ਉਹਨੇ ਮੇਰਾ ਭਰੋਸਾ ਟੁੱਟਣ ਨਹੀਂ ਦਿੱਤਾ। ਹੁਣ ਤੂੰ ਆਈਂ ਗਰੀਬ ਦੇ ਘਰ ਚਰਨ ਪਾ ਜਾਈਂ।" ਹਰੀ ਸਿੰਘ ਨੇ ਹੱਸਦਿਆਂ ਕਿਹਾ।

ਵੀਹ ਸਾਲ ਬਾਅਦ ਅੱਜ ਹਰੀ ਸਿਉਂ ਦੇ ਮੁੱਖ 'ਤੇ ਖੁਸ਼ੀਆਂ ਦਾ ਖੇੜਾ ਠਾਠਾਂ ਮਾਰਦਾ ਹੈ।

# ਅਮਰ ਆਵਾਜ਼ਾਂ-ਅਮਰ ਸਿੰਘ ਚਮਕੀਲਾ ਤੇ ਅਮਰਜੋਤ

ਬਰਸੀ 'ਤੇ ਵਿਸ਼ੇਸ਼

ਸ਼ਮਸ਼ੇਰ ਸਿੰਘ ਸੋਹੀ
ਫੋਨ: 91-98764-74671

ਟਿੰਡ ਖੂਹ ਦੀ ਵਾਂਗੂੰ ਤੂੰ ਆਈ ਸੀ ਭਰਕੇ
ਤੁਰ ਚੱਲੀ ਜਿੰਦੜੀਏ ਨੀ ਖਾਲੀ ਹੱਥ ਕਰਕੇ।

ਤਿੰਨ ਦਹਾਕੇ ਹੋਣ ਵਾਲੇ ਹਨ, ਇਸ ਜੋੜੀ ਨੂੰ ਸਾਥੋਂ ਵਿਛੜਿਆਂ ਪਰ ਹਾਲੇ ਵੀ ਉਨ੍ਹਾਂ ਕਾਲੇ ਦਿਨਾਂ ਨੂੰ ਯਾਦ ਕਰਕੇ ਰੂਹ ਕੰਬ ਉਠਦੀ ਹੈ। ਛੋਟੀ ਉਮਰੇ ਪ੍ਰਸਿੱਧੀ ਖੱਟਣ ਵਾਲੇ ਬਹੁਤ ਥੋੜ੍ਹੇ ਲੋਕ ਇਸ ਦੁਨੀਆਂ 'ਤੇ ਪੈਦਾ ਹੁੰਦੇ ਹਨ। ਇਸ ਮਹਾਨ ਗਾਇਕ ਜੋੜੀ ਦੀਆਂ ਆਵਾਜ਼ਾਂ ਅੱਜ ਵੀ ਅਮਰ ਨੇ ਤੇ ਪਹਿਲਾਂ ਨਾਲੋਂ ਕਿਤੇ ਵੱਧ ਇਨ੍ਹਾਂ ਦੇ ਗੀਤਾਂ ਨੂੰ ਸੁਣਿਆ ਜਾ ਰਿਹਾ ਹੈ।

ਅਮਰ ਸਿੰਘ ਚਮਕੀਲਾ ਦਾ ਜਨਮ 21 ਜੁਲਾਈ 1960 ਨੂੰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਦੁੱਗਰੀ ਵਿਚ ਮਾਤਾ ਕਰਤਾਰ ਕੌਰ ਦੀ ਕੁੱਖੋਂ ਪਿਤਾ ਸ. ਹਰੀ ਸਿੰਘ ਦੇ ਘਰ ਇਕ ਬਹੁਤ ਹੀ ਗਰੀਬ ਪਰਿਵਾਰ ਵਿਚ ਹੋਇਆ।

ਚਮਕੀਲੇ ਨੇ ਗਾਇਕੀ ਵਿਚ ਆਪਣਾ ਨਾਮ ਬਣਾਉਣ ਲਈ ਬਹੁਤ ਸਖਤ ਮਿਹਨਤ ਤੇ ਲੰਬਾ ਸੰਘਰਸ਼ ਕੀਤਾ। ਪਰਿਵਾਰ ਦਾ ਗੁਜਾਰਾ ਚਲਾਉਣ ਲਈ ਫੈਕਟਰੀਆਂ, ਫਲੈਟ ਚਲਾਉਣ ਤੇ ਦਿਹਾੜੀ ਦੱਪਾ ਕਰਨ ਦਾ ਕੰਮ ਵੀ ਉਸ ਨੇ ਕੀਤਾ।

ਢੋਲਕ ਮਾਸਟਰ ਕੇਸਰ ਸਿੰਘ ਟਿੱਕੀ ਦੇ ਮਿਲਾਉਣ 'ਤੇ ਚਮਕੀਲੇ ਨੇ ਸੁਰਿੰਦਰ ਛਿੰਦਾ ਨੂੰ ਆਪਣਾ ਉਸਤਾਦ ਧਾਰਿਆ। ਚਮਕੀਲੇ ਦਾ ਪਹਿਲਾ ਲਿਖਿਆ ਗੀਤ 'ਨੀਂ ਮੈਂ ਡਿੱਗੀ ਤਿਲਕ ਕੇ ਛੜੇ ਜੇਠ ਨੇ ਚੁੱਕੀ' ਜੋ ਕਿ ਉਸਤਾਦ ਸੁਰਿੰਦਰ ਛਿੰਦਾ ਅਤੇ ਪ੍ਰਸਿੱਧ ਗਾਇਕਾ ਸੁਰਿੰਦਰ ਸੋਨੀਆ ਦੀ ਆਵਾਜ਼ ਵਿਚ ਰਿਕਾਰਡ ਹੋ ਕੇ ਬਹੁਤ ਹਿੱਟ ਹੋਇਆ। ਇਸ ਨਾਲ ਚਮਕੀਲੇ ਦਾ ਨਾਮ ਗੀਤਕਾਰੀ ਵਿਚ ਵੀ ਬਣ ਗਿਆ। ਚਮਕੀਲੇ ਦੇ ਲਿਖੇ ਗੀਤ ਸੁਰਿੰਦਰ ਛਿੰਦਾ, ਸੁਰਿੰਦਰ ਸੋਨੀਆ, ਪਿਆਰਾ ਸਿੰਘ ਪੰਛੀ, ਨਰਿੰਦਰ ਬੀਬਾ, ਜਗਮੋਹਣ ਕੌਰ, ਅਜੈਬ ਸਿੰਘ ਰਾਏ, ਜਸਵਿੰਦਰ ਸਿੰਘ ਜੱਸੀ, ਸੀਤਲ ਸਿੰਘ ਸੀਤਲ, ਨਜ਼ੀਰ ਮੁਹੰਮਦ, ਕੇ.ਐਸ. ਕੂਨਰ ਅਤੇ ਪ੍ਰੋਮਿਲਾ ਪੰਮੀ ਨੇ ਵੀ ਗਾਏ।

ਚਮਕੀਲੇ ਨੇ ਸੁਰਿੰਦਰ ਸੋਨੀਆ ਨਾਲ ਚਾਰ ਗਾਣਿਆਂ ਦੇ ਦੋ ਈ.ਪੀ. 'ਟਕੂਏ 'ਤੇ ਟਕੂਆ ਖੜਕੇ' ਅਤੇ 'ਬਾਪੂ ਸਾਡਾ ਗੁੰਮ ਹੋ ਗਿਆ' ਕਰਵਾਏ ਜੋ ਉਸ ਸਮੇਂ ਦੀ ਮਸ਼ਹੂਰ ਕੰਪਨੀ ਐਚ. ਐਮ. ਵੀ. ਨੇ ਰਿਕਾਰਡ ਕੀਤੇ ਤੇ ਪ੍ਰਸਿੱਧੀ ਦੇ ਹੱਦ ਬੰਨੇ ਟੱਪ ਗਏ। ਫਿਰ ਚਮਕੀਲੇ ਦਾ ਸੈਟ ਅਮਰਜੋਤ ਨਾਲ ਬਣ ਗਿਆ ਜੋ ਫਰੀਦਕੋਟ ਦੀ ਰਹਿਣ ਵਾਲੀ ਸੀ। ਉਸ ਦਾ ਜਨਮ 17 ਮਾਰਚ 1959 ਨੂੰ ਡੋਗਰ ਬਸਤੀ ਜ਼ਿਲ੍ਹਾ ਫਰੀਦਕੋਟ ਵਿਖੇ ਮਾਤਾ ਰਾਜਵੰਸ਼ ਕੌਰ ਤੇ ਪਿਤਾ ਗੁਰਚਰਨ ਸਿੰਘ ਦੇ ਘਰ ਹੋਇਆ। ਅਮਰਜੋਤ ਇਕ ਚੰਗੀ ਖਿਡਾਰਨ ਹੋਣ ਦੇ ਨਾਲ ਗਾਇਕੀ ਵਿਚ ਵੀ ਬਹੁਤ ਸੁਰੀਲੀ ਆਵਾਜ਼ ਰੱਖਦੀ ਸੀ। ਚਮਕੀਲੇ ਨਾਲ ਗਾਉਣ ਤੋਂ ਪਹਿਲਾਂ ਅਮਰਜੋਤ ਦੇ ਕੁਝ ਦੋਗਾਣੇ ਪਿਆਰਾ ਸਿੰਘ ਪੰਛੀ ਤੇ ਕੁਲਦੀਪ ਮਾਣਕ ਨਾਲ ਰਿਕਾਰਡ ਹੋ ਚੁੱਕੇ ਸਨ। ਚਮਕੀਲੇ ਦੇ ਹਿੱਟ ਹੋਣ ਵਿਚ ਵੀ ਅਮਰਜੋਤ ਦਾ ਬਹੁਤ ਵੱਡਾ ਯੋਗਦਾਨ ਸੀ।

ਅਮਰਜੋਤ ਨਾਲ ਚਮਕੀਲੇ ਦਾ ਪਹਿਲਾ ਗੀਤ 'ਹਾਏ ਰੱਬਾ ਵਿਚ ਟਰੱਕਾਂ ਦੇ ਮੈਂ ਫੀਅਟ ਵਰਗੀ ਅੜ'ਗੀ' ਰਿਕਾਰਡ ਹੋਇਆ। ਇਸ ਜੋੜੀ ਦੇ ਕੁੱਲ 68 ਦੋਗਾਣੇ ਐਚ.ਐਮ.ਵੀ. ਕੰਪਨੀ ਨੇ ਰਿਕਾਰਡ ਕੀਤੇ ਅਤੇ ਬਾਕੀ ਦੋ ਗੀਤ ਚਮਕੀਲੇ ਦੇ ਸੋਲੋ ਰਿਕਾਰਡ ਹੋਏ। ਬਹੁਤੇ ਦੋਗਾਣੇ ਚਮਕੀਲੇ ਨੇ ਆਪਣੇ ਲਿਖੇ ਹੀ ਗਾਏ। ਇਕ ਦੋਗਾਣਾ 'ਭਾਬੀਏ ਭਰਿੰਡ ਰੰਗੀਏ' ਪਾਲੀ ਦੇਤਵਾਲੀਆ ਦਾ ਲਿਖਿਆ ਹੋਇਆ ਗਾਇਆ। ਜ਼ਿਆਦਾਤਰ ਗੀਤਾਂ ਦਾ ਸੰਗੀਤ ਚਰਨਜੀਤ ਆਹੂਜਾ ਨੇ ਦਿੱਤਾ ਤੇ ਕੁਝ ਕੁ ਗੀਤ ਕੇਸਰ ਸਿੰਘ ਨਰੂਲਾ ਅਤੇ ਐਸ.ਐਨ. ਗੁਲਾਟੀ ਦੇ ਸੰਗੀਤ ਵਿਚ ਰਿਕਾਰਡ ਹੋਏ।

ਇਸ ਜੋੜੀ ਦਾ ਪਹਿਲਾ ਵੱਡਾ ਐਲ.ਪੀ. 'ਜੀਜਾ ਲੱਕ ਮਿਣ ਲੈ' ਜੋ ਕਿ ਬਲੈਕ ਵਿਚ ਵਿਕਿਆ ਬਹੁਤ ਹੀ ਹਿੱਟ ਹੋਇਆ। ਜਦੋਂ ਇਕ ਵਿਰੋਧੀ ਧਿਰ ਨੇ ਚਮਕੀਲੇ 'ਤੇ ਅਸ਼ਲੀਲਤਾ ਦਾ ਲੇਬਲ ਲਗਾ ਦਿੱਤਾ ਤਾਂ ਚਮਕੀਲੇ ਨੇ ਆਪਣਾ ਸਰਗੁਣ ਰੂਪ ਪੇਸ਼ ਕਰਦਿਆਂ 21 ਧਾਰਮਿਕ ਗੀਤ ਰਿਕਾਰਡ ਕਰਵਾਏ ਜਿਨ੍ਹਾਂ ਵਿਚੋਂ ਬਹੁਤੇ ਗੀਤ ਪ੍ਰਸਿੱਧ ਗੀਤਕਾਰ ਸਵਰਨ ਸਿਵੀਆ ਦੇ ਲਿਖੇ ਹੋਏ ਹਨ। ਚਮਕੀਲੇ ਨੇ ਆਪਣੇ ਗੀਤਾਂ ਵਿਚ ਸਮਾਜਿਕ ਰਿਸ਼ਤਿਆਂ ਵਿਚ ਪਰਦੇ ਪਿੱਛੇ ਹੁੰਦੀ ਅਪਵਿੱਤਰਤਾ ਦਾ ਸੱਚ ਹੂਬਹੂ ਲੋਕਾਂ ਸਾਹਮਣੇ ਪੇਸ਼ ਕੀਤਾ। ਅੱਜ ਕੱਲ ਜੋ ਕੁਝ ਟੀ.ਵੀ. ਚੈਨਲਾਂ 'ਤੇ ਪਰੋਸਿਆ ਜਾ ਰਿਹਾ ਹੈ, ਉਸ ਨੂੰ ਦੇਖੀਏ ਤਾਂ ਚਮਕੀਲੇ ਨੂੰ ਅਸੀਂ ਲੱਚਰ ਗਾਇਕ ਨਹੀਂ ਕਹਿ ਸਕਦੇ। ਲੋੜ ਹੈ, ਚਮਕੀਲੇ ਨੂੰ ਭੰਡਣ ਦੀ ਥਾਂ ਉਸ ਦੇ ਗੀਤਾਂ ਦਾ ਅਧਿਐਨ ਕੀਤਾ ਜਾਵੇ। ਉਸ ਦੀ ਕੋਈ ਯਾਦਗਾਰ ਬਣਾਈ ਜਾਵੇ ਅਤੇ ਟੀ.ਵੀ. ਚੈਨਲਾਂ ਦੇ ਐਵਾਰਡ ਸਮਾਰੋਹ ਵਿਚ ਵੀ ਚਮਕੀਲੇ ਨੂੰ ਯਾਦ ਕੀਤਾ ਜਾਵੇ ਕਿਉਂਕਿ ਬਹੁਤੇ ਸਿੰਗਰ ਚਮਕੀਲੇ ਦੀ ਤਰਜ 'ਤੇ ਗਾ ਕੇ ਹਿੱਟ ਹੋ ਰਹੇ ਹਨ।



ਅਮਰ ਸਿੰਘ ਚਮਕੀਲਾ ਤੇ ਅਮਰਜੋਤ

ਚਮਕੀਲੇ ਨੇ ਧੂਵੇਂ ਚਾਦਰੇ ਅਤੇ ਤੁਰਲੇ ਵਾਲੀ ਪੱਗ ਜਿਹੇ ਅਮੀਰ ਪਹਿਰਾਵੇ ਨੂੰ ਆਪਣੀਆਂ ਸਟੇਜਾਂ ਦਾ ਸਿੰਗਾਰ ਬਣਾਇਆ। ਚਮਕੀਲਾ ਇਕ ਵਧੀਆ ਗੀਤਕਾਰ, ਵਧੀਆ ਗਾਇਕ ਹੋਣ ਦੇ ਨਾਲ ਵਧੀਆ ਤਰਜ਼ ਨਿਗਾਰ ਵੀ ਸੀ। ਤੂੰਬੀ ਵਜਾਉਣ ਵਿਚ ਵੀ ਉਸ ਦਾ ਕੋਈ ਸਾਨੀ ਨਹੀਂ ਸੀ। ਚਮਕੀਲੇ ਨੇ ਆਪਣੇ ਗੀਤਾਂ ਵਿਚ ਲੋਕ ਅਖਾਣ, ਮੁਹਾਵਰੇ ਹੀ ਨਹੀਂ ਵਰਤੇ ਸਗੋਂ ਕੁਝ ਇਹੋ ਜਿਹੀਆਂ ਗੱਲਾਂ ਕੀਤੀਆਂ ਜੋ ਲੋਕ ਅਖਾਣਾਂ ਦੇ ਬਰਾਬਰ ਹੋ ਗਈਆਂ। ਚਮਕੀਲੇ ਨੇ ਦੁਬਈ, ਬਹਿਰੀਨ, ਅਮਰੀਕਾ, ਕੈਨੇਡਾ ਅਤੇ ਹੋਰ ਬਾਹਰਲੇ ਦੇਸ਼ਾਂ ਵਿਚ ਜਾ ਕੇ ਪ੍ਰੋਗਰਾਮ ਵੀ ਲਾਏ। ਅਮਰਜੋਤ, ਸੋਨੀਆਂ ਤੋਂ ਇਲਾਵਾ ਚਮਕੀਲੇ ਨੇ ਅਖਾੜਿਆਂ ਵਿਚ ਊਸ਼ਾ ਕਿਰਨ ਅਤੇ ਹਰਨੀਤ ਨੀਤੂ ਨਾਲ ਵੀ ਗਾਇਆ। ਚਮਕੀਲਾ ਪੰਜਾਬੀ ਗਾਇਕੀ ਵਿਚ ਹਨੇਰੀ ਬਣ ਕੇ ਝੁੱਲਿਆ ਸੀ ਤੇ ਉਸ ਨੇ ਆਪਣੇ ਸਮੇਂ ਦੇ ਗਾਇਕਾਂ ਦੀ ਭੂਤਨੀ ਭੁਲਾ ਦਿੱਤੀ ਸੀ। ਚਮਕੀਲਾ ਲੋਕਾਂ ਵਿਚ ਏਨਾ ਹਰਮਨ ਪਿਆਰਾ ਹੋ ਗਿਆ ਸੀ ਕਿ ਵਿਆਹ ਵਾਲਾ ਮੁੰਡਾ ਤਾਂ ਹੀ ਵਿਆਹ ਕਰਵਾਉਣ ਲਈ ਰਾਜੀ ਹੁੰਦਾ ਸੀ ਜਦੋਂ ਚਮਕੀਲੇ ਦਾ ਅਖਾੜਾ ਉਸ ਦੇ ਵਿਆਹ 'ਤੇ ਲੱਗਦਾ ਸੀ। 25 ਨਵੰਬਰ 1987 ਨੂੰ ਮੁਹੰਮਦ ਸਦੀਕ ਦੇ ਸੰਗੀਤ ਵਿਚ ਆਈ ਪੰਜਾਬੀ ਫਿਲਮ 'ਪਟੋਲਾ' ਦੇ ਹਿੱਟ ਹੋਣ ਦਾ ਵੱਡਾ ਕਾਰਨ ਇਸ 'ਚ ਅਮਰ ਸਿੰਘ ਚਮਕੀਲਾ ਤੇ ਅਮਰਜੋਤ ਦਾ ਸਟੇਜ 'ਤੇ ਫਿਲਮਾਇਆ ਗਿਆ ਦੋਗਾਣਾ 'ਪਹਿਲੇ ਲਲਕਾਰੇ ਨਾਲ ਮੈਂ ਡਰ ਗਈ' ਸੀ।

8 ਮਾਰਚ 1988 ਮੰਗਲਵਾਰ ਦੁਪਹਿਰੇ ਪਿੰਡ ਮਹਿਸਮਪੁਰ ਜ਼ਿਲ੍ਹਾ ਜਲੰਧਰ ਵਿਖੇ ਇਹ ਜੋੜੀ ਆਪਣੇ ਦੋ ਸਾਥੀਆਂ ਢੋਲਕ ਮਾਸਟਰ ਬਲਦੇਵ ਦੇਬੂ, ਪੇਟੀ ਮਾਸਟਰ ਹਰਜੀਤ ਗਿੱਲ ਸਮੇਤ ਆਪਣੇ ਲੱਖਾਂ ਸਰੋਤਿਆਂ ਨੂੰ ਛੱਡ ਕੇ ਤੁਰ ਗਈ। ਥੋੜੇ ਹੀ ਦਿਨਾਂ ਬਾਅਦ ਇਸ ਜੋੜੀ ਦੀ ਇਕ ਹੋਰ ਧਾਰਮਿਕ ਟੇਪ ਅਤੇ ਕੁਝ ਸੋਲੋ ਗੀਤ ਰਿਕਾਰਡ ਹੋਣੇ ਸਨ, ਜਿਨ੍ਹਾਂ ਨੂੰ ਸੁਣਨ ਤੋਂ ਸਰੋਤੇ ਵਾਂਝੇ ਰਹਿ ਗਏ। ਇਸ ਜੋੜੀ ਦੀਆਂ ਆਵਾਜ਼ਾਂ ਰਹਿੰਦੀ ਦੁਨੀਆਂ ਤੱਕ ਪੰਜਾਬ ਦੀ ਫਿਜ਼ਾ ਵਿਚ ਗੂੰਜਦੀਆਂ ਰਹਿਣਗੀਆਂ ਅਤੇ ਸਰੋਤੇ ਉਨ੍ਹਾਂ ਨੂੰ ਯਾਦ ਕਰਕੇ ਸੁਣਦੇ ਰਹਿਣਗੇ। 8 ਮਾਰਚ 2014 ਸਨਿਚਰਵਾਰ ਪਿੰਡ ਦੁੱਗਰੀ ਵਿਚ ਉਨ੍ਹਾਂ ਦੀ 26ਵੀਂ ਬਰਸੀ ਮਨਾਈ ਜਾ ਰਹੀ ਹੈ।

ਗੁਰਮਤਿ ਵਿਚਾਰ

# ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ



ਡਾ. ਗੁਰਨਾਮ ਕੌਰ, ਕੈਨੇਡਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਰਹਮਾਹਾ ਕਾਵਿ ਰੂਪ ਦੋ ਥਾਂਵਾਂ 'ਤੇ ਦਰਜ ਹੈ। ਗੁਰੂ ਅਰਜਨ ਦੇਵ ਨੇ ਰਾਗ ਮਾਝ ਵਿਚ ਬਾਰਹਮਾਹਾ ਦੀ ਰਚਨਾ ਕੀਤੀ ਹੈ ਅਤੇ ਗੁਰੂ ਨਾਨਕ ਸਾਹਿਬ ਨੇ ਰਾਗ ਤੁਖਾਰੀ ਵਿਚ। ਬਾਰਹਮਾਹਾ ਪੁਰਾਣੇ ਕਵੀਆਂ ਵਿਚ ਪ੍ਰਚਲਿਤ ਕਾਵਿ-ਰੂਪਾਂ ਵਿਚੋਂ ਇੱਕ ਹੈ। ਗੁਰੂ ਨਾਨਕ ਸਾਹਿਬ ਨੇ ਆਮ ਲੋਕ-ਗੀਤਾਂ ਵਿਚੋਂ ਪ੍ਰਚਲਿਤ ਬਹੁਤ ਸਾਰੇ ਕਾਵਿ-ਰੂਪਾਂ ਦੀ ਵਰਤੋਂ ਕੀਤੀ ਹੈ ਜਿਵੇਂ ਘੋੜੀਆਂ, ਸੁਹਾਗ, ਕਰਹਲੇ, ਕਾਮਣ, ਅਲਾਹੁਣੀਆਂ ਆਦਿ। ਇਸੇ ਤਰ੍ਹਾਂ ਬਾਰਹਮਾਹਾ ਵੀ ਆਮ ਪ੍ਰਚਲਿਤ ਕਾਵਿ-ਰੂਪ ਰਿਹਾ ਹੈ ਜਿਸ ਦੀ ਪੁਰਾਣੇ ਕਵੀ ਵਰਤੋਂ ਕਰਦੇ ਰਹੇ ਹਨ। ਇਸ ਲੇਖ ਵਿਚ ਗੁਰੂ ਨਾਨਕ ਸਾਹਿਬ ਦੇ ਰਚੇ ਰਾਗ ਤੁਖਾਰੀ ਵਿਚ ਬਾਰਹਮਾਹਾ ਦਾ ਜ਼ਿਕਰ ਕਰਨ ਦੇ ਦੋ ਕਾਰਨ ਹਨ, ਪਹਿਲਾ ਮਾਰਚ ਮਹੀਨੇ ਵਿਚ ਹੀ ਦੇਸੀ ਸੂਰਜੀ ਵਰ੍ਹਾ ਦੇਸੀ ਮਹੀਨੇ ਚੇਤਰ ਤੋਂ ਸ਼ੁਰੂ ਹੁੰਦਾ ਹੈ। ਦੂਸਰਾ ਕਾਰਨ ਸਤਵੀਂ ਨਾਨਕ ਜੋਤਿ ਗੁਰੂ ਹਰਰਾਇ ਦਾ ਗੁਰਗੱਦੀ ਦਿਵਸ ਵੀ ਮਾਰਚ ਮਹੀਨੇ ਵਿਚ ਹੀ ਆਉਂਦਾ ਹੈ। ਗੁਰੂ ਨਾਨਕ ਸਹਿਬ ਅਤੇ ਗੁਰੂ ਅਰਜਨ ਦੇਵ ਨੇ ਇਸ ਕਾਵਿ-ਰੂਪ ਰਾਹੀਂ ਮਨੁੱਖ ਨੂੰ ਰੱਬ ਦਾ ਜੋ ਸੁਨੇਹਾ ਦਿੱਤਾ ਹੈ, ਉਸ ਨੂੰ ਹਰ ਮਹੀਨੇ ਉਸ ਸਮੇਂ ਚੱਲ ਰਹੀ ਰੁੱਤ ਨਾਲ ਵੀ ਜੋੜਿਆ ਹੈ। ਗੁਰੂ ਨਾਨਕ ਸਾਹਿਬ ਨੇ ਜੋ ਵਿਚਾਰ ਰਾਗ ਤੁਖਾਰੀ ਵਿਚ ਪ੍ਰਗਟ ਕੀਤੇ ਹਨ, ਉਨ੍ਹਾਂ ਨੂੰ ਹੀ ਸਰਲ ਰੂਪ ਵਿਚ ਗੁਰੂ ਅਰਜਨ ਦੇਵ ਨੇ ਰਾਗ ਮਾਝ ਵਿਚ ਪ੍ਰਗਟ ਕੀਤਾ ਹੈ।

ਗੁਰੂ ਸਾਹਿਬਾਨ ਦੀ ਵਿਚਾਰਧਾਰਾ ਅਨੁਸਾਰ ਸਾਰੇ ਦਿਨ ਅਤੇ ਮਹੀਨੇ ਇੱਕੋ ਜਿਹੇ ਅਹਿਮ ਹਨ ਜੇ ਉਨ੍ਹਾਂ ਨੂੰ ਅਕਾਲ ਪੁਰਖ ਦੀ ਬੰਦਗੀ ਵਿਚ, ਉਸ ਨੂੰ ਯਾਦ ਕਰਦਿਆਂ ਬਤੀਤ ਕੀਤਾ ਜਾਵੇ। ਕੋਈ ਵੀ ਦਿਨ ਜਾਂ ਮਹੀਨਾ ਸ਼ੁਭ ਜਾਂ ਅਸ਼ੁਭ ਨਹੀਂ ਹੁੰਦਾ। ਜੋ ਲੇਖੇ ਲੱਗ ਗਿਆ ਉਹ ਸ਼ੁਭ ਹੈ ਅਤੇ ਜੋ ਅਜਾਈਂ ਚਲਾ ਗਿਆ ਉਹ ਅਸ਼ੁਭ ਹੈ। ਬਾਰਹਮਾਹਾ ਵਿਚ ਗੁਰੂ ਸਾਹਿਬਾਨ ਨੇ ਕੁਦਰਤਿ ਅਤੇ ਉਸ ਦੇ ਰਚਨਹਾਰੇ ਦਾ ਬਿਆਨ ਕੀਤਾ ਹੈ। ਗੁਰੂ ਹਰਰਾਇ ਜੀ ਦਾ ਗੁਰਗੱਦੀ ਦਿਵਸ ਵਾਤਾਵਰਣ-ਚੇਤਨਾ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਗੁਰੂ ਹਰਰਾਇ ਜੀ ਨੂੰ ਕੁਦਰਤਿ ਅਤੇ ਇਸ ਦੇ ਜੀਵ-ਜੰਤੂਆਂ, ਬਨਸਪਤੀ ਨਾਲ ਬੇਹੱਦ ਪ੍ਰੇਮ ਸੀ।

ਗੁਰੂ ਨਾਨਕ ਸਾਹਿਬ ਅਕਾਲ ਪੁਰਖ ਦੀ ਰਜ਼ਾ ਨੂੰ ਨਤਮਸਤਕ ਹੁੰਦੇ ਹੋਏ ਅਰਦਾਸ ਕਰਦੇ ਹਨ ਕਿ ਪਹਿਲਾਂ ਕੀਤੇ ਹੋਏ ਕਰਮਾਂ ਅਨੁਸਾਰ ਹੇ ਅਕਾਲ ਪੁਰਖ! ਜੀਵ ਨੂੰ ਤੂੰ ਜੋ ਦੁੱਖ-ਸੁੱਖ ਦਿੰਦਾ ਹੈਂ, ਉਹੀ ਸਹੀ ਹੈ। ਉਹ ਕਹਿੰਦੇ ਹਨ, ਹੇ ਅਕਾਲ ਪੁਰਖ ਮੈਂ ਤੇਰੀ ਰਚੀ ਹੋਈ ਇਸ ਰਚਨਾ ਵਿਚ ਰੁੱਝਾ ਹੋਇਆ ਹਾਂ। ਉਸ ਅਕਾਲ ਪੁਰਖ ਦੀ ਯਾਦ ਤੋਂ ਬਿਨਾ ਇੱਕ ਘੜੀ ਲਈ ਵੀ ਜਿਉਣਾ ਕਿਹੋ ਜਿਹਾ ਜੀਵਨ ਹੈ? ਉਸ ਅਕਾਲ ਪੁਰਖ ਤੋਂ ਵਿਛੜ ਕੇ ਜੀਵ ਦੁਖੀ ਹੁੰਦਾ ਹੈ, ਜਿਸ ਦੁੱਖ ਵਿਚੋਂ ਕੱਢਣ ਲਈ ਕੋਈ ਵੀ ਸਹਾਇਤਾ ਨਹੀਂ ਕਰਦਾ। ਅਕਾਲ ਪੁਰਖ ਅੱਗੇ ਅਰਦਾਸ ਕੀਤੀ ਹੈ ਕਿ ਗੁਰੂ ਦੀ ਸ਼ਰਨ ਪੈ ਕੇ ਮੈਂ ਤੇਰੇ ਨਾਮ ਦਾ ਅੰਮ੍ਰਿਤ ਪੀਂਦਾ ਰਹਾਂ ਜਿਸ ਤੋਂ ਮੈਨੂੰ ਆਤਮਕ ਜੀਵਨ ਮਿਲੇ। ਗੁਰੂ ਸਾਹਿਬ ਅੱਗੇ ਫਰਮਾਉਂਦੇ ਹਨ ਕਿ ਅਸੀਂ ਜੀਵ ਉਸ ਨਿਰੰਕਾਰ ਦੀ ਰਚੀ ਹੋਈ ਇਸ ਸੰਸਾਰ-ਰੂਪੀ ਮਾਇਆ ਵਿਚ ਹੀ ਫਸੇ ਹੋਏ ਹਾਂ। ਉਸ ਅਕਾਲ ਪੁਰਖ ਨੂੰ ਆਪਣੇ ਮਨ ਵਿਚ ਹਰ ਸਮੇਂ ਵਸਾਈ ਰੱਖਣਾ ਹੀ ਸਭ ਕਰਮਾਂ ਤੋਂ ਸ਼ੁਭ ਕਰਮ ਹੈ। ਇਹ ਜੀਵ-ਰੂਪੀ ਇਸਤਰੀ ਉਸ ਅਕਾਲ ਪੁਰਖ ਪਤੀ ਦਾ ਰਸਤਾ ਤੱਕ ਰਹੀ ਹੈ ਅਤੇ ਉਸ ਦੇ ਦਰਸ਼ਨ ਲਈ ਅਰਦਾਸ ਕਰਦੀ ਹੈ,

ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ॥
ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ॥
ਹਰਿ ਰਚਨਾ ਤੇਰੀ ਕਿਆ ਗਤਿ ਮੇਰੀ
ਹਰਿ ਬਿਨੁ ਘੜੀ ਨ ਜੀਵਾ॥
ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ
ਗੁਰਮੁਖਿ ਅੰਮ੍ਰਿਤੁ ਪੀਵਾਂ॥
ਰਚਨਾ ਰਾਚਿ ਰਹੇ ਨਿਰੰਕਾਰੀ
ਪ੍ਰਭ ਮਨਿ ਕਰਮ ਸੁਕਰਮਾ॥
ਨਾਨਕ ਪੰਥੁ ਨਿਹਾਲੇ ਸਾਧਨ
ਤੂ ਸੁਣਿ ਆਤਮ ਰਾਮਾ॥੧॥ (ਪੰਨਾ ੧੧੦੭)

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਅਕਾਲ ਪੁਰਖ ਲਈ ਜੀਵ ਦਾ ਪ੍ਰੇਮ ਪਰਮਾਤਮਾ-ਪਤੀ ਅਤੇ ਜੀਵ-ਇਸਤਰੀ ਦੇ ਦ੍ਰਿਸ਼ਟਾਂਤ ਰਾਹੀਂ ਦੱਸਿਆ ਗਿਆ ਹੈ। ਪਪੀਹਾ ਅਤੇ ਕੋਇਲ-ਦੋਵੇਂ ਪ੍ਰੇਮ ਦੇ ਪ੍ਰਤੀਕ ਹਨ। ਪਪੀਹਾ ਆਪਣੇ ਪਿਆਰੇ ਨੂੰ ਯਾਦ ਕਰਦਿਆਂ 'ਪੀਹੁ ਪੀਹੁ' ਪੁਕਾਰਦਾ ਹੈ ਅਤੇ ਕੋਇਲ 'ਕੂ ਕੂ' ਕਰਕੇ ਗਾਉਂਦੀ ਹੈ। ਇਸੇ ਦਾ ਵਰਣਨ ਕਰਦਿਆਂ ਗੁਰੂ ਨਾਨਕ ਕਹਿੰਦੇ ਹਨ ਕਿ ਜਿਵੇਂ ਪਪੀਹਾ 'ਪ੍ਰਿਉ ਪ੍ਰਿਉ' ਬੋਲਦਾ ਹੈ ਅਤੇ ਕੋਇਲ 'ਕੂ ਕੂ' ਦੀ ਮਿੱਠੀ ਆਵਾਜ਼ ਵਿਚ ਬੋਲਦੀ ਹੈ, ਇਸੇ ਤਰ੍ਹਾਂ ਜੀਵ ਇਸਤਰੀ ਅਕਾਲ ਪੁਰਖ ਦੇ ਪ੍ਰੇਮ ਦੇ ਵੈਰਾਗ 'ਚ ਆ ਕੇ ਆਪਣੇ ਪ੍ਰਭੂ ਨੂੰ ਯਾਦ ਕਰਦੀ ਹੈ ਅਤੇ ਅਕਾਲ ਪੁਰਖ ਨਾਲ ਮਿਲਾਪ ਦਾ ਅਨੰਦ ਮਾਣਦੀ ਹੈ। ਉਸ ਦੀ ਸੁਰਤਿ ਅਕਾਲ ਪੁਰਖ ਦੇ ਚਰਨਾਂ ਵਿਚ ਟਿਕੀ ਰਹਿੰਦੀ ਹੈ। ਜਿਸ ਜੀਵ-ਇਸਤਰੀ ਤੇ ਅਕਾਲ ਪੁਰਖ ਦੀ ਮਿਹਰ ਦੀ ਨਜ਼ਰ ਹੋ ਜਾਂਦੀ ਹੈ, ਉਹ ਪਰਮਾਤਮਾ ਨੂੰ ਭਾ ਜਾਂਦੀ ਹੈ ਅਰਥਾਤ ਚੰਗੀ ਲੱਗਣ ਲੱਗ ਪੈਂਦੀ ਹੈ, ਉਹ ਪਰਮਾਤਮਾ ਦੇ ਚਰਨਾਂ ਨਾਲ ਜੁੜੀ ਰਹਿੰਦੀ ਹੈ ਅਤੇ ਅਜਿਹੀ ਇਸਤਰੀ ਭਾਗਾਂ ਵਾਲੀ ਹੈ।

ਕਹਿਣ ਤੋਂ ਭਾਵ ਹੈ ਕਿ ਅਕਾਲ ਪੁਰਖ ਦਾ ਮਿਲਾਪ ਉਸ ਦੀ ਮਿਹਰ ਸਦਕਾ ਹੁੰਦਾ ਹੈ ਅਤੇ ਇਹ ਚੰਗੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ। ਅਜਿਹੀ ਇਸਤਰੀ ਆਪਣੇ ਆਪ ਨੂੰ ਸੰਜਮ ਵਿਚ ਰੱਖ ਕੇ ਆਪਣੇ ਆਤਮਕ-ਸਰੂਪ ਵਿਚ ਟਿਕ ਜਾਂਦੀ ਹੈ ਅਤੇ ਪਰਮਾਤਮਾ ਦਾ ਉਚਾ ਟਿਕਾਣਾ ਮੱਲ ਲੈਂਦੀ ਹੈ, ਉਹ ਆਪਣੇ ਨਿਜ ਨੂੰ ਤਿਆਗ ਕੇ ਦਿਨ ਰਾਤ ਪਰਮਾਤਮ-ਰੰਗ ਵਿਚ ਰੰਗੀ ਰਹਿੰਦੀ ਹੈ,

ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ॥
ਸਾਧਨ ਸਭਿ ਰਸ ਚੋਲੇ ਅੰਕਿ ਸਮਾਣੀਆ॥
ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ
ਸਾ ਸੋਹਾਗਣਿ ਨਾਰੇ॥
ਨਵ ਘਰ ਥਾਪਿ ਮਹਲ ਘਰੁ ਊਚਉ
ਨਿਜ ਘਰਿ ਵਾਸੁ ਮੁਰਾਰੇ॥
ਸਭ ਤੇਰੀ ਤੂ ਮੇਰਾ ਪ੍ਰੀਤਮੁ
ਨਿਸਿ ਬਾਸੁਰ ਰੰਗਿ ਰਾਵੈ॥
ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ
ਕੋਕਿਲ ਸਬਦਿ ਸੁਹਾਵੈ॥੨॥ (ਪੰਨਾ ੧੧੦੭)

ਗੁਰੂ ਸਾਹਿਬ ਫਿਰ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਜੋ ਰਸ-ਭਿੰਨਾ ਅਤੇ ਮਨ ਤਨ ਵਿਚ ਰਮਿਆ ਹੋਇਆ ਹੈ ਕਿ ਉਹ ਉਸ ਨੂੰ ਇੱਕ ਘੜੀ ਵਾਸਤੇ ਵੀ ਭੁਲਾ ਨਹੀਂ ਸਕਦੇ। ਉਹ ਅਕਾਲ ਪੁਰਖ ਅਜਿਹਾ ਹੈ ਜਿਸ ਨੂੰ ਇੱਕ ਘੜੀ ਲਈ ਵੀ ਭੁਲਾਇਆ ਨਹੀਂ ਜਾ ਸਕਦਾ ਅਤੇ ਜਿਸ ਤੋਂ ਸਦਕੇ ਹੀ ਜਾਇਆ ਜਾ ਸਕਦਾ ਹੈ। ਉਸ ਦੀ ਸਿਫ਼ਤਿ-ਸਾਲਾਹ ਕਰਨ ਨਾਲ ਆਤਮਕ ਅਨੰਦ ਮਿਲਦਾ ਹੈ, ਆਤਮਕ-ਜੀਵਨ ਮਿਲਦਾ ਹੈ। ਉਸ ਪਰਵਰਦਗਾਰ ਤੋਂ ਬਿਨਾ ਜੀਵ ਦਾ ਕੋਈ ਸੰਗੀ ਜਾਂ ਸਾਥੀ ਨਹੀਂ ਹੈ (ਜੋ ਧੁਰ ਤੱਕ ਅਤੇ ਸਦੀਵੀ ਨਾਲ ਨਿਭੇ ਕਿਉਂਕਿ ਬਾਕੀ ਸਭ ਸਾਥੀ ਇਥੇ ਹੀ ਰਹਿ ਜਾਣ ਵਾਲੇ ਹਨ)। ਉਸ ਅਕਾਲ ਪੁਰਖ ਦੀ ਯਾਦ ਤੋਂ ਬਿਨਾ ਜੀਵ ਦਾ ਮਨ ਧੀਰਜ ਨਹੀਂ ਧਰਦਾ। ਜਿਹੜਾ ਮਨੁੱਖ ਪਰਮਾਤਮਾ ਦਾ ਓਟ-ਆਸਰਾ ਤੱਕਦਾ ਹੈ, ਜਿਸ ਨੇ ਉਸ ਪਰਮਾਤਮਾ ਦੇ ਚਰਨ-ਕੰਵਲਾਂ ਨੂੰ ਆਪਣੇ ਅੰਦਰ ਵਸਾ ਲਿਆ ਹੈ, ਉਸ ਦਾ ਸਰੀਰ ਪਵਿੱਤਰ ਹੋ ਜਾਂਦਾ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਅਜਿਹੇ ਮਨੁੱਖ ਦਾ ਹਿਰਦਾ ਵਿਸ਼ਾਲ ਹੋ ਜਾਂਦਾ ਹੈ ਅਤੇ ਉਸ ਨੂੰ ਆਤਮਕ ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰੂ ਦੇ ਸ਼ਬਦ ਰਾਹੀਂ ਉਸ ਅੰਦਰ ਸਹਿਜ ਆ ਜਾਂਦਾ ਹੈ ਅਤੇ ਉਸ ਦਾ ਮਨ ਧੀਰਜ ਵਾਲਾ ਹੋ ਜਾਂਦਾ ਹੈ,

ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ॥
ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ॥
(ਪੰਨਾ ੧੧੦੭)

ਗੁਰੂ ਨਾਨਕ ਸਾਹਿਬ ਕਾਦਰ ਤੇ ਉਸ ਦੀ ਕੁਦਰਤਿ ਦੇ ਨਜ਼ਾਰਿਆਂ ਵਿਚੋਂ ਦ੍ਰਿਸ਼ਟਾਂਤ ਲੈ ਕੇ ਜੀਵ ਦੀ ਅਕਾਲ ਪੁਰਖ ਲਈ ਸਿੱਕ ਅਤੇ ਮਿਲਾਪ ਹੋਣ 'ਤੇ ਮਿਲਣ ਵਾਲੇ ਅਨੰਦ ਦਾ ਜ਼ਿਕਰ ਕਰਦੇ ਹਨ, ਜਿਸ ਜੀਵ-ਇਸਤਰੀ ਦੇ ਹਿਰਦੇ-ਰੂਪੀ ਘਰ ਵਿਚ ਪਰਮਾਤਮਾ ਦੇ ਨਾਮ-ਸਿਮਰਨ ਦੀਆਂ, ਉਸ ਦੀ ਸਿਫ਼ਤਿ-ਸਾਲਾਹ ਦੀਆਂ ਸੁਹਾਵਣੀਆਂ ਬੂੰਦਾਂ ਦੀ ਵਰਖਾ ਹੁੰਦੀ ਹੈ, ਉਸ ਜੀਵ ਅੰਦਰ ਸਹਿਜ ਆ ਜਾਂਦਾ ਹੈ। ਇਹ ਅਵਸਥਾ ਅਕਾਲ ਪੁਰਖ ਦੇ ਪ੍ਰੇਮ ਵਿਚ ਰੱਤੇ ਹੋਣ ਦੀ ਅਵਸਥਾ ਹੈ, ਜਿਸ ਪ੍ਰੇਮ ਸਦਕਾ ਇਹ ਟਿਕਾਉ ਆਉਂਦਾ ਹੈ। ਇਸ ਸਹਿਜ ਅਵਸਥਾ ਵਿਚ ਹੀ ਉਸ ਦਾ ਅਕਾਲ ਪੁਰਖ ਨਾਲ ਮਿਲਾਪ ਹੋ ਜਾਂਦਾ ਹੈ, ਉਸ ਦੀ ਪ੍ਰੀਤ ਸਦੀਵੀ ਬਣ ਜਾਂਦੀ ਹੈ। ਇਸ ਹਿਰਦੇ-ਰੂਪੀ ਮੰਦਰ ਵਿਚ ਅਕਾਲ ਪੁਰਖ ਉਦੋਂ ਆਉਂਦਾ ਹੈ ਜਦੋਂ ਉਸ ਨੂੰ ਚੰਗਾ ਲੱਗਦਾ ਹੈ ਭਾਵ ਉਹ ਆਪਣੇ ਭਾਣੇ ਵਿਚ ਹੀ ਹਿਰਦੇ-ਮੰਦਰ ਵਿਚ ਨਿਵਾਸ ਕਰਦਾ ਹੈ। ਅਜਿਹੀ ਅਵਸਥਾ ਵਿਚ ਜੀਵ-ਇਸਤਰੀ ਉਤਾਵਲੀ ਹੋ ਹੋ ਕੇ ਅਕਾਲ ਪੁਰਖ ਦੇ ਗੁਣ-ਗਾਨ ਕਰਦੀ ਹੈ ਅਤੇ ਆਖਦੀ ਹੈ ਕਿ ਹਰ ਇੱਕ ਭਾਗਾਂ ਵਾਲੇ ਜੀਵ ਦੇ ਅੰਦਰ ਅਕਾਲ ਪੁਰਖ ਦਾ ਨਿਵਾਸ ਹੈ। ਅੱਗੇ ਗੁਰੂ ਨਾਨਕ ਸਾਹਿਬ ਇਸ ਅਵਸਥਾ ਨੂੰ ਫਿਰ ਬੱਦਲਾਂ ਅਤੇ ਵਰਖਾ ਦੇ ਦ੍ਰਿਸ਼ਟਾਂਤ ਰਾਹੀਂ ਹੀ ਬਿਆਨ ਕਰਦੇ ਹੋਏ ਅਰਦਾਸ ਕਰਦੇ ਹਨ ਕਿ ਹੇ ਘਟਾਵਾਂ ਦੇ ਰੂਪ ਵਿਚ ਨਿਵ ਨਿਵ ਕੇ ਆਏ ਬੱਦਲ ਪ੍ਰੇਮ ਨਾਲ ਵਰ੍ਹ। ਪਰਮਾਤਮਾ ਦਾ ਪਿਆਰ ਮਨ ਅਤੇ ਤਨ ਵਿਚ ਅਨੰਦ ਪੈਦਾ ਕਰਦਾ ਹੈ। ਜਿਵੇਂ ਮੀਂਹ ਵਰ੍ਹਨ ਨਾਲ ਧਰਤੀ ਦੀ ਪਿਆਸ ਬੁੱਝ ਜਾਂਦੀ ਹੈ, ਇਸੇ ਤਰ੍ਹਾਂ ਪਰਮਾਤਮ-ਪ੍ਰੇਮ ਮਿਲਣ ਨਾਲ ਮਨੁੱਖ ਦਾ ਹਿਰਦਾ ਸ਼ਾਂਤ ਅਤੇ ਅਨੰਦਮਈ ਹੋ ਜਾਂਦਾ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜਿਸ ਹਿਰਦੇ ਘਰ ਵਿਚ ਨਾਮ-ਬਾਣੀ ਦੀ ਵਰਖਾ ਹੁੰਦੀ ਹੈ, ਜਿਸ ਹਿਰਦੇ-ਘਰ ਵਿਚ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਦਾ ਪਰਵਾਹ ਚੱਲਦਾ ਹੈ, ਉਥੇ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ ਅਤੇ ਉਹ ਆਪ ਨਿਵਾਸ ਕਰਦਾ ਹੈ, ਟਿਕਾਣਾ ਬਣਾ ਲੈਂਦਾ ਹੈ,

ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ॥
ਸਾਜਨ ਮਿਲੇ ਸਹਜਿ ਸੁਭਾਇ
ਹਰਿ ਸਿਉ ਪ੍ਰੀਤਿ ਬਣੀ॥
ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ
ਧਨ ਊਭੀ ਗੁਣ ਸਾਰੀ॥
ਘਰਿ ਘਰਿ ਕੰਤੁ ਰਵੈ ਸੋਹਾਗਣਿ
ਹਉ ਕਿਉ ਕੰਤਿ ਵਿਸਾਰੀ॥
ਉਨਵਿ ਘਨ ਛਾਏ ਬਰਸੁ ਸੁਭਾਏ
ਮਨਿ ਤਨਿ ਪ੍ਰੇਮੁ ਸੁਖਾਵੈ॥
ਨਾਨਕ ਵਰਸੈ ਅੰਮ੍ਰਿਤ ਬਾਣੀ
ਕਰਿ ਕਿਰਪਾ ਘਰਿ ਆਵੈ॥ (ਪੰਨਾ ੧੧੦੭)

ਦੇਸੀ ਵਰ੍ਹੇ ਦਾ ਅਰੰਭ ਚੇਤ ਮਹੀਨੇ ਤੋਂ ਮੰਨਿਆ ਜਾਂਦਾ ਹੈ। ਇਹ ਬਹਾਰ ਦਾ ਮਹੀਨਾ ਵੀ ਹੈ, ਬਸੰਤ ਰੁੱਤ ਦਾ ਆਗਮਨ ਹੁੰਦਾ ਹੈ ਜਦੋਂ ਕੁਦਰਤਿ ਪੂਰੇ ਜੋਬਨ ਅਤੇ ਖਿੜਾਉ ਵਿਚ ਹੁੰਦੀ ਹੈ। ਗੁਰੂ ਸਾਹਿਬ ਇਸੇ ਸੁਹਾਵਣੀ ਰੁੱਤ ਦੇ ਆਗਮਨ ਦਾ ਜ਼ਿਕਰ ਕਰਦੇ ਹਨ ਕਿ ਚੇਤ ਦਾ ਮਹੀਨਾ ਮਨ ਨੂੰ ਬਹੁਤ ਚੰਗਾ ਲੱਗਦਾ ਹੈ। ਚਾਰ-ਚੁਫੇਰੇ ਇਸ ਬਸੰਤ ਦੇ ਮਹੀਨੇ ਬਨਸਪਤੀ ਖਿੜਦੀ ਹੈ ਅਤੇ ਫੁੱਲਾਂ ਦੇ ਉਤੇ ਭੰਵਰੇ ਬੈਠੇ ਸੁਹਣੇ ਲੱਗਦੇ ਹਨ। ਜੇ ਉਸ ਵਿਚ ਅਕਾਲ ਪੁਰਖ ਆ ਵੱਸੇ ਤਾਂ ਮਨੁੱਖੀ ਹਿਰਦਾ-ਰੂਪੀ ਫੁੱਲ ਵੀ ਖਿੜ ਜਾਂਦਾ ਹੈ। ਜਿਸ ਜੀਵ-ਇਸਤਰੀ ਦਾ ਪਰਮਾਤਮਾ-ਰੂਪੀ ਪਤੀ ਉਸ ਦੇ ਹਿਰਦੇ ਵਿਚ ਨਿਵਾਸ ਨਾ ਕਰੇ, ਉਸ ਦਾ ਹਿਰਦਾ ਖਿੜਾਉ ਵਿਚ ਨਹੀਂ ਆਉਂਦਾ। ਅਜਿਹੇ ਸੱਖਣੇ ਹਿਰਦੇ ਨੂੰ ਵਿਛੜੇ ਹੋਣ ਦੀ ਅਵਸਥਾ ਵਿਚ ਫਿਰ ਵਿਕਾਰ ਘੇਰ ਲੈਂਦੇ ਹਨ ਅਤੇ ਸਰੀਰ ਕਮਜ਼ੋਰ ਹੋ ਜਾਂਦਾ ਹੈ। ਚੇਤ ਦੇ ਇਸ ਬਸੰਤ ਦੇ ਖਿੜਾਉ ਵਾਲੇ ਮਹੀਨੇ ਵਿਚ ਅੰਬਾਂ ਤੇ ਕੋਇਲ ਬੋਲਣੀ ਸ਼ੁਰੂ ਹੋ ਜਾਂਦੀ ਹੈ। ਪਰ ਆਪਣੇ ਪ੍ਰੀਤਮ ਤੋਂ ਵਿਛੜੀ ਹੋਈ ਜੀਵ-ਇਸਤਰੀ ਨੂੰ ਕੋਇਲ ਦੇ ਇਹ ਬੋਲ ਵੀ ਸੁਹਾਵਣੇ ਨਹੀਂ ਲੱਗਦੇ ਬਲਕਿ ਉਸ ਦੇ ਹਿਰਦੇ ਵਿਚ ਵੇਦਨਾ ਪੈਦਾ ਕਰਦੇ ਹਨ, ਵਿਛੜੇ ਹੋਣ ਦੀ ਪੀੜ ਨੂੰ ਵਧਾਉਂਦੇ ਹਨ। ਅਜਿਹੀ ਜੀਵ-ਇਸਤਰੀ ਆਪਣੀ ਮਾਂ ਨੂੰ ਪੁਕਾਰਦੀ ਹੈ (ਦੁੱਖ ਵੇਲੇ ਮਨੁੱਖ ਸਿਰਫ ਆਪਣੀ ਮਾਂ ਨੂੰ ਪੁਕਾਰਦਾ ਹੈ, ਕਿਉਂਕਿ ਮਾਂ ਨਾਲ ਹੀ ਹਿਰਦੇ ਦਾ ਦੁੱਖ ਸਾਂਝਾ ਕੀਤਾ ਜਾ ਸਕਦਾ ਹੈ) ਕਿ ਹੇ ਮਾਂ ਮੇਰਾ ਮਨ ਰੂਪੀ ਭੌਰਾ ਦੁਨਿਆਵੀ ਫੁੱਲਾਂ ਅਤੇ ਡਾਲੀਆਂ 'ਤੇ ਭਟਕਦਾ ਫਿਰਦਾ ਹੈ। ਇਹ ਆਤਮਕ ਜੀਵਨ ਨਹੀਂ ਹੈ, ਇਹ ਆਤਮਕ ਮੌਤ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਇਸ ਚੇਤ ਦੇ ਮਹੀਨੇ ਦੀ ਬਸੰਤ ਰੁੱਤ ਦੇ ਖਿੜਾਉ ਵਿਚ ਉਹ ਜੀਵ ਹੀ ਅਡੋਲ ਅਵਸਥਾ ਵਿਚ ਟਿਕ ਕੇ ਅਨੰਦ ਮਾਣਦਾ ਹੈ ਜਿਸ ਨੇ ਆਪਣੇ ਹਿਰਦੇ ਵਿਚ ਅਕਾਲ ਪੁਰਖ ਦਾ ਅਨੁਭਵ ਕਰ ਲਿਆ ਹੈ, ਜਿਸ ਨੇ ਉਸ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ ਹੈ, ਲੱਭ ਲਿਆ ਹੈ,

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥
ਬਨ ਫੂਲੇ ਮੰਝ ਬਾਰਿ
ਮੈ ਪਿਰੁ ਘਰਿ ਬਾਹੁੜੈ॥
ਪਿਰੁ ਘਰਿ ਨਹੀ ਆਵੈ
ਧਨ ਕਿਉ ਸੁਖੁ ਪਾਵੈ
ਬਿਰਹਿ ਬਿਰੋਧ ਤਨੁ ਛੀਜੈ॥
ਕੋਕਿਲ ਅੰਬਿ ਸੁਹਾਵੀ ਬੋਲੈ
ਕਿਉ ਦੁਖੁ ਅੰਕਿ ਸਹੀਜੈ॥
ਭਵਰੁ ਭਵੰਤਾ ਫੂਲੀ ਡਾਲੀ
ਕਿਉ ਜੀਵਾ ਮਰੁ ਜਾਇ॥
ਨਾਨਕ ਚੇਤਿ ਸਹਜਿ ਸੁਖੁ ਪਾਵੈ
ਜੇ ਹਰਿ ਵਰੁ ਘਰਿ ਧਨ ਪਾਏ॥ (ਪੰਨਾ ੧੧੦੮)

ਚੇਤ ਤੋਂ ਅਗਲਾ ਮਹੀਨਾ ਵੈਸਾਖ ਦਾ ਹੈ। ਵੈਸਾਖ ਦਾ ਮਹੀਨਾ ਸਿੱਖ ਧਰਮ ਦੇ ਇਤਿਹਾਸ ਵਿਚ ਬਹੁਤ ਮਹੱਤਵ ਰੱਖਦਾ ਹੈ ਕਿਉਂਕਿ ੧੬੯੯ ਦੀ ਵੈਸਾਖੀ ਨੂੰ ਦਸਮ ਪਾਤਿਸ਼ਾਹ ਹਜ਼ੂਰ ਨੇ ਖ਼ਾਲਸਾ ਸਾਜਿਆ ਸੀ ਜੋ ਗੁਰੂ ਨਾਨਕ ਵੱਲੋਂ ਅਰੰਭ ਕੀਤੇ ਮਿਸ਼ਨ ਦੀ ਪੂਰਤੀ ਸੀ। ਵੈਸਾਖ ਦੇ ਮਹੀਨੇ ਵਿਚ ਬ੍ਰਿਛ ਬੂਟਿਆਂ ਨੂੰ ਨਵੇਂ ਪੱਤਰ ਆਉਂਦੇ ਹਨ ਅਤੇ ਨਵੀਆਂ ਲਗਰਾਂ ਫੁੱਟਦੀਆਂ ਹਨ। ਗੁਰੂ ਨਾਨਕ ਸਾਹਿਬ ਇਸੇ ਦਾ ਜ਼ਿਕਰ ਕਰਦੇ ਕਹਿੰਦੇ ਹਨ ਕਿ ਵੈਸਾਖ ਦਾ ਮਹੀਨਾ ਚੰਗਾ ਲੱਗਦਾ ਹੈ, ਰੁੱਖਾਂ 'ਤੇ ਲਗਰਾਂ ਫੁੱਟਦੀਆਂ ਹਨ ਜੋ ਸੱਜਰੇ ਆਏ ਪੱਤਰਾਂ ਦਾ ਸ਼ਿੰਗਾਰ ਕਰਦੀਆਂ ਹਨ। ਇਨ੍ਹਾਂ ਰੁੱਖਾਂ-ਟਾਹਣੀਆਂ ਦਾ ਹਾਰ-ਸ਼ਿੰਗਾਰ ਦੇਖ ਕੇ ਆਪਣੇ ਪਤੀ ਤੋਂ ਵਿਛੜੀ ਹੋਈ ਇਸਤਰੀ ਦੇ ਮਨ ਵਿਚ ਪਤੀ ਨੂੰ ਮਿਲਣ ਦੀ ਖਾਹਿਸ਼ ਜਾਗਦੀ ਹੈ ਅਤੇ ਉਹ ਘਰ ਦੇ ਦਰਵਾਜ਼ੇ ਵਿਚ ਖੜ੍ਹੀ ਪਤੀ ਦਾ ਰਸਤਾ ਦੇਖਦੀ ਹੈ। ਕੁਦਰਤਿ ਦਾ ਹਾਰ-ਸ਼ਿੰਗਾਰ ਦੇਖ ਕੇ ਉਹ ਆਪਣੇ ਹਿਰਦੇ ਵਿਚ ਪ੍ਰਭੂ-ਪਤੀ ਅੱਗੇ ਅਰਦਾਸ ਕਰਦੀ ਹੈ ਕਿ ਉਸ ਉਤੇ ਮਿਹਰ ਦੀ ਨਜ਼ਰ ਕਰੇ ਅਤੇ ਉਸ ਦੇ ਹਿਰਦੇ-ਘਰ ਵਿਚ ਨਿਵਾਸ ਕਰੇ। ਉਹ ਪਰਮਾਤਮਾ-ਪਤੀ ਅੱਗੇ ਅਰਦਾਸ ਕਰਦੀ ਹੈ ਕਿ ਆ ਕੇ ਉਸ ਨੂੰ ਸੰਸਾਰ ਸਮੁੰਦਰ ਤੋਂ ਪਾਰ ਲੈ ਜਾਵੇ। ਉਸ ਦੇ ਅਨੁਭਵ ਤੋਂ ਬਿਨਾ ਮਨੁੱਖ-ਇਸਤਰੀ ਦਾ ਮੁੱਲ ਕੌਡੀ ਜਿੰਨਾ ਵੀ ਨਹੀਂ ਹੈ। ਪਰ ਜੇ ਅਕਾਲ ਪੁਰਖ ਦੀ ਮਿਹਰ ਹੋ ਜਾਵੇ ਤਾਂ ਗੁਰੂ ਅਕਾਲ ਪੁਰਖ ਦਾ ਆਪ ਦਰਸ਼ਨ ਕਰਕੇ ਫਿਰ ਉਸ ਨੂੰ ਵੀ ਦਰਸ਼ਨ ਕਰਾ ਦੇਵੇ। ਦੁਨੀਆਂ ਦੀਆਂ ਨਜ਼ਰਾਂ ਵਿਚ ਉਸ ਦੀ ਕੀਮਤ ਅਨਮੋਲ ਹੋ ਜਾਵੇ। ਜੀਵ ਨੂੰ ਅਨੁਭਵ ਹੋ ਜਾਵੇਗਾ ਕਿ ਉਹ ਉਸ ਦੇ ਅੰਦਰ ਵੱਸ ਰਿਹਾ ਹੈ ਅਤੇ ਉਸ ਦੇ ਟਿਕਾਣੇ ਦੀ ਉਸ ਨੂੰ ਪਛਾਣ ਹੋ ਗਈ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਵੈਸਾਖ ਦੇ ਮਹੀਨੇ ਵਿਚ ਕੁਦਰਤਿ ਦੇ ਹਾਰ-ਸ਼ਿੰਗਾਰ ਤੋਂ ਪ੍ਰੇਰਨਾ ਲੈ ਕੇ ਉਹ ਜੀਵ ਪਰਮਾਤਮਾ ਦਾ ਮਿਲਾਪ ਹਾਸਲ ਕਰ ਲੈਂਦਾ ਹੈ ਜਿਸ ਦੀ ਸੁਰਤਿ ਗੁਰੂ ਦੇ ਸ਼ਬਦ ਵਿਚ ਟਿਕੀ ਹੋਈ ਹੈ। ਸ਼ਬਦ ਰਾਹੀਂ ਉਸ ਦੇ ਮਨ ਨੂੰ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਦੀ ਆਦਤ ਪੈ ਜਾਂਦੀ ਹੈ, ਉਸ ਦਾ ਮਨ ਉਸ ਵਿਚ ਜੁੜਿਆ ਰਹਿੰਦਾ ਹੈ,

ਵੈਸਾਖੁ ਭਲਾ ਸਾਖਾ ਵੇਸ ਕਰੇ॥
ਧਨ ਦੇਖੈ ਹਰਿ ਦੁਆਰਿ
ਆਵਹੁ ਦਇਆ ਕਰੇ॥
ਘਰਿ ਆਉ ਪਿਆਰੇ ਦੁਤਰ ਤਾਰੇ
ਤੁਧੁ ਬਿਨੁ ਅਢੁ ਨ ਮੋਲੋ॥
ਕੀਮਤਿ ਕਉਣ ਕਰੇ ਤੁਧੁ ਭਾਵਾ
ਦੇਖਿ ਦਿਖਾਵੈ ਢੋਲੋ॥
ਦੂਰਿ ਨ ਜਾਨਾ ਅੰਤਰਿ ਮਾਨਾ
ਹਰਿ ਕਾ ਮਹਲੁ ਪਛਾਨਾ॥
ਨਾਨਕ ਵੈਸਾਖੀਂ ਪ੍ਰਭੁ ਭਾਵੈ
ਸੁਰਤਿ ਸਬਦਿ ਮਨੁ ਮਾਨਾ॥੬॥

ਗੁਰਬਾਣੀ ਗਿਆਨ

## ਦਹ ਦਿਸ ਛਤ੍ਰ ਮੇਘ ਘਟਾ ਘਟ

**ਸੋਰਠਿ ਮਹਲਾ ੫**

ਦਹ ਦਿਸ ਛਤ੍ਰ ਮੇਘ ਘਟਾ ਘਟ
ਦਾਮਨਿ ਚਮਕਿ ਡਰਾਇਓ॥
ਸੇਜ ਇਕੇਲੀ ਨੀਦ ਨਹੁ ਨੈਨਹ
ਪਿਰੁ ਪਰਦੇਸਿ ਸਿਧਾਇਓ॥੧॥
ਹੁਣਿ ਨਹੀ ਸੰਦੇਸਰੋ ਮਾਇਓ॥
ਏਕ ਕੋਸਰੋ ਸਿਧਿ ਕਰਤ ਲਾਲੁ
ਤਬ ਚਤੁਰ ਪਾਤਰੋ ਆਇਓ॥ਰਹਾਉ॥
ਕਿਉ ਬਿਸਰੈ ਇਹੁ ਲਾਲੁ ਪਿਆਰੋ
ਸਰਬ ਗੁਣਾ ਸੁਖਦਾਇਓ॥
ਮੰਦਰਿ ਚਰਿ ਕੈ ਪੰਥੁ ਨਿਹਾਰਉ
ਨੈਨ ਨੀਰਿ ਭਰਿ ਆਇਓ॥੨॥
ਹਉ ਹਉ ਭੀਤਿ ਭਇਓ ਹੈ ਬੀਚੋ
ਸੁਨਤ ਦੇਸਿ ਨਿਕਟਾਇਓ॥
ਭਾਂਭੀਰੀ ਕੇ ਪਾਤ ਪਰਦੋ
ਬਿਨੁ ਪੇਖੇ ਦੂਰਾਇਓ॥੩॥
ਭਇਓ ਕਿਰਪਾਲੁ ਸਰਬ ਕੋ ਠਾਕੁਰੁ
ਸਗਰੋ ਦੂਖੁ ਮਿਟਾਇਓ॥
ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ
ਤਉ ਦਇਆਰੁ ਬੀਠਲੋ ਪਾਇਓ॥੪॥

ਗੁਰਦੇਵ ਜੀ ਇਸ ਸ਼ਬਦ ਰਾਹੀਂ ਅਲੌਕਿਕ ਨਜ਼ਾਰਾ ਦਰਸਾ ਰਹੇ ਹਨ, ਜਦੋਂ ਬਦਲਾਂ ਦੀਆਂ ਘਟਾਵਾਂ ਚਾਰੇ ਪਾਸੇ ਛਤਰੀ ਵਾਂਗ ਛਾ ਜਾਂਦੀਆਂ ਹਨ ਅਤੇ ਦਾਮਨਿ ਬਿਜਲੀ ਚਮਕ ਚਮਕ ਕੇ ਡਰਾਉਂਦੀ ਹੈ, ਤਾਂ ਉਸ ਵੇਲੇ ਜਿਸ ਔਰਤ ਦਾ ਪਤੀ ਪਰਦੇਸ ਵਿਚ ਗਿਆ ਹੋਵੇ, ਉਸ ਦੀ ਸੇਜ ਪਤੀ ਤੋਂ ਬਿਨਾਂ ਸੁੰਞੀ ਹੁੰਦੀ ਹੈ, ਤਾਂ ਉਸ ਨੂੰ ਇਹ ਸੁਹਾਵਣਾ ਮੌਸਮ ਵੀ ਡਰਾਵਣਾ ਲਗਦਾ ਹੈ ਅਤੇ ਉਸ ਦੀਆਂ ਅੱਖਾਂ ਵਿਚੋਂ ਨੀਂਦ ਵੀ ਉਡ ਜਾਂਦੀ ਹੈ।

ਹੁਣਿ ਨਹੀ ਸੰਦੇਸਰੋ ਮਾਇਓ॥
ਏਕ ਕੋਸਰੋ ਸਿਧਿ ਕਰਤ ਲਾਲੁ
ਤਬ ਚਤੁਰ ਪਾਤਰੋ ਆਇਓ॥ਰਹਾਉ॥

ਗੁਰਦੇਵ ਜੀ ਉਸ ਬ੍ਰਿਹਨ ਔਰਤ ਦੀ ਅਵਸਥਾ ਦਾ ਜ਼ਿਕਰ ਕਰਦੇ ਹਨ, ਇਸ ਸੁਹਾਵਣੇ ਮੌਸਮ ਤੋਂ ਡਰੀ ਹੋਈ, ਉਹ ਬ੍ਰਿਹਨ ਆਖਦੀ ਹੈ- ਹੇ ਮਾਂ! ਹੁਣ ਤਾਂ ਪਰਦੇਸੀ ਪਤੀ ਵੱਲੋਂ ਕੋਈ ਸੁੱਖ ਸੁਨੇਹਾ ਵੀ ਨਹੀਂ ਆਉਂਦਾ, ਮਾਂ! ਪਹਿਲਾਂ ਤਾਂ ਜਦੋਂ ਪਤੀ, ਘਰ ਤੋਂ ਇਕ ਕੋਹ ਵੀ ਦੂਰ ਜਾਂਦਾ ਸੀ; ਤਬ ਚਤੁਰ ਪਾਤਰੋ ਆਇਓ, ਤਾਂ ਉਸ ਦੀਆਂ ਚਾਰ ਚਿੱਠੀਆਂ ਜਾਂਦੀਆਂ ਸਨ; ਹੇ ਮਾਂ! ਹੁਣ ਮੈਂ ਕੀ ਕਰਾਂ ਅਤੇ ਕਿਸ ਬਿਧਿ ਪਿਆਰੇ ਨੂੰ ਮਿਲ ਸਕਾਂ।

ਕਿਉ ਬਿਸਰੈ ਇਹੁ ਲਾਲੁ ਪਿਆਰੋ
ਸਰਬ ਗੁਣਾ ਸੁਖਦਾਇਓ॥
ਮੰਦਰਿ ਚਰਿ ਕੈ ਪੰਥੁ ਨਿਹਾਰਉ
ਨੈਨ ਨੀਰਿ ਭਰਿ ਆਇਓ॥੨॥

ਹੇ ਮੇਰੀ ਮਾਂ! ਭਲਾ ਤੂੰ ਹੀ ਦੱਸ, ਮੈਨੂੰ ਇਹ ਅਤਿ ਸੋਹਣਾ ਅਤੇ ਪਿਆਰਾ ਲਾਲ ਕਿਵੇਂ ਭੁਲ ਸਕਦਾ ਹੈ। ਉਹ ਪਿਆਰਾ ਪ੍ਰੀਤਮ ਤਾਂ ਸਾਰੇ ਗੁਣਾਂ ਦਾ ਮਾਲਕ ਹੈ ਅਤੇ ਸਾਰੇ ਹੀ ਸੁੱਖ ਦੇਣ ਵਾਲਾ ਹੈ। ਮਾਂ ਮੈਂ ਵੀ ਉਸ ਪਤੀ ਦੇ ਵਿਛੋੜੇ ਵਿਚ ਬਿਹਬਲ ਨਾਰ ਵਾਂਗ ਅਤਿ-ਵਿਆਕੁਲ ਹਾਂ ਅਤੇ ਕੋਠੇ ਉਤੇ ਚੜ੍ਹ ਕੇ ਉਸ ਮਿਹਰਵਾਨ ਪ੍ਰਭ ਦਾ ਰਸਤਾ ਤੱਕਦੀ ਰਹਿੰਦੀ ਹਾਂ। ਮਾਂ ਰਾਹ ਵੇਖਦੇ-ਵੇਖਦੇ ਵੈਰਾਗ ਵਿਚ ਅੱਖਾਂ ਪਾਣੀ ਨਾਲ ਭਰ ਜਾਂਦੀਆਂ ਹਨ।

ਹਉ ਹਉ ਭੀਤਿ ਭਇਓ ਹੈ ਬੀਚੋ
ਸੁਨਤ ਦੇਸਿ ਨਿਕਟਾਇਓ॥
ਭਾਂਭੀਰੀ ਕੇ ਪਾਤ ਪਰਦੋ
ਬਿਨੁ ਪੇਖੇ ਦੂਰਾਇਓ॥੩॥

ਗੁਰਦੇਵ ਜੀ ਪ੍ਰਭੂ ਦੇ ਮਿਲਾਪ ਵਿਚ ਜੋ ਰੁਕਾਵਟ ਹੈ, ਉਸ ਦਾ ਜ਼ਿਕਰ ਕਰਦੇ ਹਨ- ਮਾਂ ਹੁਣ ਤੱਕ ਤਾਂ ਮੈਂ ਇਹ ਵੀ ਸੁਣਦੀ ਸਾਂ ਕਿ ਪ੍ਰਭੂ ਪਤੀ ਮੇਰੇ ਹਿਰਦੇ ਰੂਪੀ ਦੇਸ ਵਿਚ ਮੇਰੇ ਨੇੜੇ ਹੀ ਵੱਸਦਾ ਹੈ, ਪਰ ਮੇਰੇ ਅਤੇ ਉਸ ਦੇ ਵਿਚਕਾਰ ਤਾਂ ਮੇਰੀ ਹਉਮੈ ਦੀ ਦੀਵਾਰ ਖੜ੍ਹੀ ਹੋ ਗਈ ਹੈ; ਮਾਂ ਮੈਂ ਤਾਂ ਇਹ ਵੀ ਸੁਣਿਆ ਹੈ ਕਿ ਭੰਬੀਰੀ ਦੇ ਖੰਭ ਜੈਸਾ ਬੜਾ ਹੀ ਬਰੀਕ ਇਕ ਪਰਦਾ ਮੇਰੇ ਅਤੇ ਪ੍ਰਭੂ ਜੀ ਦੇ ਵਿਚਕਾਰ ਹੈ। ਮਾਂ ਜਦ ਤੱਕ ਮੈਨੂੰ ਪ੍ਰਭੂ ਦਾ ਦੀਦਾਰ ਨਹੀਂ ਹੋ ਜਾਂਦਾ, ਉਹ ਦੂਰ ਹੀ ਲਗਦਾ ਹੈ।

ਭਇਓ ਕਿਰਪਾਲੁ ਸਰਬ ਕੋ ਠਾਕੁਰੁ
ਸਗਰੋ ਦੂਖੁ ਮਿਟਾਇਓ॥
ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ
ਤਉ ਦਇਆਰੁ ਬੀਠਲੋ ਪਾਇਓ॥੪॥

ਮਾਂ! ਜਿਸ ਜੀਵ ਰੂਪੀ ਇਸਤਰੀ 'ਤੇ ਉਹ ਸੰਸਾਰ ਦਾ ਮਾਲਕ ਪ੍ਰਭੂ ਦਇਆਵਾਨ ਹੋ ਜਾਂਦਾ ਹੈ, ਤਾਂ ਉਸ ਬ੍ਰਿਹਾ ਵਿਚ ਤੜਫ ਰਹੀ ਜੀਵ ਰੂਪੀ ਇਸਤਰੀ ਦੇ ਵਿਛੋੜੇ ਦਾ ਦੁੱਖ ਉਹ ਆਪ ਹੀ ਦੂਰ ਕਰ ਦਿੰਦਾ ਹੈ। ਹੇ ਨਾਨਕ! ਜਦੋਂ ਗੁਰੂ ਨੇ ਕ੍ਰਿਪਾ ਕਰ ਕੇ ਜੀਵ ਰੂਪੀ ਇਸਤਰੀ ਦੇ ਅੰਦਰੋਂ ਹਉਮੈ ਦੀ ਦੀਵਾਰ ਢਾਹ ਦਿੱਤੀ, ਤਾਂ ਉਸ ਜੀਵ ਰੂਪੀ ਇਸਤਰੀ ਨੇ ਦਇਆ ਦੇ ਸਾਗਰ ਪ੍ਰਭੂ ਜੀ ਨੂੰ ਆਪਣੇ ਅੰਦਰੋਂ ਹੀ ਲੱਭ ਲਿਆ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

*ਸੰਖੇਪਤਾ ਸੁਰਜੀਤ ਹਾਂਸ ਦੀਆਂ ਰਚਨਾਵਾਂ ਦਾ ਖਾਸ ਗੁਣ ਹੈ। ਉਹ ਥੋੜ੍ਹੇ ਸ਼ਬਦਾਂ ਵਿਚ ਬਹੁਤੀ ਗੱਲ ਕਰਨ ਦਾ ਮਾਹਰ ਹੈ। ਗੱਲਬਾਤ ਅਤੇ ਮਿਲਣੀ ਵਿਚ ਵੀ ਉਸ ਦਾ ਇਹੀ ਹਿਸਾਬ ਹੈ। ਖਬਰੇ ਇਸੇ ਕਰ ਕੇ ਕਈ ਵਾਰ ਪਾਠਕ ਸੋਚਦਾ ਹੀ ਰਹਿ ਜਾਂਦਾ ਹੈ ਅਤੇ ਉਹ ਆਪਣੀ ਗੱਲ ਕਰ ਕੇ 'ਅਹੁ ਗਿਆ ਅਹੁ ਗਿਆ' ਹੋ ਜਾਂਦਾ ਹੈ। ਉਹ ਅੰਗਰੇਜ਼ੀ ਦਾ ਪ੍ਰੋਫੈਸਰ ਰਿਟਾਇਰ ਹੋਇਆ ਹੋਇਆ ਹੈ। ਉਸ ਨੇ ਸਾਰੇ ਦਾ ਸਾਰਾ ਸ਼ੇਕਸਪੀਅਰ ਪੰਜਾਬੀ ਵਿਚ ਅਨੁਵਾਦ ਕਰਨ ਦਾ ਕ੍ਰਿਸ਼ਮਾ ਵੀ ਕੀਤਾ ਹੈ। ਉਹਨੇ ਕਵਿਤਾ ਵੀ ਰਚੀ ਹੈ। 'ਜਾਤੀ-ਵਾਦ ਦੀ ਦੁਵਿਧਾ' ਨਾਂ ਦੇ ਇਸ ਲੇਖ ਵਿਚ ਵੀ ਉਸ ਨੇ ਬਹੁਤ ਸਾਰੀਆਂ ਗੱਲਾਂ ਕੀਤੀਆਂ ਹਨ ਪਰ ਸੰਖੇਪ ਰੂਪ ਵਿਚ। ਕਈ ਥਾਂ ਤਾਂ ਬੱਸ ਇਸ਼ਾਰੇ-ਮਾਤਰ ਹੀ ਹਨ, ਪਰ ਇਹ ਬੜੀਆਂ ਕੰਮ ਦੀਆਂ ਗੱਲਾਂ ਹਨ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰਨਾ ਚਾਹੁੰਦੇ ਹਾਂ। -ਸੰਪਾਦਕ*

# ਜਾਤੀ-ਵਾਦ ਦੀ ਦੁਬਿਧਾ



**ਸੁਰਜੀਤ ਹਾਂਸ**

ਦੋ ਮਾਰਚ 1920 ਨੂੰ ਹਿੰਦੋਸਤਾਨੀ ਸੈਂਟਰਲ ਅਸੰਬਲੀ ਵਿਚ ਅੰਤਰ-ਜਾਤੀ ਵਿਆਹ ਨੂੰ ਕਾਨੂੰਨੀ ਬਣਾਉਣ ਲਈ ਬਿੱਲ ਪੇਸ਼ ਕੀਤਾ ਗਿਆ। ਸੰਨ 1920 ਤੋਂ ਪਹਿਲਾਂ ਅੰਤਰ-ਜਾਤੀ ਸਬੰਧ ਗ਼ੈਰ-ਕਾਨੂੰਨੀ ਸੀ। ਮੋਟੀ ਗੱਲ ਇਹ ਕਹੋ ਕਿ ਅਜਿਹੇ ਸਬੰਧ ਦੀ ਔਲਾਦ ਜਾਇਦਾਦ ਦੀ ਵਾਰਿਸ ਨਹੀਂ ਹੋ ਸਕਦੀ ਸੀ।

ਉਨ੍ਹੀਂ ਦਿਨੀਂ ਕਿਸੇ ਠਾਕਰ ਨੇ ਕਿਸੇ ਚਮਾਰ 'ਤੇ ਹਮਲਾ ਕਰ ਦਿੱਤਾ, ਕਿਉਂਕਿ ਉਹ ਜਨ-ਸੰਖਿਆ ਵਿਚ ਆਪਣੇ ਆਪ ਨੂੰ ਰਾਜਪੂਤ ਲਿਖਾਉਣਾ ਚਾਹੁੰਦਾ ਸੀ।

ਜੁਲਾਈ 1920 ਵਿਚ ਸੂਰਤ ਵਿਖੇ ਨੀਵੀਂ ਜਾਤ ਦਾ ਬੰਦਾ ਨਾਗਰਿਕ ਕਮੇਟੀ ਦਾ ਮੈਂਬਰ ਚੁਣਿਆ ਗਿਆ। ਮੀਟਿੰਗ ਵਿਚ ਦੂਜੇ ਮੈਂਬਰ ਉਹ ਨੂੰ ਇਕ ਪਾਸੇ ਬੈਠਣ ਨੂੰ ਕਹਿਣ ਲੱਗੇ।

'ਵਿਸ਼ਕਰਮਾ' ਅਖਬਾਰ ਰਾਮਗੜ੍ਹੀਆ ਸਿੱਖਾਂ ਨੂੰ ਹਿੰਦੂ ਤਰਖਾਣਾਂ ਨਾਲ ਰਲ, ਬਰਾਦਰੀ ਬਣਾਉਣ ਲਈ ਕਹਿੰਦਾ ਹੈ। 'ਸਿੱਖ ਸਿਪਾਹੀ' (ਫਿਰੋਜ਼ਪੁਰ) ਦਾ ਕਹਿਣਾ ਹੈ ਕਿ ਰਾਮਗੜ੍ਹੀਆ ਕੋਈ ਜਾਤ ਨਹੀਂ, ਰਾਮਗੜ੍ਹੀਏ ਕੇਵਲ ਸਿੱਖ ਕੌਮ ਦਾ ਅੰਗ ਹਨ। 'ਵਿਸ਼ਕਰਮਾ' ਕਹਿੰਦਾ ਹੈ ਕਿ ਅਕਾਲੀ ਤਾਂ ਜੱਟਾਂ ਦੀ ਪਾਰਟੀ ਹੈ ਜਿਸ ਨੂੰ ਸਿੱਖ ਪਾਰਟੀ ਕਹਿ ਕੇ ਹੋਰ ਬਰਾਦਰੀਆਂ ਨਾਲ ਨਾ-ਇਨਸਾਫੀ ਹੁੰਦੀ ਹੈ। ਰਾਮਗੜ੍ਹੀਆਂ ਦੀ ਮਿਸਾਲ ਲੈ ਕੇ ਦਰਜ਼ੀਆਂ ਨੇ ਵੀ ਨਾਮਾਬੰਸੀ ਕਾਨਫਰੰਸ ਕੀਤੀ। 'ਸਿੱਖ ਸਿਪਾਹੀ' ਦਾ ਕਹਿਣਾ ਹੈ ਕਿ ਅਜਿਹੀਆਂ ਕਾਨਫਰੰਸਾਂ ਸਿੱਖ ਪੰਥ (ਕੌਮ) ਲਈ ਘਾਤਕ ਹਨ। ਪਾਠਕ ਅਨੁਮਾਨ ਲਾ ਸਕਦਾ ਹੈ ਕਿ ਜਮਹੂਰੀਅਤ ਦੀ ਸੰਸਥਾਈ ਕਾਢ ਹੀ ਜਾਤਾਂ ਨੂੰ ਫਿਰਕੇ 'ਚ ਸੰਯੁਕਤ ਕਰ ਰਹੀ ਹੈ।

'ਸਿੱਖ ਸਿਪਾਹੀ' 'ਵਿਸ਼ਕਰਮਾ' ਦੀ ਦਲੀਲ ਨੂੰ ਝੁਠਲਾਉਣ ਲਈ ਸਿੱਖ ਅੰਤਰ-ਜਾਤੀ ਵਿਆਹਾਂ ਦੇ ਪਤੇ ਦਰਜ ਕਰਦਾ ਹੈ।

ਅੰਤਰ-ਜਾਤੀ ਵਿਆਹਾਂ ਦਾ ਵੇਰਵਾ:

ਧਾਰਮਿਕ ਕਰਮਚਾਰੀ-26, ਸਰਕਾਰੀ ਨੌਕਰੀ-21, ਵਿੱਦਿਆ ਦਾ ਮਹਿਕਮਾ-13, ਫੌਜੀ-9, ਵਿਦੇਸ਼ੀ ਵਿਅਕਤੀ-9, ਸ਼ਿਲਪੀ, ਵਪਾਰੀ, ਠੇਕੇਦਾਰ-7, ਭੂਮੀਹਾਰ (ਲੈਂਡ ਲੌਰਡ)-4, ਪਰੈਸ-3, ਪ੍ਰੋਫੈਸ਼ਨਲ-1, ਸਿੰਘ ਸਭਾ ਵਰਕਰ-1, ਅਗਿਆਤ-6; ਕੁੱਲ 100

ਵੇਖਣ ਵਾਲੀ ਗੱਲ ਇਹ ਹੈ ਕਿ ਅੰਤਰ-ਜਾਤੀ ਸਬੰਧ ਸਮਾਜ ਦੇ ਪਰਯੰਤ (ਹਾਸ਼ੀਏ) 'ਤੇ ਵਸਦੇ ਵਿਅਕਤੀਆਂ ਲਈ ਸੰਭਵ ਹੈ। ਇਹ ਸਮਾਜ ਦੇ ਸਾਮਾਨਯ (ਆਮ) ਕੇਂਦਰ ਦੀ ਉਪਜ ਨਹੀਂ। ਕਹਾਣੀ ਦੇ ਰਚਨਾ ਸ਼ਾਸਤਰ ਲਈ ਇਹ ਮਹੱਤਵਪੂਰਨ ਤੱਥ ਹੈ ਕਿ ਪ੍ਰੇਮ ਕਹਾਣੀ ਪਰਯੰਤਕ ਵਿਅਕਤੀਆਂ ਦਾ ਵਿਹਾਰ ਹੈ, ਇਹ ਸਮਾਜ ਦੇ ਸਾਮਾਨਯ ਕੇਂਦਰ 'ਚ ਸੰਭਵ ਨਹੀਂ ਜਿਸ ਕਰਕੇ ਪੇਂਡੂ ਪਿਛੋਕੜ ਦੀ ਪ੍ਰੇਮ ਕਹਾਣੀ ਸਿਰੇ ਨਹੀਂ ਚੜ੍ਹਦੀ।

ਯੂਨਾਨੀ ਮਿਥਿਹਾਸ ਹੈ ਕਿ ਪਹਿਲਾਂ ਇੱਕੋ ਰੂਹ ਵਿਚ ਨਰ ਤੇ ਮਦੀਨ ਹੁੰਦੇ ਸੀ। ਦੇਵਤੇ ਨਾਰਾਜ਼ ਹੋ ਗਏ ਜਿਨ੍ਹਾਂ ਨੇ ਬੰਦਿਆਂ ਦੀਆਂ ਰੂਹਾਂ ਭੰਨ ਕੇ ਦੋ ਦੋ ਕਰ ਦਿੱਤੀਆਂ। ਇਕ ਪਾਸੇ ਤ੍ਰੀਮਤਾਂ, ਦੂਜੇ ਪਾਸੇ ਮਰਦ। ਮਨੁੱਖੀ ਸਰਾਪ ਹੈ ਕਿ ਮਰਦ ਤ੍ਰੀਮਤ ਆਪਣੇ ਆਪਣੇ ਪੌਰਾਣਿਕ ਭਾਗ ਲੱਭਦੇ ਰਹਿੰਦੇ ਹਨ। ਇਹੀ ਇਸ਼ਕ ਹੈ। ਇਹੀ ਇਸ਼ਕ ਦਾ ਪ੍ਰਯਾਸ (ਯਤਨ) ਹੈ ਜਿਸ ਵਿਚ ਅਸਫਲਤਾ ਅਨਵਾਰਸ (ਲਾਜ਼ਮੀ) ਹੈ ਜਿਸ ਵਿਚੋਂ ਦੁਖਾਂਤ ਪੈਦਾ ਹੁੰਦਾ ਹੈ। 'ਦਿ ਨੈਚੂਰਲ ਹਿਸਟਰੀ ਆਫ ਲਵ' (ਪਿਆਰ ਦਾ ਕੁਦਰਤੀ ਇਤਿਹਾਸ) ਵਾਲਾ ਲਿਖਦਾ ਹੈ ਕਿ ਪ੍ਰਤੀਕਸ਼ਾ (ਉਡੀਕ) ਤਾਂ ਆਦਿ ਕਾਲੀ ਹੈ ਪਰ ਯਥਾਰਥ ਵਿਚ ਰੁਮਾਨ (ਰੁਮਾਂਸ) ਦੀ ਭਾਲ ਆਂਢ-ਗੁਆਂਢ ਤੱਕ ਹੀ ਸੀਮਤ ਹੁੰਦੀ ਹੈ।

ਫੇਰ ਮਾੜੀ ਹਾਲਤ ਦਾ ਵਿਆਪਕ ਅਸਰ ਹੈ। ਬਹੁਤੇ ਸਬੰਧ ਆਪਣੇ ਆਰਥਿਕ ਵਰਗ ਵਿਚ ਹੀ ਹੁੰਦੇ ਹਨ। ਕਹਾਣੀ ਤਾਂ ਭਾਵੇਂ ਭਿਖਾਰਨ ਅਤੇ ਬਾਦਸ਼ਾਹ ਦੇ ਇਸ਼ਕ ਦੀ ਬਣਾ ਲਈਏ ਪਰ ਸੱਚਾਈ ਹੋਰ ਹੈ। ਸਾਡੇ ਸਿਨੇਮੇ ਦੀ ਖਿੱਚ ਇਸ ਗੱਲ ਵਿਚ ਹੈ ਕਿ ਨਿਰਧਨ ਨੂੰ ਸਮ੍ਰਿਧ ਸੁੰਦਰੀ ਲੱਭ ਜਾਂਦੀ ਹੈ। ਜੇ ਜਮਾਤ-ਫਰਾਮੋਸ਼ੀ ਨਾਲ ਹੁਸਨ ਵੀ ਮਿਲ ਜਾਵੇ, ਫੇਰ ਕਾਹਦੀ ਕਸਰ ਹੈ?

ਇਕਤਸਦੀ ਦਰਜਾਬੰਦੀ ਦਾ ਅਸਰ ਕੇਵਲ ਭਾਰਤੀਆਂ 'ਤੇ ਹੀ ਨਹੀਂ, ਬਾਕੀ ਦੁਨੀਆਂ ਵਿਚ ਹੈ। ਪੂਰਬੀ ਜਰਮਨਾਂ ਦੀ ਮਾਲੀ ਹਾਲਤ ਮਾੜੀ ਹੈ, ਪੱਛਮੀ ਜਰਮਨਾਂ ਨਾਲੋਂ। ਬਰਲਿਨ ਵਿਚ 15,000 ਵਿਆਹ ਹੋਏ ਤਾਂ ਕੇਵਲ 400 ਹੀ ਪੂਰਬੀ ਪੱਛਮੀ ਸੰਜੋਗ ਸਨ; 2.6 ਫੀਸਦੀ।

ਸੁੰਦਰਤਾ ਰਾਜ ਸ਼੍ਰੇਣੀ ਜਾਂ ਸਮ੍ਰਿਧ (ਰੱਜੇ-ਪੁੱਜੇ) ਵਰਗਾਂ 'ਚ ਸੁਲਭ ਹੁੰਦੀ ਹੈ। ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਸਾਡੇ ਦੇਸ਼ ਵਿਚ ਕੋਹ ਕਾਫ ਦੀਆਂ ਪਰੀਆਂ ਸੋਹਣੀਆਂ ਹੁੰਦੀਆਂ ਸਨ। ਹੁਣ ਤਾਂ ਕੋਹ ਕਾਫ ਦੀ ਕੋਈ ਗੱਲ ਨਹੀਂ ਹੁੰਦੀ (ਚੈਚਨ?); ਬੱਸ ਮੇਮਾਂ ਹੀ ਸੋਹਣੀਆਂ ਹਨ।

ਬਾਈਬਲ ਵਿਚ ਦਾਊਦ, ਮਿਸਰਨ ਨੂੰ ਵਿਆਹੁਣਾ ਚਾਹੁੰਦਾ ਹੈ, ਜਦੋਂ ਯਹੂਦੀ ਮਿਸਰ ਦੀ ਕੈਦ ਵਿਚ ਸਨ। ਉਹਦਾ ਬਾਪ ਮੂਸਾ ਉਹਨੂੰ ਇਸ ਗੱਲ ਤੋਂ ਵਰਜਦਾ ਹੈ। ਮੀਸ਼ਾ ਜੱਟੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ। ਮਿਲਦੇ ਸਾਰ ਗੁਰਦੇਵ ਸਿੰਘ ਨੇ ਪੁੱਛਣਾ, ਕਿਉਂ, ਜਾਤੀ ਸੁਧਾਰ ਹੋਇਆ ਕਿ ਨਹੀਂ?

ਕੈਥੋਲਿਕ ਪ੍ਰੋਟੈਸਟੈਂਟ ਸੰਜੋਗ ਵਾਲੇ ਵੀ ਸੰਕਟਮਈ ਜੀਵਨ ਪਰਵਾਹ ਵਿਚ ਮੁਸ਼ਕਿਲ ਅਨੁਭਵ ਕਰਨ ਲੱਗਦੇ ਹਨ; ਭਾਵੇਂ ਨਸਲ, ਸ਼੍ਰੇਣੀ, ਭਾਸ਼ਾ ਇੱਕੋ ਹੁੰਦੀ ਹੈ। ਇਹ ਕਹਿ ਲਓ, ਜੇ ਭਿੰਨਤਾ ਆਕਰਸ਼ੀ (ਦਿਲ ਲੁਭਾਊ) ਹੈ ਤਾਂ ਇਹਨੂੰ ਦੋਸ਼ ਦੇਣਾ ਵੀ ਸੌਖਾ ਹੋ ਜਾਂਦਾ ਹੈ।

ਸਾਡੇ ਘਰ ਦੀ ਗੱਲ ਹੈ। ਮੇਰੇ ਛੋਟੇ ਭਾਈ ਦੀ ਬੀਵੀ ਬ੍ਰਾਹਮਣ ਹੈ। ਉਹਦਾ ਵੱਡਾ ਮੁੰਡਾ ਜੈਦੀਪ ਬੜਾ ਸੋਹਣਾ ਸੁਨੱਖਾ ਜਵਾਨ ਹੈ ਪਰ ਮੰਦੇ ਭਾਗਾਂ ਨੂੰ ਉਹਦੀ ਮਾਨਸਿਕ ਆਯੂ ਚਾਰ ਸਾਲ ਦੇ ਨਿਆਣੇ ਵਾਲੀ ਹੈ। ਉਹ ਸਵੈਲੀਨ (ਔਟਿਸਟ) ਹੈ। ਛੋਟੇ ਗੌਤਮ ਦਾ ਬੁੱਧ-ਸਤਰ ਪ੍ਰਤਿਭਾ ਵਾਲਾ ਹੈ। ਕੋਲੰਬੀਆ ਯੂਨੀਵਰਸਿਟੀ 'ਚ ਜਰਨਲਿਜ਼ਮ ਪੜ੍ਹ ਰਿਹਾ ਹੈ। ਰਿਸ਼ਤੇਦਾਰੀ 'ਚ ਜਦੋਂ ਕਿਸੇ ਨੇ ਬੇਗਾਨੀ ਧੀ ਦੀ ਨਿੰਦਿਆ ਕਰਨੀ ਹੁੰਦੀ ਹੈ, ਤਾਂ ਕਹਿੰਦੀ ਹੈ, ਵੇਖ ਲਓ, ਚੰਗੇ ਭਲੇ ਨੂੰ ਹਿੰਦੂ ਰੱਖ ਲਿਆ, ਕਮਲੇ ਨੂੰ ਸਿੱਖ ਬਣਾ ਦਿੱਤਾ।

ਅੱਜ ਤੋਂ 50 ਕੁ ਸਾਲ ਪਹਿਲਾਂ ਚੁਟਕਲਾ ਹੁੰਦਾ ਸੀ। ਬਜ਼ੁਰਗ ਬਾਪ ਕਾਲਜ 'ਚ ਪੜ੍ਹਦੇ ਮੁੰਡੇ ਨੂੰ ਘਿਓ ਦੇਣ ਗਿਆ। ਵਿਦਿਆਰਥੀ ਨੂੰ ਹਮ-ਜਮਾਤ ਕਹਿਣ ਲੱਗੇ, ਇਹ ਕੌਣ ਹੈ? ਮੁੰਡਾ ਬਾਪ ਦੇ ਸਾਧਾਰਨ ਕੱਪੜਿਆਂ ਦੀ ਸ਼ਰਮ ਮੰਨ ਗਿਆ, ਕਹਿੰਦਾ, ਇਹ ਸਾਡਾ ਨੌਕਰ ਹੈ। ਅਦ੍ਰਿਸ਼ਟ ਸਬੰਧ ਦੀ ਥਾਉਂ ਦ੍ਰਿਸ਼ਟਮਾਨੀ ਵਰਣਨ ਕਰ ਦਿੱਤਾ। ਜਮਾਤੀਆਂ ਨੇ ਬਜ਼ੁਰਗ ਨੂੰ ਗੱਲ ਸੁਣਾ ਦਿੱਤੀ। ਉਹ ਵੀ ਅ-ਦਿਸ਼ਟ ਸਬੰਧ ਦੀ ਕੀਮਤ 'ਤੇ ਦ੍ਰਿਸ਼ਟਮਾਨੀ ਵਿਹਾਰ ਦੱਸਦਾ ਕਹਿੰਦਾ, ਮੁੰਡਾ ਠੀਕ ਕਹਿੰਦਾ, ਮੈਂ ਇਹਦੀ ਮਾਂ ਦਾ ਯਾਰ ਹਾਂ।

ਜਾਤ ਦਾ ਲੁਕਾਉ ਸਮਾਜੀ ਉਗਮਨ (ਉਦ+ਗਮਨ-ਸੋਸ਼ਲ ਮੋਬਿਲਿਟੀ) ਦੀ ਸਥਿਤੀ 'ਚ ਹੁੰਦਾ ਹੈ। ਇਹ ਸ਼ਹਿਰੀ ਵਿਹਾਰ ਹੈ, ਕਿਉਂਕਿ ਸ਼ਹਿਰ 'ਚ ਉਗਮਨ ਦੀ ਸੰਭਾਵਨਾ ਤਾਂ ਹੁੰਦੀ ਹੈ, ਯਥਾਰਥ ਭਾਵੇਂ ਨਾ ਹੀ ਹੋਵੇ। ਅੱਜ ਤੋਂ 50 ਸਾਲ ਪਹਿਲਾਂ ਪਿੰਡਾਂ ਵਿਚ ਅਜਿਹਾ ਲੁਕਾਉ ਨਹੀਂ ਸੀ, ਕਿਉਂਕਿ ਇਸ ਦੀ ਸੰਭਾਵਨਾ ਨਹੀਂ ਸੀ। ਸ਼ਾਇਦ ਅੱਜ ਵੀ ਗ੍ਰਾਮੀਣ ਵਸੋਂ ਵਿਚ ਜਾਤੀ ਸੁਧਾਰ ਦੀ ਮੌਖਿਕ ਕੋਸ਼ਿਸ਼ ਨਹੀਂ ਹੈ।

ਸਮਾਜੀ ਸਥਿਤੀ ਸਥਿਰ ਤਾਂ ਕਦੇ ਵੀ ਨਹੀਂ ਹੁੰਦੀ, ਪਰ ਕਈ ਵਾਰ ਗਤੀ ਇੰਨੀ ਮੱਧਮ ਹੁੰਦੀ ਹੈ ਕਿ ਸਮਾਜ ਦੇ ਗੋਚਰ ਨਹੀਂ ਹੁੰਦੀ ਅਤੇ ਵਿਅਕਤੀ ਵਿਵਸਥਾ ਨੂੰ ਸਥਿਰ ਸਮਝਣ ਲੱਗ ਜਾਂਦੇ ਹਨ। ਅਜਿਹੀ ਹਾਲਤ ਵਿਚ ਜਾਤਾਂ ਆਪਣੇ ਆਪਣੇ ਸਨਮਾਨ ਪ੍ਰਤਿਮਾਨ ਨੂੰ ਸਵੀਕਾਰ ਕਰ ਲੈਂਦੀਆਂ ਹਨ ਅਤੇ ਨੀਵੀਆਂ ਜਾਤਾਂ ਦੀ ਹੀਣ-ਭਾਵਨਾ ਭਾਸ਼ਾ ਵਿਚ ਬੇ-ਉਜ਼ਰ ਪ੍ਰਵੇਸ਼ ਕਰ ਜਾਂਦੀ ਹੈ। ਬਾਣੀ ਵਿਚ ਭਗਤਾਂ ਦੀ ਸ਼ਲਾਘਾ ਨਾਲ ਅਜਿਹੀ ਸ਼ਬਦਾਵਲੀ ਆ ਵੜੀ ਹੈ।

ਨਾਮਦੇਉ ਤ੍ਰਿਲੋਚਨੁ ਕਬੀਰ (ਦਾਸਰੋ)
ਮੁਕਤਿ ਭਇਓ (ਚਮਿਆਰੋ)
ਮਹਲਾ 5 ਗੂਜਰੀ 10
ਨਾਮਾ ਜੈ ਦੇਉ ਕਬੀਰੁ ਤ੍ਰਿਲੋਚਨੁ (ਅਉਜਾਤਿ)
ਰਵਿਦਾਸੁ (ਚਮਿਆਰੁ ਚਮਈਆ)
ਜੋ ਜੋ ਮਿਲੈ ਸਾਧ ਜਨ ਸੰਗਤਿ
(ਧਨੁ) ਧੰਨਾ ਜਟ ਸੈਣੁ ਮਿਲਿਆ ਹਰਿ ਦਈਆ
ਮਹਲਾ 4 ਬਿਲਾਵਲੁ ਅਸ਼ਟ 4

ਧਨੁ (ਧੰਨ) ਧੰਨਾ ਭਾਸ਼ਾਈ ਵੇਗ ਕਾਰਨ ਆਇਆ ਹੈ। ਬ੍ਰਹਮ ਵਿੱਦਿਆ ਅਨੁਸਾਰ ਅਉ-ਜਾਤ (ਨੀਵੀਂ ਜਾਤ ਵਾਲਾ) ਚਮਿਆਰੁ ਵੀ ਧੰਨੇ ਵਾਂਗੂੰ ਧੰਨ ਹੈ।

ਨਾਮਾ ਜੈ ਦੇਉ ਕਬੀਰੁ ਤ੍ਰਿਲੋਚਨੁ
ਸਭਿ ਦੋਖ ਗਏ ਚਮਰੇ
ਮਹਲਾ 4 ਮਾਰੂ 1
ਭਲੋ ਕਬੀਰੁ (ਦਾਸੁ ਦਾਸਨ) ਕੋ
(ਉਤਮੁ) ਸੈਨੁ ਜਨੁ ਨਾਈ
(ਊਚ ਤੇ ਊਚ) ਨਾਮ ਦੇਉ ਸਮਦਰਸੀ
ਰਵਿਦਾਸੁ ਠਾਕੁਰ ਬਣਿ ਆਈ
ਮਹਲਾ 5 ਸਾਰੰਗ 18

ਸਮਾਜਿਕ ਪਰਿਵਰਤਨ ਕਾਲ ਵਿਚ ਸੈਨਿਕ/ਜਾਤੀ ਦਵੈਸ਼ ਵਧੇਰੇ ਉਜਾਗਰ ਹੋਣ ਲੱਗਦਾ ਹੈ। ਸੰਨ 1766 ਵਿਚ ਪੰਜਾਬ ਦੇ ਮੈਦਾਨੀ ਇਲਾਕਿਆਂ ਵਿਚ ਨੀਵੀਆਂ ਜਾਤਾਂ ਹੁਕਮਰਾਨ ਹੋਣ ਲੱਗੀਆਂ ਸਨ ਜਿਨ੍ਹਾਂ ਵਿਚ ਬਹੁਤਾ ਕਰ ਕੇ ਜੱਟ ਸਨ। ਇਸ ਕਰ ਕੇ ਵਾਰਿਸ ਸ਼ਾਹ ਜੱਟਾਂ ਦੀ ਜਿੰਨੀ ਬਦਖੋਈ ਕਰਦਾ ਹੈ, ਉਨੀ ਸ਼ਾਇਦ ਕਿਸੇ ਹੋਰ ਨੇ ਨਹੀਂ ਕੀਤੀ।

ਯਾਰੋ ਜੱਟ ਦਾ ਕੌਲ ਮਨਜ਼ੂਰ ਨਾਹੀਂ
ਗੋਜ਼ ਸ਼ਤਰ ਹੈ ਕੌਲ ਰੁਸਤਾਈਆਂ ਦਾ।
ਪਤਾਂ ਹੋਣ ਇਕੀਸ ਜਿਸ ਜੱਟ ਤਾਈਂ
ਸੋਈ ਅਸਲ ਭਰਾ ਹੈ ਭਾਈਆਂ ਦਾ।
ਜਦੋਂ ਬਹਿਣ ਅਰੂੜੀ 'ਤੇ ਅਕਲ ਆਵੇ
ਜਿਵੇਂ ਖੋਤਾ ਹੋਵੇ ਗੋਸਾਈਆਂ ਦਾ।
ਸਿਰੋਂ ਲਾਹ ਕੇ ਚਿੱਤੜਾਂ ਹੇਠ ਦਿੰਦੇ
ਮਜ਼ਾ ਆਂਵਦਾ ਤਦੋਂ ਸਫਾਈਆਂ ਦਾ।
ਜੱਟੀ ਜੱਟ ਦੇ ਸਾਂਗ 'ਤੇ ਹੋਈ ਰਾਜ਼ੀ
ਫਿਰੇ ਮੁਗਲ ਤੇ ਵੇਸ ਗਿਲਈਆਂ ਦਾ।
ਧੀਆਂ ਦੇਣੀਆਂ ਕਰਨ ਮੁਸਾਫਰਾਂ ਨੂੰ
ਵੇਚਣ ਹੋਰ ਦਰ ਮਾਲ ਜਵਾਈਆਂ ਦਾ।
ਵਾਰਿਸ ਸ਼ਾਹ ਨਾ ਮੁਇਤਬਰ ਜਾਣਨਾ ਜੇ
ਕੌਲ ਜੱਟ ਸੁਨਿਆਰ ਕਸਾਈਆਂ ਦਾ।
-ਹੀਰ ਵਾਰਿਸ (82)

(ਗੋਜ਼-ਪੱਦ, ਸ਼ਤਰ-ਊਠ ਦਾ; ਰੁਸਤਾਈ-ਪੇਂਡੂ; ਗਿਲਈ-ਗੀਲਾਨੀ, ਗੀਲਾਨ-ਵਾਸੀ; ਮੁਇਤਬਰ-ਇਤਬਾਰ ਵਾਲਾ)

ਇਹ ਮਿਸਲ ਮਸ਼ਹੂਰ ਜਹਾਨ ਅੰਦਰ
ਜੱਟ ਚਾਰੇ ਹੀ ਥੋਕ ਸੰਵਾਰਦੀ ਹੈ।
ਉਨ ਤੁੰਬਦੀ ਮਨ੍ਹੇ 'ਤੇ ਬਾਲ ਲੈਂਡੇ
ਚਿੜੀਆਂ ਹਾਕਰੇ ਤੇ ਲੇਲੇ ਚਾਰਦੀ ਹੈ।
ਬੰਨ੍ਹ ਝੇੜੇ ਫਕੀਰਾਂ ਦੇ ਨਾਲ ਲੜਦੀ
ਘਰ ਸਾਂਭਦੀ ਲੋਕਾਂ ਨੂੰ ਮਾਰਦੀ ਹੈ। (140)
ਅਸੀਂ ਜੱਟੀਆਂ ਹਾਂ ਪਲੇਟੀਆਂ ਹਾਂ
ਨੱਕ ਪਾੜ ਸੁਟੇ ਜਿਨ੍ਹਾਂ ਝੋਟਿਆਂ ਦੇ। (127)

ਉਪਰੋਕਤ ਜੱਟ ਦੀ ਨੁਹਾਰ ਅਜੋਕੇ ਕਾਲੇ ਅਮਰੀਕੀਆਂ ਨਾਲ ਮਿਲਦੀ ਜੁਲਦੀ ਹੈ ਜਿਹੜੀ ਹਾਕਮ ਜਮਾਤ ਨੇ ਬਣਾਈ ਹੈ।

ਦੂਜੀ ਮਿਸਾਲ ਅੰਗਰੇਜ਼ੀ ਪੱਤਰਕਾਰੀ ਦੀ ਹੈ ਜਿਸ ਨੇ ਵੀ.ਪੀ. ਸਿੰਘ ਨੂੰ ਬੱਦੂ ਕੀਤਾ ਹੈ ਕਿਉਂਕਿ ਆਰਕਸ਼ਣ ਦੇ ਵਿਸ਼ੇ ਦੀ ਗਰਮਾ ਗਰਮੀ ਅਨੁਸੂਚਿਤ ਜਾਤੀਆਂ ਦੇ ਉਗਮਨ ਕਾਰਨ ਹੈ।

ਵਾਰਿਸ ਸ਼ਾਹ ਦੇ ਜੱਟ ਆਪਣੇ ਵਰਗੇ ਹੋਰਾਂ ਨਾਲ ਰਲ ਕੇ 1798 ਵਿਚ ਹੁਕਮਰਾਨ ਹੋ ਜਾਂਦੇ ਹਨ ਤਾਂ ਜਾਤਿ ਹੀਣਤਾ ਦੀ ਲੋੜ ਨਹੀਂ ਰਹਿੰਦੀ। 'ਗੁਰਬਿਲਾਸ ਦਸਵੀਂ ਪਾਤਸ਼ਾਹੀ' ਵਿਚ ਕਲਜੁਗ ਦੇ ਖਤਰੀ ਸਿੱਖ ਹਨ, 'ਖਤ੍ਰੀ ਹੈ ਵਹ ਸਿੱਖ ਭਨੀਜੇ।' ਇਹ ਹਨ,

ਜਾਟ ਗਵਾਰ ਸੁ ਤੇਲੀ ਘਨੇ।
ਨਾਈ ਬਾਮਨ ਜਾਤ ਨ ਗਨੇ।
ਰਜਕ ਸੂਦ ਲੁਬਾਨੇ ਜਾਨਹੁ।
ਬਨੀਏ ਰੋੜੇ ਭਾਟ ਪਛਾਨਹੁ।
ਬਾਢੀ ਅਉਰ ਲੁਹਾਰ ਸੁਨਾਰ।
ਝੀਵਰ ਲੋਗ ਘੁਮਾਰ ਕੁਲਾਰ।
ਕਿਤਕ ਬਾਹਤੀ ਔਰ ਚਮਾਰ।
ਕਰ ਰੰਘਰੇਟੇ ਖੌਰ ਹਲਾਲ।
ਬਾਰਾਂ ਜਾਤ ਸੁਨਾਤ ਮਿਲਾਵੇਂ। (148)

(ਰਜਕ-ਧੋਬੀ, ਸੂਦ-ਸੂਦਰ, ਬਾਢੀ-ਤਰਖਾਣ, ਕੁਲਾਰ-ਕਲਾਲ, ਬਾਹਤੀ-ਚਾਂਗ ਜਤਿ, ਮਜ਼ਦੂਰੀ/ਖੇਤੀ ਦਾ ਕੰਮ। ਵੇਖੋ 'ਮਹਾਨ ਕੋਸ਼' ਵਿਚ ਨਵੇਂ ਵਾਧੇ)

ਕਿਸੇ ਅੰਗਰੇਜ਼ ਦਾ ਕਹਿਣਾ ਹੈ ਕਿ ਪੰਜਾਬ ਵਿਚ ਜੱਟ ਆਪਣੇ ਆਪ ਨੂੰ ਸਭ ਤੋਂ ਉਚੇ ਸਮਝਦੇ ਹਨ ਅਤੇ ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਹੋਰ ਕੋਈ ਜਾਤ ਏਸ ਦਾਅਵੇ ਨੂੰ ਚੈਲੰਜ ਕਰਨ ਲਈ ਤਿਆਰ ਨਹੀਂ।

ਕੇਂਦਰ ਦਾ ਸੂਚਨਾ ਮੰਤਰੀ ਕੇਸਕਰ ਜਲੰਧਰ ਆਇਆ। ਉਹ ਕੁਲਵੰਤ ਸਿੰਘ ਵਿਰਕ ਨੂੰ ਪੁੱਛਦਾ,

"ਰਣਜੀਤ ਸਿੰਘ ਜੱਟ ਸੀ?"

"ਹਾਂ ਜਨਾਬ।"

"ਖਿਜ਼ਰ ਹਿਆਤ ਖਾਂ ਜੱਟ ਸੀ।"

"ਹਾਂ ਜਨਾਬ।"

(ਖਿਜ਼ਰ ਹਿਆਤ ਖਾਂ ਟਿਵਾਣਾ ਦੂਜੀ ਵਿਸ਼ਵ ਲੜਾਈ ਸਮੇਂ ਪੰਜਾਬ ਦਾ ਪ੍ਰੀਮੀਅਰ ਸੀ)

"ਪ੍ਰਤਾਪ ਸਿੰਘ ਕੈਰੋਂ ਜੱਟ ਐ?"




"ਹਾਂ ਜਨਾਬ।"

"ਮੈਂ ਸਮਝ ਗਿਆ।" ਕੇਸਕਰ ਕਹਿੰਦਾ।

ਜਿਹੜੀ ਗੱਲ ਕੇਸਕਰ ਸਮਝ ਗਿਆ ਸੀ, ਉਹ ਪਾਠਕ ਵੀ ਸਮਝ ਗਿਆ ਹੋਣੈ। (ਅੱਜ ਕੱਲ੍ਹ ਰਾਜਸਥਾਨ 'ਚ ਜੱਟ ਅਨੁਸੂਚਿਤ ਜਾਤੀ ਹੋਣ ਲਈ ਤਰਲੇ ਮਾਰ ਰਹੇ ਹਨ)

ਸੰਨ 1798 ਦੇ ਕਲਜੁਗ ਦੇ ਖਤਰੀ ਆਪਣੀ ਪਹਿਲੀ ਸਮਾਜਿਕ ਦਸ਼ਾ ਦਾ ਵਰਣਨ ਨਿਮਨ ਉਕਤ 'ਚ ਕਰਦੇ ਹਨ, ਜਦੋਂ ਗੁਰੂ ਗੋਬਿੰਦ ਸਿੰਘ ਉਨ੍ਹਾਂ ਨੂੰ ਖਾਲਸਾ ਸਜਣ ਨੂੰ ਕਹਿੰਦੇ ਹਨ,

ਜਾਤਿ ਕੇ ਕਮੀਨ ਦੀਨ।
ਰੰਕ ਹੈ ਅਧੀਨ ਹੀਨ।
ਕਾਮ ਕ੍ਰੋਧ ਪੀਨ ਮਨ।
ਛੀਨ ਹੈ ਨਾ ਚੈਨ ਕੋ।
ਬਿਸ਼ਈ ਮਲੀਨ ਜੀਵ।
ਸਭ ਤੇ ਸਦੀਵ ਨੀਵ।
ਜੰਤ ਸੋ ਗਰੀਬ ਹਮ।
ਭਲੋ ਗੁਨ ਹੈ ਨ ਕੋ। (ਸੂਰਜ ਪ੍ਰਕਾਸ਼)

(ਦੀਨ-ਗਰੀਬ, ਰੰਕ-ਮੰਗਤੇ, ਅਧੀਨ-ਕਿਸੇ ਦੀ ਹਕੂਮਤ ਵਿਚ; ਹੀਨ-ਛੋਟੇ, ਪੀਨ-ਮੋਟਾ, ਛੀਨ-ਥੋੜ੍ਹਾ, ਕਮਜ਼ੋਰ; ਮਲੀਨ-ਮੈਲੇ, ਸਦੀਵ-ਹਮੇਸ਼ਾ, ਨੀਵ-ਨੀਵੇਂ, ਭਲੋ-ਭਲਾ)

ਬਾਬਾ ਦੁੱਲਾ ਸਿੰਘ ਸਭ ਤੋਂ ਛੋਟੀ ਉਮਰ ਦਾ ਗ਼ਦਰੀ ਸੀ। ਬਾਬੇ ਨਾਲ ਮੇਰੀ ਕੁਝ ਚਿਰ ਬਹਿਣੀ-ਉਠਣੀ ਰਹੀ ਹੈ। ਇਕ ਦਿਨ (ਟੌਇਲਰਜ਼ ਆਫ ਦਿ ਈਸਟ ਯੂਨੀਵਰਸਿਟੀ) ਤਾਸ਼ਕੰਦ ਦੀ ਗੱਲ ਕਰਨ ਲੱਗਾ। ਇਹ ਸੰਸਥਾ ਪੂਰਬ ਦੇ ਦੇਸ਼ਾਂ ਲਈ ਇਨਕਲਾਬੀਆਂ ਦੀ ਸਿਖਲਾਈ ਕਰਦੀ ਸੀ। ਬਾਬਾ ਕਹਿੰਦਾ, ਸਾਥੋਂ ਸਾਰਿਆਂ ਤੋਂ ਜ਼ਮੀਨ ਆਦਿ ਦੀ ਮਾਲਕੀ ਬਾਰੇ ਪੁੱਛ-ਗਿੱਛ ਕੀਤੀ ਗਈ। ਕਹਿੰਦਾ, ਸਾਰਿਆਂ ਨੇ ਆਪਣੀ ਹਾਲਤ ਤੋਂ ਵੱਧ ਸਮ੍ਰਿਧ ਹੋਣ ਦੀ ਕਹੀ। ਫਿਰ ਬਾਬੇ ਦੀ ਵਾਰੀ ਆਈ। ਕਹਿੰਦਾ, ਮੇਰੀ ਕੋਈ ਜ਼ਮੀਨ ਨਹੀਂ। ਅਧਿਆਪਕ ਪੁੱਛੇ, ਕਿਉਂ, ਤੇਰੀ ਜ਼ਮੀਨ ਕਿਉਂ ਨਹੀਂ? ਬਾਬਾ ਕਹਿੰਦਾ, ਮੈਂ ਚਮਾਰ ਹਾਂ। ਉਹ ਪੁੱਛੇ, ਕਿਉਂ ਚਮਾਰਾਂ ਕੋਲ ਜ਼ਮੀਨ ਨਹੀਂ ਹੁੰਦੀ? (ਰੂਸ ਵਿਚ ਪਿੰਡ ਦੇ ਸਾਰੇ ਪੇਸ਼ਿਆਂ ਕੋਲ ਜ਼ਮੀਨ ਹੁੰਦੀ ਸੀ) ਬਾਬਾ ਕਹਿੰਦਾ, ਮੈਨੂੰ ਬੇ-ਜ਼ਮੀਨੇ ਨੂੰ ਮਿਲ ਕੇ ਕ੍ਰਾਂਤੀ ਦੇ ਅਧਿਆਪਕ ਦਾ ਚਿਹਰਾ ਖਿੜ ਗਿਆ; ਬਹੁਤੀ ਮਾਲਕੀ ਵਾਲਿਆਂ ਤੋਂ ਉਹਨੂੰ ਥੋੜ੍ਹੀ ਆਸ ਸੀ।

ਮੰਨ ਲਓ ਕਿ ਬਾਬਾ ਸੀ.ਪੀ.ਆਈ. 'ਚ ਹੋਣ ਕਰ ਕੇ ਲਾਲ ਪਾਰਟੀ 'ਤੇ ਅਸਿੱਧਾ ਵਾਰ ਕਰ ਰਿਹਾ ਸੀ ਪਰ ਇਹ ਗੱਲ ਤਾਂ ਨਿੱਖਰ ਆਉਂਦੀ ਹੈ ਕਿ ਵਿਚਾਰਧਾਰਕ ਤੌਰ 'ਤੇ ਕ੍ਰਾਂਤੀਕਾਰੀ, ਮਨੋਵਿਗਿਆਨਕ ਤੌਰ 'ਤੇ ਪ੍ਰਤਿਗਾਮੀ ਹੋ ਸਕਦਾ ਹੈ। ਜੇ ਇਸ ਦ੍ਰਿਸ਼ਟੀ ਨਾਲ ਵੇਖੀਏ ਤਾਂ ਸਾਡੇ ਬਹੁਤੇ ਪ੍ਰਗਤੀਵਾਦੀ ਲਿਖਾਰੀ ਆਪਣੀ ਜਾਤ ਲੁਕਾਉਣ ਦੇ ਆਹਰ 'ਚ ਲੱਗੇ ਰਹਿੰਦੇ ਹਨ। ਇਹਦਾ ਮਤਲਬ ਹੈ ਕਿ ਉਨ੍ਹਾਂ ਦਾ ਪ੍ਰਗਤੀਵਾਦ ਕਿਸਾਨ ਮਜ਼ਦੂਰ ਦੇ ਹਿੱਤ ਲਈ ਥੋੜ੍ਹਾ, ਪਰ ਆਪਣੇ ਮੱਧ ਵਰਗੀ ਉਗਮਨ ਲਈ ਬਹੁਤਾ ਹੈ। ਮਤਲਬ, ਰਤਾ ਗਾਲਿਬ ਨੂੰ ਬਦਲ ਕੇ ਕਹੀਏ, 'ਸ਼ਾਇਰੀ ਕੁਝ ਜ਼ਰੀਆ-ਇ-ਇੱਜ਼ਤ ਰਹੀ ਮੁਝੇ।'

ਮੈਂ ਏਜ਼ਾਜ਼ੀ ਸ਼ੂਦਰ (ਆਨਰੇਰੀ ਐਸ.ਸੀ.) ਹੋਣ ਦੇ ਨਾਤੇ ਕਹਿੰਦਾ ਹਾਂ ਕਿ ਸਾਨੂੰ ਨੀਵੀਆਂ ਜਾਤਾਂ ਨੂੰ ਸਿਰ ਲੁਕੋਣ ਦੀ ਲੋੜ ਨਹੀਂ, ਸਗੋਂ ਜਾਤ ਵੰਡ ਦੀ ਮਨੂ ਸਥਿਤ ਜੜ੍ਹ ਪੁੱਟਣੀ ਚਾਹੀਦੀ ਹੈ।

'ਅਵਿਅਕਤ ਨੇ ਵਿਅਕਤ ਹੋ ਕੇ ਵੇਦਾਂ ਅਨੁਸਾਰ ਸ੍ਰਿਸ਼ਟੀ ਰਚੀ। ਮੂੰਹ 'ਚੋਂ ਬ੍ਰਾਹਮਣ, ਬਾਂਹਾਂ 'ਚੋਂ ਕਸ਼ਤਰੀ, ਪੱਟਾਂ 'ਚੋਂ ਵੈਸ਼, ਪੈਰਾਂ 'ਚੋਂ ਸ਼ੂਦਰ ਪੈਦਾ ਕੀਤੇ।' ਸਾਡੇ ਸਾਹਮਣੇ ਦੋ ਸਵਾਲ ਹਨ, ਵੇਦ ਵਿਅਕਤ ਹਨ ਜਾਂ ਅਵਿਅਕਤ? (ਮੈਨੀਫੈਸਟ ਕਿ ਅਨ-ਮੈਨੀਫੈਸਟ) ਜਦੋਂ ਅਵਿਅਕਤ, ਵਿਅਕਤ ਹੋਇਆ, ਤਾਂ ਵੇਦ ਤਾਂ ਉਸ ਤੋਂ ਪਹਿਲਾਂ ਹੀ ਵਿਅਕਤ ਹੋ ਚੁੱਕੇ ਸਨ। ਦੂਜੇ, ਦੱਖਣ ਵਿਚ ਅਵਿਅਕਤ ਦੇ ਕੇਵਲ ਮੂੰਹ ਅਤੇ ਪੈਰ ਹੀ ਰਹਿ ਗਏ, ਪੱਟ ਅਤੇ ਬਾਂਹਾਂ ਨੇ ਕੰਮ ਨਹੀਂ ਕੀਤਾ ਕਿਉਂਕਿ ਉਥੇ ਕੇਵਲ ਬ੍ਰਾਹਮਣ ਅਤੇ ਸ਼ੂਦਰ ਹੀ ਹਨ।

ਵੇਦ ਇਸਤਰੀ ਨੂੰ ਵੀ ਸ਼ੂਦਰ ਕਹਿੰਦੇ ਹਨ, ਕਿਉਂਕਿ ਔਰਤ ਵਿਚ ਵੀਰਜ ਸ਼ਕਤੀ ਨਹੀਂ ਅਤੇ ਇਹਦੇ ਬਾਰੇ ਵੇਦਾਂ 'ਚ ਛੰਦ ਨਹੀਂ।

ਮੈਂ ਉਚ ਜਾਤੀਆਂ ਨੂੰ ਵੀ ਚਿਤਾਵਨੀ ਦਿੰਦਾ ਹਾਂ ਕਿ ਜਾਤੀ ਵੰਡ ਨੂੰ ਖਤਮ ਕਰਨਾ ਉਨ੍ਹਾਂ ਦੇ ਹਿੱਤ ਵਿਚ ਹੈ। ਜਾਤੀ ਸੰਸਕਾਰ ਕਾਇਮ ਰੱਖਦਿਆਂ ਕੋਈ ਅੰਤਹ-ਕਰਨ ਜਾਂ ਜ਼ਮੀਰ ਦੀ ਸੰਭਾਵਨਾ ਨਹੀਂ, ਕਿਉਂਕਿ ਜ਼ਮੀਰ ਸਾਰਵ (ਯੂਨੀਵਰਸਲ) ਹੁੰਦੀ ਹੈ, ਵਿਸ਼ੇਸ਼ ਨਹੀਂ। ਅਧੂਰੀ ਜ਼ਮੀਰ ਵਾਲਾ ਦੇਸ਼ ਆਰਥਿਕ ਤੌਰ 'ਤੇ ਦੁਨੀਆਂ 'ਚ ਪੱਛੜਿਆ ਰਹੇਗਾ। ਸਾਰਵ ਜ਼ਮੀਰ ਤੋਂ ਬਿਨਾਂ ਅਸੀਂ ਲੋਕਵਾਦੀ/ਲੋਕਤੰਤਰੀ ਰੁਚੀ ਨੂੰ ਬਰਕਰਾਰ ਨਹੀਂ ਰੱਖ ਸਕਾਂਗੇ। ਲੋਕਵਾਦ/ਲੋਕਤੰਤਰ ਤੋਂ ਪਿੱਛੇ ਹਟਦੇ ਅਸੀਂ ਕਿਸ ਦੁਨੀਆਂ 'ਚ ਅੱਗੇ ਨਿਕਲ ਜਾਣਾ ਹੈ।

ਪ੍ਰਤਿ-ਸੰਸਕ੍ਰਿਤੀ (ਕਾਊਂਟਰ ਕਲਚਰ) ਵਿਚ ਜਾਤੀ ਵੰਡ ਦੋਸ਼ ਦੀ ਥਾਉਂ ਗੁਣ ਹੋ ਜਾਂਦੀ ਹੈ। ਵੈਲੀਆਂ ਦੀ ਅੰਤਰ-ਜਾਤੀ ਢਾਣੀ ਹੁੰਦੀ ਹੈ।




# ਤਸਵੀਰ ਦੇ ਦੋਵੇਂ ਪਾਸੇ

***ਫਰਾਂਸ ਦੇ ਸੰਸਾਰ ਪ੍ਰਸਿੱਧ ਲੇਖਕ ਮੋਪਾਸਾਂ (5 ਅਗਸਤ 1850-6 ਜੁਲਾਈ 1893) ਦੀ ਸ਼ਾਹਕਾਰ 'ਬੂਲ ਦਿ ਸੂਫ' ਨਾਂ ਦੀ ਕਹਾਣੀ ਕਈ ਨਾਂਵਾਂ- 'ਬਾਲ ਆਫ ਫੈਟ', 'ਬਟਰਬਾਲ', 'ਡੰਪਲਿੰਗ' ਹੇਠ ਅਨੁਵਾਦ ਹੋਈ ਹੈ। ਮੋਪਾਸਾਂ ਦੀ ਇਹ ਕਹਾਣੀ ਪਹਿਲੀ ਵਾਰ ਅਪਰੈਲ 1880 ਵਿਚ ਛਪੀ ਸੀ। ਪੰਜਾਬੀ ਦੇ ਪ੍ਰਸਿੱਧ ਨਾਵਲਿਸਟ ਸਵਰਗੀ ਨਾਨਕ ਸਿੰਘ ਨੇ ਇਸ ਕਹਾਣੀ ਦਾ ਅਨੁਵਾਦ 'ਤਸਵੀਰ ਦੇ ਦੋਵੇਂ ਪਾਸੇ' ਸਿਰਲੇਖ ਤਹਿਤ ਕੀਤਾ ਸੀ। ਕਹਾਣੀ ਕਹਿਣ ਵਿਚ ਮੋਪਾਸਾਂ ਦੀ ਕੋਈ ਰੀਸ ਨਹੀਂ। ਮੁਸੀਬਤ ਵਿਚ ਕਿਵੇਂ ਊਚ-ਨੀਚ, ਅਮੀਰੀ-ਗਰੀਬੀ ਭੁਲਾ ਕੇ ਬੰਦਾ ਸਿਰਫ ਇਨਸਾਨ ਰਹਿ ਜਾਂਦਾ ਹੈ, ਕਹਾਣੀ ਵਿਚ ਇਹ ਬਿਰਤਾਂਤ ਲਾਜਵਾਬ ਹੈ। ਕਹਾਣੀ ਦਸ ਯਾਤਰੂਆਂ ਦੁਆਲੇ ਘੁੰਮਦੀ ਹੈ। ਇਸ ਕਹਾਣੀ ਦਾ ਘੇਰਾ ਅੰਬਰ ਜਿੱਡਾ ਹੈ। ਕੋਈ ਮੋਪਾਸਾਂ ਵਰਗਾ ਲੇਖਕ ਹੀ ਕਹਾਣੀ ਦੀ ਇੰਨੀ ਵੱਡੀ ਹਲਾਈਂ ਵਗਲ ਸਕਦਾ ਸੀ। ਪੇਸ਼ ਹੈ ਕਹਾਣੀ ਦੀ ਆਖਰੀ ਕਿਸ਼ਤ। -ਸੰਪਾਦਕ***

## ਪੰਜਵੀਂ ਤੇ ਆਖਰੀ ਕਿਸ਼ਤ

### ਤੁਸੀਂ ਪੜ੍ਹ ਚੁੱਕੇ ਹੋ...

***ਜਰਮਨਾਂ ਹੱਥੋਂ ਹਾਰ ਕਾਰਨ ਫਰਾਂਸੀਸੀ ਲੋਕ ਔਕੜਾਂ ਵਿਚ ਘਿਰੇ ਹਨ। ਦਸ ਮੁਸਾਫਿਰ ਆਪਣੇ ਸ਼ਹਿਰ ਰੋਇਨ ਤੋਂ ਹਾਵਰੇ ਲਈ ਨਿਕਲਦੇ ਹਨ ਤਾਂ ਕਿ ਉਥੇ ਜਾ ਕੇ ਕੰਮ-ਧੰਦਾ ਕਰ ਸਕਣ ਅਤੇ ਜਰਮਨਾਂ ਦੀ ਜਿੱਲਤ ਤੋਂ ਵੀ ਮੁਕਤ ਹੋ ਸਕਣ। ਬਰਫਬਾਰੀ ਕਾਰਨ ਬਹੁਤ ਘੱਟ ਪੈਂਡਾ ਤੈਅ ਹੁੰਦਾ ਹੈ। ਕਿਸੇ ਕੋਲ ਖਾਣ ਲਈ ਕੁਝ ਵੀ ਨਹੀਂ ਹੈ। ਸਭ ਭੁੱਖ ਨਾਲ ਹਾਲੋਂ-ਬੇਹਾਲ ਹਨ। ਨੌਂ ਮੁਸਾਫਿਰ ਆਪਣੀ 10ਵੀਂ ਸਾਥਣ, ਵੇਸਵਾ ਮੁਟਿਆਰ ਮਾਰਗਰੇਟ ਤੋਂ ਖਾਣਾ ਲੈ ਕੇ ਭੁੱਖ ਮਿਟਾਉਂਦੇ ਹਨ, ਸਭ ਉਸ ਦੇ ਧੰਨਵਾਦੀ ਹਨ। ਰਾਹ 'ਚ ਇਕ ਹੋਟਲ ਵਿਚ ਠਾਹਰ ਦੌਰਾਨ ਇਕ ਜਰਮਨ ਅਫਸਰ, ਮਾਰਗਰੇਟ ਨਾਲ ਸੇਜ ਸਾਂਝੀ ਕਰਨ ਦੀ ਜ਼ਿਦ ਕਰਦਾ ਹੈ। ਸਾਰੇ ਮੁਸਾਫਰ ਗੁੱਸੇ ਵਿਚ ਰਿੱਝਣ ਲਗਦੇ ਹਨ। ਮਾਰਗਰੇਟ ਹਮਲਾਵਰ ਜਰਮਨਾਂ ਨੂੰ ਅੰਤਾਂ ਦੀ ਨਫਰਤ ਕਰਦੀ ਹੈ ਅਤੇ ਨਿਰਭੈ ਹੋ ਕੇ ਅਫਸਰ ਨੂੰ ਖਰੀਆਂ-ਖਰੀਆਂ ਸੁਣਾਉਂਦੀ ਹੈ। ਉਧਰ, ਅਫਸਰ ਸਾਰੇ ਮੁਸਾਫਰਾਂ ਨੂੰ ਡੱਕ ਲੈਂਦਾ ਹੈ। ਫਿਰ ਬਾਕੀ ਮੁਸਾਫਰ ਮਾਰਗਰੇਟ ਨੂੰ ਮਨਾਉਣ ਲਈ ਹਰ ਹਰਬਾ ਵਰਤਦੇ ਹਨ ਪਰ ਮਾਰਗਰੇਟ ਅਡੋਲ ਰਹਿੰਦੀ ਹੈ ਤੇ ਅਖੀਰ...। ਹੁਣ ਪੜ੍ਹੋ ਅੱਗੇ...***

ਸੈਰ ਤੋਂ ਵਾਪਸ ਆ ਕੇ ਮਾਰਗਰੇਟ ਬਿਨਾਂ ਕਿਸੇ ਨਾਲ ਬੋਲਿਆਂ ਸਿੱਧੀ ਆਪਣੇ ਕਮਰੇ ਵਿਚ ਚਲੀ ਗਈ। ਮੁੜ ਕੇ ਉਹ ਦਿਖਾਈ ਨਾ ਦਿੱਤੀ। ਸਾਰੇ ਹੀ ਫ਼ਿਕਰਮੰਦ ਹੋ ਉਠੇ ਕਿ ਉਹ ਕਿਥੇ ਚਲੀ ਗਈ ਹੈ। ਉਹ ਤਾਂ ਅਜੇ ਉਸ ਨੂੰ ਸ਼ਾਇਦ ਹੋਰ ਕੁਝ ਲੈਕਚਰ ਦੇਣੇ ਚਾਹੁੰਦੇ ਸਨ, ਕਿਉਂਕਿ ਉਹ ਜਾਣਦੇ ਸਨ ਕਿ ਜੇ ਮਾਰਗਰੇਟ ਨਾ ਮੰਨੀ ਤਾਂ ਉਨ੍ਹਾਂ ਸਾਰੀਆਂ ਦੀ ਕੀ ਹਾਲਤ ਹੋਵੇਗੀ।

ਰਾਤ ਦੀ ਰੋਟੀ ਵੇਲੇ ਵੀ ਮਾਰਗਰੇਟ ਨਜ਼ਰੀਂ ਨਾ ਆਈ। ਸਾਰੇ ਫਿਕਰ ਤੇ ਬੇਸਬਰੀ ਨਾਲ ਉਸ ਨੂੰ ਉਡੀਕ ਰਹੇ ਸਨ। ਅੰਤ ਫਲੇਮਬੀ ਨੇ ਆ ਕੇ ਦੱਸਿਆ ਕਿ ਕੁਮਾਰੀ ਮਾਰਗਰੇਟ ਦੀ ਤਬੀਅਤ ਕੁਝ ਖਰਾਬ ਹੈ, ਇਸ ਲਈ ਉਹ ਉਸ ਦੀ ਉਡੀਕ ਨਾ ਕਰਨ।



**ਮੂਲ ਲੇਖਕ: ਮੋਪਾਸਾਂ**
**ਤਰਜਮਾ: ਨਾਨਕ ਸਿੰਘ**

ਸਾਰੇ ਰੋਟੀ ਖਾਣ ਲੱਗੇ। ਕਾਊਂਟ ਨੇ ਪਰ੍ਹਾਂ ਜਾ ਕੇ ਫਲੇਮਬੀ ਨੂੰ ਪੁਛਿਆ, "ਕਿਉਂ, ਸਭ ਠੀਕ ਹੈ ਨਾ?"

ਕਾਊਂਟ ਫਿਰ ਮੇਜ਼ ਅੱਗੇ ਆ ਬੈਠਾ, ਪਰ ਸ਼ਿਸ਼ਟਾਚਾਰ ਦੇ ਖਿਆਲ ਨਾਲ ਉਸ ਨੇ ਅਸਲ ਗੱਲ ਦਾ ਕਿਸੇ ਅੱਗੇ ਭੋਗ ਨਾ ਪਾਇਆ; ਕੇਵਲ ਕਾਮਯਾਬੀ ਭਰੀ ਮੁਸਕਣੀ ਨਾਲ ਸਭਨਾਂ ਵੱਲ ਤੱਕਿਆ। ਸਾਰਿਆਂ ਨੇ ਤਸੱਲੀ ਦਾ ਸਾਹ ਲਿਆ। ਸਭ ਦੇ ਚਿਹਰੇ ਖੁਸ਼ੀ ਨਾਲ ਖਿੜ ਗਏ।

ਲੋਸ਼ੀਓ ਨੇ ਜ਼ੋਰ ਨਾਲ ਕਿਹਾ, "ਰੱਬ ਦੀ ਸਹੁੰ, ਅੱਜ ਜੇ ਕਿਤੇ ਸ਼ੈਂਮਪੇਨ ਦੀਆਂ ਦੋ-ਚਾਰ ਬੋਤਲਾਂ ਮਿਲ ਜਾਂਦੀਆਂ, ਤਾਂ ਮੈਂ ਇਸ ਖੁਸ਼ੀ ਵਿਚ ਸਭਨਾਂ ਦੀ ਦਾਅਵਤ ਕਰਦਾ।"

ਤੇ ਸ੍ਰੀਮਤੀ ਲੋਸ਼ੀਓ ਨੂੰ ਇਹ ਵੇਖ ਕੇ ਬੜਾ ਅਫ਼ਸੋਸ ਹੋਇਆ ਕਿ ਥੋੜ੍ਹੀ ਦੇਰ ਬਾਅਦ ਹੋਟਲ ਦਾ ਮਾਲਕ ਸ਼ੈਂਮਪੇਨ ਦੀਆਂ ਚਾਰ ਬੋਤਲਾਂ ਕੱਛੇ ਮਾਰੀ ਖੰਘਦਾ ਹੋਇਆ ਆ ਪਹੁੰਚਾ।

ਸਾਰੇ ਅੱਜ ਬੜੀ ਤੇਜ਼ੀ ਨਾਲ ਖਾਣ ਤੇ ਪੀਣ ਵਿਚ ਮਸਤ ਸਨ। ਗੱਲਾਂ ਦੀ ਲੜੀ ਵੀ ਬੜੀ ਸੁਆਦਲੀ ਅਤੇ ਚੜ੍ਹਦੀਆਂ ਕਲਾਂ 'ਤੇ ਹੁੰਦੀ ਜਾ ਰਹੀ ਸੀ। ਕਾਊਂਟ ਨੂੰ ਅੱਜ ਪਹਿਲੀ ਵਾਰੀ ਮਹਿਸੂਸ ਹੋਇਆ ਕਿ ਸ੍ਰੀਮਤੀ ਕੈਰੇ ਕਿੰਨੀ ਖੂਬਸੂਰਤ ਹੈ। ਸ੍ਰੀਮਾਨ ਕੈਰੇ ਹੁਰਾਂ ਕਾਊਂਟੈਸ ਦੀਆਂ ਵਡਿਆਈਆਂ ਦੇ ਪੁਲ ਬੰਨ੍ਹਣੇ ਸ਼ੁਰੂ ਕਰ ਦਿੱਤੇ।

ਸਭ ਦੀਆਂ ਗੱਲਾਂ ਵਿਚ ਉਮੰਗ ਤੇ ਮਖੌਲ ਝਲਕਦੇ ਸਨ। ਬਹੁਤ ਸਾਰੇ ਮਖੌਲ ਭਾਵੇਂ ਬੜੇ ਹੋਛੇ ਤੇ ਵਾਹਯਾਤ ਸਨ, ਫਿਰ ਵੀ ਸਾਰੇ ਖੁਸ਼ ਸਨ, ਕਿਸੇ ਨੂੰ ਵੀ ਚਿੜ ਨਹੀਂ ਹੋਈ। ਅਖੀਰ ਸਾਰਾ ਵਾਯੂਮੰਡਲ ਮਾਦਕਤਾ ਨਾਲ ਭਰ ਗਿਆ। ਸਭ ਦੀਆਂ ਮਾਨਸਿਕ ਰੁਚੀਆਂ ਗੰਦੇ ਵਿਚਾਰਾਂ ਨਾਲ ਲਿਬੜ ਗਈਆਂ।

ਰੋਟੀ ਤੋਂ ਬਾਅਦ ਫਲ ਖਾਣ ਵੇਲੇ ਤੀਵੀਆਂ ਵੀ ਇਸ਼ਾਰਿਆਂ ਨਾਲ ਗੰਦੇ ਮਖੌਲਾਂ 'ਤੇ ਉਤਰ ਆਈਆਂ। ਸਾਰਿਆਂ ਨੇ ਲੋੜ ਤੋਂ ਵਧੀਕ ਪੀ ਲਈ ਸੀ। ਲੋਸ਼ੀਓ ਸਭ ਤੋਂ ਬਹੁਤ ਖੁਸ਼ ਮਲੂਮ ਹੁੰਦਾ ਸੀ। ਉਸ ਸ਼ੈਂਮਪੇਨ ਦਾ ਗਲਾਸ ਹੱਥ ਵਿਚ ਲੈ ਕੇ ਉਠ ਖੜੋਤਾ, ਤੇ ਕਹਿਣ ਲੱਗਾ, "ਮੈਂ ਸਾਰੇ ਸਾਥੀਆਂ ਦੀ ਬੰਦਖਲਾਸੀ ਦੀ ਖੁਸ਼ੀ ਵਿਚ ਇਹ ਗਲਾਸ ਪੀਂਦਾ ਹਾਂ।"

ਸਭ ਦੇ ਸਭ ਉਠ ਖਲੋਤੇ, ਤੇ ਸਾਰਿਆਂ ਨੇ ਉਸ ਦੇ ਵਾਕਾਂ ਨੂੰ ਦੁਹਰਾਉਂਦਿਆਂ; ਨਾਲ ਹੀ 'ਮਿਸ ਮਾਰਗਰੇਟ ਜ਼ਿੰਦਾਬਾਦ' ਦੇ ਨਾਹਰੇ ਵੀ ਲਾਏ।

ਦੋਹਾਂ ਬ੍ਰਹਮਚਾਰਨੀਆਂ ਜਿਨ੍ਹਾਂ ਦੀ ਕ੍ਰਿਪਾ ਨਾਲ ਸਭਨਾਂ ਦੀ ਮੁਰਾਦ ਪੂਰੀ ਹੋਈ ਸੀ, ਨੇ ਵੀ ਤੀਵੀਆਂ ਦੇ ਮਿੰਨਤਾਂ-ਤਰਲਿਆਂ 'ਤੇ ਤਰਸ ਖਾ ਕੇ ਸ਼ੈਂਮਪੇਨ ਦੀ ਝੱਗ ਨਾਲ ਹੋਂਠ ਛੁਹਾਏ। ਬ੍ਰਹਮਚਾਰਨੀਆਂ ਨੇ ਭਾਵੇਂ ਸਹੁੰਆਂ ਖਾ-ਖਾ ਕੇ ਕਿਹਾ ਕਿ ਸਾਰੀ ਉਮਰ ਉਨ੍ਹਾਂ ਨੇ ਸ਼ਰਾਬ ਦੀ ਸ਼ਕਲ ਨਹੀਂ ਵੇਖੀ!

ਲੋਸ਼ੀਓ ਨੇ ਕਿਹਾ, "ਬੜੇ ਅਫ਼ਸੋਸ ਦੀ ਗੱਲ ਹੈ ਕਿ ਇਸ ਵੇਲੇ ਸਾਡੇ ਕੋਲ ਪਿਆਨੋ ਨਹੀਂ। ਕਾਸ਼! ਜੇ ਕਿਤੇ ਹੁੰਦਾ ਤਾਂ ਅੱਜ ਸਾਡੀਆਂ ਖੁਸ਼ੀਆਂ ਦਾ ਹੱਦ ਬੰਨਾ ਨਾ ਰਹਿੰਦਾ।"

ਕਾਰਨੂਟੇਡ ਹੁਣ ਤੀਕ ਨਾ ਤਾਂ ਬੋਲਿਆ, ਤੇ ਨਾ ਹੀ ਆਪਣੇ ਥਾਂ ਤੋਂ ਹਿੱਲਿਆ-ਜੁੱਲਿਆ। ਜਾਪਦਾ ਸੀ ਉਹ ਜਿਵੇਂ ਡੂੰਘੀ ਚਿੰਤਾ ਵਿਚ ਲੀਨ ਹੈ। ਕਦੀ-ਕਦੀ ਉਹ ਆਪਣੀ ਦਾੜ੍ਹੀ ਨੂੰ ਫੜ ਕੇ ਇਸ ਤਰ੍ਹਾਂ ਖਿੱਚਦਾ ਜਿਵੇਂ ਹੋਰ ਲੰਮੀ ਕਰਨਾ ਚਾਹੁੰਦਾ ਹੈ। ਅੰਤ ਅੱਧੀ ਰਾਤੀਂ ਜਦ ਇਹ ਮਜਲਸ ਖ਼ਤਮ ਹੋਈ ਤਾਂ ਲੋਸ਼ੀਓ ਜਿਹੜਾ ਚੰਗੀ ਤਰ੍ਹਾਂ ਟੁਰ ਵੀ ਨਹੀਂ ਸੀ ਸਕਦਾ, ਕਾਰਨੂਟੇਡ ਦੀ ਪਿੱਠ ਉਤੇ ਧੱਫਾ ਮਾਰ ਕੇ ਗੁੱਰਾਇਆ, "ਕੀ ਗੱਲ ਹੈ ਦਾੜ੍ਹੀ ਮੇਜਰ ਸਾਹਿਬ! ਅੱਜ ਬੜੇ ਉਦਾਸ ਉਦਾਸ ਜਾਪਦੇ ਹੋ?"

ਕਾਰਨੂਟੇਡ ਨੇ ਪਿਛਾਂਹ ਮੁੜ ਕੇ ਇਸ ਮੰਡਲੀ ਨੂੰ ਨਫ਼ਰਤ ਨਾਲ ਵੇਖਦਿਆਂ ਜਵਾਬ ਦਿੱਤਾ, "ਮੈਂ ਇਸ ਕਰ ਕੇ ਉਦਾਸ ਹਾਂ ਕਿ ਅੱਜ ਮੈਂ ਆਦਮੀਆਂ ਨੂੰ ਸ਼ੈਤਾਨ ਦੇ ਰੂਪ ਵਿਚ ਵੇਖ ਰਿਹਾ ਹਾਂ।" ਤੇ ਉਹ ਛੇਤੀ ਨਾਲ ਇਨ੍ਹਾਂ ਵਿਚੋਂ ਨਿਖੜ ਕੇ ਆਪਣੇ ਕਮਰੇ ਵਿਚ ਚਲਾ ਗਿਆ। ਸਾਰੇ ਠੱਠਾ ਮਾਰ ਕੇ ਹੱਸ ਪਏ। ਇਕ ਪਲ ਲਈ ਲੋਸ਼ੀਓ ਉਤੇ ਵੀ ਗੰਭੀਰਤਾ ਛਾ ਗਈ, ਪਰ ਛੇਤੀ ਹੀ ਉਸ ਨੇ ਆਪਣੇ-ਆਪ ਨੂੰ ਸੰਭਾਲਿਆ, ਤੇ ਜ਼ੋਰ ਦੀ ਹੱਸਦਾ ਬੋਲਿਆ, "ਸੱਚਮੁੱਚ ਇਹ ਲੰਮ-ਦਾੜ੍ਹੀਆ ਬੜਾ ਪਖੰਡੀ ਹੈ।"

ਕੈਰੇ ਪੁੱਛਣ ਲੱਗਾ, "ਕਿਉਂ ਕੀ ਗੱਲ ਸੀ?"

ਉਤਰ ਵਿਚ ਲੋਸ਼ੀਓ ਨੇ ਉਸ ਪਹਿਲੀ ਰਾਤ ਬਰਾਂਡੇ ਵਿਚ ਟਹਿਲਦਿਆਂ ਉਸ ਨੇ ਜੋ ਕੁਝ ਵੇਖਿਆ ਸੀ, ਸਭ ਕਹਿ ਸੁਣਾਇਆ। ਸੁਣ ਕੇ ਤੀਵੀਆਂ ਤਾਂ ਇਤਨੀਆਂ ਖੁਸ਼ ਹੋਈਆਂ ਕਿ ਆਪਣੇ-ਆਪ ਨੂੰ ਸੰਭਾਲ ਨਾ ਸਕੀਆਂ। ਕਾਊਂਟ ਤੇ ਕੈਰੇ ਹੱਸਦੇ-ਹੱਸਦੇ ਲੋਟ-ਪੋਟ ਹੋ ਗਏ। ਕੈਰੇ ਪੁੱਛਣ ਲੱਗਾ, "ਸੱਚੀਂ? ਉਹ ਤਾਂ ਚਾਹੁੰਦਾ ਸੀ ਕਿ ... ।"

"ਮੈਂ ਜੋ ਕਹਿ ਰਿਹਾ ਹਾਂ, ਸਭ ਆਪਣੀ ਅੱਖੀਂ ਡਿੱਠਾ ਹੈ।"

"... ਤੇ ਫ਼ਿਰ ਉਸ ਨੇ ਇਨਕਾਰ ਕਰ ਦਿੱਤਾ?"

"ਹਾਂ... ਕਿਉਂਕਿ ਕੋਈ ਜਰਮਨ, ਨਾਲ ਦੇ ਕਮਰੇ ਵਿਚ ਮੌਜੂਦ ਸੀ।"

"ਮੈਂ ਕਹਿੰਦਾਂ, ਤੁਹਾਨੂੰ ਧੋਖਾ ਹੋਇਆ ਹੈ ਲੋਸ਼ੀਓ।"

"ਮੈਂ ਕਸਮ ਖਾ ਕੇ ਕਹਿੰਦਾਂ ਮੋਸ਼ੀਓ ਕੈਰੇ।"

ਹੱਸਦਿਆਂ-ਹੱਸਦਿਆਂ ਕਾਊਂਟ ਦੀ ਵੱਖੀ ਵਿਚ ਕੁੜੱਲ ਪੈ ਗਿਆ। ਲੋਸ਼ੀਓ ਫ਼ਿਰ ਕਹਿਣ ਲੱਗਾ, "ਇਹੋ ਤੇ ਵਜਾ ਹੈ ਕਿ ਉਹ ਦਾੜ੍ਹੀ ਮੇਜਰ ਅੱਜ ਰੋਟੀ ਦੀ ਮੇਜ਼ ਅੱਗੇ ਇਸ ਤਰ੍ਹਾਂ ਬੈਠਾ ਰਿਹਾ, ਜੀਕਣ ਮੁਹਾਣਾ ਬੇੜੀ ਰੋੜ੍ਹ ਕੇ ਬਹਿੰਦਾ ਹੈ।"

ਤਿੰਨੇ ਫਿਰ ਹੱਸਣ ਲੱਗ ਪਏ।

ਥੋੜ੍ਹੀ ਦੇਰ ਬਾਅਦ ਇਹ ਮੰਡਲੀ ਖਿੰਡ-ਪੁੰਡ ਗਈ, ਪਰ ਸ੍ਰੀਮਤੀ ਲੋਸ਼ੀਓ ਜਿਸ ਵਿਚ ਈਰਖਾ ਦਾ ਅੰਸ਼ ਕੁਝ ਵਧੇਰੇ ਸੀ, ਪਤੀ ਨੂੰ ਕਹਿਣ ਲੱਗੀ, "ਇਹ ਮਿਸਿਜ਼ ਕੈਰੇ ਤਾਂ ਬੜੀ ਬਦਤਮੀਜ਼ ਹੈ।"

ਪਤੀ ਬੋਲਿਆ, "ਗੱਲ ਇਹ ਹੈ ਕਿ ਤੀਵੀਆਂ ਜਦੋਂ ਵਰਦੀ ਪਿੱਛੇ ਦੌੜਦੀਆਂ ਨੇ, ਤਾਂ ਇਹ ਉਕਾ ਨਹੀਂ ਸੋਚਦੀਆਂ ਕਿ ਪਹਿਨਣ ਵਾਲਾ ਫ਼ਰਾਂਸੀਸੀ ਹੈ ਕਿ ਜਰਮਨ! ਵਾਕਿਆ ਈ ਉਹ ਬੜੀ ਚੁਲਬੁਲੀ ਹੈ, ਰਾਹ ਜਾਂਦੇ ਪੰਛੀ ਫ਼ਸਾਣ ਵਾਲੀ।"

—

ਦੂਜੇ ਦਿਨ ਸਵੇਰੇ ਅਕਾਸ਼ ਸਾਫ਼ ਸੀ। ਸੂਰਜ ਦੀਆਂ ਕਿਰਨਾਂ ਨਾਲ ਜੰਮੀ ਹੋਈ ਬਰਫ਼ ਚਮਕ ਰਹੀ ਸੀ। ਅਖੀਰ ਇਨ੍ਹਾਂ ਮੁਸਾਫ਼ਰਾਂ ਦੀ ਘੋੜਾ ਗੱਡੀ ਤਿਆਰ ਹੋ ਕੇ ਹੋਟਲ ਦੇ ਬੂਹੇ ਅੱਗੇ ਆ ਖੜੋਤੀ। ਗੱਡੀਵਾਨ ਪੋਸਤੀਨ ਦਾ ਕੋਟ ਪਹਿਨੀ ਗੱਡੀ 'ਤੇ ਬੈਠਾ ਪਾਈਪ ਪੀ ਰਿਹਾ ਸੀ। ਸਾਰੇ ਮੁਸਾਫ਼ਰ ਯਾਤਰਾ ਦਾ ਪ੍ਰਬੰਧ ਹੋ ਜਾਣ ਦੀ ਖੁਸ਼ੀ ਵਿਚ ਫੁੱਲੇ ਨਹੀਂ ਸਨ ਸਮਾ ਰਹੇ; ਤੇ ਜਲਦੀ-ਜਲਦੀ ਆਪੋ-ਆਪਣਾ ਸਾਮਾਨ ਗੱਡੀ ਵਿਚ ਲੱਦ ਰਹੇ ਸਨ। ਉਸ ਦਿਨ ਦੀ ਤਕਲੀਫ਼ ਸਭ ਨੂੰ ਯਾਦ ਸੀ ਜਿਸ ਦੇ ਡਰੋਂ ਅੱਜ ਸਭ ਨੇ ਲੋੜ ਨਾਲੋਂ ਕਿਤੇ ਵਧੀਕ ਖਾਣ-ਪੀਣ ਦਾ ਸਾਮਾਨ ਗੱਡੀ ਵਿਚ ਰੱਖ ਲਿਆ ਸੀ।

ਸਭ ਮੁਸਾਫ਼ਰ ਤਿਆਰ ਖੜ੍ਹੇ ਸਨ, ਕੇਵਲ ਇਕ ਸਵਾਰੀ ਅਜੇ ਤੱਕ ਨਹੀਂ ਸੀ ਪਹੁੰਚੀ, ਉਹ ਸੀ ਮਾਰਗਰੇਟ। ਤੇ ਜਦ ਸਾਰਿਆਂ ਨੇ ਦੂਰੋਂ ਉਸ ਨੂੰ ਆਉਂਦੀ ਨੂੰ ਤੱਕਿਆ, ਤਾਂ ਸਭਨਾਂ ਦੇ ਚਿਹਰਿਆਂ ਉਤੇ ਸ਼ਰਮ ਤੇ ਘਬਰਾਹਟ ਦੇ ਚਿੰਨ੍ਹ ਦਿਖਾਈ ਦੇਣ ਲੱਗੇ। ਉਹ ਸੰਗਦੀ-ਸੰਗਦੀ, ਸੁਸਤ ਕਦਮੀਂ ਤੁਰਦੀ ਗੱਡੀ ਵੱਲ ਆ ਰਹੀ ਸੀ। ਤੇ ਜਿਉਂ ਹੀ ਉਹ ਗੱਡੀ ਕੋਲ ਅੱਪੜੀ, ਸਭ ਨੇ ਨਫ਼ਰਤ ਨਾਲ ਮੂੰਹ ਦੂਜੇ ਪਾਸੇ ਕਰ ਲਏ; ਜਿਵੇਂ ਉਨ੍ਹਾਂ ਵਿਚੋਂ ਕਿਸੇ ਨੂੰ ਉਸ ਦੇ ਆਉਣ ਦੀ ਖਬਰ ਨਹੀਂ।

ਮਾਰਗਰੇਟ ਹੈਰਾਨੀ ਨਾਲ ਘਾਬਰੀ ਹੋਈ ਗੁੰਮ-ਸੁੰਮ, ਝਟ ਕੁ ਉਨ੍ਹਾਂ ਦੇ ਲਾਗੇ ਖੜੋਤੀ ਰਹੀ। ਫ਼ਿਰ ਬੜੀ ਹਿੰਮਤ ਕਰ ਕੇ ਸ੍ਰੀਮਤੀ ਕੈਰੇ ਦੇ ਨੇੜੇ ਜਾ ਕੇ ਉਸ ਨੂੰ ਸ਼ੁਭ ਪ੍ਰਭਾਤ ਕਹੀ। ਇਸ ਦੇ ਉਤਰ ਵਿਚ ਉਸ ਨੇ ਐਵੇਂ ਨਾਮ-ਮਾਤਰ ਸਿਰ ਹਿਲਾਇਆ, ਤੇ ਫਿਰ ਜਾਣ-ਬੁਝ ਕੇ ਪਰ੍ਹੇ ਚਲੀ ਗਈ। ਹਰ ਇਕ ਮੁਸਾਫ਼ਰ ਮਾਰਗਰੇਟ ਪਾਸੋਂ ਆਪਣੇ-ਆਪ ਨੂੰ ਦੂਰ ਰੱਖਣ ਦੀ ਕੋਸ਼ਿਸ਼ ਕਰ ਰਿਹਾ ਸੀ; ਮਾਨੋ ਉਸ ਨੂੰ ਛੂਤ ਦੀ ਕੋਈ ਬਿਮਾਰੀ ਹੋ ਗਈ ਹੋਵੇ।

ਉਪਰੋਥਲੀ ਸਭ ਨੇ ਗੱਡੀ ਵਿਚ ਚੜ੍ਹਨਾ ਸ਼ੁਰੂ ਕੀਤਾ, ਤੇ ਉਹ ਅਪਵਿੱਤਰ ਵੇਸਵਾ ਸਭ ਤੋਂ ਅਖੀਰ 'ਤੇ ਚੜ੍ਹੀ। ਉਸ ਨੇ ਚੁੱਪ-ਚਾਪ ਆਪਣੀ ਉਹੀ ਥਾਂ ਮੱਲ ਲਈ ਜਿਥੇ ਓਦਣ ਬੈਠੀ ਆਈ ਸੀ।

ਬਾਕੀ ਸਵਾਰ ਨਾ ਤਾਂ ਉਸ ਵੱਲ ਤੱਕ ਰਹੇ ਸਨ, ਨਾ ਹੀ ਉਸ ਦੇ ਜਾਣੂ-ਪਛਾਣੂ ਮਲੂਮ ਹੁੰਦੇ ਸਨ। ਕੇਵਲ ਸ੍ਰੀਮਤੀ ਲੋਸ਼ੀਓ ਕਿਸੇ-ਕਿਸੇ ਵੇਲੇ ਨਫਰਤ ਭਰੀ ਨਜ਼ਰ ਉਸ ਵੱਲ ਸੁੱਟ ਛੱਡਦੀ ਸੀ। ਉਸ ਨੇ ਆਪਣੇ ਪਤੀ ਨੂੰ ਕਿਹਾ, "ਪਰਮਾਤਮਾ ਦਾ ਸ਼ੁਕਰ ਹੈ ਕਿ ਮੈਨੂੰ ਇਸ ਦੁਰਾਚਾਰਨ ਦੇ ਨਾਲ ਨਹੀਂ ਬੈਠਣਾ ਪਿਆ।"

ਗੱਡੀ ਹੋਟਲ ਦੇ ਅਹਾਤੇ ਵਿਚੋਂ ਨਿਕਲ ਕੇ ਸੜਕ 'ਤੇ ਆ ਪਹੁੰਚੀ। ਯਾਤਰਾ ਨਵੇਂ ਸਿਰੇ ਸ਼ੁਰੂ ਹੋ ਗਈ। ਕੁਝ ਚਿਰ ਤੱਕ ਸਾਰੇ ਚੁੱਪ-ਚਾਪ ਬੈਠੇ ਰਹੇ। ਮਾਰਗਰੇਟ ਨੇ ਨੀਵੀਂ ਪਾਈ ਹੋਈ ਸੀ। ਉਤਾਂਹ ਤੱਕਣ ਦੀ ਜਿਵੇਂ ਉਸ ਵਿਚ ਹਿੰਮਤ ਹੀ ਬਾਕੀ ਨਹੀਂ ਸੀ, ਤੇ ਨਾਲੋ-ਨਾਲ ਉਸ ਨੂੰ ਆਪਣੇ ਸਾਥੀਆਂ ਉਤੇ ਗੁੱਸਾ ਵੀ ਆ ਰਿਹਾ ਸੀ। ਜਰਮਨ ਅਫ਼ਸਰ ਪਾਸ ਜਾਣ ਦਾ ਉਸ ਨੂੰ ਬੜਾ ਦੁੱਖ ਤੇ ਪਛਤਾਵਾ ਸੀ, ਕਿਉਂਕਿ ਉਸ ਨੂੰ ਹੁਣ ਸਮਝ ਵਿਚ ਆਇਆ ਕਿ ਜਿਸ ਕਪਟ-ਜਾਲ ਵਿਚ ਫਸਾ ਕੇ ਉਸ ਨੂੰ ਭੇਜਿਆ ਗਿਆ ਸੀ, ਇਹ ਸਭ ਇਨ੍ਹਾਂ ਖ਼ੁਦਗਰਜ਼ ਤੇ ਨੀਚ ਲੋਕਾਂ ਦੇ, ਆਪਣੇ-ਆਪ ਨੂੰ ਸਿਕੰਜ਼ੇ ਵਿਚੋਂ ਕੱਢਣ ਦੇ ਹੀ ਮਨਸੂਬੇ ਸਨ!

ਹੌਲੀ-ਹੌਲੀ ਗੱਲਾਂ ਸ਼ੁਰੂ ਹੋਈਆਂ। ਕਾਊਂਟੈਸ ਨੇ ਸ੍ਰੀਮਤੀ ਕੈਰੇ ਨੂੰ ਪੁੱਛਿਆ, "ਤੁਸੀਂ ਸ੍ਰੀਮਤੀ 'ਡੀ ਐਟੇਲਸ' ਨੂੰ ਜਾਣਦੇ ਹੋ?"

"ਜੀ ਹਾਂ, ਉਹ ਮੇਰੀ ਸਹੇਲੀ ਹੈ।"

"ਓਹ! ਕਿਤਨੀ ਖੂਬਸੂਰਤ ਹੈ।"

"ਤੇ ਨਾਲ ਖੁਸ਼-ਮਿਜ਼ਾਜ ਵੀ। ਬੜੀ ਸਿਆਣੀ ਤੀਵੀਂ ਹੈ, ਤੇ ਗਾਉਂਦੀ ਇਤਨਾ ਕਮਾਲ ਦਾ ਹੈ ਕਿ ਪੁੱਛੋ ਈ ਕੁਝ ਨਾ।"

ਕੈਰੇ ਕਾਊਂਟ ਨਾਲ ਗੱਲਾਂ ਕਰ ਰਿਹਾ ਸੀ ਜਿਨ੍ਹਾਂ ਦੀ ਸਮਝ ਹੋਰ ਯਾਤਰੂਆਂ ਨੂੰ ਘੱਟ-ਵੱਧ ਹੀ ਆਉਂਦੀ ਸੀ। ਕੋਈ-ਕੋਈ ਭੱਜਾ-ਟੁੱਟਾ ਸ਼ਬਦ, 'ਹਿੱਸੇ ... ਮਿਆਦ... ਬੀਮੇ ਲਈ ਰੁਪਿਆ' ਆਦਿ ਸੁਣਾਈ ਦਿੰਦਾ ਸੀ।

ਲੋਸ਼ੀਓ ਹੋਟਲ ਵਿਚੋਂ ਪੁਰਾਣੀ ਤਾਸ਼ ਚੁੱਕ ਲਿਆਇਆ ਸੀ। ਇਸ ਉਤੇ ਕਈ ਸਾਲਾਂ ਦੀ ਮੈਲ ਜੰਮੀ ਹੋਈ ਸੀ ਤੇ ਇਸ ਦੇ ਪੱਤੇ ਮੇਜ਼ ਦੀ ਥੰਦਿਆਈ ਨਾਲ ਕਾਲੇ ਹੋਏ ਪਏ ਸਨ। ਇਸੇ ਤਾਸ਼ ਨਾਲ ਉਹ ਆਪਣੀ ਵਹੁਟੀ ਸਣੇ ਖੇਡ ਕੇ ਵਕਤ ਬਿਤਾਉਣ ਲੱਗਾ।

ਦੋਹਾਂ ਬ੍ਰਹਮਚਾਰਨੀਆਂ ਨੇ ਲੱਕ ਨਾਲੋਂ ਆਪਣੀਆਂ ਲੰਮੀਆਂ ਮਾਲਾਵਾਂ ਖੋਲ੍ਹੀਆਂ, ਛਾਤੀ 'ਤੇ ਉਂਗਲ ਨਾਲ ਸੂਲੀ ਦਾ ਨਿਸ਼ਾਨ ਬਣਾਇਆ ਤੇ ਧਿਆਨ ਵਿਚ ਜੁੜ ਗਈਆਂ। ਉਨ੍ਹਾਂ ਦੇ ਹੋਂਠ ਇਸ ਤਰ੍ਹਾਂ ਹਿਲ ਰਹੇ ਸਨ, ਜਿਵੇਂ ਪ੍ਰਾਰਥਨਾ ਕਰਨ ਵਿਚ ਦੋਹਾਂ ਨੇ ਆਪੋ ਵਿਚ ਸ਼ਰਤ ਲਾਈ ਹੋਵੇ।

ਕਾਰਨੂਟੇਡ ਚੁੱਪ-ਚਾਪ ਆਪਣੇ ਖਿਆਲਾਂ ਵਿਚ ਲੀਨ ਸੀ। ਤਿੰਨਾਂ ਘੰਟਿਆਂ ਬਾਅਦ ਤਾਸ਼ ਸਮੇਟਦਾ ਉਹ ਲੋਸ਼ੀਓ ਨੂੰ ਕਹਿਣ ਲੱਗਾ, "ਬਈ ਮੈਨੂੰ ਭੁੱਖ ਲੱਗ ਪਈ ਹੈ।" ਤੇ ਸੇਬੇ ਨਾਲ ਬੰਨ੍ਹੀ ਪੋਟਲੀ ਵਿਚੋਂ ਭੁੰਨਿਆ ਹੋਇਆ ਮਾਸ ਕੱਢ ਕੇ ਦੋਵੇਂ ਪਤੀ ਪਤਨੀ ਖਾਣ ਲੱਗੇ।

ਕਾਊਂਟੈਸ ਉਨ੍ਹਾਂ ਵੱਲ ਤੱਕ ਕੇ ਕਹਿਣ ਲੱਗੀ, "ਸਾਨੂੰ ਵੀ ਥੋੜ੍ਹਾ-ਬਹੁਤਾ ਖਾ ਲੈਣਾ ਚਾਹੀਦਾ ਹੈ।" ਸਾਰਿਆਂ ਨੇ 'ਹਾਂ' ਵਿਚ ਸਿਰ ਹਿਲਾਇਆ ਤੇ ਉਸ ਨੇ ਵੀ ਆਪਣੀ ਪੋਟਲੀ ਖੋਲ੍ਹ ਲਈ ਜਿਸ ਵਿਚ ਕੈਰੇ ਤੇ ਉਸ ਦੀ ਵਹੁਟੀ ਦਾ ਖਾਣਾ ਵੀ ਸ਼ਾਮਲ ਸੀ। ਫਿਰ ਉਸ ਨੇ ਚੀਨੀ ਦੀ ਚੌੜੀ ਪਲੇਟ ਕੱਢੀ ਜਿਸ ਦੇ ਕੰਢਿਆਂ ਉਤੇ ਹਿਰਨਾਂ ਤੇ ਖਰਗੋਸ਼ਾਂ ਦੀਆਂ ਤਸਵੀਰਾਂ ਸ਼ਾਇਦ ਇਸ ਲਈ ਬਣਾਈਆਂ ਗਈਆਂ ਸਨ ਕਿ ਇਹ ਲੱਗੇ ਕਿ ਇਹ ਭਾਂਡਾ ਖਾਸ ਤੌਰ 'ਤੇ ਮਾਸ ਦੀਆਂ ਚੀਜ਼ਾਂ ਰੱਖਣ ਲਈ ਹੈ। ਇਸ ਤੋਂ ਛੁਟ ਉਨ੍ਹਾਂ ਪਾਸ ਚੂਚੇ ਦਾ ਸ਼ੋਰਬਾ ਤੇ ਸੂਰ ਦੀ ਭੁੰਨੀ ਹੋਈ ਰਾਂਦ ਵੀ ਸੀ। ਕਾਊਂਟੈਸ ਨੇ ਆਪਣੇ ਨਾਜ਼ੁਕ ਹੱਥਾਂ ਨਾਲ ਵਾਰੋ-ਵਾਰੀ ਸਭ ਚੀਜ਼ਾਂ ਕੱਢ ਕੇ ਪਲੇਟ ਵਿਚ ਸਜਾ ਦਿੱਤੀਆਂ। ਅਖਬਾਰ ਦੇ ਵਰਕੇ ਵਿਚ ਪਨੀਰ ਦਾ ਵੱਡਾ ਸਾਰਾ ਟੁਕੜਾ ਸੀ, ਉਹ ਵੀ ਤੀਜਾ ਕੁ ਹਿੱਸਾ ਕੱਟ ਕੇ ਵਿਚ ਰੱਖ ਲਿਆ।


ਬ੍ਰਹਮਚਾਰਨੀਆਂ ਦੀਆਂ ਸ਼ਾਇਦ ਇਨ੍ਹਾਂ ਚੀਜ਼ਾਂ ਦੀ ਤਾਜ਼ੀ ਖੁਸ਼ਬੋ ਨੇ ਅੱਖਾਂ ਖੋਲ੍ਹ ਦਿੱਤੀਆਂ। ਉਨ੍ਹਾਂ ਵੀ ਆਪਣਾ ਡੱਬਾ ਖੋਲ੍ਹ ਲਿਆ। ਇਨ੍ਹਾਂ ਪਾਸ ਮਾਸ ਕੁਝ ਘਟੀਆ ਕਿਸਮ ਦਾ ਸੀ ਜਿਸ ਵਿਚੋਂ ਥੋਮ ਦੀ ਖੁਸ਼ਬੋ ਆ ਰਹੀ ਸੀ।

ਕਾਰਨੂਟੇਡ ਨੇ ਆਪਣੇ ਢਿੱਲੇ ਓਵਰਕੋਟ ਦੀਆਂ ਜੇਬਾਂ ਵਿਚ ਹੱਥ ਪਾ ਕੇ ਇਕ ਜੇਬ ਵਿਚੋਂ ਉਬਲੇ ਹੋਏ ਚਾਰ ਆਂਡੇ, ਤੇ ਦੂਜੀ ਵਿਚੋਂ ਡਬਲ ਰੋਟੀ ਦਾ ਇਕ ਲੰਮਾ ਟੁਕੜਾ ਕੱਢਿਆ। ਆਂਡਿਆਂ ਦੇ ਛਿਲਕੇ ਉਸ ਨੇ ਪੈਰਾਂ ਹੇਠ ਪਏ ਘਾਹ ਵਿਚ ਸੁਟ ਦਿੱਤੇ ਤੇ ਖਾਣਾ ਸ਼ੁਰੂ ਹੋ ਗਿਆ।

ਆਂਡਿਆਂ ਵਿਚਲਾ ਪੀਲਾ ਹਿੱਸਾ ਹਵਾ ਦੇ ਬੁੱਲਿਆਂ ਨਾਲ ਹੱਥਾਂ ਵਿਚੋਂ ਭੁਰ-ਭੁਰ ਕੇ ਉਸ ਦੀ ਦਾੜ੍ਹੀ 'ਤੇ ਖਿੱਲਰ ਰਿਹਾ ਸੀ।

***(ਬਾਕੀ ਅਗਲੇ ਸਫੇ 'ਤੇ)***

***ਬਹੁਤ ਜ਼ਿਆਦਾ ਕੱਸਣ ਨਾਲ ਜਿਸ ਤਰ੍ਹਾਂ ਸਾਜ਼ ਦੀ ਤਾਰ ਟੁੱਟ ਜਾਂਦੀ ਹੈ, ਇਸੇ ਤਰ੍ਹਾਂ ਮਾਰਗਰੇਟ ਦੇ ਗੁੱਸੇ ਦਾ ਬੰਨ੍ਹ ਟੁੱਟ ਗਿਆ। ਆਤਮ-ਸੰਜਮ ਦੀ ਉਸ ਨੇ ਲਗਦੀ ਵਾਹ ਕੋਸ਼ਿਸ਼ ਕੀਤੀ। ਆਪਣੇ ਆਪ ਨੂੰ ਸੰਭਾਲਿਆ। ਰੁਕੇ ਹੋਏ ਹਟਕੋਰਿਆਂ ਨੂੰ ਉਹ ਅੰਦਰੇ-ਅੰਦਰ ਪੀ ਗਈ ਜਿਨ੍ਹਾਂ ਨੇ ਉਸ ਦਾ ਗਲਾ ਦਬਾਇਆ ਹੋਇਆ ਸੀ, ਪਰ ਇਤਨੀ ਕੋਸ਼ਿਸ਼ ਕਰਦਿਆਂ ਵੀ ਉਸ ਦੀਆਂ ਅੱਖਾਂ ਵਿਚੋਂ ਅੱਥਰੂ ਟਪਕ ਹੀ ਪਏ। ਪਹਿਲਾਂ ਤਾਂ ਇਹ ਅੱਥਰੂ ਉਸ ਦੀਆਂ ਪਲਕਾਂ ਪਿੱਛੇ ਲੁਕੇ ਰਹੇ, ਪਰ ਛੇਤੀ ਹੀ ਇਹ ਮੋਟੀਆਂ-ਮੋਟੀਆਂ ਬੂੰਦਾਂ ਬਣ ਕੇ ਉਸ ਦੀਆਂ ਗੱਲ੍ਹਾਂ 'ਤੇ ਵਗਣੇ ਸ਼ੁਰੂ ਹੋ ਗਏ। ਤੇ ਫਿਰ ਹੌਲੀ-ਹੌਲੀ ਬੇਕਾਬੂ ਹੋ ਕੇ ਵਹਿਣ ਲੱਗੇ। ਮਾਰਗਰੇਟ ਨੇ ਹੁਣ ਇਨ੍ਹਾਂ ਨੂੰ ਰੋਕੀ ਰੱਖਣ ਦਾ ਇਰਾਦਾ ਛੱਡ ਦਿੱਤਾ। ਇਹ ਅੱਥਰੂ ਹੁਣ ਚੱਟਾਨ ਦੇ ਉਸ ਪਾਣੀ ਵਾਂਗ ਦਿਖਾਈ ਦੇ ਰਹੇ ਸਨ ਜਿਹੜਾ ਛਣ-ਛਣ ਕੇ ਹੇਠਾਂ ਡਿੱਗਦਾ ਹੈ।***



# ਸਿੱਧਾ ਦਿਸਦਾ ਜ਼ਰੂਰ ਹੈ, ਪਰ ਸਿੱਧਾ ਹੈ ਨਹੀਂ!

**ਖੇਡਾਂ ਵਾਲਾ ਸਰਵਣ-2**

*ਸ. ਗੁਰਬਚਨ ਸਿੰਘ ਭੁੱਲਰ ਦੀਆਂ ਲਿਖਤਾਂ ਪੰਜਾਬ ਟਾਈਮਜ਼ ਦੇ ਪਾਠਕ ਇਕ ਅਰਸੇ ਤੋਂ ਪੜ੍ਹਦੇ ਆ ਰਹੇ ਹਨ। ਉਹ ਨਾਮੀ ਕਹਾਣੀਕਾਰ ਵੀ ਹਨ ਅਤੇ ਪੱਤਰਕਾਰ ਵੀ। ਉਨ੍ਹਾਂ ਨੂੰ ਕਹਾਣੀ ਵਿਚ ਪੱਤਰਕਾਰੀ ਤੇ ਪੱਤਰਕਾਰੀ ਵਿਚ ਕਹਾਣੀ ਰਲਾਉਣ ਦੀ ਵੀ ਪੂਰੀ ਜਾਚ ਹੈ। ਪੰਜਾਬੀ ਦੇ ਸ਼੍ਰੋਮਣੀ ਨਾਟਕਕਾਰ ਮਰਹੂਮ ਬਲਵੰਤ ਗਾਰਗੀ ਬਾਰੇ ਭੁੱਲਰ ਸਾਹਿਬ ਦਾ ਲੰਮਾ ਰੇਖਾ-ਚਿਤਰ ਨੁਮਾ ਲੇਖ ਪਾਠਕ ਪੜ੍ਹ ਹੀ ਚੁਕੇ ਹਨ। ਰੇਖਾ-ਚਿਤਰ ਲਿਖਦਿਆਂ ਸ਼ਾਇਦ ਆਪਣੇ ਜ਼ਿਲ੍ਹੇ ਦੇ ਹਮਵਾਸੀ ਬਲਵੰਤ ਗਾਰਗੀ ਦੀ ਉਂਗਲ ਫੜਦਿਆਂ ਉਹ ਵਿਅਕਤੀ ਦੀਆਂ ਸਿਫਤਾਂ ਵੀ ਕਰੀ ਜਾਂਦੇ ਹਨ ਤੇ ਉਸ ਨੂੰ ਚੋਭਾਂ ਵੀ ਲਾਈ ਜਾਂਦੇ ਹਨ। ਇਹੋ ਕੁਝ ਉਨ੍ਹਾਂ ਬਲਵੰਤ ਗਾਰਗੀ ਨਾਲ ਕੀਤਾ ਸੀ ਅਤੇ ਹੁਣ ਇਹੋ ਕੁਝ ਪ੍ਰਿੰ. ਸਰਵਣ ਸਿੰਘ ਬਾਰੇ ਲਿਖੇ ਇਸ ਲੜੀਵਾਰ ਲੇਖ ਵਿਚ ਕੀਤਾ ਹੈ। -ਸੰਪਾਦਕ*

ਚੰਗਾ ਕਹਾਣੀਕਾਰ ਉਹ ਹੁੰਦਾ ਹੈ ਜਿਸ ਨੂੰ ਨਾ ਕਹਾਣੀ ਲਿਖਣੀ ਹੀ ਆਉਂਦੀ ਹੋਵੇ ਸਗੋਂ ਆਪਣੀ ਤੇ ਹੋਰਾਂ ਦੀ ਕਹਾਣੀ ਦੀ ਨਿਰਖ-ਪਰਖ ਵੀ ਆਉਂਦੀ ਹੋਵੇ। ਕੋਈ ਹੋਰ ਕਹਾਣੀਕਾਰ ਗੱਲ ਕਿਥੋਂ ਕਰ ਰਿਹਾ ਹੈ, ਕਿਉਂ ਕਰ ਰਿਹਾ ਹੈ ਤੇ ਕਿਵੇਂ ਕਰ ਰਿਹਾ ਹੈ! ਸਾਹਿਤ ਸਭਾ ਦਿੱਲੀ ਦੀ ਹਫਤੇਵਾਰ ਬੈਠਕ ਵਿਚ ਸੁਣੀ ਦਵਿੰਦਰ ਸਤਿਆਰਥੀ ਦੀ ਕਹਾਣੀ ਬਾਰੇ ਸਰਵਣ ਨਿਰਣਾ ਕਰਦਾ ਹੈ, "ਕਹਾਣੀ ਦਾ ਇਕ ਫਿਕਰਾ ਦੂਜੇ ਨਾਲ ਮੇਲ ਨਹੀਂ ਸੀ ਖਾਂਦਾ। ਇਕ



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

ਫਿਕਰੇ ਵਿਚ ਸੱਪ ਡੰਗ ਮਾਰਦਾ ਸੀ ਤੇ ਦੂਜੇ ਫਿਕਰੇ ਵਿਚ ਰੰਗਮਹਿਲ ਨੂੰ ਅੱਗ ਲੱਗ ਜਾਂਦੀ ਸੀ। ਇਕ ਪੈਰੇ ਵਿਚ ਭੂਚਾਲ ਦਾ ਜ਼ਿਕਰ ਸੀ, ਦੂਜੇ ਵਿਚ ਰਿਸ਼ੀਆਂ-ਮੁਨੀਆਂ ਦੀ ਸਮਾਧੀ ਦਾ ਤੇ ਤੀਜੇ ਵਿਚ ਕੱਟਾ ਮੁੰਨ ਕੇ ਝਾਂਜਰਾਂ ਪਾਉਣ ਦਾ। ਵਿਚੋ ਲੱਕ-ਟੁਣੂੰ-ਟੁਣੂੰ ਹੋਈ ਜਾਂਦੀ ਸੀ। ਕਹਾਣੀ ਵਾਲੀ ਕੋਈ ਗੱਲ ਨਹੀਂ ਸੀ ਪਰ ਫਿਕਰੇਬਾਜ਼ੀ ਕਮਾਲ ਦੀ ਸੀ।"

ਰਾਇ ਪੁਛਦੇ ਹਨ ਤਾਂ ਇਹ ਆਖਦਾ ਹੈ, "ਮੈਨੂੰ ਤਾਂ ਨਾ ਇਹ ਨਿੱਕੀ ਕਹਾਣੀ ਲੱਗੀ ਹੈ, ਨਾ ਵੱਡੀ ਤੇ ਨਾ ਹੀ ਨਾਵਲੈਟ। ਇਹ ਸਤਿਆਰਥੀ ਸਾਹਿਬ ਦਾ ਨਵਾਂ ਹੀ ਪੰਗਾ ਹੈ ਜਿਸ ਦਾ ਕੋਈ ਨਵਾਂ ਹੀ ਨਾਂ ਰੱਖਿਆ ਜਾਣਾ ਚਾਹੀਦਾ ਹੈ। ਇਸ ਦੇ ਸਿਰਲੇਖ ਬਾਰੇ ਮੇਰਾ ਸੁਝਾਅ ਹੈ ਕਿ 'ਸਮੁੰਦਰ ਵਿਚ ਡੁਬਦਾ ਸ਼ਹਿਰ' ਦੀ ਥਾਂ 'ਸ਼ਹਿਰ ਵਿਚ ਡੁਬਦਾ ਸਮੁੰਦਰ' ਰੱਖ ਲਿਆ ਜਾਵੇ ਤਾਂ ਵਧੇਰੇ ਜਚੇਗਾ। ਜਦੋਂ ਹੇਠਾਂ ਸਾਰਾ ਕੁਛ ਉਲਟਾ-ਪੁਲਟਾ ਕੀਤਾ ਹੋਇਆ ਹੈ ਤਾਂ ਸਿਰਲੇਖ ਵੀ ਉਲਟਾ ਹੀ ਚਾਹੀਦਾ ਹੈ।" ਜਾਣਨ ਵਾਲੇ ਜਾਣਦੇ ਹਨ, ਸਤਿਆਰਥੀ ਜੀ ਤਾਂ ਸਰਵਣ ਦੇ ਵੀ ਗੁਰੂ ਸਨ, ਪੂਰੇ ਪਹੁੰਚੇ ਹੋਏ ਪੀਰ! ਉਨ੍ਹਾਂ ਨੇ 'ਆਰਸੀ' ਵਿਚ ਉਹ ਕਹਾਣੀ ਇਹਦੇ ਦੱਸੇ ਨਾਂ 'ਸ਼ਹਿਰ ਵਿਚ ਡੁਬਦਾ ਸਮੁੰਦਰ' ਨਾਲ ਹੀ ਛਪਵਾਈ।


ਸਰਵਣ ਦੀਆਂ ਸਾਹਿਤਕ ਤੇ ਸੰਸਾਰਕ ਉਡਾਰੀਆਂ ਦੇਖ ਕੇ ਮੈਂ ਆਪਣਾ ਇਹ ਅੰਦਾਜ਼ਾ ਵੀ ਪਾਠਕਾਂ ਨਾਲ ਸਾਂਝਾ ਕਰਨ ਬਾਰੇ ਸੋਚਦਾ ਕਿ ਇਹ ਸਾਊ-ਸਿੱਧਾ ਹੈ ਤਾਂ ਜ਼ਰੂਰ ਪਰ ਏਨਾ ਸਾਊ-ਸਿੱਧਾ ਵੀ ਨਹੀਂ। ਫੇਰ ਸੋਚਦਾ, ਚਲੋ ਲੋਕਾਂ ਦਾ ਭਰਮ ਬਣਿਆ ਹੀ ਰਹਿਣ ਦੇਈਏ। ਏਨੇ ਨੂੰ ਮੇਰੀ ਨਜ਼ਰ ਇਹਦੇ ਲੇਖ 'ਮੇਰਾ ਪ੍ਰਿੰਸੀਪਲ ਬਣਨਾ' ਉੱਤੇ ਪੈ ਗਈ। ਇਹਦਾ ਆਪਣਾ ਹਲਫ਼ੀਆ ਬਿਆਨ ਸੁਣ ਲਵੋ, "ਮੇਰਾ ਪ੍ਰਭਾਵ ਆਮ ਕਰਕੇ ਸਾਊ ਬੰਦੇ ਦਾ ਹੈ। ਪਰ ਮੈਂ ਏਨਾ ਸਾਊ ਵੀ ਨਹੀਂ ਜਿੰਨਾ ਬਾਹਰੋਂ ਦਿਸਦਾ ਹਾਂ।" ਇਹ ਰਾਖਵੇਂ ਕੋਟੇ ਕਾਰਨ ਪ੍ਰਿੰਸੀਪਲ ਬਣੇ ਇਕ ਜੂਨੀਅਰ ਦੇ ਦਿਮਾਗ ਨੂੰ ਚੜ੍ਹਿਆ ਬੌਸਪੁਣਾ, ਜਿਸ ਕਾਰਨ ਉਹ ਇਹਨੂੰ 'ਊਈਂ' ਸਮਝਦਾ ਸੀ, ਲਾਹੁਣ ਬਾਰੇ ਦਸਦਾ ਹੈ।

ਇਹਦੀਆਂ ਚੁਸਤੀਆਂ ਦੇ ਕਿੱਸੇ ਅਨੇਕ ਹਨ, ਇਕ ਤੋਂ ਇਕ ਚੜ੍ਹਦਾ! ਇਹ ਕਿਸੇ ਦੀ ਦੱਸੀ ਜੁਗਤ ਅਨੁਸਾਰ ਹਰ ਵਾਰ ਰਾਤ ਨੂੰ ਦਿੱਲੀ ਤੋਂ ਪੰਜਾਬ ਮੇਲ ਦੇ ਸੌਣ ਵਾਲੇ ਡੱਬੇ ਦੇ ਟੀਟੀ ਦੇ ਢਿੱਡ ਉੱਤੇ ਪੋਲੀ ਜਿਹੀ ਉਂਗਲ ਲਾਉਂਦਾ ਹੈ ਅਤੇ ਉਹਦੇ ਇਸ਼ਾਰੇ ਨਾਲ ਖੂੰਜੇ ਵਿਚ ਜਾ ਕੇ ਦਸਾਂ ਦਾ ਨੋਟ ਉਹਦੇ ਹੱਥ ਫੜਾ ਵਿਹਲੇ ਸਲੀਪਰ ਉੱਤੇ ਆਰਾਮ ਨਾਲ ਸੌਂ ਜਾਂਦਾ ਹੈ।

ਢੁੱਡੀਕੇ ਕਾਲਜ ਵਾਲੀ ਇੰਟਰਵਿਊ ਕਰਨ ਵਾਲਿਆਂ ਵਿਚ ਸ਼ਾਮਲ ਚੂਹੜਚੱਕ ਦਾ ਜਥੇਦਾਰ ਭਜਨ ਸਿੰਘ ਸਿੱਧੂ ਪਹਿਲਾਂ ਤਾਂ ਇਹਦੇ ਜੱਟ ਹੋਣ ਦੀ ਤਸੱਲੀ ਕਰਦਾ ਹੈ ਤੇ ਫੇਰ ਦਾਰੂ ਪੀਣ ਜਾਂ ਨਾ ਪੀਣ ਬਾਰੇ ਪੁਛਦਾ ਹੈ। ਇਹ ਮਚਲਾ ਹੋ ਕੇ ਆਖਦਾ ਹੈ, ਮੈਨੂੰ ਤੁਹਾਡੇ ਸਵਾਲ ਦੀ ਸਮਝ ਨਹੀਂ ਆਈ। ਕੰਵਲ ਦੇ "ਚਲੋ ਛੱਡੋ, ਕੋਈ ਹੋਰ ਸਵਾਲ ਪੁੱਛੋ" ਕਹਿਣ ਦੇ ਬਾਵਜੂਦ ਜਥੇਦਾਰ ਖੰਘੂਰਾ ਮਾਰ ਕੇ ਫੇਰ ਉਹੀ ਸਵਾਲ ਕਰਦਾ ਹੈ, "ਕਾਕਾ, ਤੂੰ ਜੱਟਾਂ ਦਾ ਮੁੰਡਾ ਐਂ, ਮੈਂ ਪੁਛਦਾਂ, ਘੁੱਟ ਪੀ ਵੀ ਲੈਨਾ ਐਂ?" ਦੁਬਿਧਾ ਇਹ ਸੀ ਕਿ ਜਥੇਦਾਰ ਦਾਰੂ ਨਾ ਪੀਣ ਵਾਲੇ ਨੂੰ ਚੰਗਾ ਸਮਝਦਾ ਹੈ ਜਾਂ ਅੱਗੋਂ ਨੂੰ ਦਾਰੂ ਦਾ ਰਾਹ ਖੋਲ੍ਹਣ ਦਾ ਚਾਹਵਾਨ ਹੈ? ਕੀ ਪਤਾ, ਉਹ ਹਾਂ ਜਾਂ ਨਾਂਹ ਨੂੰ ਕਿਵੇਂ ਲਵੇ? ਇਹਦਾ ਜਵਾਬ ਹੈ, "ਜਦੋਂ ਆਖੋਗੇ, ਪ੍ਰੋਗਰਾਮ ਬਣਾ ਲਵਾਂਗੇ। ਬਾਕੀ ਕੰਵਲ ਸਾਹਿਬ ਨਾਲ ਸਲਾਹ ਕਰ ਲਿਉ।" ਇਹ ਹੁੱਬ ਕੇ ਦਸਦਾ ਹੈ, "ਮੈਂ ਝੂਠ ਬੋਲਣੋਂ ਵੀ ਬਚ ਗਿਆ ਤੇ ਸੱਚੀ ਗੱਲ ਵੀ ਨਾ ਦੱਸੀ! ਮੈਨੂੰ ਨਿਯੁਕਤੀ ਪੱਤਰ ਮਿਲ ਗਿਆ।"

ਗੁਰੂ ਨਾਨਕ ਕਾਲਜ ਮੋਗਾ ਦੇ ਪ੍ਰਿੰਸੀਪਲ ਲਈ ਇੰਟਰਵਿਊ ਸਮੇਂ ਇਹ ਅਰਜ਼ੀ ਭੇਜਣ ਵਾਲੇ ਦਿਨ ਤੋਂ ਹੀ ਦਾੜ੍ਹੀ ਮਾੜੀ-ਮੋਟੀ ਠੱਪਣੀ ਵੀ ਬੰਦ ਕਰ ਦਿੰਦਾ ਹੈ ਅਤੇ ਕਰੁੱਤੇ ਆਏ ਹੋਏ ਦੋ-ਚਾਰ ਧੌਲੇ ਵੀ ਅਣਪੱਟੇ ਰਹਿਣ ਦਿੰਦਾ ਹੈ। ਕਹਿੰਦਾ ਹੈ, "ਏਨੀਂ ਕੁ ਸਿਆਣਪ ਤਾਂ ਵਰਤਣੀ ਹੀ ਪੈਣੀ ਸੀ, ਨਹੀਂ ਤਾਂ ਜਥੇਦਾਰਾਂ ਨੇ ਪਤਿਤ ਸਮਝ ਕੇ ਹੀ ਜਵਾਬ ਦੇ ਦੇਣਾ ਸੀ।" ਸਿੱਟੇ ਵਜੋਂ ਨਿਯੁਕਤੀ ਪੱਤਰ ਇਹਨੂੰ ਹੀ ਮਿਲਦਾ ਹੈ।

ਇਹਦੀ ਸਿਆਣਪ ਤੇ ਚਤੁਰਾਈ ਇਕ




ਪੁੱਤਰ ਨੂੰ ਕੈਨੇਡਾ ਵਸਾਉਣ ਤੇ ਦੂਜੇ ਨੂੰ ਪੰਜਾਬ ਵਿਚ ਰੱਖਣ ਤੋਂ ਵੀ ਦਿਸਦੀ ਹੈ। ਇਥੋਂ ਦੀਆਂ ਗਰਮੀਆਂ ਦੀ ਭੈੜੀ ਰੁੱਤੇ ਟਿਕਾਣਾ ਕੈਨੇਡਾ ਬਣਦਾ ਹੈ ਜਿਸ ਨੂੰ ਅੱਡਾ ਬਣਾ ਕੇ ਇਹ ਯੂਰਪ ਤੇ ਅਮਰੀਕਾ ਵਿਚ ਇਉਂ ਘੁੰਮਦਾ-ਫਿਰਦਾ ਹੈ ਜਿਵੇਂ ਜੱਟ ਖੇਤੀਂ ਗੇੜੇ ਮਾਰਦਾ ਹੋਵੇ। ਕੈਨੇਡਾ ਦੇ ਸੀਤ ਸਿਆਲ ਦੇ ਮੁਕਾਬਲੇ ਇਥੋਂ ਦੇ ਨਿੱਘੇ ਸਿਆਲ ਵਿਚ ਡੇਰਾ ਪ੍ਰੋਫੈਸਰ ਪੁੱਤਰ ਕੋਲ ਭਾਰਤ ਆ ਲਾਉਂਦਾ ਹੈ ਜਿਥੋਂ ਇਹ ਦਿੱਲੀ-ਦੱਖਣ ਤੱਕ ਸਾਹਿਤਕ ਮਾਰ ਕਰਦਾ ਹੈ।

ਸਾਡੀ ਪੀੜ੍ਹੀ, ਸਰਵਣ ਤੇ ਮੇਰੇ ਵਰਗਿਆਂ ਦੀ ਪੀੜ੍ਹੀ ਅਨਪੜ੍ਹ ਜਾਂ ਲਗਭਗ ਅਨਪੜ੍ਹ ਪੇਂਡੂ ਕਿਸਾਨ ਪਰਿਵਾਰਾਂ ਦੇ ਪੜ੍ਹੇ ਹੋਏ ਪੁੱਤਾਂ ਦੀ ਪਹਿਲੀ ਪੀੜ੍ਹੀ ਸੀ। ਸਾਡੀ ਕਿਸੇ ਮੰਜ਼ਿਲ ਦਾ ਪਤਾ ਘਰਦਿਆਂ ਨੂੰ ਤਾਂ ਕਿਥੋਂ ਹੋਣਾ ਸੀ, ਸਾਨੂੰ ਆਪ ਵੀ ਨਹੀਂ ਸੀ ਹੁੰਦਾ। ਨਾ ਹੀ ਕੋਈ ਹੋਰ ਦੱਸਣ ਵਾਲਾ ਹੁੰਦਾ ਸੀ। ਮੰਜ਼ਿਲ ਨੇ ਆਪ ਤਾਂ ਸੈਨਤਾਂ ਕਿਥੋਂ ਮਾਰਨੀਆਂ ਹੋਈਆਂ। ਪਰ ਅਸਲ ਹੈ ਇਸ ਪੀੜ੍ਹੀ ਦੇ, ਜਿਹੜੀ ਪਗਡੰਡੀ ਮਿਲੀ, ਉਸੇ ਨੂੰ ਸ਼ਾਹਰਾਹ ਸਮਝਦਿਆਂ ਤੇ ਢੋਲੇ ਦੀਆਂ ਲਾਉਂਦਿਆਂ, ਜਿਥੇ ਪੜਾਅ ਹੋਇਆ, ਉਸੇ ਨੂੰ ਸੁਹਾਵਣੀ ਮੰਜ਼ਿਲ ਵਿਚ ਪਲਟ ਲਿਆ। ਐਨ ਉਸੇ ਤਰ੍ਹਾਂ ਜਿਵੇਂ ਜੱਟ ਬੰਜਰ ਪਈ ਧਰਤੀ ਨੂੰ ਵਾਹ-ਸੁਹਾਗ ਕੇ ਵਧੀਆ ਉਪਜਾਊ ਖੇਤ ਵਿਚ ਪਲਟ ਲੈਂਦਾ ਹੈ। ਸਾਡੀ ਪੀੜ੍ਹੀ ਦੇ ਜੀਵਨ ਸੁਹਾਣੇ ਸਬੱਬਾਂ ਤੇ ਅਨੋਖੇ ਮੌਕਾਮੇਲਾਂ ਨਾਲ ਭਰੇ ਪਏ ਹਨ।

ਸਰਵਣ ਨੇ ਤਾਂ ਹੱਦ ਹੀ ਕਰ ਦਿੱਤੀ! ਘਰੋਂ ਸਲਾਹ ਕਰ ਕੇ ਕਿਸੇ ਸ਼ਹਿਰ ਦੇ ਸਕੂਲ-ਕਾਲਜ ਵਿਚ ਦਾਖ਼ਲ ਹੋਣ ਜਾਂਦਾ ਸੀ। ਜੇ ਅੱਡੇ ਤੋਂ ਉਥੋਂ ਦੀ ਬੱਸ ਨਾ ਮਿਲਦੀ ਤਾਂ ਸਾਹਮਣੇ ਖੜ੍ਹੀ ਬੱਸ ਫੜ ਕੇ ਦਾਖ਼ਲ ਕਿਸੇ ਹੋਰ ਸ਼ਹਿਰ ਜਾ ਹੁੰਦਾ ਸੀ। ਤੁਰਿਆ ਮਹਿੰਦਰਾ ਕਾਲਜ ਪਟਿਆਲਾ ਤੋਂ ਐਮ. ਏ. ਕਰਨ, ਜਾ ਪਹੁੰਚਿਆ ਮੁਕਤਸਰ ਤੋਂ ਬੀ. ਐਡ ਕਰਨ!

ਸਭ ਤੋਂ ਦਿਲਚਸਪ ਕਿੱਸਾ ਤਾਂ ਇਹਦੇ ਦਿੱਲੀ ਪਹੁੰਚਣ ਦਾ ਹੈ। ਅੰਮ੍ਰਿਤਸਰ ਐਮ. ਏ. ਵਿਚ ਦਾਖ਼ਲ ਹੋਣ ਜਾਣਾ ਸੀ। ਪਿੰਡੋਂ ਬੱਧਨੀ ਤੱਕ ਸਾਈਕਲ, ਬੱਧਨੀ ਤੋਂ ਮੋਗਾ ਤੱਕ ਬੱਸ ਅਤੇ ਅੱਗੇ ਅੰਮ੍ਰਿਤਸਰ ਤੱਕ ਹੋਰ ਬੱਸ। ਬੱਧਨੀ ਦੇ ਰਾਹ ਵਿਚ ਸਾਈਕਲ ਦੇ ਟਾਇਰ ਦਾ ਪਟਾਕਾ ਪੈ ਜਾਂਦਾ ਹੈ ਤੇ ਮੋਗੇ ਵਾਲੀ ਬੱਸ ਮੀਂਹ ਦੇ ਚਿੱਕੜ ਵਿਚ ਖੁੱਭ ਜਾਂਦੀ ਹੈ। ਨਤੀਜੇ ਵਜੋਂ ਅੰਮ੍ਰਿਤਸਰ ਜਾਣ ਵਾਲੀ ਆਖ਼ਰੀ ਬੱਸ ਵੀ ਖੁੰਝ ਜਾਂਦੀ ਹੈ। ਮੋਗੇ ਕੋਈ ਠਾਹਰ ਵੀ ਨਹੀਂ, ਸਰਵਣ ਵਿਚਾਰਾ ਜਾਵੇ ਤਾਂ ਕਿਧਰ ਜਾਵੇ! ਦਿੱਲੀ ਦੀ ਰਾਜਧਾਨੀ ਵਾਲੀ ਟੌਹਰ ਬਾਰੇ ਵੀ ਸੁਣਿਆ ਸੀ ਤੇ ਲਾਲ ਕਿਲ੍ਹੇ ਬਾਰੇ ਵੀ। ਕਿਸੇ ਨੇ ਉਥੋਂ ਦੇ ਖਾਲਸਾ ਕਾਲਜ ਵਿਚ ਐਮ. ਏ. ਪੰਜਾਬੀ ਹੋਣ ਬਾਰੇ ਵੀ ਦੱਸਿਆ ਸੀ। ਨਾਲੇ ਰਾਤ ਕੱਟਣ ਦਾ ਫ਼ਿਕਰ ਨਹੀਂ ਰਹਿਣਾ, ਗੱਡੀ ਵਿਚ ਸੁੱਤਿਆਂ ਲੰਘ ਜਾਊ। ਇਹਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਵਾਲਾ ਨਾਅਰਾ 'ਚਲੋ ਦਿੱਲੀ' ਲਾਇਆ ਤੇ ਮੋਗੇ ਤੋਂ ਰਾਤ ਦੀ ਰੇਲ ਫੜ ਕੇ ਦਿੱਲੀ ਦੇ ਖਾਲਸਾ ਕਾਲਜ ਵਿਚ ਪੰਜਾਬੀ ਐਮ. ਏ. ਦਾ ਵਿਦਿਆਰਥੀ ਜਾ ਬਣਿਆ!

ਕਹਾਣੀਕਾਰ ਵਜੋਂ ਮੁੱਢਲੀਆਂ ਪੁਲਾਂਘਾਂ ਤੋਂ ਖੇਡ ਸਾਹਿਤ ਦੀ ਮੈਰਾਥਨ ਵੱਲ ਮੋੜ ਵੀ ਏਨਾ ਹੀ ਸਬੱਬੀ ਸੀ। ਦਿੱਲੀ ਦੇ ਖਾਲਸਾ ਕਾਲਜ ਦੀਆਂ ਗਰਮੀ ਦੀਆਂ ਛੁੱਟੀਆਂ ਵਿਚ ਪਿੰਡ ਗਏ ਹੋਏ ਸਰਵਣ ਨੇ ਖ਼ਬਰ ਪੜ੍ਹੀ ਕਿ ਪਟਿਆਲੇ ਦੇ ਕੌਮੀ ਖੇਡ ਇੰਸਟੀਚਿਊਟ ਵਿਚ ਕਿੰਗਸਟਨ ਦੀਆਂ ਕਾਮਨਵੈਲਥ ਖੇਡਾਂ ਲਈ ਕੌਮੀ ਪੱਧਰ ਦੇ ਅਥਲੀਟਾਂ ਦਾ ਕੋਚਿੰਗ ਕੈਂਪ ਲੱਗਿਆ ਹੋਇਆ ਹੈ। ਕੈਂਪ ਵਿਚ ਸ਼ਾਮਲ ਕਈ ਖਿਡਾਰੀ ਇਹਦੇ ਵਾਕਫ਼ ਸਨ। ਤੇ ਇਹਨੇ ਬਲਵੰਤ ਗਾਰਗੀ ਦੀ ਕਲਮੀ ਚਿਤਰਾਂ ਦੀ ਚਰਚਿਤ ਪੁਸਤਕ 'ਨਿੰਮ ਦੇ ਪੱਤੇ' ਨਵੀਂ ਨਵੀਂ ਪੜ੍ਹੀ ਸੀ। ਇਹਦਾ ਕਹਿਣਾ ਹੈ, "ਖੇਡਾਂ ਤੇ ਖਿਡਾਰੀਆਂ ਬਾਰੇ ਮੈਂ ਗਿਣ-ਮਿਥ ਕੇ ਨਹੀਂ ਸਾਂ ਲਿਖਣ ਲੱਗਾ। ਮੇਰੇ ਨਾਲ ਤਾਂ ਉਵੇਂ ਹੋਈ ਜਿਵੇਂ ਸੁੰਘਿਆ ਸੀ ਫੁੱਲ ਕਰ ਕੇ, ਰੌਅ ਗਿਆ ਹੱਡਾਂ ਵਿਚ ਸਾਰੇ!" ਕਿਵੇਂ ਵੀ ਹੋਇਆ, ਫੁੱਲ ਦੀ ਖ਼ੁਸ਼ਬੋ ਤਾਂ ਹੱਡਾਂ ਵਿਚ ਪੂਰੀ ਤਰ੍ਹਾਂ ਰਮ ਹੀ ਗਈ ਸੀ। ਤੇ ਇਹ ਕਹਾਣੀ ਨੂੰ ਪਿੱਛੇ ਛੱਡ ਖਿਡਾਰੀਆਂ ਦੇ ਕਲਮੀ ਚਿਤਰਾਂ ਤੋਂ ਸ਼ੁਰੂ ਕਰ ਕੇ ਖੇਡ ਸਾਹਿਤ ਦਾ ਪੱਕਾ ਪਾਂਧੀ ਬਣ ਚੁੱਕਿਆ ਸੀ!

ਪੰਜਾਬੀ ਵਿਚ ਕੁਛ ਤਾਂ ਆਲੋਚਕ ਹਨ ਪਰ ਬਹੁਤੇ ਫ਼ਤਵਾਧਾਰੀ ਹਨ। ਇਕ ਅਜਿਹੇ ਫ਼ਤਵਾਧਾਰੀ ਨੇ ਕਈ ਸਾਲ ਪਹਿਲਾਂ ਇਕ ਸਾਹਿਤਕ ਗੋਸ਼ਟੀ ਵਿਚ ਉਸ ਸਮੇਂ ਅੱਧੀ ਦਰਜਨ ਖੇਡ-ਪੁਸਤਕਾਂ ਦੇ ਲੇਖਕ ਬਣ ਚੁੱਕੇ ਸਰਵਣ ਸਿੰਘ ਨੂੰ ਕਿਹਾ ਸੀ, "ਖੇਡਾਂ ਤੇ ਖਿਡਾਰੀਆਂ ਬਾਰੇ ਲਿਖਤਾਂ ਨੂੰ ਸਾਹਿਤ ਨਹੀਂ ਮੰਨਿਆ ਜਾ ਸਕਦਾ। ਨਾ ਹੀ ਇਨ੍ਹਾਂ ਬਾਰੇ ਲਿਖਣ ਵਾਲਿਆਂ ਨੂੰ ਸਾਹਿਤਕਾਰ ਕਿਹਾ ਜਾ ਸਕਦਾ ਹੈ। ਉਹ ਪੱਤਰਕਾਰ ਹੋ ਸਕਦੇ ਹਨ ਪਰ ਸਾਹਿਤਕਾਰ ਨਹੀਂ।" ਇਹਨੇ ਅਜਿਹੀਆਂ ਟਿੱਪਣੀਆਂ ਨਾਲ ਦਿਲ ਨਹੀਂ ਛੱਡਿਆ ਸਗੋਂ ਇਨ੍ਹਾਂ ਨੂੰ ਖਿਡਾਰੀ ਦੇ ਪਿੰਡੇ ਨੂੰ ਲੱਗੀ ਮਿੱਟੀ ਵਾਂਗ ਝਾੜ ਕੇ ਅੱਗੇ ਵਧਦਾ ਗਿਆ।

ਪੰਜਾਬੀ ਵਿਚ ਖੇਡ-ਸਾਹਿਤ ਦੀ ਕਿਸੇ ਪਰੰਪਰਾ ਦੀ ਅਣਹੋਂਦ ਵੱਲ ਦੇਖਦਿਆਂ ਇਹਦੀ ਪ੍ਰਾਪਤੀ ਬਿਨਾਂ-ਸ਼ੱਕ ਵੱਡੀ ਹੈ। ਆਪਣੇ ਤੋਂ ਪਹਿਲਾਂ ਇਹ ਪੰਜਾਬੀ ਵਿਚ ਕੇਵਲ ਇਕ ਖੇਡ-ਪੁਸਤਕ, ਬਲਬੀਰ ਸਿੰਘ ਕੰਵਲ ਦੀ 'ਭਾਰਤ ਦੇ ਪਹਿਲਵਾਨ', ਹੋਣ ਦੀ ਦੱਸ ਪਾਉਂਦਾ ਹੈ। ਅਜਿਹੀ ਸੂਰਤ ਵਿਚ ਇਹ ਵੱਧ ਤੋਂ ਵੱਧ ਵੀ ਪੰਜਾਬੀ ਖੇਡ ਸਾਹਿਤ ਦੀ ਨਵੀਂ ਧਰਤੀ ਉੱਤੇ ਪਹਿਲਿਆਂ ਪੈੜਾਂ ਕਰ ਦਿੰਦਾ, ਉਹੋ ਬਹੁਤ ਹੋਣੀਆਂ ਸਨ। ਪਰ ਇਹਨੇ ਤਾਂ ਇਕੱਲੇ ਨੇ ਹੀ ਖੁੱਲ੍ਹਾ-ਮੋਕਲਾ ਮਾਰਗ ਬਣਾ ਦਿੱਤਾ। ਇਸ ਮਾਰਗ ਉੱਤੇ ਤੁਰ ਕੇ ਹੁਣ ਕਿੰਨੇ ਹੀ ਖੇਡ ਲੇਖਕ ਅਖ਼ਬਾਰਾਂ-ਰਸਾਲਿਆਂ ਵਿਚ ਆਪਣੇ ਆਪਣੇ ਵਿਤ ਅਨੁਸਾਰ ਖੇਡਾਂ ਤੇ ਖਿਡਾਰੀਆਂ ਬਾਰੇ ਲਗਾਤਾਰ ਲਿਖ ਰਹੇ ਹਨ ਅਤੇ ਅਖ਼ਬਾਰ ਬੱਝਵੇਂ ਦਿਨ ਖੇਡਾਂ ਬਾਰੇ ਪੰਨੇ ਛਾਪਦੇ ਹਨ। ਤਾਂ ਵੀ ਇਹਦੇ ਹਾਣ ਦਾ ਖੇਡ-ਲੇਖਕ ਕੋਈ ਦੂਜਾ ਪੈਦਾ ਹੋਣ ਦੀ ਕੋਈ ਸੰਭਾਵਨਾ ਅਜੇ ਤਾਂ ਨਜ਼ਰ ਨਹੀਂ ਆਉਂਦੀ।

(ਚਲਦਾ)

# ਤਸਵੀਰ ਦੇ ਦੋਵੇਂ ਪਾਸੇ

(ਪਿਛਲੇ ਸਫੇ ਤੋਂ ਜਾਰੀ)

ਮਾਰਗਰੇਟ ਪਾਸ ਖਾਣ ਨੂੰ ਕੁਝ ਨਹੀਂ ਸੀ। ਉਸ ਨੂੰ ਵਿਹਲ ਹੀ ਨਹੀਂ ਸੀ ਮਿਲੀ ਕਿ ਖਾਣ-ਪੀਣ ਦਾ ਸਾਮਾਨ ਲੈ ਸਕਦੀ! ਉਹ ਤਾਂ ਮਸਾਂ ਗੱਡੀ ਤੱਕ ਪਹੁੰਚ ਸਕੀ ਸੀ!

ਸਾਰਿਆਂ ਨੂੰ ਖਾਂਦਿਆਂ ਵੇਖ ਕੇ ਉਸ ਨੂੰ ਬੜਾ ਗੁੱਸਾ ਆ ਰਿਹਾ ਸੀ। ਪਹਿਲਾਂ ਤਾਂ ਦੱਬੇ ਹੋਏ ਗੁੱਸੇ ਨੇ ਉਸ ਦੇ ਸਾਰੇ ਸਰੀਰ ਨੂੰ ਹਲੂਣਿਆ। ਉਸ ਨੇ ਕੋਈ ਸੱਚੀ ਗੱਲ ਕਹਿ ਦੇਣ ਲਈ ਇਕ ਵਾਰੀ ਮੂੰਹ ਉਤਾਂਹ ਕੀਤਾ। ਉਹ ਉਨ੍ਹਾਂ ਸਾਰੇ ਮੁਸਾਫ਼ਰਾਂ ਨੂੰ ਅਪਮਾਨ ਦੀ ਵਾਛੜ ਨਾਲ ਭਿਉਂ ਦੇਣਾ ਚਾਹੁੰਦੀ ਸੀ, ਪਰ ਉਹ ਕੁਝ ਵੀ ਬੋਲ ਨਾ ਸਕੀ। ਗੁੱਸੇ ਨਾਲ ਉਸ ਦੀ ਆਵਾਜ਼ ਹੀ ਜਿਵੇਂ ਖੁਸ਼ਕ ਹੋ ਗਈ ਸੀ!

ਉਸ ਵੱਲ ਨਾ ਤਾਂ ਕੋਈ ਤੱਕ ਰਿਹਾ ਸੀ, ਨਾ ਉਸ ਬਾਰੇ ਕਿਸੇ ਨੂੰ ਖਿਆਲ ਸੀ। ਉਹ ਮਹਿਸੂਸ ਕਰ ਰਹੀ ਸੀ, ਜਿਵੇਂ ਇਨ੍ਹਾਂ ਧਰਮਾਤਮਾ ਲੋਕਾਂ ਦਾ ਨਿਰਾਦਰ ਉਹਨੂੰ ਸਮੁੱਚੀ ਨੂੰ ਹੀ ਨਿਗਲੀ ਜਾ ਰਿਹਾ ਹੈ। ਪਹਿਲਾਂ ਤਾਂ ਪਸ਼ੂਆਂ ਵਾਂਗੂੰ ਉਸ ਦਾ ਬਲੀਦਾਨ ਦਿੱਤਾ ਗਿਆ, ਤੇ ਮਗਰੋਂ ਉਸ ਨੂੰ ਪਤਿਤ ਤੇ ਬੇਕਾਰ ਸਮਝ ਕੇ ਠੁਕਰਾ ਦਿੱਤਾ ਗਿਆ।

ਇਸ ਤੋਂ ਬਾਅਦ ਉਸ ਨੂੰ ਆਪਣੀ ਉਦਨ ਵਾਲੀ ਪਟਾਰੀ ਦਾ ਖਿਆਲ ਆਇਆ ਜਿਸ ਦਾ ਸਾਰਾ ਸਾਮਾਨ ਉਸ ਨੇ ਬੜੀ ਖੁਸ਼ੀ ਤੇ ਪਿਆਰ ਨਾਲ ਇਨ੍ਹਾਂ ਲੋਕਾਂ ਦੇ ਢਿੱਡਾਂ ਵਿਚ ਪਾ ਦਿੱਤਾ ਸੀ!

ਬਹੁਤ ਜ਼ਿਆਦਾ ਕੱਸਣ ਨਾਲ ਜਿਸ ਤਰ੍ਹਾਂ ਸਾਜ਼ ਦੀ ਤਾਰ ਟੁੱਟ ਜਾਂਦੀ ਹੈ, ਇਸੇ ਤਰ੍ਹਾਂ ਮਾਰਗਰੇਟ ਦੇ ਗੁੱਸੇ ਦਾ ਬੰਨ੍ਹ ਟੁੱਟ ਗਿਆ। ਆਤਮ-ਸੰਜਮ ਦੀ ਉਸ ਨੇ ਲਗਦੀ ਵਾਹ ਕੋਸ਼ਿਸ਼ ਕੀਤੀ। ਆਪਣੇ ਆਪ ਨੂੰ ਸੰਭਾਲਿਆ। ਰੁਕੇ ਹੋਏ ਹਟਕੋਰਿਆਂ ਨੂੰ ਉਹ ਅੰਦਰੇ-ਅੰਦਰ ਪੀ ਗਈ ਜਿਨ੍ਹਾਂ ਨੇ ਉਸ ਦਾ ਗਲਾ ਦਬਾਇਆ ਹੋਇਆ ਸੀ, ਪਰ ਇਤਨੀ ਕੋਸ਼ਿਸ਼ ਕਰਦਿਆਂ ਵੀ ਉਸ ਦੀਆਂ ਅੱਖਾਂ ਵਿਚੋਂ ਅੱਥਰੂ ਟਪਕ ਹੀ ਪਏ। ਪਹਿਲਾਂ ਤਾਂ ਇਹ ਅੱਥਰੂ ਉਸ ਦੀਆਂ ਪਲਕਾਂ ਪਿੱਛੇ ਲੁਕੇ ਰਹੇ, ਪਰ ਛੇਤੀ ਹੀ ਇਹ ਮੋਟੀਆਂ-ਮੋਟੀਆਂ ਬੂੰਦਾਂ ਬਣ ਕੇ ਉਸ ਦੀਆਂ ਗੱਲ੍ਹਾਂ 'ਤੇ ਵਗਣੇ ਸ਼ੁਰੂ ਹੋ ਗਏ। ਤੇ ਫਿਰ ਹੌਲੀ-ਹੌਲੀ ਬੇਕਾਬੂ ਹੋ ਕੇ ਵਹਿਣ ਲੱਗੇ। ਮਾਰਗਰੇਟ ਨੇ ਹੁਣ ਇਨ੍ਹਾਂ ਨੂੰ ਰੋਕੀ ਰੱਖਣ ਦਾ ਇਰਾਦਾ ਛੱਡ ਦਿੱਤਾ। ਇਹ ਅੱਥਰੂ ਹੁਣ ਚੱਟਾਨ ਦੇ ਉਸ ਪਾਣੀ ਵਾਂਗ ਦਿਖਾਈ ਦੇ ਰਹੇ ਸਨ ਜਿਹੜਾ ਛਣ-ਛਣ ਕੇ ਹੇਠਾਂ ਡਿੱਗਦਾ ਹੈ।

ਅੱਥਰੂ ਬਰਾਬਰ ਉਸ ਦੀ ਉਭਰੀ ਹੋਈ ਛਾਤੀ 'ਤੇ ਡਿੱਗਦੇ ਰਹੇ, ਤੇ ਉਹ ਉਸੇ ਤਰ੍ਹਾਂ ਆਕੜ ਕੇ ਬੈਠੀ ਰਹੀ। ਇਸ ਵੇਲੇ ਉਸ ਦਾ ਚਿਹਰਾ ਕੁਝ ਪੀਲਾ ਤੇ ਕਰੜਾ ਦਿਖਾਈ ਦਿੰਦਾ ਸੀ। ਉਹ ਦਿਲ ਹੀ ਦਿਲ ਵਿਚ ਖਿਆਲ ਕਰ ਰਹੀ ਕਿ ਉਸ ਦੇ ਅੱਥਰੂਆਂ ਨੂੰ ਕਿਸੇ ਨਹੀਂ ਵੇਖਿਆ।

ਪਰ ਕਾਊਂਟੈਸ ਨੇ ਉਸ ਨੂੰ ਰੋਂਦਿਆਂ ਵੇਖ ਲਿਆ, ਤੇ ਉਸ ਨੇ ਇਸ਼ਾਰੇ ਨਾਲ ਆਪਣੇ ਪਤੀ ਨੂੰ ਵੀ ਉਸ ਵੱਲ ਤਕਾਇਆ। ਪਤੀ ਨੇ ਬੇਪਰਵਾਹੀ ਨਾਲ ਮੋਢੇ ਹਿਲਾ ਦਿੱਤੇ, ਜਿਵੇਂ ਕਹਿ ਰਿਹਾ ਹੋਵੇ, "ਚਲੋ ਸਾਨੂੰ ਕੀ!"

ਸ੍ਰੀਮਤੀ ਲੋਸ਼ੀਓ ਨੇ ਵੀ ਉਸ ਵੱਲ ਤਕਿਆ, ਤੇ ਤੱਕ ਕੇ ਮੁਸਕਰਾਈ, "ਸ਼ਰਮ ਦੀ ਮਾਰੀ ਰੋ ਰਹੀ ਹੈ।"

ਬਚੇ ਹੋਏ ਮਾਸ ਨੂੰ ਮੁੜ ਡੱਬੇ ਵਿਚ ਬੰਦ ਕਰ ਕੇ ਦੋਵੇਂ ਬ੍ਰਹਮਚਾਰਨੀਆਂ ਫਿਰ ਭਜਨ ਬੰਦਗੀ ਵਿਚ ਜੁੜ ਗਈਆਂ।

ਕਾਰਨੁਟੇਡ ਜਿਹੜਾ ਡਕਾਰ ਮਾਰ-ਮਾਰ ਕੇ ਆਂਡਿਆਂ ਨੂੰ ਪਚਾਉਣ ਦੀ ਕੋਸ਼ਿਸ਼ ਕਰ ਰਿਹਾ ਸੀ, ਨੇ ਆਪਣੇ ਸਾਹਮਣੇ ਵਾਲੇ ਖਾਲੀ ਥਾਂਵੇਂ ਲੱਤਾਂ ਪਸਾਰ ਲਈਆਂ ਤੇ ਪਿਛਾਂਹ ਝੁਕ ਕੇ ਬਾਂਹਾਂ ਸਿੱਧੀਆਂ ਕਰ ਲਈਆਂ। ਉਹ ਉਸ ਆਦਮੀ ਵਾਂਗ ਮੁਸਕਰਾਇਆ ਜਿਸ ਨੂੰ ਕੋਈ ਵਧੀਆ ਮਖੌਲ ਸੁਝਿਆ ਹੋਵੇ। ਉਹ ਹੌਲੀ-ਹੌਲੀ ਮਾਰਸੇਲਜ਼ ਦੇ ਇਕ ਗੀਤ (ਫਰਾਂਸੀਸੀਆਂ ਦਾ ਕੌਮੀ ਗੀਤ) ਦੀ ਤੁਕ ਗੁਣ-ਗੁਣਾਉਣ ਲੱਗਾ।

ਉਸ ਦੇ ਸਾਥੀ ਖਿਝ ਗਏ ਜਿਸ ਤੋਂ ਸਾਫ਼ ਪ੍ਰਗਟ ਸੀ ਕਿ ਉਨ੍ਹਾਂ ਨੂੰ ਇਹ ਬਾਗ਼ੀਆਨਾ ਗੀਤ ਪਸੰਦ ਨਹੀਂ। ਜਿਸ ਤਰ੍ਹਾਂ ਪੀਪੇ ਦੇ ਖੜਾਕ ਤੋਂ ਚਿੜ ਕੇ ਕੁੱਤਾ ਭੌਂਕਣ ਲਗਦਾ ਹੈ, ਇਸੇ ਤਰ੍ਹਾਂ ਉਹ ਸਾਰੇ ਕੁਝ ਨਾ ਕੁਝ ਬੋਲਣ ਲਈ ਤਿਆਰ ਹੋ ਬੈਠੇ। ਕਾਰਨੁਟੇਡ ਨੂੰ ਪਤਾ ਲੱਗ ਗਿਆ ਕਿ ਉਹ ਉਸ ਦੇ ਗੀਤ ਨਾਲ ਚਿੜ ਰਹੇ ਹਨ। ਉਹ ਹੋਰ ਉੱਚੀ-ਉੱਚੀ ਗਾਉਣ ਲੱਗ ਪਿਆ।

ਗੱਡੀ ਦੀ ਚਾਲ ਹੁਣ ਕੁਝ ਤੇਜ਼ ਹੁੰਦੀ ਜਾਂਦੀ ਸੀ, ਕਿਉਂਕਿ ਸੜਕ 'ਤੇ ਪਈ ਹੋਈ ਬਰਫ਼ ਸਖ਼ਤ ਹੋ ਚੁੱਕੀ ਸੀ ਅਤੇ ਪਹੀਏ ਹੁਣ ਉਸ ਵਿਚ ਖੁੱਭਦੇ ਨਹੀਂ ਸਨ। 'ਡੀਪੋ' ਤਕ ਦੀ ਸਮੁੱਚੀ ਯਾਤਰਾ ਤੱਕ ਕਾਰਨੁਟੇਡ ਬਰਾਬਰ ਉਚੀ ਤੋਂ ਉਚੀ ਸੁਰ ਵਿਚ ਆਪਣਾ ਗੀਤ ਗਾਈ ਗਿਆ। ਉਸ ਨੇ ਦਿਲ ਨਾਲ ਪੱਕਾ ਫੈਸਲਾ ਕਰ ਲਿਆ ਸੀ ਕਿ ਇਨ੍ਹਾਂ ਰਾਜ-ਭਗਤਾਂ ਨੂੰ ਖ਼ੂਬ ਸਤਾਇਆ ਜਾਵੇ। ਨਾਲੋ-ਨਾਲ ਉਹ ਸੋਚੀ ਜਾਂਦਾ ਸੀ, "ਇਕ ਦੇਸ਼ ਭਗਤ ਦਾ ਫਰਜ਼ ਹੈ ਕਿ ਉਹ ਜਿਸ ਤਰੀਕੇ ਨਾਲ ਵੀ ਹੋ ਸਕੇ, ਦੇਸ਼ ਭਗਤੀ ਦੀ ਆਵਾਜ਼ ਟੋਡੀਆਂ ਦੇ ਕੰਨਾਂ ਤੀਕ ਪਹੁੰਚਾਵੇ... ਖ਼ੁਸ਼ੀ ਨਾਲ ਭਾਵੇਂ ਧਿੰਗੋ-ਜ਼ੋਰੀ।"

ਇਧਰ ਮਾਰਗਰੇਟ ਦੇ ਅੱਥਰੂ ਅਜੇ ਤੱਕ ਜਾਰੀ ਸਨ। ਕਦੀ-ਕਦੀ ਤਾਂ ਉਸ ਦੀਆਂ ਸਿਸਕੀਆਂ ਦੀ ਆਵਾਜ਼, ਕਾਰਨੁਟੇਡ ਦੇ ਕੌਮੀ ਗੀਤ ਵਿਚ ਇਸ ਤਰ੍ਹਾਂ ਰਲ ਮਿਲ ਜਾਂਦੀ ਸੀ ਕਿ ਨਿਖੇੜਾ ਕਰਨਾ ਮੁਸ਼ਕਲ ਹੋ ਜਾਂਦਾ ਸੀ ਕਿ ਕੌਣ ਗਾ ਰਿਹਾ ਤੇ ਕੌਣ ਰੋ ਰਿਹਾ ਹੈ।

(ਸਮਾਪਤ)

## ਕਲਯੁਗ ਦੇ ਬਾਬੇ

ਅਨਪੜ੍ਹ ਬਾਬੇ ਕਰਕੇ ਬਿਆਨ,
ਪੜ੍ਹੇ ਲਿਖੇ ਨੂੰ ਦੇਣ ਗਿਆਨ।
ਜੋ ਵੀ ਦੇਵਣ ਗੁਪਤ ਦਾਨ,
ਉਸ ਦਾ ਰੱਖਣ ਖਾਸ ਧਿਆਨ।
ਸ਼ੋਕ ਦੇ ਭਾਅ ਸਿਰੋਪੇ ਵੰਡਣ,
ਅਖ਼ਬਾਰਾਂ ਵਿਚ ਫੋਟੋ ਛਪਵਾਣ।
ਭੇਟਾ ਲੈ ਕਰਦੇ ਅਰਦਾਸ,
ਫਿਰ ਵੀ ਲੱਗਦੇ ਮਿਹਰਬਾਨ।
ਮੂੰਹ ਦੇ ਮਿੱਠੇ, ਬਗਲੀਂ ਛੁਰੀਆਂ,
ਭੇਟਾ ਕਰਨ ਤਿੱਖੀ ਕਿਰਪਾਨ।
ਦੁੱਧ 'ਚ ਪਾ ਕੇ ਮੇਵੇ ਚਿੱਬਣ,
ਸਾਦੇ ਨਹੀਂ ਖਾਵਣ ਪਕਵਾਨ।
ਗੁਫਾ 'ਚ ਆ ਜੋ, ਸੇਵਾ ਕਰ ਲੋ,
ਜਾਰੀ ਕਰਨ ਰਾਤੀ ਫੁਰਮਾਨ।
ਜਦ ਕਰਦੇ ਨੇ ਗੰਦੇ ਕੰਮ,
ਛੱਡਦੇ ਨਾ ਬਾਕੀ ਨਿਸ਼ਾਨ।
ਬਦਾਮ ਤੇ ਕਾਜੂ ਮੇਵੇ ਖਾ ਖਾ,
ਬਣਦੇ ਜਾਂਦੇ ਨੇ ਭਲਵਾਨ।
ਭੋਲਾ ਚਿਹਰਾ ਬੀਬਾ ਰਾਣਾ,
ਆਤਮਾ ਐਪਰ ਬੜੀ ਸ਼ੈਤਾਨ।
'ਗਿੱਲ' ਬੱਚ ਜਾਹ ਇਨ੍ਹਾਂ ਕੋਲੋਂ,
ਤੇਰੇ ਵੱਲ ਬਾਬੇ ਦਾ ਧਿਆਨ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*



ਚਿੱਤ ਚੇਤਾ

ਕਾਨਾ ਸਿੰਘ
ਫੋਨ:91-95019-44944

# ਇਹ ਸੱਚ ਸੀ ਕਿ ਸੁਪਨਾ?...

***ਕਾਨਾ ਸਿੰਘ ਦੇ ਇਸ ਲੇਖ ਦਾ ਰੰਗ ਦੋਹਰਾ ਹੈ। ਇਸ ਲੇਖ ਦੀਆਂ ਲੜੀਆਂ 8 ਮਾਰਚ ਨੂੰ ਮਨਾਏ ਜਾਂਦੇ ਔਰਤ ਦਿਵਸ ਨਾਲ ਜੁੜੀਆਂ ਹੋਈਆਂ ਹਨ ਅਤੇ ਇਹੀ ਦਿਨ ਮਸ਼ਹੂਰ ਸ਼ਾਇਰ ਸਾਹਿਰ ਲੁਧਿਆਣਵੀ ਦਾ ਜਨਮ ਦਿਨ ਵੀ ਹੈ। ਇਕ ਪਾਸੇ ਸਾਹਿਰ ਵੱਲੋਂ ਕੀਤੀ ਜਾ ਰਹੀ ਸ਼ਬਦ-ਬ-ਸ਼ਬਦ ਚਿਣਾਈ ਹੈ ਅਤੇ ਦੂਜੇ ਬੰਨੇ ਕਾਨਾ ਸਿੰਘ ਵੱਲੋਂ ਕੱਤੀ ਜਾ ਰਹੀ ਤਨ ਦੀ ਪੂਣੀ ਦਾ ਜ਼ਿਕਰ ਹੈ। ਨਾਲ ਆਪਣੇ ਨੰਨ੍ਹੇ ਬਾਲ ਨੂੰ ਸੰਭਾਲਣ ਲਈ ਕੀਤਾ ਤਰੱਦਦ ਹੈ। ਅੰਤਾਂ ਦੇ ਇਸ ਤਰੱਦਦ ਦੇ ਬਾਵਜੂਦ ਕਾਨਾ ਸਿੰਘ ਦੀ ਲਿਖਤ ਬਹੁਤ ਸਹਿਜ ਹੈ। ਇਤਨੀ ਸਹਿਜ ਜਿਵੇਂ ਬਨੇਰੇ ਉਤੇ ਕੋਈ ਕਾਗ ਆਣ ਕੇ ਬੋਲਣ ਲੱਗ ਪੈਂਦਾ ਹੈ; ਜਾਂ ਜਿਵੇਂ ਬਰਸਾਤਾਂ ਦੇ ਦਿਨੀਂ ਕਣੀਆਂ, ਭੂਰ ਬਣ ਕੇ ਉਤਰਦੀਆਂ ਰਹਿੰਦੀਆਂ ਹਨ। ਇਸ ਦੇ ਨਾਲ ਹੀ ਇਸ ਵਿਚ ਪਾਠਕ ਨੂੰ ਆਪਣੇ ਨਾਲ ਲੈ ਤੁਰਨ ਦਾ ਵੇਗ ਵੀ ਸਮਾਇਆ ਹੋਇਆ ਹੈ। -ਸੰਪਾਦਕ***

ਮੁੰਬਈ ਦੇ ਵਰਸੋਵਾ ਤੱਟ ਦੀ ਸਰਬੋਤਮ ਬਸਤੀ 'ਸਾਤ ਬੰਗਲਾ' ਦੇ ਮੱਧ ਵਿਚ ਸਥਿਤ ਸੀ-ਗਵਾਲੀਅਰ ਪੈਲੇਸ; ਗਵਾਲੀਅਰ ਦੇ ਰਾਜੇ ਦਾ ਮਹੱਲ ਜੋ ਰਾਜੇ ਨੇ ਸਾਗਰ ਕੰਢੇ ਤਫ਼ਰੀਹ ਕਰਨ ਲਈ ਖ਼ਾਸ ਤੌਰ 'ਤੇ ਆਪਣੇ ਲਈ ਬਣਵਾਇਆ ਸੀ ਤੇ ਇਸ ਦੇ ਖੱਬੇ ਹੱਥ ਨਾਲ ਲਗਦਾ ਗਵਾਲੀਅਰ ਹਾਊਸ ਆਪਣੇ ਸੇਵਕਾਂ, ਅਹਿਲਕਾਰਾਂ ਲਈ।

ਇਸ ਮਹੱਲ ਜੋ ਹੁਣ ਬੰਗਲਾ ਅਖਵਾਉਂਦਾ ਸੀ, ਦਾ ਮਾਲਕ ਹੁਣ ਇਕ ਗੁਜਰਾਤੀ ਸੇਠ ਸੀ।

ਇਮਾਰਤ ਦੇ ਥਲਵੇਂ, ਸਭ ਤੋਂ ਵੱਡੇ ਤੇ ਮੁੱਖ ਭਾਗ ਵਿਚ ਰਹਿੰਦਾ ਸੀ, ਅਸ਼ਕ। ਓਮ ਪ੍ਰਕਾਸ਼ ਅਸ਼ਕ। ਸਾਹਿਰ ਲੁਧਿਆਣਵੀ ਦਾ ਹਮ-ਉਮਰ ਤੇ ਲੰਗੋਟੀਆ ਯਾਰ। ਉਹਦੇ ਵਾਂਗ ਹੀ ਇਕੱਲਾ ਤੇ ਆਦੀ ਛੜਾ। ਉਹ ਫਿਲਮਾਂ ਦਾ ਸਕਰਿਪਟ ਰਾਈਟਰ ਸੀ ਸ਼ਾਇਦ, ਸੰਵਾਦ-ਲਿਖਾਰੀ।

ਚਾਂਦ ਅਸ਼ਕ ਦਾ ਰਸੋਈਆ ਸੀ, ਨੌਕਰ ਪਰ ਨੌਕਰਾਂ ਵਾਲੀ ਉਸ ਵਿਚ ਕੋਈ ਗੱਲ ਨਹੀਂ ਸੀ। ਸੂਖਮ ਸਰੀਰ। ਗੋਰਾ-ਚਿੱਟਾ, ਕਾਲੇ ਘੁੰਗਰਾਲੇ ਵਾਲ, ਅੱਪ-ਟੂ-ਡੇਟ ਤੇ ਖ਼ੂਬਸੂਰਤ ਉਰਦੂ ਲਹਿਜਾ। ਸਗਵਾਂ ਹੀਰੋ ਸੀ ਚਾਂਦ। ਅਸ਼ਕ ਦਾ ਲਾਡਲਾ। ਕਰਤਾ-ਧਰਤਾ ਮੁਖਤਿਆਰ। (ਅਸ਼ਕ ਆਪਣੀ ਵਸੀਅਤ ਦਾ ਕੁਝ ਭਾਗ ਚਾਂਦ ਦੇ ਨਾਂ ਕਰ ਗਿਆ ਸੀ) ਬੰਗਲੇ ਤੇ ਉਸ ਦੇ ਆਊਟ ਹਾਊਸਾਂ ਵਿਚ ਵਸਦੇ ਪਰਿਵਾਰਾਂ ਦਾ ਚਹੇਤਾ, ਭਾਈ ਜਾਨਾਂ ਦਾ ਦੋਸਤ ਅਤੇ ਭਾਬੀ ਜਾਨਾਂ ਦਾ ਦਿਓਰ ਸੀ ਚਾਂਦ।

ਬੰਗਲੇ ਦੀ ਪਹਿਲੀ ਛੱਤ 'ਤੇ, ਅਸ਼ਕ ਵਾਲੇ ਹਿੱਸੇ ਦੇ ਐਨ ਉਪਰ ਵਾਲੇ ਸੈਟ ਵਿਚ ਰਹਿੰਦੇ ਸਨ ਭਾਟੀਆ ਸਾਹਿਬ, ਤੇ ਅਸੀਂ ਉਨ੍ਹਾਂ ਦੇ ਸਬ ਟੈਨੈਂਟ ਸਾਂ, ਕਿਰਾਏਦਾਰਾਂ ਦੇ ਕਿਰਾਏਦਾਰ।

ਅਕਤੂਬਰ 1962 ਵਿਚ, ਸੱਜ-ਵਿਆਹੇ ਜੋੜੇ ਵਜੋਂ ਅਸਾਂ ਏਸੇ ਘਰ ਵਿਚ ਪ੍ਰਵੇਸ਼ ਕੀਤਾ ਸੀ। ਬੈਡ ਰੂਮ ਤੇ ਹਾਲ ਵਿਚਕਾਰਲੇ ਬੂਹੇ ਨੂੰ ਪੱਕੇ ਤੌਰ 'ਤੇ ਬੰਦ ਕਰ ਕੇ ਅਗਲਾ ਸੌਣ ਕਮਰਾ ਤੇ ਰਸੋਈ ਭਾਟੀਆ ਸਾਹਿਬ ਨੇ ਸਾਨੂੰ ਦੇ ਦਿੱਤੀ ਸੀ ਪਰ ਲੌਬੀ ਦੇ ਆਖ਼ਰੀ ਕੋਨੇ ਵਿਚ ਤੇ ਕਮਰੇ ਤੋਂ ਕਾਫੀ ਦੂਰ ਹੋਣ ਕਾਰਨ, ਬਾਅਦ ਵਿਚ ਮੈਂ ਰਸੋਈ ਨੂੰ ਸਟੋਰ ਵਿਚ ਤਬਦੀਲ ਕਰ ਲਿਆ ਸੀ ਅਤੇ ਉਸ ਵਿਸ਼ਾਲ ਕਮਰੇ ਦੇ ਸਾਹਮਣੇ ਵਾਲੇ ਕੋਨੇ ਨਾਲ ਲਗਦੀ ਖਿੜਕੀ ਮੂਹਰੇ ਹੀ ਰਸੋਈ-ਮੇਜ਼ ਲਗਾ ਲਿਆ ਸੀ।

ਅਜੋਕੇ ਤਿੰਨ ਕਮਰਿਆਂ ਵਾਲੇ ਫਲੈਟਾਂ ਤੋਂ ਵੀ ਵੱਡੇ ਖੇਤਰਫਲ ਵਾਲੇ ਉਸ ਕਮਰੇ ਵਿਚ ਖਾਣ, ਬੈਠਣ, ਸੌਣ ਤੇ ਰਸੋਈ-ਕੋਨਿਆਂ ਦੀ ਵੰਡ ਕਰ ਕੇ ਅਸਾਂ ਆਪਣੀਆਂ ਲੋੜਾਂ ਅਨੁਸਾਰ ਉਸ ਨੂੰ ਕਾਫੀ ਖ਼ੂਬਸੂਰਤ ਤੇ ਅਰਾਮਦੇਹ ਬਣਾ ਲਿਆ ਸੀ।

ਸਾਡੇ ਏਸ ਘਰ ਦੇ ਐਨ ਥੱਲੇ ਸੀ ਅਸ਼ਕ ਦੀ ਉਹ ਬੈਠਕ ਜਿਥੇ ਅਕਸਰ ਸ਼ਾਮੀਂ ਤਾਸ਼-ਪੱਤੇ ਖੇਡੇ ਜਾਂਦੇ ਤੇ ਮਹਿਫਲਾਂ ਲਗਦੀਆਂ। ਸੰਗੀਤ, ਪੱਤੇ, ਸਿਗਰਟਾਂ ਦੀ ਬੂ, ਬਹਿਸ-ਮੁਬਾਹਿਸੇ ਤੇ ਫਿਲਮ-ਜਗਤ ਦੇ ਲੋਕਾਂ ਦੀ ਆਵਾਜਾਈ; ਆਪਣੇ ਘਰ ਦੇ ਹੇਠਾਂ ਦੇ ਇਸ ਸਾਹਿਤਕ ਅਰ ਸਿਨੇ ਸੰਸਾਰ ਦੇ ਮਿਲੇ-ਜੁਲੇ ਮਾਹੌਲ ਦਾ ਮੈਨੂੰ ਬੜਾ ਸਹਾਰਾ ਸੀ; ਜਿਸ ਨੂੰ ਅਖਬਾਰਾਂ, ਫ਼ੈਮਿਨਾ ਤੇ ਰੀਡਰਜ਼ ਡਾਇਜੈਸਟ ਆਦਿ ਅੰਗਰੇਜ਼ੀ ਰਿਸਾਲਿਆਂ ਤੋਂ ਸਿਵਾ ਹੋਰ ਕੋਈ ਵੀ ਪੁਸਤਕ ਪੜ੍ਹਨ ਦੀ ਇਜਾਜ਼ਤ ਨਹੀਂ ਸੀ। ਪੰਜਾਬੀ ਤਾਂ ਅਸਲੋਂ ਹੀ ਵਰਜਿਤ ਸੀ।

'ਕਿਤਾਬਾਂ ਵਿਚ ਕੇਵਲ ਇਸ਼ਕ-ਮੁਸ਼ਕ ਦੀਆਂ ਗੱਲਾਂ ਹੁੰਦੀਆਂ ਨੇ ਤੇ ਪੰਜਾਬੀ ਭਾਸ਼ਾ ਵਿਚ ਨਿਰਾ ਲੁੱਚ-ਪੁਣਾ' ਜੀਤ ਦੇ ਵਿਚਾਰ ਅਨੁਸਾਰ ਹੀਰ ਵਾਰਿਸ ਤਾਂ ਸਭ ਤੋਂ 'ਫੁਹਸ਼' ਕਹਾਣੀ ਸੀ। ਰੇਡਿਓ 'ਤੇ 'ਵਿਵਿਧ ਭਾਰਤੀ ਦੇ ਸੰਗੀਤ' ਅਤੇ 'ਹਵਾ ਮਹਿਲ' ਆਦਿ ਪ੍ਰੋਗਰਾਮਾਂ ਦੇ ਨਾਟਕ ਹੀ ਮੇਰੀ ਸਾਹਿਤਕ ਭੁੱਖ ਦੀ ਤ੍ਰਿਪਤੀ ਕਰਦੇ ਸਨ। ਸਾਹਮਣੇ ਠਾਠਾਂ ਮਾਰਦਾ ਮਹਾਨ ਅਰਬ ਸਾਗਰ ਸੀ ਜਿਸ ਦੀਆਂ ਛੱਲਾਂ ਉੱਛਲ ਉੱਛਲ ਬੰਗਲੇ ਦੇ ਦਾਲਾਨ ਨੂੰ ਵੀ ਕਈ ਵੇਰਾਂ ਜਲਥਲ ਕਰ ਜਾਂਦੀਆਂ।

ਸਮੁੰਦਰੀ ਹਵਾ ਦੇ ਵੇਗ ਨਾਲ ਅਸਮਾਨ ਛੋਹੰਦੇ ਨਾਰੀਅਲ ਦੇ ਬ੍ਰਿਛਾਂ ਦੀ ਸਾਂ ਸਾਂ, ਖੜ ਖੜ; ਇਕੱਲੀ ਉਦਾਸ ਸਾਗਰ-ਕੰਢੇ ਰਾਜੇ ਦੇ ਮਹੱਲ ਦੇ ਉਸ ਕੋਨੇ ਵਿਚ ਨਜ਼ਰਬੰਦ ਜਿਹੀ ਸਾਂ ਮੈਂ, ਜਿਸ ਦੇ ਠੀਕ ਥੱਲੇ ਸੀ ਉਹ ਜੀਵਨ ਭਰਪੂਰ ਬੈਠਕ; ਉਸ ਸ਼ਾਂਤ ਉਦਾਸ ਤੇ ਬਾਹਲੀ ਵੇਰਾਂ ਤੂਫ਼ਾਨੀ ਖੌਫ਼ਨਾਕ ਵਾਤਾਵਰਨ ਵਿਚ ਇਕ ਮਾਤਰ ਚਹਿਲ-ਪਹਿਲ ਦਾ ਅੱਡਾ, ਮਾਨੋ ਸੁੱਤੇ ਪਏ ਗਵਾਲੀਅਰ ਪੈਲੇਸ ਦਾ ਧੜਕਦਾ ਦਿਲ।

ਚਿੱਟੇ-ਦੁੱਧ ਕੁਰਤੇ ਪਜਾਮੇ ਵਿਚ ਸੰਧੂਰੀ ਭਾਅ ਮਾਰਦਾ ਗੰਦਮੀ ਚਿਹਰਾ, ਤਿੱਖਾ ਨੱਕ, ਰੋਸ਼ਨ ਮੱਥਾ ਤੇ ਲਾਖੇ ਹੋਂਠ। ਇਹ ਉਸ ਦਾ ਅਸਲੀ ਰੂਪ ਸੀ, ਜਾਂ ਮੇਰੀ ਕਲਪਨਾ ਦੀ ਸਿਰਜਣਾ, ਕਹਿ ਨਹੀਂ ਸਕਦੀ। ਉਹਦੇ ਚਿਹਰੇ ਵੱਲ ਸਿੱਧੇ ਤੌਰ 'ਤੇ ਵੇਖਣ ਦੀ ਹਿੰਮਤ ਮੈਨੂੰ ਕਦੇ ਨਹੀਂ ਸੀ ਹੋਈ। ਬੱਸ ਦੂਰੋਂ, ਉਡਦੀ ਨਜ਼ਰ, ਕੇਵਲ ਚਾਲ-ਢਾਲ ਤੋਂ ਹੀ ਪਛਾਣਦੀ ਸਾਂ ਮੈਂ ਉਸ ਨੂੰ।

ਅਕਸਰ ਦਿਨੇ ਦਸ ਬਾਰਾਂ ਵਜੇ ਦੇ ਕਰੀਬ ਦੂਰੋਂ ਸਾਹਮਣਿਓਂ ਸੜਕ ਤੋਂ ਤੁਰਿਆ ਆਉਂਦਾ ਦਿਸਦਾ ਸੀ ਸਾਹਿਰ। ਸਾਹਿਰ ਲੁਧਿਆਣਵੀ। ਗਵਾਲੀਅਰ ਪੈਲੇਸ ਕੋਲੋਂ ਸਮੁੰਦਰ-ਤੱਟ ਨੂੰ ਜਾਂਦੇ ਮੁੱਖ ਚੌੜੇ ਰਸਤੇ ਨੂੰ ਛੱਡ ਕੇ ਓਸੇ ਹੱਥ ਦੋ ਤਿੰਨ ਬੰਗਲਿਆਂ ਦੀ ਵਿੱਥ ਉਤੇ ਸੀ ਉਸ ਦਾ ਬੰਗਲਾ। ਜਾਂਦਿਆਂ ਕਦੇ ਨਹੀਂ ਸੀ ਡਿੱਠਾ। ਪਤਾ ਨਹੀਂ ਉਹ ਵਾਪਸ ਘਰ ਕਦੋਂ ਪਰਤਦਾ ਸੀ? ਅਸ਼ਕ ਘਰ ਹੋਵੇ ਜਾਂ ਨਾ, ਸਾਹਿਰ ਅਕਸਰ ਏਧਰ ਹੀ ਹੁੰਦਾ ਸੀ।

ਗੇਟੋਂ ਅੰਦਰ ਵੜਦਿਆਂ ਐਨ ਸਾਹਮਣੇ ਹੀ ਤਾਂ ਪੈਂਦਾ ਸੀ ਅਸ਼ਕ ਦਾ ਘਰ। ਖੁੱਲ੍ਹੇ ਬੂਹੇ, ਖੁੱਲ੍ਹੀਆਂ ਬਾਰੀਆਂ। ਛੜਿਆਂ ਦਾ ਕੀ ਓਹਲਾ? ਇਸਤਰੀ ਕਦੇ ਨਹੀਂ ਸੀ ਵੇਖੀ ਕੋਈ। ਬੰਦੇ ਹੀ ਬੰਦੇ। ਛੜੇ ਜਾਂ ਛੜਿਆਂ ਵਰਗੇ ਪਰ ਆਂਢ-ਗੁਆਂਢ ਵਿਚ ਕਿਸੇ ਲਈ ਉਹ ਕੋਈ ਸਮੱਸਿਆ ਨਹੀਂ ਸਨ। ਸਭ ਤੋਂ ਨਿਆਰੇ ਹੀ ਰਹਿੰਦੇ।

ਨਾ ਤਾਂ ਅਸ਼ਕ ਹੀ ਕੂਇਆ ਸੀ ਕਦੇ ਕਿਸੇ ਇਸਤਰੀ ਨਾਲ, ਤੇ ਨਾ ਹੀ ਸਾਹਿਰ। ਅੱਵਲ ਤਾਂ ਅੱਖ ਭਰ ਕੇ ਵੇਖਦੇ ਵੀ ਨਹੀਂ ਸਨ ਕਿਸੇ ਵੱਲ, ਤੇ ਜੇ ਕਿਤੇ ਭੁੱਲੇ ਚੁੱਕੇ ਸਾਹਮਣਾ ਹੋ ਹੀ ਜਾਂਦਾ ਤਾਂ ਠੰਢੀ, ਮਿੱਠੀ, ਸੀਤਲ ਸੁਖਾਵੀਂ ਸਤਿਕਾਰ ਭਰੀ ਨਜ਼ਰ ਨਾਲ।

ਅਸੀਂ ਨਵੇਂ ਵਿਆਹੇ ਸਾਂ। ਲੰਘਦਿਆਂ-ਪਲੰਘਦਿਆਂ ਅਕਸਰ ਸਾਹਿਰ ਨਾਲ ਮੇਲ ਹੋ ਜਾਂਦਾ। 'ਹਾਇ ਹੈਲੋ', ਪਰ ਮੇਰੇ ਪਤੀ ਨਾਲ ਹੀ। ਮੇਰੇ ਵੱਲ ਕੇਵਲ ਆਦਰ ਭਰੀ ਪੈਰ ਛੂੰਹਦੀ ਨਜ਼ਰ। ਮੂਕ ਪ੍ਰਸ਼ੰਸਾ ਨੀਵੀਂ ਪਾਈ ਤੇ ਮੇਰਾ ਹੁੰਗਾਰਾ ਗੂੰਗੀ ਨਮਸਕਾਰ!

ਵਿਆਹ ਤੋਂ ਡੇਢ ਕੁ ਸਾਲ ਮਗਰੋਂ ਸੰਨੀ ਜੰਮਿਆ। ਸਾਡਾ ਪਲੇਠਾ ਪੁੱਤਰ। ਇਕ, ਡੇਢ, ਦੋ ਸਾਲਾਂ ਦਾ ਡਾਢਾ, ਅੱਥਰਾ। ਕੱਪ-ਪਲੇਟਾਂ, ਚਮਚੇ-ਕਟੋਰੀਆਂ, ਬਾਲ-ਖਿਡੌਣੇ ਜੋ ਆਉਂਦਾ ਮੂੰਹ ਅੱਗੇ, ਵਗ੍ਹਾ ਮਾਰਦਾ ਖਿੜਕੀ ਤੋਂ ਥੱਲੇ, ਤੇ ਮੈਂ ਭਜਦੀ ਰਹਿੰਦੀ ਬੋਚਣ ਨੂੰ, ਚੁੱਕਣ ਨੂੰ। ਇਕ ਚੀਜ਼ ਚੁੱਕ ਕੇ ਪਰਤਦੀ ਨਾ, ਕਿ ਦੂਜੀ ਥੱਲੇ। ਪਰੇਸ਼ਾਨ। ਹਫ਼ੀ ਹਫ਼ੀ।

ਜੇ ਖਿੜਕੀਆਂ ਬੰਦ ਕਰਾਂ ਤਾਂ ਕਮਰਾ ਘੁੱਪ। ਜੇ ਬੂਹਾ ਬੰਦ ਰੱਖਾਂ ਤਾਂ ਸੰਨੀ ਪਿੱਟੇ। ਚੀਕ-ਚਿਹਾੜਾ, ਕੰਧਾਂ ਨਾਲ ਸਿਰ ਮਾਰੇ। ਕਿਸੇ ਵੀ ਪੱਜ ਬੂਹਾ ਖੁੱਲ੍ਹਿਆ ਨਹੀਂ ਕਿ ਉਹ ਥੱਲੇ ਦੌੜਿਆ ਨਹੀਂ। ਸ਼ੂਟ ਵੱਟ ਕੇ ਗੇਟੋਂ ਬਾਹਰ।

ਸਮੁੰਦਰੀ ਨਜ਼ਾਰੇ ਪੱਖੋਂ ਤਾਂ ਬਹੁਤ ਹੀ ਆਕਰਸ਼ਕ ਸਥਿਤੀ ਸੀ ਗਵਾਲੀਅਰ ਪੈਲੇਸ ਦੀ, ਪਰ ਸੜਕ ਵਾਲੇ ਪਾਸਿਓਂ ਬੜੇ ਖਤਰਨਾਕ ਮੋੜ 'ਤੇ ਸੀ। ਅੰਧੇਰੀ ਤੋਂ ਵਰਸੋਵੇ ਵੱਲ ਜਾਂਦੀਆਂ ਤੇਜ਼ ਸ਼ੂਕਦੀਆਂ ਬੱਸਾਂ, ਗੱਡੀਆਂ ਦੀ ਆਵਾਜਾਈ। ਦਿਲ ਧੱਕ ਕਰ ਕੇ ਰਹਿ ਜਾਂਦਾ।

ਸਾਹਿਰ ਜੇ ਵੇਖ ਲੈਂਦਾ ਸੰਨੀ ਨੂੰ ਭੱਜਦਿਆਂ, ਤਾਂ ਲਪਕ ਕੇ ਫੜ ਲੈਂਦਾ। ਮੇਰੀ ਘਬਰਾਹਟ ਦਾ ਉਸ ਨੂੰ ਪੂਰਾ ਅਹਿਸਾਸ ਹੁੰਦਾ ਸੀ, ਬਿਨਾਂ ਦੱਸੇ-ਬੋਲੇ। ਕਈ ਵੇਰਾਂ ਸੰਨੀ ਅਸ਼ਕ ਦੀ ਰਸੋਈ ਦੇ ਪਿਛਵਾੜੇ ਦੀਆਂ ਝਾੜੀਆਂ ਵਿਚ ਲੁਕ ਜਾਂਦਾ।

'ਸੰਨੀ-ਸੰਨੀ' ਮੈਂ ਕੋਲੋਂ ਦੀ ਕੂਕਦੀ, ਲੱਭਦੀ ਗੇੜੇ ਮਾਰਦੀ ਰਹਿੰਦੀ। ਉਹ ਨਾ ਬੋਲਦਾ। ਮੈਂ ਘਬਰਾ ਜਾਂਦੀ। ਅਸ਼ਕ ਤੇ ਸਾਹਿਰ ਖੜ੍ਹੇ ਦਿਸਦੇ। ਨਿੰਮਾ ਨਿੰਮਾ ਮੁਸਕ੍ਰਾਂਦੇ। ਉਨ੍ਹਾਂ ਦੀ ਖਾਮੋਸ਼ ਮੁਸਕ੍ਰਾਹਟ ਤੋਂ ਮੈਨੂੰ ਸੰਨੀ ਦਾ ਅਤਾ-ਪਤਾ ਮਿਲ ਜਾਂਦਾ। ਮੈਂ ਉਸ ਨੂੰ ਲੱਭ ਲੈਂਦੀ।

ਨਿੱਕਾ ਜਿਹਾ ਵਜੂਦ, ਸੁਹਲ-ਮਲੂਕ ਜਿੰਦੜੀ, ਅਨੀਮਿਕ ਤੇ ਉਪਰੋਂ ਉੱਚੀ ਅੱਡੀ ਦੀ ਚੱਪਲ। ਛੋਟੇ ਕੱਦ ਦੇ ਅਹਿਸਾਸ ਕਾਰਨ ਉੱਚੀ ਅੱਡੀ ਦੀ ਚੱਪਲ ਬਿਨਾਂ ਮੈਂ ਕਦੇ ਕਿਸੇ ਦੇ ਸਾਹਮਣੇ ਹੀ ਨਹੀਂ ਸੀ ਹੁੰਦੀ। ਘਰ ਵਿਚ ਵੀ ਨਹੀਂ। ਤੇ ਏਸ ਚੱਪਲ ਨਾਲ ਦਰਜਨਾਂ ਵਾਰ ਕਾਹਲੀ ਕਾਹਲੀ ਬੰਗਲੇ ਦੀਆਂ ਉੱਚੀਆਂ ਉੱਚੀਆਂ ਦੂਹਰੀਆਂ ਪੌੜੀਆਂ ਨੂੰ ਦੁਲਾਂਘਣਾਂ ਤੇ ਸੰਨੀ ਪਿੱਛੇ ਭੱਜਣਾ- ਬੁਰੀ ਤਰ੍ਹਾਂ ਹੰਭ ਜਾਂਦੀ ਸਾਂ ਮੈਂ, ਤੇ ਸਾਹਿਰ ਨੂੰ ਇਸ ਦਾ ਪੂਰਾ ਕਿਆਸ ਹੁੰਦਾ ਸੀ। ਮੂਕ ਹਮਦਰਦੀ! ਇਹ ਮੇਰਾ ਯਕੀਨ ਸੀ।

ਢਾਈ ਸਾਲਾ ਸੰਨੀ ਸੰਗ ਭਾਲਦਾ ਸੀ। ਰੌਣਕਾਂ। ਹਾਣ-ਮਿੱਤਰ। ਸੜਕ ਉਤੇ, ਬਗੀਚੇ ਵਿਚ, ਸਾਗਰ-ਕੰਢੇ ਕਦੇ ਕਿਸੇ ਦੇ 'ਬਾਬੇ' (ਬੇਟੇ) ਦੇ ਮਗਰ ਭੱਜਦਾ ਤੇ ਕਦੇ ਕਿਸੇ ਦੀ 'ਬੇਬੀ' ਨੂੰ ਘਰ ਲਿਜਾਣ ਦੀ ਜ਼ਿਦ ਕਰਦਾ। ਛੱਤ 'ਤੇ ਟੰਗਿਆ, ਨਿੱਕੇ ਜਿਹੇ ਘਰ ਵਿਚ ਇਕੱਲਾ ਰਹਿਣੋਂ ਉਹ ਅਸਲੋਂ ਹੀ ਬਾਗੀ ਹੁੰਦਾ ਜਾ ਰਿਹਾ ਸੀ। ਉਹਦਾ ਗੁੱਸਾ ਵਧ ਰਿਹਾ ਸੀ। ਜ਼ਿਦਾਂ ਹੀ ਜ਼ਿਦਾਂ।

ਨਵਾਂ ਨਵਾਂ ਹੀ ਚੱਲਿਆ ਸੀ ਉਦੋਂ ਤਿੰਨ-ਪਹੀਆ ਸਕੂਟਰ। ਸਕੂਟਰ ਵੇਖਦਿਆਂ ਹੀ ਸੰਨੀ ਦੀ ਟ੍ਰਾਈਸਿਕਲ 'ਚੋਂ ਸਾਰੀ ਦਿਲਚਸਪੀ ਖ਼ਤਮ ਹੋ ਗਈ। ਉਹ ਸਕੂਟਰ ਲਈ ਪੁਆੜਾ ਪਾ ਬੈਠਾ।

"ਸਕੂਟਰ ਤੈਨੂੰ ਇਸ ਸ਼ਰਤ 'ਤੇ ਲੈ ਕੇ ਦਿਆਂਗੇ ਜੇ ਤੂੰ ਵਾਅਦਾ ਕਰੇਂ ਕਿ ਕਦੇ ਵੀ ਕੰਪਾਊਂਡ ਵਿਚ ਇਕੱਲਿਆ ਨਹੀਂ ਲੈ ਕੇ ਜਾਵੇਂਗਾ ਤੇ ਕੇਵਲ ਮੰਮੀ ਪਾਪਾ ਨਾਲ ਹੀ ਗੇਟੋਂ ਬਾਹਰ ਜਾਵੇਂਗਾ।" ਜੀਤ ਦਾ ਕਹਿਣਾ ਸੀ।

"ਮੰਮੀ ਪਰਾਮਿਸ, ਗੌਡ ਪਰਾਮਿਸ।" ਕੰਨ ਫੜ ਕੇ ਆਖ਼ਦਿਆਂ ਸੰਨੀ ਨੇ ਪਾਪਾ ਨੂੰ ਰਾਜ਼ੀ ਕਰ ਲਿਆ।

ਦਰਅਸਲ ਸਾਨੂੰ ਵੀ ਸਾਈਕਲ ਨਾਲੋਂ ਸਕੂਟਰ ਵਧੇਰੇ ਮਾਫ਼ਕ ਸੀ। ਇਕਹਿਰਾ ਤੇ ਲੰਮੇ ਆਕਾਰ ਦਾ ਹੋਣ ਕਾਰਣ ਉਹ ਘੱਟ ਜਗ੍ਹਾ ਘੇਰਦਾ ਸੀ ਤੇ ਹਲਕਾ ਹੋਣ ਕਾਰਨ ਮੈਂ ਵੀ ਚੁੱਕ ਕੇ ਥੱਲੇ ਲਿਜਾ ਸਕਦੀ ਸਾਂ। ਸਕੂਟਰ ਕਾਰਨ ਸੰਨੀ ਨੇ ਘਰ ਵਿਚ ਹੀ ਬਿਜ਼ੀ ਹੋ ਜਾਣਾ ਸੀ ਤੇ ਮੈਨੂੰ ਵਾਰ ਵਾਰ ਉਹਦੇ ਮਗਰ ਥੱਲੇ ਭੱਜਣ ਤੋਂ ਨਜਾਤ ਮਿਲ ਜਾਣੀ ਸੀ।

ਸਕੂਟਰ ਆ ਗਿਆ। ਲੌਬੀ ਵਿਚ, ਕਮਰੇ ਵਿਚ ਦੁੜਾਂਦਾ ਸੰਨੀ ਖੁਸ਼ ਹੋ ਗਿਆ।

ਦਸ ਵਜੇ ਜੀਤ ਦਵਾਖਾਨੇ ਲਈ ਰਵਾਨਾ ਹੋ ਜਾਂਦਾ ਸੀ। ਘਰ ਨੂੰ ਠੀਕ ਠਾਕ ਕਰ, ਭਾਂਡੇ ਸਫ਼ਾਈਆਂ ਕਰਵਾ, ਗਿਆਰਾਂ ਵਜੇ ਦੇ ਕਰੀਬ ਮੈਂ ਰੋਟੀ-ਟੁੱਕ ਲਈ ਜੁਟ ਜਾਂਦੀ। ਇਸ ਦੌਰਾਨ ਸੰਨੀ ਕਦੇ ਫਰਿੱਜ ਦੁਆਲੇ ਤੇ ਕਦੇ ਸੋਫ਼ੇ ਦੁਆਲੇ, ਕਦੇ ਪਲੰਘ ਦੁਆਲੇ ਤੇ ਕਦੇ ਖਾਣੇ ਦੇ ਮੇਜ਼ ਦੁਆਲੇ ਅੱਠ ਦੇ ਹਿੰਦਸੇ ਦੀ ਸ਼ਕਲ ਵਿਚ ਗੇੜੇ ਕੱਟਦਾ ਰਹਿੰਦਾ। ਵਿਵਿਧ ਭਾਰਤੀ ਦੇ ਸੰਗੀਤ ਤੇ ਸਕੂਟਰ ਦੇ ਸ਼ੋਰ ਵਿਚ ਗੁਆਚੇ ਮਾਂ-ਪੁੱਤ ਆਪੋ ਆਪਣੀ ਦੁਨੀਆਂ ਵਿਚ ਰੁੱਝੇ ਰਹਿੰਦੇ। ਇਕ ਵਜੇ ਤਕ ਉਹ ਥੱਕ ਜਾਂਦਾ, ਉਸ ਦੀ ਰੱਜਵੀਂ ਵਰਜਿਸ਼ ਹੋ ਜਾਂਦੀ ਤੇ ਇਸ ਦੌਰਾਨ ਮੈਂ ਦੋਹਾਂ ਵੇਲਿਆਂ ਲਈ ਦਾਲ ਸਬਜ਼ੀ ਬਣਾ ਲੈਂਦੀ। ਫੇਰ ਮੈਂ ਚੰਗੀ ਮਾਲਿਸ਼ ਕਰ ਕੇ, ਨੁਹਾ-ਧੁਆ ਕੇ ਸੰਨੀ ਨੂੰ ਸੁਆ ਦੇਂਦੀ ਤੇ ਉਸ ਤੋਂ ਬਾਅਦ ਮੇਜ਼ ਲਗਾ ਕੇ, ਆਪ ਵੀ ਤਿਆਰ ਹੋ ਜਾਂਦੀ।



*ਸਾਹਿਰ ਲੁਧਿਆਣਵੀ*

ਜੀਤ ਮੁੜ ਢਾਈ ਵਜੇ ਦੇ ਕਰੀਬ ਦੁਪਹਿਰ ਦਾ ਖਾਣਾ ਖਾਣ ਆਉਂਦਾ ਸੀ। ਖਾਰੋਂ, ਦਵਾਖਾਨੇ ਤੋਂ। ਖਾਰ ਤੋਂ ਅੰਧੇਰੀ ਤੱਕ ਦਸ ਮਿੰਟ ਦਾ ਰੇਲ ਦਾ ਸਫ਼ਰ ਤੇ ਅਗਿਉਂ ਬੱਸ ਉਤੇ ਸੱਤ ਬੰਗਲੇ, ਘਰ। ਉਸ ਦੇ ਆਉਣ ਤਕ ਘਰ ਟਿੰਚਨ ਹੋਣਾ ਲਾਜ਼ਮੀ ਸੀ ਤੇ ਮੈਂ ਸਾੜ੍ਹੀ ਵਿਚ ਸਜੀ ਸੰਵਰੀ ਪੂਰੀ ਮੇਕ-ਅੱਪ ਵਿਚ ਜਿਵੇਂ ਕਿਸੇ ਪਾਰਟੀ 'ਤੇ ਜਾਣਾ ਹੋਵੇ।

ਜੀਤ ਨੂੰ ਏਦਾਂ ਹੀ ਪਸੰਦ ਸੀ ਤੇ ਉਹਦੀ ਪਸੰਦ ਨੂੰ ਫੁੱਲ ਚੜ੍ਹਾਉਣੇ ਮੇਰੀ ਰੂਹ ਦੀ ਰੀਝ।

ਹੁਣ ਸਕੂਟਰ ਆ ਜਾਣ ਤੇ ਮੇਰੀਆਂ ਥੱਲੇ ਦੀਆਂ ਦੌੜਾਂ, ਪਰੇਸ਼ਾਨੀਆਂ ਖ਼ਤਮ ਹੋ ਗਈਆਂ ਸਨ। ਸੰਨੀ ਵੀ ਖੁਸ਼ ਸੀ ਤੇ ਮੈਂ ਵੀ।

ਮਸਾਂ ਥੋੜ੍ਹੇ ਦਿਨ ਹੀ ਲੰਘੇ ਹੋਣਗੇ। ਸਾਢੇ ਗਿਆਰਾਂ ਬਾਰਾਂ ਵਜੇ ਦਾ ਵਕਤ।

ਚਾਂਦ ਆਇਆ। ਉਸ ਮੇਰਾ ਬੂਹਾ ਠਕੋਰਿਆ।

"ਦੀਦੀ! ਜਾਨ! ਏਕ ਗੁਜ਼ਾਰਿਸ਼ ਹੈ ਆਪ ਸੇ, ਅਗਰ ਆਪ ਬੁਰਾ ਨਾ ਮਾਨੇ ਤੋ।"

"ਬੋਲੋ ਚਾਂਦ ਭਾਈ।"

"ਅਗਰ ਆਪ ਥੋੜ੍ਹਾ ਸ਼ੋਰ ਕਮ ਕਰ ਸਕੇਂ? ਨੀਚੇ ਸਾਹਿਰ ਸਾਹਿਬ ਲਿਖ ਰਹੇ ਹੈਂ।"

"ਸਾਹਿਰ ਸਾਹਿਬ?"

"ਗੀਤ ਲਿਖ ਰਹੇ ਹੈਂ?"

"ਯਹਾਂ?"

"ਹਾਂ ਦੀਦੀ ਜਾਨ, ਵੋ ਯਹੀਂ ਤੋ ਲਿਖਤੇ ਹੈਂ। ਘਰ ਕਾ ਮਾਹੌਲ ਤੋ - ਅੰਮੀ ਜਾਨ ਕੋ ਤੋ ਆਪ ਜਾਨਤੇ ਹੀ ਹੈਂ।"

ਚਿੱਟੇ ਸੂਟ ਵਿਚ ਤੇ ਸਿਰ 'ਤੇ ਪੱਲਾ ਲਈ, ਦੁਬਲੀ ਪਤਲੀ ਕਾਹਲੀ ਕਾਹਲੀ, ਗੁੱਸੇ ਗੁੱਸੇ ਦੂਰੋਂ ਸੜਕ ਤੋਂ ਆਉਂਦੀ ਅਕਸਰ ਵੇਖਦੀ ਸਾਂ ਮੈਂ ਸਾਹਿਰ ਦੀ ਮਾਂ! ਪਤਾ ਨਹੀਂ ਇਹ ਕਿੱਥੋਂ ਤੱਕ ਸੱਚ ਸੀ, ਪਰ ਸੁਣਦੀ ਸਾਂ ਕਿ ਉਹ ਉਹਨੂੰ ਏਦਾਂ ਡਾਂਟਦੀ ਸੀ ਜਿਵੇਂ ਉਹ ਪੰਜ-ਸਾਲਾ ਬੱਚਾ ਹੋਵੇ ਤੇ ਸਾਹਿਰ ਅੱਗਿਉਂ ਕਦੇ ਨਹੀਂ ਸੀ ਬੋਲਦਾ। ਬਸ ਮੁਸ ਮੁਸ ਕਰਦਾ ਰਹਿੰਦਾ ਸੀ।

"ਮੁਆਫ਼ ਕਰਨਾ ਚਾਂਦ ਭਾਈ, ਹਮੇਂ ਮਾਲੂਮ ਨਾ ਥਾ। ਆਇੰਦਾ ਸੇ ਸਾਹਿਰ ਸਾਹਿਬ ਕੋ ਕਭੀ ਨਾ ਕਹਲਵਾਨਾ ਪੜੇਗਾ।"

ਚਾਂਦ ਚਲਾ ਗਿਆ ਪਰ ਮੈਂ ਬੇਚੈਨ ਹੋ ਗਈ।

ਕਦੇ ਮੈਂ ਵੀ ਲਿਖਦੀ ਸਾਂ। ਗੀਤ, ਨਜ਼ਮਾਂ, ਕਹਾਣੀਆਂ। ਕੀ ਹਾਲਤ ਹੁੰਦੀ ਸੀ ਉਦੋਂ? ਬਿਲਕੁਲ ਚੁੱਪ ਚਾਹੀਦੀ ਹੁੰਦੀ ਸੀ। ਘੜੀ ਦੀ ਟਿਕ ਟਿਕ ਵੀ ਨਹੀਂ। ਦੂਰ ਕਰ ਦੇਂਦੀ ਸਾਂ ਮੈਂ। ਅਕਸਰ ਰਾਤੀਂ ਲਿਖਣਾ ਸ਼ੁਰੂ ਕਰਦੀ ਸਾਂ। ਬਾਰਾਂ ਵਜੇ, ਜਦੋਂ ਸਾਰੇ ਸੌਂ ਜਾਣ।

ਚਾਹ ਦੇ ਕੱਪ। ਥਰਮਸ ਭਰ ਕੇ ਰੱਖ ਲੈਂਦੀ

(ਬਾਕੀ ਅਗਲੇ ਸਫੇ 'ਤੇ)



*ਸਾਹਿਰ ਲੁਧਿਆਣਵੀ, ਸ਼ਾਇਰ ਸ਼ਿਵ ਬਟਾਲਵੀ (ਖੱਬੇ) ਅਤੇ ਇਕ ਹੋਰ ਸਾਥੀ ਨਾਲ।*

ਸਾਂ ਕੋਲ।

ਸੁਨਹਿਰੀ ਸੁਪਨੇ, ਖਿਆਲੀ ਦੁਨੀਆਂ ਪਰ ਅਸਲੀਅਤ ਕਿੰਨੀ ਕੌੜੀ ਹੈ। ਅੱਜ ਲਿਖਣਾ ਤਾਂ ਦੂਰ ਰਿਹਾ, ਮੈਂ ਪੜ੍ਹਨ ਲਈ ਵੀ ਸਹਿਕਦੀ ਸਾਂ। ਜੀਤ ਦੀ ਪੈੜ-ਚਾਲ ਸੁਣਦਿਆਂ ਹੀ ਪੁਸਤਕ ਲੁਕੋ ਛੱਡਦੀ ਸਾਂ ਜਿਵੇਂ ਕੋਈ ਬਹੁਤ ਵੱਡਾ ਅਪਰਾਧ ਕਰ ਰਹੀ ਹੋਵਾਂ। ਫੜੀ ਨਾ ਜਾਵਾਂ! ਲਿਖਣ ਬਾਰੇ ਤਾਂ ਮੈਂ ਸੋਚ ਵੀ ਨਹੀਂ ਸਾਂ ਸਕਦੀ। ਮਾਨੋ ਸਕਤਾ ਹੀ ਮਾਰ ਗਿਆ ਹੋਵੇ।

ਮੈਂ ਸਾਰਾ ਸਵੈ-ਵਿਸ਼ਵਾਸ ਗੁਆ ਬੈਠੀ ਸਾਂ ਤੇ ਏਥੇ ਠੀਕ ਮੇਰੇ ਹੇਠਾਂ ਗੀਤ ਜਨਮ ਲੈ ਰਿਹਾ ਸੀ, ਸਾਹਿਰ ਦਾ ਗੀਤ!...'ਔਰਤ ਨੇ ਜਨਮ ਦੀਆ ਮਰਦੋਂ ਕੋ, ਮਰਦੋਂ ਨੇ ਉਸੇ ਬਾਜ਼ਾਰ ਦੀਆ' ਅਤੇ 'ਇਕ ਸ਼ਹਿਨਸ਼ਾਹ ਨੇ ਦੌਲਤ ਕਾ ਸਹਾਰਾ ਲੇਕਰ, ਹਮ ਗਰੀਬੋਂ ਕੀ ਮੁਹੱਬਤ ਕਾ ਉੜਾਇਆ ਹੈ ਮਜ਼ਾਕ' ਵਰਗੇ ਸ਼ਾਹਕਾਰ ਗੀਤਾਂ ਦੇ ਹਾਣ ਦਾ। ਗੀਤ ਲਿਖਿਆ ਜਾ ਰਿਹਾ ਸੀ ਤੇ ਉਸ ਦੀ ਸਿਰਜਣ ਪ੍ਰਕਿਰਿਆ ਵਿਚ ਮੇਰਾ ਯੋਗਦਾਨ ਮੰਗਿਆ ਸੀ ਸਾਹਿਰ ਨੇ। ਵਾਹ ਵਾਹ! ਮੇਰੇ ਆਵੇਸ਼ ਦੀ ਕੋਈ ਸੀਮਾ ਨਹੀਂ ਸੀ।

ਖਿੜਕੀ ਦੇ ਨਾਲ ਹੀ ਸੀ ਮੇਰਾ ਰਸੋਈ-ਮੇਜ਼। ਕਮਰੇ ਵਿਚ ਹੀ ਹੌਟ-ਪਲੇਟ ਉਤੇ ਖਾਣਾ ਬਣਾਂਦੀ ਸਾਂ ਮੈਂ, ਤੇ ਸਾਹਮਣੇ ਸਾਗਰ ਕੰਢੇ, ਵਿਚੀ ਲੰਮੀ ਸੜਕ ਉਤੇ ਦੂਰੋਂ ਹੀ ਆਉਂਦਾ ਨਜ਼ਰ ਆ ਜਾਂਦਾ ਸੀ ਸਾਹਿਰ। ਉਸ ਲਈ ਏਨੀ ਦੂਰੋਂ ਖਿੜਕੀ ਦੇ ਪਰਦਿਆਂ ਵਿਚਲੀ ਵਿਰਲ 'ਚੋਂ ਮੈਨੂੰ ਵੇਖਣਾ ਨਾ-ਮੁਮਕਿਨ ਸੀ ਪਰ ਮੈਂ ਉਸ ਨੂੰ ਵੇਖਦਿਆਂ ਸਾਰ ਹੀ ਰੇਡੀਓ ਬੰਦ ਕਰ ਦੇਂਦੀ ਤੇ ਸੰਨੀ ਨੂੰ ਕਹਾਣੀ ਸੁਣਾ, ਲੋਰੀ ਸੁਣਾ, ਹੂਟੇ ਮਾਈਆਂ ਕਰ, ਕਿੱਕਲੀ ਪਾ, ਲੁਕਣ ਮੀਟੀ ਖੇਡ, ਤੇ ਇਸ ਤਰ੍ਹਾਂ ਦੇ ਸੌ ਸੌ ਪਾਪੜ ਵੇਲ ਕੇ ਵਰਚਾਅ ਲੈਂਦੀ। ਕੁਝ ਚਿਰ ਲਈ ਉਹ ਭੁੱਲਦਾ, ਮੁੜ ਜ਼ਿਦ ਕਰਨ ਲੱਗ ਪੈਂਦਾ ਰੇਡੀਓ ਲਈ, ਸਕੂਟਰ ਲਈ। ਕੰਧਾਂ ਨਾਲ ਸਿਰ ਮਾਰਦਾ। ਆਪਣੇ ਵਾਲ ਖੋਂਹਦਾ।

ਏਧਰ ਸੰਨੀ ਦੀ ਅੜੀ ਤੇ ਓਧਰ ਸਾਹਿਰ ਖਾਤਰ ਪਿਨ-ਡਰੋਪ-ਸਾਇਲੈਂਸ ਦੀ ਮਜਬੂਰੀ... ਬੜੀ ਮੁਸ਼ਕਿਲ ਆ ਪਈ ਸੀ ਮੇਰੇ ਲਈ!

ਆਖ਼ਿਰ ਮੈਂ ਨਵਾਂ ਰਾਹ ਕੱਢਿਆ। ਸੰਨੀ ਨੂੰ ਘਨਾੜੇ ਚੜ੍ਹਨਾ ਬੜਾ ਪਸੰਦ ਸੀ। ਮੈਂ ਉਹਨੂੰ ਪਿੱਠ 'ਤੇ ਚੜ੍ਹਾ ਕੇ ਨੰਗੇ ਤੇ ਪੋਲੇ ਪੈਰੀਂ 'ਆਟੇ ਦੀ ਬੋਰੀ' ਲੰਮੀ ਹੇਕ ਨਾਲ ਬੋਲਦੀ ਕਮਰੇ ਵਿਚ ਗੇੜੇ ਕੱਢਦੀ ਤੇ ਉਸ ਲਈ ਮਗਰ ਮਗਰ ਬੋਲਣ ਲਈ ਨਵੇਂ ਨਵੇਂ ਸ਼ਬਦ ਘੜਦੀ ਰਹਿੰਦੀ।

'ਆਟੇ ਦੀ ਬੋਰੀ।' ਮੈਂ ਆਖਦੀ
'ਪੰਜ ਰੁਪਏ।' ਸੰਨੀ ਆਖਦਾ।
ਤੇ ਫੇਰ 'ਆਟੇ ਦੀ ਬੋਰੀ।'
'ਬੜੀ ਭਾਰੀ...।'
'ਆਟੇ ਦੀ ਬੋਰੀ।'
'ਬੜੀ ਪੋਲੀ...।'
'ਆਟੇ ਦੀ ਬੋਰੀ।'
'ਡਿਗ ਜਾਏਗੀ...।'
'ਆਟਾ ਸਾਰਾ।'
'ਡੁੱਲ੍ਹ ਜਾਏਗਾ...।'

ਏਸ ਤਰ੍ਹਾਂ ਕਦੇ ਉਹਨੂੰ ਡੇਗ, ਤੇ ਕਦੇ ਚੁੱਕ; ਏਦਾਂ ਦੀਆਂ ਕਲਾਬਾਜ਼ੀਆਂ ਕਰਦੇ ਖੇਡਦੇ ਮਾਂ-ਪੁੱਤ ਕਦੇ ਸੋਫ਼ੇ ਦੁਆਲੇ ਤੇ ਕਦੇ ਮੰਜੇ ਦੁਆਲੇ ਚੱਕਰ ਕੱਟਦੇ ਰਹਿੰਦੇ।

ਕਦੇ ਮੈਂ ਘੋੜੀ ਬਣ ਜਾਂਦੀ ਤੇ ਸੰਨੀ ਮੇਰੀ ਪਿੱਠ ਉਤੇ 'ਚੱਲ ਮੇਰੇ ਘੋੜੇ ਟਿਕ ਟਿਕ' ਕਰਦਾ ਮੇਰੀ ਗੁੱਤ ਦੀ ਚਾਬੁਕ ਬਣਾ ਕੇ ਮੈਨੂੰ ਦੁੜਾਂਦਾ ਰਹਿੰਦਾ। ਕਦੇ ਮੈਂ ਸਲੇਟ ਉਤੇ ਰੰਗ ਬਰੰਗੇ ਚਾਕਾਂ ਨਾਲ ਮੂਰਤਾਂ ਬਣਾਉਣੀਆਂ, ਤੇ ਕਦੇ ਉਸ ਦੇ ਪਲਾਸਟਿਕ ਦੇ ਵਰਗਾਕਾਰ ਟੁਕੜਿਆਂ ਨਾਲ ਉਹਦੇ ਨਾਲ ਬੈਠ ਕੇ ਘਰ ਤੇ ਮੀਨਾਰਾਂ ਬਣਾਉਣੀਆਂ ਤੇ ਢਾਹੁਣੀਆਂ। ਏਦਾਂ ਕਿਸੇ ਵੀ ਤਰ੍ਹਾਂ ਮੈਂ ਸੰਨੀ ਨੂੰ ਦੋ ਘੰਟੇ ਵਰਚਾਈ ਰਖਦੀ ਪਰ ਬੈਠਵੀਆਂ ਖੇਡਾਂ ਕਾਰਨ ਉਹਦੀ ਬਾਲ-ਸ਼ਕਤੀ ਦਾ ਪੂਰਾ ਨਿਕਾਸ ਨਾ ਹੁੰਦਾ ਜਿਸ ਕਰ ਕੇ ਉਹ ਛੇਤੀ ਨਾ ਸੌਂਦਾ, ਅਰ ਮੈਂ ਖਾਣਾ ਨਾ ਬਣਾ ਸਕਦੀ। ਉਹ ਵੀ ਖਿਝਿਆ ਰਹਿੰਦਾ ਤੇ ਮੈਂ ਵੀ।

ਹੁਣ ਇਕੋ ਹੀ ਹੱਲ ਰਹਿ ਗਿਆ ਸੀ ਸਮੱਸਿਆ ਦਾ।

***ਮੈਂ ਸਾਰਾ ਸਵੈ-ਵਿਸ਼ਵਾਸ ਗੁਆ ਬੈਠੀ ਸਾਂ ਤੇ ਏਥੇ ਠੀਕ ਮੇਰੇ ਹੇਠਾਂ ਗੀਤ ਜਨਮ ਲੈ ਰਿਹਾ ਸੀ, ਸਾਹਿਰ ਦਾ ਗੀਤ!... ... 'ਔਰਤ ਨੇ ਜਨਮ ਦੀਆ ਮਰਦੋਂ ਕੋ, ਮਰਦੋਂ ਨੇ ਉਸੇ ਬਾਜ਼ਾਰ ਦੀਆ' ਅਤੇ 'ਇਕ ਸ਼ਹਿਨਸ਼ਾਹ ਨੇ ਦੌਲਤ ਕਾ ਸਹਾਰਾ ਲੇਕਰ, ਹਮ ਗਰੀਬੋਂ ਕੀ ਮੁਹੱਬਤ ਕਾ ਉੜਾਇਆ ਹੈ ਮਜ਼ਾਕ' ਵਰਗੇ ਸ਼ਾਹਕਾਰ ਗੀਤਾਂ ਦੇ ਹਾਣ ਦਾ। ਗੀਤ ਲਿਖਿਆ ਜਾ ਰਿਹਾ ਸੀ ਤੇ ਉਸ ਦੀ ਸਿਰਜਣ ਪ੍ਰਕਿਰਿਆ ਵਿਚ ਮੇਰਾ ਯੋਗਦਾਨ ਮੰਗਿਆ ਸੀ ਸਾਹਿਰ ਨੇ। ਵਾਹ ਵਾਹ! ਮੇਰੇ ਆਵੇਸ਼ ਦੀ ਕੋਈ ਸੀਮਾ ਨਹੀਂ ਸੀ। ... ਮੈਂ ਉਸ ਨੂੰ ਵੇਖਦਿਆਂ ਸਾਰ ਹੀ ਰੇਡੀਓ ਬੰਦ ਕਰ ਦੇਂਦੀ ਤੇ ਸੰਨੀ ਨੂੰ ਕਹਾਣੀ ਸੁਣਾ, ਲੋਰੀ ਸੁਣਾ, ਹੂਟੇ ਮਾਈਆਂ ਕਰ, ਕਿੱਕਲੀ ਪਾ, ਲੁਕਣ ਮੀਟੀ ਖੇਡ, ਤੇ ਇਸ ਤਰ੍ਹਾਂ ਦੇ ਸੌ ਸੌ ਪਾਪੜ ਵੇਲ ਕੇ ਵਰਚਾਅ ਲੈਂਦੀ। ਕੁਝ ਚਿਰ ਲਈ ਉਹ ਭੁੱਲਦਾ, ਮੁੜ ਜ਼ਿਦ ਕਰਨ ਲੱਗ ਪੈਂਦਾ ਰੇਡੀਓ ਲਈ, ਸਕੂਟਰ ਲਈ। ਕੰਧਾਂ ਨਾਲ ਸਿਰ ਮਾਰਦਾ। ਆਪਣੇ ਵਾਲ ਖੋਂਹਦਾ।***

ਜੀਤ ਦੇ ਕੰਮ ਲਈ ਰਵਾਨਾ ਹੋਣ ਮਗਰੋਂ ਥੋੜ੍ਹਾ ਘਰ ਵਿਚ ਵਰਚਾਣ ਉਪਰੰਤ ਮੈਂ ਘਰ ਨੂੰ ਜੰਦਰਾ ਲਗਾ ਕੇ ਸੰਨੀ ਨੂੰ ਥੱਲੇ ਲੈ ਜਾਂਦੀ ਵਿਹੜੇ ਵਿਚ ਪਰ ਬੰਗਲੇ ਦੇ ਪਿਛਵਾੜੇ ਹੀ, ਤਾਂ ਜੁ ਸਾਹਿਰ ਦੀ ਇਕਾਗਰਤਾ ਵਿਚ ਕੋਈ ਵਿਘਨ ਨਾ ਪਵੇ, ਤੇ ਆਪਣੇ ਬੰਗਲੇ ਦੀ ਥਾਂ 'ਤੇ ਨਾਲ ਲੱਗਦੇ ਗਵਾਲੀਅਰ ਹਾਊਸ ਦੀਆਂ ਤੱਟ ਵੱਲ ਜਾਂਦੀਆਂ ਪੌੜੀਆਂ ਰਾਹੀਂ ਉਸ ਨੂੰ ਬੀਚ ਉਤੇ ਲੈ ਜਾਂਦੀ, ਸਾਗਰ ਕੰਢੇ, ਤਾਂ ਜੁ ਸਾਹਿਰ ਨੂੰ ਅਸੀਂ ਦਿਸੀਏ ਵੀ ਨਾ।

'ਜੇ ਸਾਹਿਰ ਨੂੰ ਮੇਰੇ ਉਚੇਚ ਦੀ ਭਿਣਕ ਪੈ ਗਈ ਤਾਂ ਉਸ ਦੇ ਮਨ ਉਤੇ ਬੋਝ ਪਵੇਗਾ ਤੇ ਫੇਰ ਕੀ ਪਤਾ ਉਹ ਏਥੇ ਵੀ ਲਿਖ ਸਕੇ ਕਿ ਨਾ।' ਮੇਰਾ ਤੌਖਲਾ ਸੀ।

ਰੇਤ ਦੇ ਘਰ ਬਣਾਂਦੇ, ਸਿੱਪੀਆਂ ਲੱਭਦੇ ਪਾਣੀ ਵਿਚ ਗੇਂਦ ਸੁੱਟਦੇ ਤੇ ਬੋਚਦੇ। ਕਦੇ ਸੰਨੀ ਦੌੜਦਾ ਮੈਂ ਫੜਦੀ, ਤੇ ਕਦੇ ਮੈਂ ਦੌੜਦੀ, ਸੰਨੀ ਫੜਦਾ। ਇਸ ਤਰ੍ਹਾਂ ਭਰਪੂਰ ਦੌੜ-ਭੱਜ ਨਾਲ ਉਸ ਦੀ ਪੂਰੀ ਸ਼ਕਤੀ ਖਰਚ ਕੇ ਉਹਨੂੰ ਦੋ ਦੀ ਥਾਂ ਤੇ ਇਕ ਅੱਧ ਘੰਟੇ ਵਿਚ ਹੀ ਏਨਾ ਥਕਾ ਦੇਂਦੀ ਮੈਂ ਕਿ ਆਪੇ ਹੀ 'ਬਸ ਬਸ' ਕਰਦਾ ਉਹ ਘਰ ਪਰਤਣ ਲਈ ਕਾਹਲਾ ਪੈ ਜਾਂਦਾ ਤੇ ਮੈਂ ਉਸ ਨੂੰ ਨੁਹਾ-ਧੁਆ ਤੇ ਸੁਆ ਕੇ ਛੇਤੀ ਛੇਤੀ ਰਸੋਈ ਸਮੇਟ ਲੈਂਦੀ।

---

ਜੀਤ ਦੂਜੇ ਬੱਚੇ ਲਈ ਉੱਕਾ ਹੀ ਰਾਜ਼ੀ ਨਹੀਂ ਸੀ।

ਅਸੀਂ ਅਜੇ ਆਰਥਿਕ ਤੌਰ 'ਤੇ ਏਨੇ ਸੁਖਾਲੇ ਨਹੀਂ ਸਾਂ ਹੋਏ। ਫਲੈਟ ਵੀ ਆਪਣਾ ਨਹੀਂ ਸੀ। ਜੀਤ ਕੋਲ ਐਮ.ਬੀ.ਬੀ.ਐਸ. ਦੀ ਡਿਗਰੀ ਵੀ ਨਹੀਂ ਸੀ। ਕੇਵਲ ਫਾਰਮੇਸੀ ਦਾ ਡਿਪਲੋਮਾ ਸੀ, ਭਾਵੇਂ ਡਾਕਟਰ ਉਹ ਚੰਗਾ ਸੀ। ਕਾਬਲ ਤੇ ਅਨੁਭਵੀ। ਡਾਕਟਰੀ ਤਾਂ ਉਸ ਨੂੰ ਖਾਨਦਾਨੀ ਗੁੜਤੀ ਵਜੋਂ ਮਿਲੀ ਹੋਈ ਸੀ। ਤਿੰਨ ਪੀੜ੍ਹੀਆਂ ਤੋਂ ਡਾਕਟਰੀ ਪੇਸ਼ਾ ਪਰ ਮੁੰਬਈ ਵਰਗੀ ਮਹਾਂ ਨਗਰੀ ਵਿਚ ਉੱਚ ਵਿਦਿਆ ਦੀ ਅਣਹੋਂਦ ਕਾਰਨ ਕਲਿਨਿਕ ਬੰਦ ਹੋ ਜਾਣ ਦਾ ਧੁੜਕੂ ਲੱਗਿਆ ਰਹਿੰਦਾ ਸੀ। ਸੋ, ਜੀਤ ਨੇ ਹੋਮਿਓਪੈਥੀ ਦਾ ਚਾਰ-ਸਾਲਾ ਕੋਰਸ ਕਰਨ ਦੀ ਠਾਣ ਲਈ ਸੀ, ਤੇ ਦਾਖਲਾ ਵੀ ਲੈ ਲਿਆ ਸੀ ਜਿਸ ਕਾਰਨ ਉਸਨੂੰ ਸਵੇਰ ਦੀ ਪ੍ਰੈਕਟਿਸ ਬੰਦ ਕਰਨੀ ਪੈ ਗਈ ਸੀ। ਕੇਵਲ ਸ਼ਾਮ ਦੀ ਤਿੰਨ ਘੰਟਿਆਂ ਦੀ ਕਮਾਈ ਤੇ ਉਪਰੋਂ ਗ੍ਰਹਿਸਥੀ ਦੇ ਬੋਝ ਦੇ ਨਾਲ ਨਾਲ ਪੜ੍ਹਾਈ ਦਾ ਵੀ ਖਰਚਾ।

ਦੂਜੇ, ਜੀਤ ਨੂੰ 'ਕੁੜੀ ਦਾ ਪਿਉ' ਬਣਨਾ ਅਸਲੋਂ ਹੀ ਪਰਵਾਨ ਨਹੀਂ ਸੀ। 'ਇਕ ਹੋਰ ਮੁੰਡੇ ਦੇ ਲਾਲਚ ਵਿਚ ਕਿਤੇ ਕੁੜੀ ਹੀ ਨਾ ਆ ਜਾਵੇ', ਉਹਦਾ ਡਰ ਸੀ। ਇਸ ਤੋਂ ਇਲਾਵਾ ਇਕ ਹੋਰ ਅਨੋਖੀ ਹੀ ਦਲੀਲ ਸੀ ਉਸ ਦੀ- 'ਕੋਈ ਮੇਰੇ ਸੰਨੀ ਲਈ ਮੇਰਾ ਪਿਆਰ ਵੰਡਾ ਲਵੇ, ਭਾਵੇਂ ਮੇਰਾ ਆਪਣਾ ਹੀ ਬੱਚਾ, ਇਹ ਮੈਂ ਬਰਦਾਸ਼ਤ ਨਹੀਂ ਕਰ ਸਕਦਾ।' ਉਸ ਦਾ ਕਹਿਣਾ ਸੀ।

ਸਾਰੇ ਮਿਲੇ-ਜੁਲੇ ਕਾਰਨਾਂ ਕਾਰਨ ਪੂਰੀ ਇਹਤਿਆਤ ਵਰਤੀ ਜਾਂਦੀ ਸੀ ਪਰ ਭਾਣਾ ਫੇਰ ਵੀ ਵਰਤ ਗਿਆ। ਰੱਬ-ਸਬੱਬੀਂ। ਦਿਲ ਕੱਚਾ ਤੇ ਉਲਟੀਆਂ! ਮੇਰੇ ਅੰਦਰ ਕੁਝ ਨਾ ਠਹਿਰਦਾ। ਮੂੰਹ ਸਿਰ ਲਪੇਟ ਕੇ ਪਏ ਰਹਿਣ ਨੂੰ ਹੀ ਜੀ ਕਰਦਾ ਪਰ ਅੱਥਰਾ ਸੰਨੀ ਤੇ ਸਾਹਿਰ - ਏਸ ਜਦੋਜਹਿਦ ਨਾਲ ਜੂਝਣ ਦਾ ਜਤਨ ਏਨਾ ਪਿਆਰਾ ਸੀ ਕਿ ਪਤਾ ਨਹੀਂ ਕੀਕੂੰ ਤੇ ਕਿਵੇਂ ਉਸ ਪਲ ਮੈਂ ਬਿਲਕੁਲ ਠੀਕ ਹੋ ਜਾਂਦੀ।

ਦਿਨ ਵਧਦੇ ਜਾ ਰਹੇ ਸਨ। ਪੇਟ ਵਧਦਾ ਜਾ ਰਿਹਾ ਸੀ ਤੇ ਕੁੱਖ ਦੇ ਭਾਰ ਦੇ ਨਾਲ ਨਾਲ 'ਆਟੇ ਦੀ ਬੋਰੀ' ਦਾ ਵਜ਼ਨ ਵੀ ਵਧਦਾ ਜਾ ਰਿਹਾ ਸੀ।

'ਸਾਹਿਰ ਦੀ ਕਾਵਿ-ਸਿਰਜਣਾ ਵਿਚ ਮੈਂ ਵੀ ਸ਼ਾਮਿਲ ਹਾਂ, ਪਰੋਖ ਰੂਪ ਵਿਚ', ਇਸ ਅਹਿਸਾਸ ਦੀ ਸ਼ਿੱਦਤ ਸਦਕਾ ਸਭ ਕੁਝ ਉਸੇ ਤਰ੍ਹਾਂ ਹੀ ਚਲਦਾ ਰਿਹਾ। 'ਘੋੜੀ' ਵੀ 'ਬੋਰੀ' ਵੀ, ਤੇ ਸਮੁੰਦਰ-ਤੱਟ ਦੀਆਂ ਦੌੜਾਂ ਵੀ।

ਇਹ ਜ਼ਰੂਰੀ ਤਾਂ ਨਹੀਂ ਸੀ ਕਿ ਸਾਹਿਰ ਜ਼ਰੂਰ ਤੇ ਹਮੇਸ਼ਾਂ ਉਸ ਵੇਲੇ ਹੀ ਲਿਖਦਾ ਹੋਵੇ ਪਰ ਸ਼ਾਇਰ ਦੇ ਮੂਡ ਦਾ ਕੀ ਭਰੋਸਾ? ਏਸ ਲਈ ਕਦੇ ਵੀ, ਕਿਸੇ ਵੀ ਵੇਲੇ ਜੇ ਮੈਂ ਉਸ ਨੂੰ ਆਉਂਦੇ ਨੂੰ ਵੇਖ ਲੈਂਦੀ ਤਾਂ ਵਾਹ ਲਗਦੇ, ਘਰ ਵਿਚ ਕਿਸੇ ਵੀ ਕਿਸਮ ਦੀ ਹਲਚਲ ਜਾਂ ਸ਼ੋਰ ਨਾ ਹੋਣ ਦੇਂਦੀ।

ਸ਼ਾਮੀ ਛੇ ਵਜੇ ਜੀਤ ਨੇ ਮੁੜ ਦਵਾਖਾਨਾ ਖੋਲ੍ਹਣਾ ਹੁੰਦਾ ਸੀ। ਸਾਢੇ ਚਾਰ ਵਜੇ ਦੇ ਕਰੀਬ ਸੰਨੀ ਤੇ ਮੈਂ ਵੀ ਅਕਸਰ ਉਸ ਨਾਲ ਘਰੋਂ ਨਿਕਲ ਜਾਂਦੇ। ਇਕ ਅੱਧ ਘੰਟਾ ਇਕੱਠੇ ਟਹਿਲਦੇ। ਸੰਨੀ ਪਾਪਾ ਨਾਲ ਬਗੀਚੇ ਵਿਚ ਜਾਂ ਬੀਚ ਉਤੇ ਖੇਡਦਾ ਤੇ ਫੇਰ ਉਸ ਨੂੰ ਬਸ 'ਤੇ ਚੜ੍ਹਾ, ਟਾ ਟਾ ਕਰ ਮੇਰੇ ਨਾਲ ਵਾਪਸ ਘਰ ਪਰਤਦਾ।

ਬੰਗਲੇ ਦੇ ਮੁੱਖ ਦਵਾਰ 'ਤੇ ਜਾਂ ਦਲਾਨ ਵਿਚ ਹੀ ਕਈ ਵੇਰਾਂ ਸਾਹਿਰ ਨਾਲ ਸਾਹਮਣਾ ਹੋ ਜਾਂਦਾ। ਗਰਭਵਤੀ। ਸੰਨੀ ਨੂੰ ਉਂਗਲੀ ਨਾਲ ਲਾਈ ਜਦੋਂ ਮੈਂ ਉਸ ਕੋਲੋਂ ਲੰਘ ਜਾਂਦੀ ਤਾਂ ਉਸ ਦੀ ਨੀਝ ਦਾ ਮੈਨੂੰ ਪੂਰਾ ਕਿਆਸ ਹੁੰਦਾ - ਮੇਰੀ ਪਿੱਠ ਨੂੰ ਪਲੋਸਦਾ ਕੋਸਾ ਕੋਸਾ, ਨਿੱਘਾ ਨਿੱਘਾ ਸੇਕ।

ਸੰਨੀ ਦੇ ਵੇਲੇ ਵੀ ਪੂਰੇ ਦਿਨਾਂ ਦੀ ਅਵਸਥਾ ਵਿਚ ਖਾਸ ਤੌਰ 'ਤੇ ਵਿਹੜੇ ਵਿਚ ਟਹਿਲਦੀ ਨੂੰ ਇੰਜ ਲਗਦਾ ਹੁੰਦਾ ਸੀ ਜਿਵੇਂ ਸਾਹਿਰ ਮੇਰੀ ਕੁੱਖ ਨੂੰ ਸਤਿਕਾਰ ਰਿਹਾ ਹੋਵੇ। ਨਮਸਕਾਰ ਰਿਹਾ ਹੋਵੇ।

---

ਇਕੱਤੀ ਦਸੰਬਰ, ਸੰਨ ਸਤਾਹਠ ਦੀ ਆਖ਼ਰੀ ਸ਼ਾਮ ਤੇ ਨਵੇਂ ਸਾਲ ਦੀ ਪੂਰਵ ਸੰਧਿਆ!

ਮੁੰਬਈ ਵਿਚ ਇਸ ਰਾਤ ਦੀਆਂ ਰੌਣਕਾਂ ਦੇ ਕਿਆ ਕਹਿਣੇ। ਹੋਟਲਾਂ ਤੇ ਸੰਸਥਾਵਾਂ ਦੇ ਸਮਾਗਮਾਂ ਤੋਂ ਇਲਾਵਾ ਮਹੱਲਿਆਂ, ਹਾਊਸਿੰਗ ਸੁਸਾਇਟੀਆਂ ਤੇ ਗਰੀਬ ਤੋਂ ਗਰੀਬ ਬਸਤੀਆਂ ਦੀਆਂ ਝੌਂਪੜੀਆਂ ਵਿਚ ਵੀ 'ਓਲਡ ਮੈਨ' (ਪੁਰਾਣੇ ਸਾਲ) ਦੇ ਪੁਤਲੇ ਠੀਕ ਬਾਰਾਂ ਵਜੇ ਸਾੜੇ ਜਾਂਦੇ ਹਨ। ਗੁਬਾਰੇ, ਪਟਾਖ਼ੇ ਤੇ ਆਤਿਸ਼ਬਾਜ਼ੀ। ਗਰਬੇ ਤੇ ਡਾਂਡੀ ਨਾਚਾਂ ਵਿਚ ਪੂਰਬੀ ਤੇ ਪੱਛਮੀ ਧੁਨਾਂ ਦੇ ਪੂਰੇ ਆਰਕੈਸਟਰਾ ਨਾਲ ਸਮੂਹਿਕ ਨਾਚ! ਮਾਨੋਂ ਸਾਰੀ ਮੁੰਬਈ ਹੀ ਹੜ੍ਹ ਬਣ ਕੇ ਸਮੁੰਦਰ ਵੱਲ ਵਹਿ ਤੁਰੀ ਹੋਵੇ।

ਸਭ ਤੋਂ ਮਨਮੋਹਕ ਤੇ ਰਮਣੀਕ ਸਥਿਤੀ 'ਤੇ ਹੋਣ ਕਾਰਣ ਸਾਡੇ ਬੰਗਲੇ ਦੇ ਉਸ ਵਿਸ਼ਾਲ ਦਲਾਨ ਵਿਚ ਬੀਚ ਉਤੇ ਵਧੀਆ ਕੋਨੇ ਮੱਲਣ ਖਾਤਰ ਦੁਪਹਿਰ ਤੋਂ ਹੀ ਮੌਜ-ਮੇਲਾ ਕਰਨ ਵਾਲਿਆਂ ਦੀਆਂ ਟੋਲੀਆਂ ਆ ਰਹੀਆਂ ਸਨ ਤੇ ਮੇਲੇ ਦੇ ਸਟਾਲ ਵੀ।

ਇਹ ਸਾਡੇ ਵਿਆਹ ਦੀ ਛੇਵੀਂ ਨਵ-ਬਰਸ-ਸ਼ਾਮ ਸੀ ਤੇ ਹਮੇਸ਼ਾਂ ਵਾਂਗ ਐਤਕੀਂ ਵੀ ਮੈਂ ਦੁਲਹਨ ਦੇ ਵੇਸ ਵਿਚ ਸਜਣਾ ਸੀ। ਜੀਤ ਸਾਲ ਦਾ ਅਰੰਭ ਯਾਰਾਂ-ਦੋਸਤਾਂ ਨਾਲ ਕਿਸੇ ਹੋਟਲ ਦੇ ਕੈਬਰੇ ਡਾਂਸ ਨਾਲ ਕਰਦਾ ਸੀ ਪਰ ਸਵੇਰੇ ਇਕ ਦੋ ਵਜੇ ਘਰ ਪਰਤਣ ਉਤੇ ਮੈਂ ਉਸ ਦਾ ਸੁਆਗਤ ਸੁਹਾਗ ਰਾਤ ਵਾਲੇ ਵੇਸ ਵਿਚ, ਲਾਲ ਸੂਹੀ ਸੁੱਚੇ ਜੈਪੁਰੀ ਗੋਟੇ ਅਤੇ ਕਿਨਾਰੀ ਜੜਿਤ ਸਾੜ੍ਹੀ ਨਾਲ ਕਰਾਂ - ਪੂਰੇ ਹਾਰ ਸ਼ਿੰਗਾਰ ਨਾਲ, ਉਸ ਨੂੰ ਇਹੀ ਪਸੰਦ ਸੀ।

ਇਸ ਵੇਰਾਂ ਮੈਂ ਗਰਭ ਦੇ ਅਠਵੇਂ ਮਹੀਨੇ ਵਿਚ ਸੀ। ਪੀਲੀ ਭੂਕ, ਦੂਹਰਾ ਪੇਟ ਤੇ ਪੈਰਾਂ ਵਿਚ ਸੋਜਿਸ਼, ਫੇਰ ਵੀ ਜੀਤ ਦੀ ਇਹੀ ਖਾਹਿਸ਼ ਸੀ, ਤੇ ਜੇ ਨਾ ਵੀ ਹੁੰਦੀ ਤਾਂ ਵੀ ਉਸ ਨੂੰ ਰਿਝਾਉਣ ਤੋਂ ਵੱਧ ਮੇਰੇ ਲਈ ਨਾ ਕੋਈ ਹੋਰ ਖ਼ੁਸ਼ੀ ਸੀ ਤੇ ਨਾ ਹੀ ਜਿਊਣ ਦਾ ਮਕਸਦ।

ਪਲ ਦੋ ਪਲ ਦੀ ਰਾਤ ਤਾਂ ਕੀ, ਜਨਮਾਂ ਦੀ ਉਡੀਕ ਨਾਲੋਂ ਵੀ ਮਹਿੰਗੀ ਹੁੰਦੀ ਸੀ ਮੇਰੇ ਲਈ ਉਹ ਘੜੀ ਜਦੋਂ ਉਹ ਨਿਰਾ ਤੇ ਪੂਰਾ ਮੇਰਾ ਹੁੰਦਾ ਸੀ।

'ਧਰਤੀ ਰੁਕ ਕਿਉਂ ਨਹੀਂ ਜਾਨੀ? ਸਮਾਂ ਖੜ੍ਹੋ ਕਿਉਂ ਨਹੀਂ ਜਾਨਾ, ਤੇ ਜਾਂ ਫਿਰ ਹਾਇ ਮੈਂ ਸੌਂ ਕਿਉਂ ਨਹੀਂ ਜਾਨੀ ਸਦਾ ਸਦਾ ਨੀ ਨੀਂਦਰ - ਉਸ ਨੇ ਆਗੋਸ਼ ਵਿਚ' - ਮੇਰੀ ਲੋਚਾ ਹੁੰਦੀ ਸੀ।

ਸਾੜ੍ਹੀ ਤੇ ਸੂਹੀ ਸਾਟਨ ਦਾ ਪੇਟੀਕੋਟ ਮੈਂ ਦਿਨੇ ਲੌਬੀ ਦੀ ਰੱਸੀ ਉਤੇ ਟੰਗੇ ਸਨ।

ਮੁੰਬਈ ਦੀ ਖਾਰੀ ਤੇ ਨਮੀ ਵਾਲੀ ਸਮੁੰਦਰੀ ਹਵਾ ਕਾਰਨ ਅਲਮਾਰੀ ਵਿਚ ਪਏ ਹੀ ਕੱਪੜੇ ਸਿੱਲੇ ਹੋ ਜਾਂਦੇ ਹਨ। ਉਨ੍ਹਾਂ ਉਪਰ ਚਿੱਟੀ ਤੇ ਸਾਵੀ ਜਿਹੀ ਕਾਈ ਜੰਮ ਜਾਂਦੀ ਹੈ ਤੇ ਇਕ ਖਾਸ ਕਿਸਮ ਦੀ ਹੁਮਕ ਜਿਹੀ ਆਉਣ ਲੱਗ ਪੈਂਦੀ ਹੈ। ਥੋੜ੍ਹੀ ਧੁੱਪ ਤੇ ਹਵਾ ਲਗਾਉਣੀ ਜ਼ਰੂਰੀ ਹੁੰਦੀ ਹੈ।

ਸ਼ਾਮ ਦੇ ਚਾਰ ਕੁ ਵਜੇ ਦਾ ਵਕਤ ਸੀ। ਜੀਤ ਅਜੇ ਸੁੱਤਾ ਪਿਆ ਸੀ ਤੇ ਸੰਨੀ ਵੀ। ਮੈਂ ਇਸਤਰੀ ਕਰਨ ਲਈ ਰੱਸੀ ਤੋਂ ਪੇਟੀਕੋਟ ਤੇ ਸਾੜ੍ਹੀ ਲਾਹੁਣ ਹੀ ਲੱਗੀ ਸਾਂ ਕਿ ਪੇਟੀਕੋਟ ਥੱਲੇ ਜਾ ਡਿੱਗਾ, ਅਸ਼ਕ ਦੀ ਲੌਬੀ ਵਿਚ।... ਸ਼ਾਇਦ ਚਿਮਟੀ ਢਿੱਲੀ ਪੈ ਗਈ ਸੀ। ਇਹ ਕੋਈ ਨਵੀਂ ਗੱਲ ਨਹੀਂ ਸੀ। ਅਕਸਰ ਕੱਪੜੇ ਡਿੱਗ ਹੀ ਜਾਂਦੇ ਸਨ ਤੇ ਚਾਂਦ ਆਪੇ ਉਪਰ ਦੇ ਜਾਇਆ ਕਰਦਾ ਸੀ ਪਰ ਹੁਣ ਤਾਂ ਸ਼ਾਮ ਹੋ ਗਈ ਸੀ ਤੇ ਉਪਰੋਂ ਰਾਤ ਪੈਣ ਵਾਲੀ। ਪਤਾ ਨਹੀਂ ਕਿਹੜੇ ਵੇਲੇ ਚਾਂਦ ਲੌਬੀ ਵੰਨੇ ਜਾਏ ਤੇ ਕੀ ਪਤਾ ਜਾਏ ਵੀ ਕਿ ਨਾ, ਵੇਖੇ ਵੀ ਜਾਂ ਨਾ।

ਸੂਹਾ ਰੱਤਾ ਸੁਹਾਗ ਦਾ ਪੇਟੀਕੋਟ।... ਅਸ਼ਕ ਦੀ ਲੌਬੀ ਵਿਚ!... ਤੇ ਉਪਰੋਂ ਨਵ-ਬਰਸ ਦਾ ਆਗਮਨ!

ਲਾਲ ਪਾਰਦਰਸ਼ੀ, ਮਹੀਨ ਸੁੱਚੀ ਜਾਰਜੱਟ ਦੀ ਸਾੜ੍ਹੀ ਹੇਠਾਂ ਕੇਵਲ ਉਹੀ ਪੇਟੀਕੋਟ ਪਾਇਆ ਜਾ ਸਕਦਾ ਸੀ। ਅੱਗੇ-ਪਿੱਛੇ ਕੋਈ ਵੀ ਜਾਣੂ ਨਜ਼ਰ ਨਹੀਂ ਸੀ ਆ ਰਿਹਾ। ਸਭ ਨਵੇਂ ਉਤਸ਼ਾਹ ਨਾਲ ਰੰਗੇ ਆਪੋ ਆਪਣੇ ਪ੍ਰੋਗਰਾਮਾਂ ਵਿਚ ਮਗਨ ਸਨ।

ਹੁਣ ਕੀ ਕਰਾਂ? ਏਸ ਹਾਲਤ ਵਿਚ ਹੇਠਾਂ ਜਾਵਾਂ ਕਿ ਨਾ? ਜੇ ਕੋਈ ਦੂਜੀ ਸਾੜ੍ਹੀ ਪਾਈ ਤਾਂ ਜੀਤ ਵਿਗੜ ਜਾਏਗਾ ਤੇ ਜੇ ਮੈਂ ਥੱਲੇ ਜਾਂਦੀ ਹਾਂ ਤੇ ਮਗਰੋਂ ਜੀਤ ਦੀ ਅੱਖ ਖੁੱਲ੍ਹ ਜਾਂਦੀ ਹੈ ਤੇ ਉਸ ਨੂੰ ਪਤਾ ਲਗਦੈ ਕਿ ਮੈਂ ਅਸ਼ਕ ਦੇ ਘਰ ਗਈ ਸਾਂ, ਉਸ ਨਾਲ ਕੂਈ ਸਾਂ ਤਾਂ ਪਤਾ ਨਹੀਂ ਕੀ ਅਨਰਥ ਹੋ ਜਾਏ! ਉਸ ਦਾ ਕ੍ਰੋਧ ਤੇ ਸ਼ੱਕੀ ਸੁਭਾਅ ਕਿਸੇ ਆਂਢੀ-ਗੁਆਂਢੀ ਤੋਂ ਵੀ ਨਹੀਂ ਸੀ ਗੁੱਝਾ।

'ਕੀ ਉਹ ਤੇਰੇ ਯਾਰ ਲੱਗਦੇ ਨੇ ਜੋ ਮਿਲਣ ਗਈ ਸੈਂ' - ਇਹ ਵੀ ਤੇ ਇਸ ਤੋਂ ਵੀ ਵੱਧ ਬਹੁਤ ਕੁਝ। ਕੁਝ ਵੀ ਕੋਝਾ ਜਿਹਾ ਕਹਿ ਸਕਦਾ ਸੀ ਉਹ।

ਨਵੇਂ ਸਾਲ ਦੇ ਅਜਿਹੇ ਭਿਅੰਕਰ ਆਗਮਨ ਦੇ ਅਨੁਮਾਨ ਨਾਲ ਕੰਬਦੀ ਤ੍ਰਹਿਕਦੀ ਦੋ-ਦਲੀਲੀਆਂ ਵਿਚ ਪਈ ਮੈਂ ਪੋਲੇ ਪੈਰੀਂ ਥੱਲੇ ਜਾਣ ਲੱਗੀ।

'ਰੁਕੋ ਤੁਸੀਂ ਨਾ ਉਤਰੋ ਮੈਂ ਆਉਨਾਂ।'

ਅਜੇ ਮੈਂ ਮਸਾਂ ਪਹਿਲੀ ਪੌੜੀ ਹੀ ਟੱਪੀ ਹੋਵੇਗੀ ਕਿ ਸਾਹਮਣਿਓਂ-ਥੱਲਿਓਂ ਮੇਰੇ ਕੰਨੀ ਬੋਲ ਪਏ।

ਅੱਖ-ਪਲਕਾਰੇ ਵਿਚ ਹੀ ਦਗੜ ਦਗੜ ਪੌੜੀਆਂ ਚੜ੍ਹਦਾ ਪਹੁੰਚ ਗਿਆ। ਮੇਰੇ ਕੋਲ। ਸਾਹਿਰ।

ਉਸੇ ਤਰ੍ਹਾਂ ਨੀਵੀਂ ਪਾਈ ਮੇਰੀ ਕੁੱਖ ਨੂੰ ਨਮਸਕਾਰਦਾ।

ਪੇਟੀਕੋਟ ਉਸ ਦੇ ਹੱਥਾਂ ਵਿਚੋਂ ਮੇਰੇ ਹੱਥਾਂ ਵਿਚ!

ਕੀਲੀ ਗਈ ਮੈਂ।

ਨਿਸ਼ਬਦ।

ਇਹ ਸੱਚ ਸੀ ਕਿ ਸੁਪਨਾ?

'ਹੈਪੀ ਨਿਊ ਯੀਅਰ ਈਵ।'

ਉਸ ਆਖਿਆ ਸੀ ਜਾਂ ਮੇਰਾ ਭਰਮ?

'ਗੌਡ ਬਲੈੱਸ ਯੂ।'

ਉਹ ਬੋਲਿਆ ਸੀ, ਜਾਂ ਮੇਰੀ ਆਪ ਸਿਰਜੀ ਖੁਸ਼ਫਹਿਮੀ?

'ਧੰਨਵਾਦ!'

ਭਿੱਜੇ ਨੈਣ, ਸੁੱਕਾ ਸੰਘ। ਮੇਰੇ ਹੋਂਠ ਫਰਕੇ ਸਨ, ਜਾਂ ਨਹੀਂ ਸਨ ਫਰਕ ਸਕੇ?

ਨੱਚਣ ਦੀ ਅਵਸਥਾ ਨਹੀਂ ਸੀ ਕੋਈ ਮੇਰੀ, ਪਰ ਸਮੁੱਚੀ ਹੋਂਦ ਜਿਵੇਂ ਥਿਰਕ ਉਠੀ, ਲਰਜ਼ ਉਠੀ। ਸਾਹਿਰ ਵੀ ਸ਼ਾਮਲ ਸੀ। ਮੇਰੀ ਸਿਰਜਣਾ ਵਿਚ। ਪਰੋਖ ਰੂਪ ਵਿਚ!

ਵਜਦ ਵਿਚ ਚੁੰਮ ਲਿਆ ਮੈਂ ਆਪਣਾ ਆਪ ਆਪਣੀਆਂ ਬਾਹਾਂ ਵਿਚ ਘੁਟ ਕੇ ਤੇ ਪਤਾ ਨਹੀਂ ਕਦ ਤਕ ਹੱਥਾਂ ਵਿਚ ਨੱਪੀ, ਹੋਂਠਾਂ ਨਾਲ ਚੁੰਮਦੀ, ਕੁੱਖ 'ਤੇ ਫੇਰਦੀ ਰਹੀ ਸੂਹਾ ਸੂਹਾ, ਕੂਲਾ ਕੂਲਾ, ਕੋਸਾ ਕੋਸਾ ਪੇਟੀਕੋਟ!

## ਸਾਹਿਰ ਲੁਧਿਆਣਵੀ ਦੀ ਸ਼ਾਇਰੀ

### ਤਾਜ ਮਹਲ

ਤਾਜ ਤੇਰੇ ਲੀਯੇ ਇਕ ਮਜ਼ਹਰ-ਏ-ਉਲਫ਼ਤ ਹੀ ਸਹੀ
ਤੁਝਕੋ ਇਸ ਵਾਦੀ-ਏ-ਰੰਗੀਂ ਸੇ ਅਕੀਦਤ ਹੀ ਸਹੀ
ਮੇਰੀ ਮਹਬੂਬ... ਕਹੀਂ ਔਰ ਮਿਲਾ ਕਰ ਮੁਝ ਸੇ!
ਬਜ਼ਮ-ਏ-ਸ਼ਾਹੀ ਮੇਂ ਗ਼ਰੀਬੋਂ ਕਾ ਗੁਜ਼ਰ ਕਯਾ ਮਾਨੀ
ਸਬਤ ਜਿਸ ਰਾਹ ਮੇਂ ਹੋਂ ਸਤਵਤ-ਏ-ਸ਼ਾਹੀ ਕੇ ਨਿਸ਼ਾਂ
ਉਸ ਪੇ ਉਲਫ਼ਤ ਭਰੀ ਰੂਹੋਂ ਕਾ ਸਫ਼ਰ ਕਯਾ ਮਾਨੀ
ਮੇਰੀ ਮਹਬੂਬ! ਪਸ-ਏ-ਪਰਦਾ-ਏ-ਤਸ਼ਹੀਰ-ਏ-ਵਫ਼ਾ
ਤੂ ਨੇ ਸਤਵਤ ਕੇ ਨਿਸ਼ਾਨੋਂ ਕੋ ਤੋ ਦੇਖਾ ਹੋਤਾ
ਮੁਰਦਾ ਸ਼ਾਹੋਂ ਕੇ ਮਕਾਬਿਰ ਸੇ ਬਹਲਨੇ ਵਾਲੀ
ਅਪਨੇ ਤਾਰੀਕ ਮਕਾਨੋਂ ਕੋ ਤੋ ਦੇਖਾ ਹੋਤਾ
ਅਨਗਿਨਤ ਲੋਗੋਂ ਨੇ ਦੁਨੀਯਾ ਮੇਂ ਮੁਹੱਬਤ ਕੀ ਹੈ
ਕੌਨ ਕਹਤਾ ਹੈ ਕਿ ਸਾਦਿਕ ਨ ਥੇ ਜਜ਼ਬੇ ਉਨਕੇ
ਲੇਕਿਨ ਉਨ ਕੇ ਲੀਯੇ ਤਸ਼ਹੀਰ ਕਾ ਸਾਮਾਨ ਨਹੀਂ
ਕਯੋਂਕਿ ਵੋ ਲੋਗ ਭੀ ਅਪਨੀ ਹੀ ਤਰਹ ਮੁਫ਼ਲਿਸ ਥੇ
ਯੇ ਇਮਾਰਾਤ-ਓ-ਮਕਾਬਿਰ, ਯੇ ਫ਼ਸੀਲੇਂ, ਯੇ ਹਿਸਾਰ
ਮੁਤਲ-ਕੁਲਹੁਕਮ ਸ਼ਹੰਸ਼ਾਹੋਂ ਕੀ ਅਜ਼ਮਤ ਕੇ ਸੁਤੂੰ
ਸੀਨਾ-ਏ-ਦਹਰ ਕੇ ਨਾਸੂਰ ਹੈਂ, ਕੁਹਨਾ ਨਾਸੂਰ
ਜਜ਼ਬ ਹੈ ਜਿਸਮੇਂ ਤੇਰੇ ਔਰ ਮੇਰੇ ਅਜਦਾਦ ਕਾ ਖ਼ੂੰ
ਮੇਰੀ ਮਹਬੂਬ! ਉਨ੍ਹੇਂ ਭੀ ਤੋ ਮੁਹੱਬਤ ਹੋਗੀ
ਜਿਨਕੀ ਸੰਨਾਈ ਨੇ ਬਖ਼ਸ਼ੀ ਹੈ ਇਸੇ ਸ਼ਕਲ-ਏ-ਜਮੀਲ
ਉਨ ਕੇ ਪਯਾਰੋਂ ਕੇ ਮਕਾਬਿਰ ਰਹੇ ਬੇਨਾਮ-ਓ-ਨਮੂਦ
ਆਜ ਤਕ ਉਨ ਪੇ ਜਲਾਈ ਨ ਕਿਸੀ ਨੇ ਕੰਦੀਲ
ਯੇ ਚਮਨਜ਼ਾਰ ਯੇ ਜਮੁਨਾ ਕਾ ਕਿਨਾਰਾ ਯੇ ਮਹਲ
ਯੇ ਮੁਨੱਕਸ਼ ਦਰ-ਓ-ਦੀਵਾਰ, ਯੇ ਮਹਰਾਬ ਯੇ ਤਾਕ
ਇਕ ਸ਼ਹੰਸ਼ਾਹ ਨੇ ਦੌਲਤ ਕਾ ਸਹਾਰਾ ਲੇ ਕਰ
ਹਮ ਗ਼ਰੀਬੋਂ ਕੀ ਮੁਹੱਬਤ ਕਾ ਉੜਾਯਾ ਹੈ ਮਜ਼ਾਕ



ਮੇਰੀ ਮਹਬੂਬ ਕਹੀਂ ਔਰ ਮਿਲਾ ਕਰ ਮੁਝ ਸੇ!

(ਮਜ਼ਹਰ-ਏ-ਉਲਫ਼ਤ=ਪਿਆਰ ਦਾ ਪ੍ਰਤੀਕ, ਅਕੀਦਤ=ਸ਼ਰਧਾ, ਬਜ਼ਮ-ਏ-ਸ਼ਾਹੀ= ਬਾਦਸ਼ਾਹਾਂ ਦੇ ਦਰਬਾਰ, ਸਬਤ=ਉਕਰਿਆ, ਸਤਵਤ-ਏ-ਸ਼ਾਹੀ=ਰਾਜਸੀ ਸ਼ਾਨ, ਪਸ-ਏ-ਪਰਦਾ-ਏ-ਤਸ਼ਹੀਰ-ਏ-ਵਫ਼ਾ=ਪ੍ਰੇਮ ਦੇ ਵਿਖਾਵੇ ਦੇ ਪਰਦੇ ਪਿੱਛੇ, ਮਕਾਬਿਰ=ਮਕਬਰੇ, ਤਾਰੀਕ=ਹਨੇਰੇ, ਸਾਦਿਕ=ਪਵਿਤਰ, ਤਸ਼ਹੀਰ=ਵਿਖਾਵਾ, ਫ਼ਸੀਲੇਂ=ਕੰਧਾਂ, ਹਿਸਾਰ=ਕਿਲੇ, ਮੁਤਲ-ਕੁਲਹੁਕਮ=ਹੁਕਮ ਦੇਣ ਲਈ ਆਜ਼ਾਦ,ਅਜ਼ਮਤ ਕੇ ਸੁਤੂੰ=ਸ਼ਾਨ ਦੇ ਖੰਭੇ, ਸੀਨਾ-ਏ-ਦਹਰ=ਦੁਨੀਆਂ ਦੀ ਛਾਤੀ, ਕੁਹਨਾ= ਪੁਰਾਣੇ, ਅਜਦਾਦ=ਪੁਰਖੇ, ਸੰਨਾਈ= ਕਾਰੀਗਰੀ, ਸ਼ਕਲ-ਏ-ਜਮੀਲ=ਸੁੰਦਰ ਰੂਪ, ਬੇਨਾਮ-ਓ-ਨਮੂਦ=ਬਿਨਾ ਨਾਂ-ਨਿਸ਼ਾਨ, ਕੰਦੀਲ= ਮੋਮਬੱਤੀ, ਚਮਨਜ਼ਾਰ=ਬਗੀਚੇ, ਮੁਨੱਕਸ਼=ਨੱਕਾਸ਼ੀ)

# ਗੁਰਦਿਆਲ ਬੱਲ ਦੇ 'ਸਿਆਸੀ ਚਿੰਤਨ' ਦੀਆਂ ਗੁੱਝੀਆਂ ਰਮਜ਼ਾਂ

***ਰੂਸੀ ਇਨਕਲਾਬ ਦੇ ਆਗੂ ਲਿਓਨ ਤ੍ਰਾਤਸਕੀ ਬਾਰੇ ਚੱਲ ਰਹੀ ਬਹਿਸ ਦੌਰਾਨ ਅਸੀਂ ਪ੍ਰਭਸ਼ਰਨਦੀਪ ਸਿੰਘ ਦੇ ਵਿਚਾਰ ਛਾਪੇ ਸਨ ਜਿਨ੍ਹਾਂ ਵਿਚ ਉਨ੍ਹਾਂ ਪਹਿਲਾਂ ਛਪੇ ਇਕ ਲੇਖ ਦੇ ਆਧਾਰ 'ਤੇ ਗੁਰਦਿਆਲ ਸਿੰਘ ਬੱਲ ਉਤੇ ਬੜੇ ਤਿੱਖੇ ਵਿਅੰਗ-ਬਾਣ ਚਲਾਏ ਸਨ। ਜਵਾਬ ਵਿਚ ਗੁਰਦਿਆਲ ਸਿੰਘ ਬੱਲ ਨੇ ਲੰਮਾ ਪ੍ਰਤੀਕਰਮ ਲਿਖ ਭੇਜਿਆ ਜੋ ਅਸੀਂ ਪਿਛਲੇ ਅੰਕਾਂ ਵਿਚ ਛਾਪ ਚੁਕੇ ਹਾਂ। ਲਿਓਨ ਤ੍ਰਾਤਸਕੀ ਦੇ ਵਿਚਾਰਾਂ ਤੋਂ ਤੁਰੀ ਇਸ ਬਹਿਸ ਨੇ ਵਿਸ਼ਵ ਭਰ ਦੀਆਂ ਬਹੁਤ ਸਾਰੀਆਂ ਲੋਕ ਲਹਿਰਾਂ ਅਤੇ ਵਿਚਾਰਧਾਰਾਵਾਂ ਨੂੰ ਕਲਾਵੇ ਵਿਚ ਲਿਆ ਹੈ, ਪੰਜਾਬ ਅਤੇ ਸਿੱਖ ਪ੍ਰਸੰਗ ਵਿਚ ਵੀ ਕੁਝ ਗੰਭੀਰ ਟਿੱਪਣੀਆਂ ਹੋਈਆਂ ਹਨ। ਇਸੇ ਬਹਿਸ ਨੂੰ ਅੱਗੇ ਤੋਰਦਿਆਂ ਪ੍ਰਭਸ਼ਰਨਬੀਰ ਸਿੰਘ ਨੇ ਆਪਣੇ ਵਿਚਾਰ ਹਥਲੇ ਲੇਖ ਵਿਚ ਪ੍ਰਗਟਾਏ ਹਨ ਜੋ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਵਿਚਾਰਵਾਨਾਂ ਨੂੰ ਸਾਡੀ ਬੇਨਤੀ ਹੈ ਕਿ ਇਸ ਬਹਿਸ ਦੌਰਾਨ ਨਿਜੀ ਦੋਸ਼ਾਂ ਤੋਂ ਪੂਰਨ ਪਰਹੇਜ਼ ਕੀਤਾ ਜਾਵੇ ਅਤੇ ਆਪਣੇ ਵਿਚਾਰਾਂ ਨੂੰ ਸ਼ਾਇਸਤਗੀ ਦੇ ਘੇਰੇ ਤੋਂ ਬਾਹਰ ਨਾ ਜਾਣ ਦਿੱਤਾ ਜਾਵੇ। ਇਕ ਵਾਰ ਫਿਰ ਸਪਸ਼ਟ ਕਰ ਦਈਏ, ਲੇਖਕ ਦੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਲੇਖ ਦੇ ਪ੍ਰਤੀਕਰਮ ਵਿਚ ਆਏ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ***

**ਪ੍ਰਭਸ਼ਰਨਬੀਰ ਸਿੰਘ**
ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ
ਵੈਨਕੂਵਰ, ਕੈਨੇਡਾ
prabhsharanbir@gmail.com

## ਚਰਚਾ-ਦਰ-ਚਰਚਾ

ਗੁਰਦਿਆਲ ਬੱਲ ਨੇ ਆਪਣੇ ਲੇਖ 'ਆਵਾਗਵਣ ਵਿਚਾਰਧਾਰਕ ਸੁਪਨਸਾਜ਼ੀ ਦੇ ਖਤਰੇ: ਪ੍ਰਭਸ਼ਰਨਦੀਪ ਸਿੰਘ ਦੇ ਇਤਰਾਜ਼' ਵਿਚ ਇਰਾਨ ਦੇ ਪਿਛਲੀ ਅੱਧੀ ਸਦੀ ਦੇ ਰਾਜਨੀਤਕ ਘਟਨਾਚੱਕਰ ਬਾਰੇ ਕੁਝ ਟਿੱਪਣੀਆਂ ਕੀਤੀਆਂ ਹਨ। ਇਸ ਲੇਖ ਦਾ ਮਕਸਦ ਉਨ੍ਹਾਂ ਦੀਆਂ ਇਰਾਨ ਬਾਰੇ ਟਿੱਪਣੀਆਂ ਦੀ ਪੜਚੋਲ ਕਰਨ ਤੱਕ ਸੀਮਤ ਹੈ। ਇਨ੍ਹਾਂ ਟਿੱਪਣੀਆਂ ਬਾਰੇ ਗੱਲ ਕਰਨ ਤੋਂ ਪਹਿਲਾਂ ਮੈਂ ਬੱਲ ਦੀਆਂ ਲੇਖ ਦੇ ਸ਼ੁਰੂ ਵਿਚ ਆਪਣੇ-ਆਪ ਬਾਰੇ ਲਿਖੀਆਂ ਕੁਝ ਸਤਰਾਂ ਪਾਠਕਾਂ ਨਾਲ ਸਾਂਝੀਆਂ ਕਰਨੀਆਂ ਚਾਹੁੰਦਾ ਹਾਂ ਤਾਂ ਕਿ ਇਰਾਨ ਬਾਰੇ ਉਨ੍ਹਾਂ ਦੀਆਂ ਟਿੱਪਣੀਆਂ ਨੂੰ ਉਨ੍ਹਾਂ ਦੇ ਜ਼ਿੰਦਗੀ ਅਤੇ ਸਮਾਜਿਕ ਨਿਆਂ ਪ੍ਰਤੀ ਸਮੁੱਚੇ ਦ੍ਰਿਸ਼ਟੀਕੋਣ ਦੇ ਪਰਿਪੇਖ ਵਿਚ ਰੱਖ ਕੇ ਸਮਝਿਆ ਜਾ ਸਕੇ। ਉਹ ਲਿਖਦੇ ਹਨ, "ਇਹ ਸਮਝਣ ਦੀ ਪੂਰੀ ਤਨਦੇਹੀ ਨਾਲ ਕੋਸ਼ਿਸ਼ ਕਰਨੀ ਹੈ ਕਿ ਸਦੀਆਂ ਤੋਂ ਭਾਂਤ-ਭਾਂਤ ਦੇ ਪੈਗੰਬਰਾਂ ਦੀਆਂ ਨਸੀਹਤਾਂ ਦੇ ਬਾਵਜੂਦ ਇਨਸਾਨ ਆਪਣੇ ਭਰਾਵਾਂ ਨਾਲ ਕਿਵੇਂ ਕਿਵੇਂ, ਕੀ ਕੀ ਅਤੇ ਉਹ ਸਭ ਕੁਝ ਕਿਉਂ ਕਰੀ ਗਏ ਹਨ। ਜ਼ਿੰਦਗੀ 'ਚ ਸੁਹੱਪਣ ਤੇ ਸੁਤੰਤਰਤਾ ਦੀ ਸੰਭਾਵਨਾ ਤੇ ਪੂਰੀ ਆਸਥਾ ਕਾਇਮ ਰਹਿਣੀ ਚਾਹੀਦੀ ਹੈ। ਸਥਾਪਤੀ ਦਾ ਕਦੇ ਵੀ ਅਤੇ ਕਿਸੇ ਵੀ ਸੂਰਤ 'ਚ ਅੰਗ ਨਹੀਂ ਬਣਨਾ ਪਰ ਇਸ ਦੇ ਨਾਲ ਹੀ ਸੰਪਰਕ ਵਿਚ ਆਉਣ ਵਾਲੇ ਹਰ ਸੱਜਣ ਨੂੰ ਇਤਿਹਾਸ ਦੇ 'ਸਬਕਾਂ' ਤੋਂ ਆਪਣੇ ਵਿੱਤ ਤੇ ਸਮਝ ਅਨੁਸਾਰ ਚੌਕਸ ਕਰਵਾਈ ਜਾਣਾ ਹੈ।"

ਨਿੱਜ-ਮੋਹ ਦੀ ਵਾਸਨਾ ਨਾਲ ਲਬਰੇਜ਼ ਇਹ ਖਿਆਲ ਕਾਫੀ ਆਦਰਸ਼ਕ ਅਤੇ ਉਚੇ-ਸੁੱਚੇ ਲੱਗਦੇ ਹਨ ਪਰ ਵੇਖਣ ਵਾਲੀ ਗੱਲ ਹੈ ਕਿ ਉਨ੍ਹਾਂ ਦੀ ਆਪਣੀ ਲਿਖਤ ਇਨ੍ਹਾਂ ਵਿਚਾਰਾਂ ਦੀ ਤਰਜਮਾਨੀ ਕਰਦੀ ਹੈ ਜਾਂ ਇਨ੍ਹਾਂ ਦੇ ਉਲਟ ਜਾਂਦੀ ਹੈ?

ਇਰਾਨ ਦੀ ਗੱਲ ਕਰਦਿਆਂ ਉਹ ਲਿਖਦੇ ਹਨ, "ਰੈਡੀਕਲ ਇਸਲਾਮ ਦੀ ਗੱਲ ਚੱਲੀ ਹੈ ਤਾਂ ਬਿਹਤਰ ਹੈ ਕਿ ਪ੍ਰੋ. ਹਰਪਾਲ ਸਿੰਘ ਪੰਨੂ ਦਾ ਜ਼ਿਕਰ ਵੀ ਕਰ ਲਿਆ ਜਾਵੇ। ਚਾਰ-ਪੰਜ ਵਰ੍ਹੇ ਪਹਿਲਾਂ ਉਨ੍ਹਾਂ ਨੂੰ ਕਿਸੇ ਵਿਦਿਅਕ ਪ੍ਰੋਗਰਾਮ ਤਹਿਤ ਛੇ ਮਹੀਨਿਆਂ ਲਈ ਇਰਾਨ ਦੀ ਕਿਸੇ ਯੂਨੀਵਰਸਿਟੀ ਵਿਚ ਜਾਣ ਦਾ ਮੌਕਾ ਮਿਲਿਆ। ਉਥੋਂ ਆ ਕੇ ਉਹ ਸ਼ਾਹ ਇਰਾਨ ਦੇ ਕਾਲੇ ਕਾਰਨਾਮਿਆਂ ਬਾਰੇ ਇਸਲਾਮੀ ਬੁੱਧੀਜੀਵੀਆਂ ਤੋਂ ਗ੍ਰਹਿਣ ਕੀਤੀ ਜਾਣਕਾਰੀ ਆਪਣੇ ਸੰਗੀ ਸਾਥੀਆਂ ਨਾਲ ਸਾਂਝੀ ਕਰ ਰਹੇ ਸਨ। ਮੈਨੂੰ ਉਨ੍ਹਾਂ ਦਾ ਬਿਰਤਾਂਤ ਥੋੜ੍ਹਾ ਇਕਪਾਸੜ ਲੱਗਿਆ। ਮੈਂ ਉਨ੍ਹਾਂ ਨੂੰ ਉਸ ਸਬੰਧੀ ਕੁਝ ਵੀ ਲਿਖਣ ਤੋਂ ਪਹਿਲਾਂ ਇਰਾਨੀ ਇਨਕਲਾਬ ਬਾਰੇ ਇਕ-ਦੋ ਕਿਤਾਬਾਂ ਅਤੇ ਨਾਲ ਹੀ ਘੱਟੋ-ਘੱਟ ਅਜ਼ਰ ਨਫੀਸੀ ਦੀ 'ਰੀਡਿੰਗ ਲੋਲਿਤਾ ਇਨ ਤਹਿਰਾਨ' ਪੜ੍ਹਨ ਲਈ ਆਖਿਆ। ਉਨ੍ਹਾਂ ਨੇ ਮੇਰੀ ਗੱਲ ਮੰਨ ਲਈ ਅਤੇ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਅਜ਼ਰ ਨਫੀਸੀ ਦੀ ਪੁਸਤਕ 'ਤੇ ਆਧਾਰਤ ਖੂਬਸੂਰਤ ਬਿਰਤਾਂਤ ਵੀ ਲਿਖਿਆ। ਇਸਲਾਮੀ ਸ਼ਰੀਅਤ ਨੂੰ ਲਾਗੂ ਕਰਨ ਦੇ ਨਾਂ 'ਤੇ ਮੁਲਾਣਿਆਂ ਨੇ ਅਨੇਕਾਂ ਬੇਗੁਨਾਹ ਲੋਕਾਂ 'ਤੇ ਕਿਸ-ਕਿਸ ਕਿਸਮ ਦੇ ਭਿਆਨਕ ਤਜਰਬੇ ਕਰਵਾਏ, ਪੜ੍ਹ-ਸੁਣ ਕੇ ਕਾਂਬੇ ਛਿੜ ਜਾਂਦੇ ਹਨ।"

ਪੁਸਤਕ 'ਰੀਡਿੰਗ ਲੋਲਿਤਾ ਇਨ ਤਹਿਰਾਨ' ਪਹਿਲੀ ਵਾਰ 2003 ਵਿਚ ਛਪੀ ਅਤੇ ਨਿਊ ਯਾਰਕ ਟਾਈਮਜ਼ ਦੀ ਬੈਸਟ ਸੈਲਰ ਲਿਸਟ ਉਤੇ 117 ਹਫਤਿਆਂ ਲਈ ਰਹੀ। ਇਸ ਕਿਤਾਬ ਵਿਚ ਲੇਖਕ ਨੇ ਇਰਾਨ ਵਿਚ ਇਸਲਾਮੀ ਹਾਕਮਾਂ ਵੱਲੋਂ ਲੋਕਾਂ ਦੀ ਸਾਹਿਤਕ ਆਜ਼ਾਦੀ ਉਤੇ ਲਾਈਆਂ ਜਾਂਦੀਆਂ ਪਾਬੰਦੀਆਂ ਦਾ ਆਪਣੇ ਨਿੱਜੀ ਅਨੁਭਵਾਂ ਦੇ ਬਿਆਨ ਰਾਹੀਂ ਵਿਰੋਧ ਦਰਜ ਕਰਵਾਇਆ ਹੈ। ਅਜਿਹਾ ਵਿਰੋਧ ਦਰਜ ਕਰਵਾਉਣ ਵਿਚ ਕੁਝ ਵੀ ਗਲਤ ਨਹੀਂ ਹੈ ਕਿਉਂਕਿ ਇਰਾਨ ਦੇ ਇਸਲਾਮੀ ਹਾਕਮਾਂ ਵੱਲੋਂ ਪੈਦਾ ਕੀਤੇ ਹਾਲਾਤ ਤਖਲੀਕੀ ਆਜ਼ਾਦੀ ਦੇ ਵਿਗਸਣ ਲਈ ਸੁਚੱਜਾ ਵਾਤਾਵਰਣ ਨਹੀਂ ਤਿਆਰ ਹੋਣ ਦਿੰਦੇ। ਪਰ ਇਸ ਦਾ ਇਹ ਮਤਲਬ ਬਿਲਕੁਲ ਨਹੀਂ ਲਿਆ ਜਾਣਾ ਚਾਹੀਦਾ ਕਿ ਅਜ਼ਰ ਨਫੀਸੀ ਦੀਆਂ ਲਿਖਤਾਂ ਅਤੇ ਉਸ ਦੀਆਂ ਵਿਚਾਰਧਾਰਕ ਭਾਈਵਾਲੀਆਂ ਦੀ ਆਲੋਚਨਾਤਮਕ ਪੜਚੋਲ ਨਾ ਕੀਤੀ ਜਾਵੇ। ਬੱਲ ਸਾਹਿਬ ਨੇ ਆਪਣੇ ਲੇਖ ਵਿਚ ਅਜਿਹੀ ਪੜਚੋਲ ਕਰਨ ਦੀ ਉਕਾ ਹੀ ਕੋਈ ਕੋਸ਼ਿਸ਼ ਨਹੀਂ ਕੀਤੀ।

ਅਜ਼ਰ ਨਫੀਸੀ ਬਾਰੇ ਅੱਗੇ ਗੱਲ ਕਰਨ ਤੋਂ ਪਹਿਲਾਂ ਅਜੋਕੇ ਦੌਰ ਵਿਚ ਇਸਲਾਮ ਦੀ ਸੱਭਿਆਚਾਰਕ ਪੇਸ਼ਕਾਰੀ ਬਾਰੇ ਕੁਝ ਗੱਲਾਂ ਕਰਨੀਆਂ ਜ਼ਰੂਰੀ ਹਨ। ਇਰਾਨੀ ਹਕੂਮਤ ਦੀਆਂ ਜ਼ਾਲਮਾਨਾ ਨੀਤੀਆਂ ਦਾ ਵਿਰੋਧ ਮੁੱਖ ਰੂਪ ਵਿਚ ਇੱਕ-ਦੂਜੇ ਨਾ਼ਲ ਕੱਟੜ ਵਿਰੋਧ ਰੱਖਣ ਵਾ਼ਲੇ ਦੋ ਵਿਚਾਰਧਾਰਕ ਧੜਿਆਂ ਵੱਲੋਂ ਕੀਤਾ ਜਾਂਦਾ ਹੈ। ਇੱਕ ਧੜਾ ਪੱਛਮੀ ਸਾਮਰਾਜਵਾਦੀ ਨੀਤੀਆਂ ਦਾ ਹਮਾਇਤੀ ਹੈ ਅਤੇ ਪੱਛਮੀ ਮੁਲਕਾਂ, ਖਾਸ ਤੌਰ 'ਤੇ ਅਮਰੀਕਾ ਵੱਲੋਂ ਇਸਲਾਮੀ ਦੇਸ਼ਾਂ ਵਿਚ ਵਿੱਢੀਆਂ ਜਾਂਦੀਆਂ ਜੰਗਾਂ ਦਾ ਸਮਰਥਕ ਹੈ। ਇਹ ਧੜਾ ਇਸਲਾਮੀ ਦੇਸ਼ਾਂ ਵਿਚ ਪੂੰਜੀਵਾਦੀ ਸੰਸਾਰੀਕਰਣ ਦੁਆਰਾ ਸੱਭਿਆਚਾਰਕ ਉਲਟ-ਫੇਰ ਕਰਨ ਦੀ ਹਮਾਇਤ ਕਰਦਾ ਹੈ। ਇਸ ਧੜੇ ਦੀ ਰਾਜਨੀਤਕ ਭਾਈਵਾਲੀ ਜੰਗਬਾਜ਼ ਅਮਰੀਕੀ ਨੇਤਾਵਾਂ ਨਾਲ ਹੈ। ਇਸ ਧੜੇ ਵਿਚ ਅਜ਼ਰ ਨਫੀਸੀ, ਬਰਨਰਡ ਲਿਊਸ, ਲਿਓ ਸਟਰੌਸ ਅਤੇ ਫੁਆਦ ਅਜਾਮੀ ਵਰਗੇ ਸ਼ਾਮਲ ਹਨ।

ਦੂਜਾ ਧੜਾ ਇਸਲਾਮੀ ਕੱਟੜਵਾਦ ਅਤੇ ਪੱਛਮੀ ਸਾਮਰਾਜਵਾਦ-ਦੋਹਾਂ ਦਾ ਵਿਰੋਧ ਕਰਦਾ ਹੈ। ਇਸ ਧੜੇ ਦੇ ਮੁੱਖ ਚਿੰਤਕ ਹਮੀਦ ਦਬਾਸ਼ੀ ਅਤੇ ਸੇਅਮੋਰ ਹਰਸ਼ ਹਨ। ਦਿਲਚਸਪ ਗੱਲ ਇਹ ਹੈ ਕਿ ਖੱਬੇਪੱਖੀ ਵਿਚਾਰਧਾਰਕ ਝੁਕਾ ਰੱਖਣ ਵਾਲਾ ਇਹ ਧੜਾ ਅਜ਼ਰ ਨਫੀਸੀ ਉਤੇ ਪੱਛਮ ਦੇ ਸੱਭਿਆਚਾਰਕ ਸਾਮਰਾਜਵਾਦ ਦੀ ਏਜੰਟ ਬਣ ਕੇ ਵਿਚਰਨ ਦੇ ਦੋਸ਼ ਲਾਉਂਦਾ ਹੈ। ਸਬੂਤ ਵਜੋਂ ਉਹ ਅਜ਼ਰ ਨਫੀਸੀ ਦੇ 'ਬੈਨਾਡੋਰ ਅਸੋਸੀਏਟਸ' ਨਾਂ ਦੇ ਕੰਜ਼ਰਵੇਟਿਵ ਥਿੰਕ-ਟੈਂਕ ਨਾਲ ਸਬੰਧਾਂ ਦਾ ਜ਼ਿਕਰ ਕਰਦੇ ਹਨ। ਬੈਨਾਡੋਰ ਅਸੋਸੀਏਟਸ ਅਮਰੀਕੀ ਸਾਮਰਾਜਵਾਦੀ ਜੰਗਾਂ ਦੀ ਪੂਰੀ ਨਿਰਲੱਜਤਾ ਨਾਲ ਹਮਾਇਤ ਕਰਦਾ ਹੈ। "ਤਖਲੀਕੀ ਤਬਾਹੀ" ਅਤੇ "ਪੂਰਨ ਜੰਗ" ਵਰਗੇ ਭਿਅੰਕਰ ਸੰਕਲਪ ਇਸੇ ਗਰੁੱਪ ਵੱਲੋਂ ਘੜੇ ਗਏ ਹਨ। ਇਸ ਗਰੁੱਪ ਦਾ ਕੰਮ ਪੱਛਮੀ ਦੁਨੀਆਂ ਵਿਚ ਅਮਰੀਕੀ ਜੰਗਾਂ ਦੇ ਹੱਕ ਵਿਚ ਜਨਤਕ ਰਾਇ ਪੈਦਾ ਕਰਨਾ ਹੈ। ਅਜ਼ਰ ਨਫੀਸੀ ਨੇ ਕਦੇ ਵੀ ਇਸ ਗਰੁੱਪ ਨਾਲ ਸਬੰਧਾਂ ਦਾ ਖੰਡਨ ਨਹੀਂ ਕੀਤਾ। ਬੈਨਾਡੋਰ ਅਸੋਸੀਏਟਸ ਦੀ ਅਮਰੀਕੀ ਕੰਜ਼ਰਵੇਟਿਵਾਂ ਅਤੇ ਅਜ਼ਰ ਨਫੀਸੀ ਵਰਗੇ ਲੇਖਕਾਂ ਨਾਲ ਸਾਂਝ ਬਾਰੇ ਗਾਰਡੀਅਨ ਵਿਚ ਛਪਿਆ ਬਰਾਇਨ ਵਿਟੈਕਰ ਦਾ ਲੇਖ ਪੜ੍ਹਿਆ ਜਾ ਸਕਦਾ ਹੈ। ਹਮੀਦ ਦਬਾਸ਼ੀ ਵੀ ਇੱਕ ਜਗ੍ਹਾ ਅਜ਼ਰ ਨਫੀਸੀ ਬਾਰੇ ਲਿਖਦਾ ਹੈ,




"ਇਸੇ ਦੌਰਾਨ, ਅੰਗਰੇਜ਼ੀ ਸਾਹਿਤ ਦੀ ਇੱਕ ਚਲੰਤ ਜਿਹੀ ਕਿਸਮ ਅਮਰੀਕੀ ਸਾਮਰਾਜ ਦੀ ਵਿਚਾਰਧਾਰਕ ਜ਼ਮੀਨ ਬਣਾਉਣ ਦੀ ਭਾਵਨਾ ਰੱਖ ਕੇ ਵਰਤਦਿਆਂ, ਤਹਿਰਾਨ ਵਿਚ ਲੋਲਿਤਾ ਪੜ੍ਹਦਿਆਂ, ਹਿੰਦੁਸਤਾਨ ਵਿਚ ਅੰਗਰੇਜ਼ਾਂ ਦੇ ਸਭ ਤੋਂ ਘਾਤਕ ਪ੍ਰਾਜੈਕਟਾਂ ਦਾ ਚੇਤਾ ਕਰਵਾਉਂਦੀ ਹੈ, ਜਦੋਂ, ਮਿਸਾਲ ਵਜੋਂ, ਟਾਮਸ ਮੈਕਾਲੇ ਵਰਗੇ ਬਸਤੀਵਾਦੀ ਅਫਸਰ ਨੇ 1835 ਵਿਚ ਐਲਾਨ ਕੀਤਾ, 'ਸਾਨੂੰ ਅਜਿਹੀ ਜਮਾਤ ਪੈਦਾ ਕਰਨ ਲਈ ਪੂਰਾ ਜਤਨ ਕਰਨਾ ਚਾਹੀਦਾ ਹੈ ਜੋ ਸਾਡੇ ਅਤੇ ਉਨ੍ਹਾਂ ਕਰੋੜਾਂ ਲੋਕਾਂ ਦਰਮਿਆਨ ਦੁਭਾਸ਼ੀਏ ਹੋਣ ਜਿਨ੍ਹਾਂ 'ਤੇ ਅਸੀਂ ਰਾਜ ਕਰਨਾ ਹੈ, ਬੰਦਿਆਂ ਦੀ ਜਮਾਤ ਜੋ ਖੂਨ ਤੇ ਰੰਗ ਵਿਚ ਹਿੰਦੁਸਤਾਨੀ ਹੋਣ, ਪਰ ਸੁਹਜ ਸੁਆਦ, ਰਾਇ, ਸ਼ਬਦਾਂ, ਅਤੇ ਬੌਧਿਕਤਾ ਵਿਚ ਅੰਗਰੇਜ਼ ਹੋਣ।' ਅਜ਼ਰ ਨਫੀਸੀ ਅਜਿਹੇ ਮੂਲਵਾਸੀ ਮੁਖਬਰ ਅਤੇ ਬਸਤੀਵਾਦੀ ਏਜੰਟ ਦਾ ਸ਼ਖਸੀਕਰਨ ਹੈ, ਜੋ ਇਸੇ ਪ੍ਰਾਜੈਕਟ ਦੀ ਅਮਰੀਕੀ ਵੰਨਗੀ ਦੀ ਸੇਵਾ ਲਈ ਆਪਣਾ ਹੁਨਰ ਲਿਸ਼ਕਾਉਂਦੀ ਹੈ।"

ਸੁਆਲ ਪੈਦਾ ਹੁੰਦਾ ਹੈ ਕਿ ਬੱਲ ਸਾਹਿਬ ਅਮਰੀਕੀ ਸਾਮਰਾਜਵਾਦ ਦੇ ਹੱਕ ਵਿਚ ਖੜ੍ਹਨ ਵਾਲੇ ਲੇਖਕਾਂ ਦੀਆਂ ਕਿਤਾਬਾਂ ਦਾ ਹੀ ਪ੍ਰਚਾਰ ਕਿਉਂ ਕਰਦੇ ਹਨ ਅਤੇ ਉਨ੍ਹਾਂ ਲੇਖਕਾਂ ਦੀ ਗੱਲ ਕਿਉਂ ਨਹੀਂ ਕਰਦੇ ਜਿਹੜੇ ਇਸਲਾਮੀ ਹਾਕਮਾਂ ਦੇ ਨਾਲ ਨਾਲ ਅਮਰੀਕੀ ਧੱਕੇਸ਼ਾਹੀ ਦਾ ਵੀ ਵਿਰੋਧ ਕਰਦੇ ਹਨ? ਕਿਤੇ ਬੱਲ ਸਾਹਿਬ ਖੁਦ 'ਮੂਲਵਾਸੀ ਮੁਖਬਰ' ਅਤੇ '(ਨਵ) ਬਸਤੀਵਾਦੀ ਏਜੰਟ' ਦੀ ਭੂਮਿਕਾ ਤਾਂ ਨਹੀਂ ਨਿਭਾ ਰਹੇ? ਇਸ ਸੁਆਲ ਦੇ ਜੁਆਬ ਤੋਂ ਪਹਿਲਾਂ ਉਨ੍ਹਾਂ ਦੀ ਲਿਖਤ 'ਚੋਂ ਇੱਕ ਹੋਰ ਮਿਸਾਲ ਦੀ ਗੱਲ ਕਰਨੀ ਜ਼ਰੂਰੀ ਹੈ।

ਇਰਾਨ ਬਾਰੇ ਅਜ਼ਰ ਨਫੀਸੀ ਉਤੇ ਕੁਮੈਂਟਰੀ ਦੇ ਨਾ਼ਲ ਹੀ ਉਹ ਅੱਗੇ ਲਿਖਦੇ ਹਨ, "ਇਰਾਨੀ ਇਨਕਲਾਬ ਦੇ ਵਰਤਾਰੇ ਨੂੰ ਸਮਝਣ ਲਈ ਅਸੀਂ ਅਜ਼ਰ ਨਫੀਸੀ ਅਤੇ ਜੈਨੇਟ ਆਫਰੀ ਤੇ ਕੇਵਿਨ ਐਂਡਰਸਨ ਵਲੋਂ 'ਫੂਕੋ ਐਂਡ ਇਰਾਨੀ ਰੈਵੋਲਿਊਸ਼ਨ' ਨਾਂ ਦੀ ਪੁਸਤਕ ਸਣੇ ਕਈ ਕਿਤਾਬਾਂ ਪੜ੍ਹੀਆਂ ਹਨ ਪਰ ਜੋ ਕਿਤਾਬ ਸਭ ਤੋਂ ਜ਼ਰੂਰੀ ਹੈ, ਤੇ ਅਸੀਂ ਚਾਹਾਂਗੇ ਕਿ ਪੂਰੀ ਕਾਇਨਾਤ 'ਚ ਜਹਾਦੀ ਬਿਰਤੀ ਵਾਲਾ ਹਰ ਬੰਦਾ ਜ਼ਰੂਰ ਪੜ੍ਹੇ, ਉਹ ਮੁਹੰਮਦ ਮੋਹਾਦੇਸਿਨ ਦੀ 'ਐਨੀਮੀਜ਼ ਆਫ ਅਇਤੁਲਾਜ਼' ਹੈ। ਮੋਹਾਦੇਸਿਨ ਮੁਲਾਣਿਆਂ ਵਿਰੁਧ ਲੜ ਰਹੇ 'ਰਜਿਸਟੈਂਸ ਫਰੰਟ' ਨਾਂ ਦੇ ਸੰਗਠਨ ਦਾ ਵਿਦੇਸ਼ ਸਕੱਤਰ ਹੈ। ਉਹ ਸ਼ਾਹ ਇਰਾਨ ਦਾ ਕੱਟੜ ਵਿਰੋਧੀ ਸੀ ਤੇ ਸ਼ਾਹ ਦੀ ਖੁਫੀਆ ਪੁਲਿਸ ਨੇ ਕਈ ਵਰ੍ਹੇ ਉਸ ਨੂੰ ਤਹਿਰਾਨ ਦੀ ਭਿਆਨਕ ਤਸੀਹਾ ਜੇਲ੍ਹ ਵਿਚ ਸੁੱਟੀ ਰੱਖਿਆ। ਇਹ ਕਿਤਾਬ ਉਨ੍ਹਾਂ ਮਹਾਨ ਜਮਹੂਰੀਅਤ-ਪਸੰਦਾਂ ਬਾਰੇ ਹੈ ਜੋ ਪਹਿਲਾਂ ਸ਼ਾਹ ਇਰਾਨ ਵਿਰੁਧ ਲੜੇ ਅਤੇ ਫਿਰ ਮੌਲਾਣਿਆਂ ਦੀ ਬੁਰਛਾਗਰਦੀ ਦਾ ਵਿਰੋਧ ਪਹਿਲਾਂ ਤੋਂ ਕਿਤੇ ਵੱਧ ਵਿਰੋਧੀ ਹਾਲਾਤ 'ਚਜੂਨ ਹੂਲਵੇਂ' ਅੰਦਾਜ਼ ਵਿਚ ਕੀਤਾ।"

ਮੁਹੰਮਦ ਮੋਹਾਦੇਸਿਨ 'ਨੈਸ਼ਨਲ ਕਾਊਂਸਲ ਆਫ ਰਜਿਸਟੈਂਸ ਆਫ ਇਰਾਨ' ਨਾਂ ਦੇ ਸੰਗਠਨ ਦੀ ਬਦੇਸੀ ਮਾਮਲਿਆਂ ਬਾਰੇ ਕਮੇਟੀ ਦਾ ਚੇਅਰਮੈਨ ਹੈ। ਇਹ ਸੰਗਠਨ 'ਪੀਪਲਜ਼ ਮੁਜਾਹੇਦੀਨ ਆਰਗੇਨਾਈਜ਼ੇਸ਼ਨ ਆਫ ਇਰਾਨ', 'ਨੈਸ਼ਨਲ ਲਿਬਰੇਸ਼ਨ ਆਰਮੀ ਆਫ ਇਰਾਨ' ਅਤੇ 'ਮੁਜਾਹੇਦੀਨ- ਏ-ਖਲਕ' ਵਰਗੇ ਨਾਂਵਾਂ ਨਾਲ ਵੀ ਜਾਣਿਆ ਜਾਂਦਾ ਹੈ। ਬੱਲ ਸਾਹਿਬ ਵੱਲੋਂ ਇਸ ਸੰਗਠਨ ਦੀ ਵਿਦੇਸ਼ੀ ਮਾਮਲਿਆਂ ਬਾਰੇ ਕਮੇਟੀ ਦੇ ਚੇਅਰਮੈਨ ਦੀ ਕਿਤਾਬ ਦੀ ਏਨੀ ਪ੍ਰਸ਼ੰਸਾ ਹੈਰਾਨੀਜਨਕ ਹੈ। ਇਸ ਸੰਗਠਨ ਦੇ ਹਮਾਇਤੀਆਂ ਦੇ ਨਾਂਵਾਂ ਅਤੇ ਰੁਤਬਿਆਂ 'ਤੇ ਓਪਰੀ ਜਿਹੀ ਨਜ਼ਰ ਇਸ ਹੈਰਾਨੀ ਦਾ ਕਾਰਨ ਸਮਝਾ ਸਕਦੀ ਹੈ,

**ਆਰ. ਜੇਮਸ ਵੂਲਸੇ**
(ਸੀ.ਆਈ.ਏ. ਦਾ ਸਾਬਕਾ ਡਾਇਰੈਕਟਰ)
**ਪੋਰਟਰ ਜੇ. ਗੌਸ**
(ਸੀ.ਆਈ.ਏ. ਦਾ ਸਾਬਕਾ ਡਾਇਰੈਕਟਰ)
**ਲੂਈ ਜੇ. ਫਰੀਹ**
(ਐਫ.ਬੀ.ਆਈ. ਦਾ ਸਾਬਕਾ ਡਾਇਰੈਕਟਰ)
**ਟਾਮ ਰਿੱਜ**
(ਸਾਬਕਾ ਡਾਇਰੈਕਟਰ, ਹੋਮਲੈਂਡ ਸਕਿਊਰਿਟੀ)
**ਅਹਿਮਦ ਚਲਾਬੀ**
(ਇਰਾਕ 'ਤੇ ਅਮਰੀਕੀ ਹਮਲੇ ਦਾ ਸਮਰਥਕ)

ਉਪਰੋਕਤ 'ਅਜ਼ੀਮ ਸ਼ਖਸੀਅਤਾਂ' ਇਸ ਸੰਗਠਨ ਦੇ ਜਨਤਕ ਸਮਾਗਮਾਂ ਵਿਚ ਸ਼ਮੂਲੀਅਤ ਕਰਕੇ ਅਮਰੀਕੀ ਪ੍ਰਸ਼ਾਸਨ ਉਤੇ ਇਸ ਸੰਗਠਨ ਦੀ ਹਮਾਇਤ ਕਰਨ ਲਈ ਦਬਾਅ ਬਣਾਉਂਦੀਆਂ ਹਨ। ਅਸਲ ਵਿਚ ਅਮਰੀਕੀ ਸਾਮਰਾਜਵਾਦੀ ਅਜਿਹੇ ਸੰਗਠਨਾਂ ਨੂੰ ਇਸਲਾਮੀ ਦੇਸ਼ਾਂ ਵਿਰੁਧ ਆਪਣੀਆਂ ਜੰਗਾਂ ਵਿਚ ਮੋਹਰਿਆਂ ਦੇ ਤੌਰ 'ਤੇ ਵਰਤਦੇ ਹਨ ਤੇ ਇਨ੍ਹਾਂ ਦੀ ਇਸ ਤੋਂ ਵੱਧ ਕੋਈ ਅਹਿਮੀਅਤ ਨਹੀਂ ਹੈ। ਅਮਰੀਕਾ ਨਾਲ ਆਪਣੇ ਸੰਗਠਨ ਦੇ ਸਬੰਧਾਂ ਬਾਰੇ 2 ਜਨਵਰੀ 2013 ਨੂੰ ਛਪੀ ਇੱਕ ਇੰਟਰਵਿਊ ਵਿਚ ਮੁਹੰਮਦ ਮੋਹਾਦੇਸਿਨ ਕਹਿੰਦੇ ਹਨ,

"ਅਮਰੀਕਾ ਦੇ ਸਟੇਟ ਡਿਪਾਰਟਮੈਂਟ ਵੱਲੋਂ ਪੀਪਲਜ਼ ਮੁਜਾਹਿਦੀਨ ਆਰਗੇਨਾਈਜ਼ੇਸ਼ਨ ਆਫ ਇਰਾਨ (PMOI/MEK) ਤੋਂ ਦਹਿਸ਼ਤਗਰਦੀ ਦਾ ਠੱਪਾ ਲਾਹ ਦੇਣ 'ਤੇ ਇਸ (ਇਰਾਨੀ) ਹਕੂਮਤ ਦੇ ਜਥੇਬੰਦਕ ਵਿਰੋਧ ਤੋਂ ਪਾਬੰਦੀਆਂ ਹਟਾ ਦੇਣ ਨੇ ਇਸ ਹਕੂਮਤ ਦੇ ਗਿਰਦ ਉਠੇ ਮੁਹਾਜ਼ਾਂ ਨੂੰ ਸਿਆਸੀ ਅਤੇ ਤਖਤਾ-ਪਲਟਾਊ ਦਰਜਾ ਮੁਹੱਈਆ ਕਰਵਾਇਆ ਹੈ।"

ਜ਼ਿਕਰਯੋਗ ਹੈ ਕਿ ਅੱਸੀਵਿਆਂ ਦੀ ਇਰਾਨ-ਇਰਾਕ ਜੰਗ ਦੌਰਾਨ ਇਹ ਸੰਗਠਨ ਸੱਦਾਮ ਹੁਸੈਨ ਦੀ ਮੱਦਦ ਲਈ ਇਰਾਨ ਉਤੇ ਹਮਲੇ ਕਰਦਾ ਰਿਹਾ ਹੈ। ਉਨ੍ਹੀਂ ਦਿਨੀਂ ਅਮਰੀਕਾ ਵੱਲੋਂ ਵੀ ਸੱਦਾਮ ਹੁਸੈਨ ਦੀ ਮੱਦਦ ਕੀਤੀ ਜਾਂਦੀ ਸੀ। ਅਜਿਹੇ ਸੰਗਠਨ ਦੇ ਅਹਿਮ ਅਧਿਕਾਰੀ ਨੂੰ 'ਜਮਹੂਰੀਅਤਪਸੰਦ' ਕਹਿਣ ਦਾ ਹੌਸਲਾ ਤਾਂ ਬੱਲ ਸਾਹਿਬ ਵਰਗਾ ਕੋਈ ਦਲੇਰ ਬੰਦਾ ਹੀ ਕਰ ਸਕਦੈ! ਬੱਲ ਸਾਹਿਬ ਸ਼ਾਇਦ ਇਹ ਵੀ ਨਹੀਂ ਜਾਣਦੇ ਕਿ ਇਹ ਸੰਗਠਨ ਸ਼ਾਹ ਇਰਾਨ ਅਤੇ ਬਾਅਦ ਵਿਚ ਇਸਲਾਮੀ ਰਾਜ ਦੇ ਵਿਰੁਧ ਹਥਿਆਰਬੰਦ ਲੜਾਈ ਲੜਦਾ ਰਿਹਾ ਹੈ। ਬੱਲ ਸਾਹਿਬ ਫੈਨਨ ਵਰਗੇ ਗੰਭੀਰ ਚਿੰਤਕ ਉਤੇ ਤਾਂ ਹਿੰਸਾ ਨੂੰ ਰੁਮਾਂਟੀਸਾਈਜ਼ ਕਰਨ ਦਾ ਦੋਸ਼ ਲਾਉਂਦੇ ਹਨ ਅਤੇ ਉਸ ਦੀ ਪਹੁੰਚ ਨੂੰ ਗਲਤ ਸਾਬਤ ਕਰਦੇ ਹਨ ਪਰ ਅਮਰੀਕੀ ਸਾਮਰਾਜ ਦੀ ਪੁਸ਼ਤਪਨਾਹੀ ਹੇਠ ਹਿੰਸਾ ਕਰਨ ਵਾਲਿਆਂ ਦੇ ਸੋਹਲੇ ਗਾਉਂਦੇ ਹਨ। ਅਜੀਬ ਸਿਧਾਂਤਕਾਰੀ ਹੈ!

ਆਪਣੇ ਲੇਖ ਦੇ ਸ਼ੁਰੂ ਵਿਚ ਬੱਲ ਸਾਹਿਬ ਨੇ ਆਪਣੇ ਅਕੀਦਿਆਂ ਦਾ ਵਰਣਨ ਕੀਤਾ ਹੈ ਜਿਨ੍ਹਾਂ ਵਿਚ 'ਸਮਝਣ ਦੀ ਪੂਰੀ ਤਨਦੇਹੀ ਨਾਲ ਕੋਸ਼ਿਸ਼ ਕਰਨੀ', 'ਜ਼ਿੰਦਗੀ 'ਚ ਸੁਹੱਪਣ ਤੇ ਸੁਤੰਤਰਤਾ ਦੀ ਸੰਭਾਵਨਾ ਤੇ ਪੂਰੀ ਆਸਥਾ ਕਾਇਮ ਰੱਖਣੀ' ਅਤੇ 'ਸਥਾਪਤੀ ਦਾ ਕਦੇ ਵੀ ਅਤੇ ਕਿਸੇ ਵੀ ਸੂਰਤ 'ਚ ਅੰਗ ਨਹੀਂ ਬਣਨਾ' ਜਿਹੇ ਆਦਰਸ਼ ਸ਼ਾਮਲ ਹਨ। ਪਰ ਉਨ੍ਹਾਂ ਵੱਲੋਂ ਦਿੱਤੀਆਂ ਮਿਸਾਲਾਂ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਖੁਦ ਹੀ 'ਸਮਝਣ ਦੀ ਪੂਰੀ ਤਨਦੇਹੀ' ਨਹੀਂ ਵਿਖਾਈ। ਇਸੇ ਤਨਦੇਹੀ ਦੀ ਗੈਰਹਾਜ਼ਰੀ ਕਾਰਣ ਉਹ ਨਾ ਚਾਹੁੰਦਿਆਂ ਵੀ ਅਮਰੀਕੀ ਸਾਮਰਾਜਵਾਦੀ ਸਥਾਪਤੀ ਦੇ ਹੱਕ ਵਿਚ ਭੁਗਤ ਗਏ ਹਨ। ਬੱਲ ਸਾਹਿਬ ਬਾਰੇ ਇੱਕ ਗੱਲ ਤਾਂ ਮੰਨਣੀ ਹੀ ਪਵੇਗੀ ਕਿ ਉਹ ਬਹੁਤ ਭਾਂਤ-ਸੁਭਾਂਤੀਆਂ ਕਿਤਾਬਾਂ ਪੜ੍ਹਦੇ ਹਨ। ਪਰ ਉਹ ਇਨ੍ਹਾਂ ਕਿਤਾਬਾਂ ਦੇ ਰਾਜਨੀਤਕ-ਇਤਿਹਾਸਕ ਪਰਿਪੇਖ ਨੂੰ ਸਮਝਣ ਦੀ ਕੋਸ਼ਿਸ਼ ਉਕਾ ਹੀ ਨਹੀਂ ਕਰਦੇ। ਮਾਰਕਸਵਾਦੀ ਵਿਚਾਰਾਂ ਨਾਲ ਜੁੜੇ ਹੋਣ ਸਦਕਾ ਉਨ੍ਹਾਂ ਨੂੰ ਇਹ ਤਾਂ ਪਤਾ ਹੋਣਾ ਹੀ ਚਾਹੀਦਾ ਹੈ ਕਿ ਕੋਈ ਵੀ ਸਾਹਿਤਕ ਲਿਖਤ ਖਲਾਅ ਵਿਚੋਂ ਪੈਦਾ ਨਹੀਂ ਹੁੰਦੀ ਸਗੋਂ ਇਹ ਆਪਣੇ ਸਮੇਂ ਦੇ ਸਮਾਜਕ-ਰਾਜਨੀਤਕ-ਸੱਭਿਆਚਾਰਕ ਅਤੇ ਵਿਚਾਰਧਾਰਕ ਤਣਾਵਾਂ ਵਿਚੋਂ ਪੈਦਾ ਹੁੰਦੀ ਹੈ। ਲੱਗਦਾ ਹੈ ਕਿ ਬੱਲ ਸਾਹਿਬ ਦੀ ਦਿਲਚਸਪੀ ਭਾਂਤ-ਸੁਭਾਂਤੀਆਂ ਕਿਤਾਬਾਂ ਪੜ੍ਹਨ ਤੱਕ ਹੀ ਸੀਮਤ ਹੈ, ਇਨ੍ਹਾਂ ਦੇ ਸੰਦਰਭ ਨੂੰ ਸਮਝਣ ਵਿਚ ਨਹੀਂ। ਇਸੇ ਲਈ ਉਹ ਆਪਣੇ ਹਰ ਲੇਖ ਵਿਚ ਬਹੁਤ ਸਾਰੀਆਂ ਕਿਤਾਬਾਂ ਦੇ ਨਾਂ ਦਰਜ ਕਰਦੇ ਹਨ ਜਿਨ੍ਹਾਂ ਦਾ ਆਮ ਕਰਕੇ ਲੇਖ ਦੇ ਮਜ਼ਮੂਨ ਨਾਲ ਕੋਈ ਸਿੱਧਾ ਸਬੰਧ ਵੀ ਨਹੀਂ ਹੁੰਦਾ। ਸ਼ਾਇਦ ਉਹ ਪਾਠਕਾਂ ਨੂੰ ਇਹ ਦੱਸਣ ਲਈ ਬੇਤਾਬ ਰਹਿੰਦੇ ਹਨ,"ਵੇਖੋ, ਮੈਂ ਕਿੰਨੀਆਂ ਭਾਂਤ-ਸੁਭਾਂਤੀਆਂ ਕਿਤਾਬਾਂ ਪੜ੍ਹਦਾ ਹਾਂ, ਹੈ ਨਾ ਕਮਾਲ।" ਉਹ ਅੱਖ ਦੇ ਫੋਰ ਵਿਚ ਹੀ ਇਰਾਨ ਤੋਂ ਜਰਮਨੀ, ਫਿਰ ਤੁਰਕੀ, ਅਮਰੀਕਾ ਤੇ ਹੋਰ ਪਤਾ ਨਹੀਂ ਕਿੱਥੇ-ਕਿੱਥੇ ਪਹੁੰਚ ਜਾਂਦੇ ਹਨ। ਇਰਾਨ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਬੱਲ ਸਾਹਿਬ ਇਹ ਭੁੱਲ ਹੀ ਗਏ ਕਿ ਇਸਲਾਮੀ ਦੇਸ਼ਾਂ ਦੀ ਪੱਛਮ ਵਿਚ ਸੱਭਿਆਚਾਰਕ ਪੇਸ਼ਕਾਰੀ ਪਿੱਛੇ ਸਾਮਰਾਜੀ ਸੱਭਿਆਚਾਰਕ ਰਾਜਨੀਤੀ ਲੁਕੀ ਹੋਈ ਹੈ। ਬੱਲ ਸਾਹਿਬ ਜਿਹੇ ਪੜ੍ਹੇ ਲਿਖੇ ਸ਼ਖਸ ਨੂੰ ਇਹ ਰਾਜਨੀਤੀ ਨਜ਼ਰ ਨਾ ਆਉਣੀ ਸਾਡੇ ਸਮਿਆਂ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ। ਸਮਾਜਕ ਨਿਆਂ ਦੇ ਅਲੰਬਰਦਾਰ ਹੋਣ ਦਾ ਭਰਮ ਪਾਲਦੇ ਹੋਏ ਉਹ ਸਾਡੇ ਦੌਰ ਦੀਆਂ ਸਭ ਤੋਂ ਜ਼ਾਲਮਾਨਾ ਤਾਕਤਾਂ ਦੇ ਅਚੇਤ ਹੀ ਹਮਾਇਤੀ ਬਣ ਜਾਂਦੇ ਹਨ। ਇਸੇ ਲੜੀ ਤਹਿਤ ਉਹ ਸਰਕਾਰੀ ਬੋਲੀ ਬੋਲਦੇ ਹੋਏ 1984 ਵਿਚ ਦਿੱਲੀ ਵਿਚ ਹੋਈ ਸਿੱਖਾਂ ਦੀ ਨਸਲਕੁਸ਼ੀ ਨੂੰ ਦੰਗਿਆਂ ਦਾ ਨਾਂ ਦਿੰਦੇ ਹਨ। (ਬੱਲ ਸਾਹਿਬ ਨੂੰ ਪਾਠਕਾਂ ਦੀ ਕਚਹਿਰੀ ਵਿਚ ਇਹ ਜ਼ਰੂਰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਹ ਕਿਸ ਪਰਿਭਾਸ਼ਾ ਤਹਿਤ ਇਸ ਨਸਲਘਾਤ ਨੂੰ ਦੰਗਿਆਂ ਦਾ ਨਾਂ ਦੇ ਰਹੇ ਹਨ?) ਇਹ ਸ਼ਾਇਦ ਅੱਜ ਬੱਲ ਸਾਹਿਬ ਵਰਗੇ 'ਬੁੱਧੀਜੀਵੀਆਂ' ਦੀ ਭਰਮਾਰ ਦਾ ਹੀ ਨਤੀਜਾ ਹੈ ਕਿ "ਸਦੀਆਂ ਤੋਂ ਭਾਂਤ-ਭਾਂਤ ਦੇ ਪੈਗੰਬਰਾਂ ਦੀਆਂ ਨਸੀਹਤਾਂ ਦੇ ਬਾਵਜੂਦ ਇਨਸਾਨ ਆਪਣੇ ਭਰਾਵਾਂ ਨਾਲ ਉਹ ਸਭ ਕੁਝ ਕਰੀ ਗਏ ਹਨ" ਜੋ ਉਨ੍ਹਾਂ ਨੂੰ ਨਹੀਂ ਸੀ ਕਰਨਾ ਚਾਹੀਦਾ। ਬੱਲ ਸਾਹਿਬ ਨੂੰ ਇੱਕ ਵਿਦਿਆਰਥੀ ਵਜੋਂ ਬੇਨਤੀ ਹੈ ਕਿ ਕਿਸੇ ਵੀ ਕਿਤਾਬ ਦੇ ਪ੍ਰਸ਼ੰਸਕ ਅਤੇ ਪ੍ਰਚਾਰਕ ਬਣਨ ਤੋਂ ਪਹਿਲਾਂ ਉਸ ਦੇ ਸੰਦਰਭ ਨੂੰ ਜ਼ਰੂਰ ਸਮਝ ਲੈਣਾ ਚਾਹੀਦਾ ਹੈ।

***ਬੱਲ ਸਾਹਿਬ ਬਾਰੇ ਇੱਕ ਗੱਲ ਤਾਂ ਮੰਨਣੀ ਹੀ ਪਵੇਗੀ ਕਿ ਉਹ ਬਹੁਤ ਭਾਂਤ-ਸੁਭਾਂਤੀਆਂ ਕਿਤਾਬਾਂ ਪੜ੍ਹਦੇ ਹਨ। ਪਰ ਉਹ ਇਨ੍ਹਾਂ ਕਿਤਾਬਾਂ ਦੇ ਰਾਜਨੀਤਕ-ਇਤਿਹਾਸਕ ਪਰਿਪੇਖ ਨੂੰ ਸਮਝਣ ਦੀ ਕੋਸ਼ਿਸ਼ ਉਕਾ ਹੀ ਨਹੀਂ ਕਰਦੇ। ਮਾਰਕਸਵਾਦੀ ਵਿਚਾਰਾਂ ਨਾਲ ਜੁੜੇ ਹੋਣ ਸਦਕਾ ਉਨ੍ਹਾਂ ਨੂੰ ਇਹ ਤਾਂ ਪਤਾ ਹੋਣਾ ਹੀ ਚਾਹੀਦਾ ਹੈ ਕਿ ਕੋਈ ਵੀ ਸਾਹਿਤਕ ਲਿਖਤ ਖਲਾਅ ਵਿਚੋਂ ਪੈਦਾ ਨਹੀਂ ਹੁੰਦੀ ਸਗੋਂ ਇਹ ਆਪਣੇ ਸਮੇਂ ਦੇ ਸਮਾਜਕ-ਰਾਜਨੀਤਕ-ਸੱਭਿਆਚਾਰਕ ਅਤੇ ਵਿਚਾਰਧਾਰਕ ਤਣਾਵਾਂ ਵਿਚੋਂ ਪੈਦਾ ਹੁੰਦੀ ਹੈ। ਲੱਗਦਾ ਹੈ ਕਿ ਬੱਲ ਸਾਹਿਬ ਦੀ ਦਿਲਚਸਪੀ ਭਾਂਤ-ਸੁਭਾਂਤੀਆਂ ਕਿਤਾਬਾਂ ਪੜ੍ਹਨ ਤੱਕ ਹੀ ਸੀਮਤ ਹੈ, ਇਨ੍ਹਾਂ ਦੇ ਸੰਦਰਭ ਨੂੰ ਸਮਝਣ ਵਿਚ ਨਹੀਂ।***

# ਕਾਵਿ-ਜਗਤ

## ਗਰੀਬ ਬਾਪੂ ਤੇ ਅਮੀਰ ਪੁੱਤਰ

ਨਿੱਕਾ ਜਿਹਾ ਪਿੰਡ ਉਸ ਪਿੰਡ ਦੇ ਮੁਹੱਲੇ ਵਿਚ
ਭੀੜੀ ਜਿਹੀ ਗਲੀ ਵਿਚ ਨਿੱਕੀ ਜਿਹੀ ਦੁਕਾਨ ਹੈ।
ਨਿੱਕੀ ਜਿਹੀ ਦੁਕਾਨ ਵਿਚ ਚੀਜ਼ਾਂ ਕੋਈ ਬਹੁਤੀਆਂ ਨਹੀਂ
ਟੁੱਟਾ ਭੱਜਾ ਮਾੜਾ ਮੋਟਾ ਰੱਖਿਆ ਸਾਮਾਨ ਹੈ।
ਟੁੱਟੀ ਜਿਹੀ ਕੁਰਸੀ 'ਤੇ ਬੈਠਾ ਇਕ ਬੁੱਢਾ ਬਾਪੂ
ਉਠ ਨਹੀਂ ਹੁੰਦਾ ਅਤੇ ਬਹੁਤ ਪ੍ਰੇਸ਼ਾਨ ਹੈ।
ਕਦੀ ਕਦੀ ਦਿਲ 'ਚ ਉਠਦਾ ਗੁਬਾਰ ਹੈ
ਚਾਰੇ ਪਾਸੇ ਤੱਕਦੈ ਤੇ ਹੋਂਵਦਾ ਹੈਰਾਨ ਹੈ।

ਸੋਚਦਾ ਹੈ ਜ਼ਿੰਦਗੀ 'ਚ ਕੀਤਾ ਨਹੀਂ ਗੁਨਾਹ ਕੋਈ
ਫੇਰ ਵੀ ਕਿਉਂ ਮੇਰੇ ਨਾਲ ਗੁੱਸੇ ਭਗਵਾਨ ਸੀ।
'ਕੱਲਾ 'ਕੱਲਾ ਪੁੱਤ ਸਾਂ ਗਰੀਬ ਜਿਹੇ ਮਾਪਿਆਂ ਦਾ
ਕੱਚਾ ਇਕ ਕੋਠਾ ਸੀ ਤੇ ਕੱਚਾ ਹੀ ਦਲਾਨ ਸੀ।
ਬਹੁਤੀ ਕੋਈ ਜ਼ਮੀਨ ਨਹੀਂ ਸੀ, ਚਾਰ ਸੀ ਸਿਆੜ ਜਿਹੇ
ਉਨ੍ਹਾਂ ਹੀ ਸਿਆੜਾਂ ਵਿਚ ਸਾਡੀ ਜਿੰਦ ਜਾਨ ਸੀ।
ਗਿਆ ਨਹੀਂ ਸਕੂਲ ਕਦੀ ਕੀਤੀ ਨਹੀਂ ਪੜ੍ਹਾਈ ਕੋਈ
ਵੇਂਹਦੇ ਵੇਂਹਦੇ ਝੱਟ ਹੀ ਮੈਂ ਹੋ ਗਿਆ ਜਵਾਨ ਸੀ।

ਝੱਟ ਪੱਟ ਵਿਆਹ ਮੇਰਾ ਕੀਤਾ ਮੇਰੇ ਮਾਪਿਆਂ ਨੇ
ਕਿਉਂਕਿ ਬੇਬੇ ਬਾਪੂ ਦੀ ਮੈਂ 'ਕੱਲੀ ਸੰਤਾਨ ਸੀ।
ਭਾਗਾਂ ਭਰੀ ਨਾਂ ਸੀ ਉਹਦਾ ਸੱਚੀਂ ਸੀ ਉਹ ਭਾਗਾਂ ਵਾਲੀ
ਦੇਂਦੀ ਮੇਰੇ ਮਾਪਿਆਂ ਨੂੰ ਪੂਰਾ ਸਨਮਾਨ ਸੀ।
ਹਸੂੰ ਹਸੂੰ ਕਰਦੀ ਤੇ ਫੁੱਲਾਂ ਵਾਂਗ ਖਿੜੀ ਰਹਿੰਦੀ
ਚਿਹਰੇ ਉਤੇ ਸਦਾ ਉਹਦੇ ਰਹਿੰਦੀ ਮੁਸਕਾਨ ਸੀ।
ਉਹਦੇ ਆਉਣ ਨਾਲ ਸਾਰੇ ਘਰ 'ਚ ਬਹਾਰਾਂ ਆਈਆਂ
ਵੇਖ ਵੇਖ ਪਿੰਡ ਸਾਰਾ ਹੋਂਵਦਾ ਹੈਰਾਨ ਸੀ।

ਮਿਹਨਤ ਮਜੂਰੀ ਅਸੀਂ ਕਰਦੇ ਸੀ ਭੱਜ ਭੱਜ
ਇਕੋ ਜਿਹੇ ਸੀ ਦੋਵੇਂ, ਸਾਡੀ ਇਕ ਜਿੰਦ ਜਾਨ ਸੀ।
ਕਰੀਏ ਤਰੱਕੀ ਅਤੇ ਰੱਜ ਕੇ ਕਮਾਈਏ ਪੈਸਾ
ਕੋਠੀਆਂ ਬਣਾਈਏ ਜਿਥੇ ਕੱਚਾ ਜਿਹਾ ਮਕਾਨ ਸੀ।
ਪੈਲੀ ਵੀ ਖਰੀਦ ਲਈ ਮੋਟਰਾਂ ਵੀ ਲੱਗ ਗਈਆਂ
ਪੱਕਾ ਹੁਣ ਘਰ ਸੀ ਤੇ ਪੱਕਾ ਹੀ ਦਲਾਨ ਸੀ।
ਦੌਲਤਾਂ ਤੇ ਸ਼ੋਹਰਤਾਂ ਨੇ ਘਰ ਵਿਚ ਡੇਰੇ ਲਾਏ
ਚਾਰੇ ਪਾਸੇ ਹੁਣ ਸਾਡਾ ਹੁੰਦਾ ਸਨਮਾਨ ਸੀ।

ਏਸੇ ਸਮੇਂ ਕੱਟਿਆ ਸੀ ਮੋੜ ਇਕ ਜ਼ਿੰਦਗੀ ਨੇ
ਸਾਡੇ ਘਰ ਜੰਮੀ ਸਾਡੀ ਪਹਿਲੀ ਸੰਤਾਨ ਸੀ।
ਸਾਰਾ ਪਿੰਡ ਨੱਚ ਨੱਚ ਟੱਪ ਟੱਪ ਗਾਂਵਦਾ ਸੀ
ਰੱਬ ਸਾਡਾ ਸਾਡੇ ਉਤੇ ਹੋਇਆ ਮਿਹਰਬਾਨ ਸੀ।
ਪੁੱਤ ਦੇ ਕੇ ਰੱਬ ਨੇ ਮੁਰਾਦ ਸਾਡੀ ਪੂਰੀ ਕੀਤੀ
ਪੁੱਤਰਾਂ ਬਗੈਰ ਜਿਵੇਂ ਖਾਲੀ ਜਿਹਾ ਜਹਾਨ ਸੀ।
ਲੱਖ ਲੱਖ ਸ਼ੁਕਰ ਗੁਜ਼ਾਰੇ ਅਸੀਂ ਰੱਬ ਦੇ ਸੀ
ਰੱਖ ਦਿੱਤਾ ਨਾਮ ਅਸੀਂ ਉਹਦਾ ਵਰਦਾਨ ਸੀ।

ਪੁੱਤ ਜ਼ਰਾ ਵੱਡਾ ਹੋਇਆ ਪੜ੍ਹਨ ਸਕੂਲੇ ਲੱਗਾ
ਉਡਦੇ ਸੀ ਦੋਵੇਂ ਅਸੀਂ ਵਿਚ ਆਸਮਾਨ ਦੇ।
ਰੱਬ ਮਿਹਰਾਂ ਕਰੀ ਜਾਵੇ ਘਰ ਸਾਡਾ ਭਰੀ ਜਾਵੇ
ਦੇਈ ਜਾਵੇ ਸੁੱਖ ਸਾਨੂੰ ਸਾਰੇ ਹੀ ਜਹਾਨ ਦੇ।
ਸਾਰੇ ਸਾਡੇ ਆਪਣੇ ਸੀ ਕੋਈ ਵੀ ਬੇਗਾਨਾ ਨਹੀਂ ਸੀ
ਪੁੱਤਰਾਂ ਦੇ ਨਾਲ ਹੁੰਦੇ ਸੁੱਖ ਇਨਸਾਨ ਦੇ।
ਹੋ ਗਿਆ ਜਵਾਨ ਪੁੱਤ ਕਾਰਾਂ ਉਤੇ ਬਹਿਣ ਲੱਗਾ
ਆ ਗਏ ਸੀ ਦਿਨ ਜਿਵੇਂ ਸਾਡੇ ਇਮਤਿਹਾਨ ਦੇ।

ਹੋ ਗਈ ਪੜ੍ਹਾਈ ਜਦੋਂ ਕਾਲਜ ਦੀ ਪੂਰੀ
ਆ ਕੇ ਇਕ ਦਿਨ ਪੁੱਤਰ ਨੇ ਖਬਰ ਸੁਣਾਈ ਏ।
ਕਰੋ ਇੰਤਜ਼ਾਮ ਹੁਣ ਫਟਾ ਫੱਟ ਪੈਸਿਆਂ ਦਾ
ਜਾ ਕੇ ਅਮਰੀਕਾ ਵਿਚ ਕਰਨੀ ਪੜ੍ਹਾਈ ਏ।
ਬਣ ਕੇ ਮੈਂ ਡਾਕਟਰ ਕਰਾਂ ਤੁਹਾਡਾ ਨਾਮ ਉਚਾ
ਸਾਰੇ ਧੋਣੇ ਧੋ ਦਿਆਂਗਾ ਕਰ ਕੇ ਕਮਾਈ ਏ।
ਦੋਹਾਂ ਜੀਆਂ ਬਹਿ ਕੇ ਅਸੀਂ ਇਹੋ ਸੀ ਵਿਚਾਰ ਕੀਤਾ
ਅੱਜ ਸਾਡੇ ਰੱਬ ਸਾਡੀ ਘਾਲ ਥਾਂਇ ਪਾਈ ਏ।

ਪੁੱਤ ਅਮਰੀਕਾ ਗਿਆ 'ਕੱਲੇ ਜਿਹੇ ਹੋ ਗਏ ਅਸੀਂ
ਦਿਲ ਵਿਚ ਸਾਡੇ ਕੋਈ ਫੇਰ ਵੀ ਉਮਾਹ ਸੀ।
ਆਉਣੈਂ ਜਦੋਂ ਪੁੱਤ ਸਾਡੇ ਕਰ ਕੇ ਪੜ੍ਹਾਈਆਂ ਉਦੋਂ
ਬੜੇ ਸੁੱਖ ਮਿਲਣੇ ਨੇ ਬੜਾ ਉਤਸ਼ਾਹ ਸੀ।
ਮੰਗਦਾ ਸੀ ਖਰਚਾ ਉਹ ਜਦੋਂ ਫੋਨ ਕਰਦਾ ਸੀ
ਹੌਲੀ ਹੌਲੀ ਪੈਲੀ ਸਾਰੀ ਗਹਿਣੇ ਦਿੱਤੀ ਪਾ ਸੀ।
ਆਪੇ ਹੀ ਛੁਡਾ ਲਵੇਗਾ ਕਰੇਗਾ ਕਮਾਈਆਂ ਜਦੋਂ
ਪੁੱਤ ਸਾਡਾ ਡਾਕਟਰ ਇਹੋ ਬੜਾ ਚਾਅ ਸੀ।

ਪੁੱਤ ਹੋਇਆ ਐਮ.ਡੀ. ਪੜ੍ਹਾਈ ਉਹਦੀ ਪੂਰੀ ਹੋ ਗਈ
ਲੱਗੀ ਸੀ ਉਡੀਕ ਸਾਡਾ ਆਉਣਾ ਵਰਦਾਨ ਸੀ।
ਲਿਖਿਆ ਸੀ ਡੈਡੀ ਮੌਮਾ ਪੱਕਾ ਵੀ ਮੈਂ ਹੋ ਗਿਆ ਵਾਂ
ਮਿਲ ਗਈ ਏ ਜੌਬ ਮੇਰਾ ਇਹੀ ਅਰਮਾਨ ਸੀ।
ਪੁੱਤ ਨੇ ਨਾ ਆਉਣਾ ਸੀ ਨਾ ਆਇਆ ਪਰ ਚਿੱਠੀ ਆਈ
ਚਿੱਠੀ ਪੜ੍ਹ ਸਾਡਾ ਗਿਆ ਲੁੱਟਿਆ ਜਹਾਨ ਸੀ।
ਵੇਖਦੇ ਸੀ ਬਿਟ ਬਿਟ ਕੁਝ ਵੀ ਨਾ ਅਹੁੜਦਾ ਸੀ
ਮੁੱਕ ਗਈਆਂ ਗੱਲਾਂ ਬੰਦ ਹੋ ਗਈ ਜ਼ਬਾਨ ਸੀ।

ਬੜਾ ਸਮਾਂ ਹੋ ਗਿਆ ਏ ਸਭ ਕੁਝ ਖੋ ਗਿਆ ਏ
ਮਰ ਗਈਆਂ ਆਸਾਂ ਜੀਣਾ ਹੋ ਗਿਆ ਮੁਹਾਲ ਏ।
ਰੋਂਦਿਆਂ ਦਾ ਅੱਖੀਆਂ 'ਚੋਂ ਪਾਣੀ ਹੁਣ ਮੁੱਕ ਗਿਐ
ਜਿਉਣ ਦਾ ਨਾ ਹੱਜ ਕੋਈ ਜ਼ਿੰਦਗੀ ਬੇਹਾਲ ਏ।
ਕਿਸ ਨੂੰ ਸੁਣਾਈਏ ਕੋਈ ਦੁੱਖ ਸਾਡੇ ਸੁਣਦਾ ਨਹੀਂ
ਰੋਂਦੇ ਹੋਏ ਬੁਢਾਪੇ ਦੀ ਏਹ ਟੁੱਟੀ ਹੋਈ ਚਾਲ ਏ।
ਫਿਰ ਵੀ ਉਡੀਕਾਂ ਅਜੇ ਪੁੱਤ ਦੀਆਂ ਰਹਿੰਦੀਆਂ ਨੇ
ਰੱਬਾ ਤੇਰੀ ਦੁਨੀਆਂ ਦਾ ਰੰਗ ਵੀ ਕਮਾਲ ਏ।

ਕਦੀ ਕਦੀ ਬੁੱਢਾ ਬਾਪੂ ਗਲੀ ਵੱਲ ਵੇਖਦਾ ਏ
ਖੋਰੇ ਉਹਨੂੰ ਲੱਗਦਾ ਏ ਆਇਆ ਵਰਦਾਨ ਏ।
ਆਖਦੇ ਸੀ ਗੁਰੂ ਪੁੱਤਾਂ ਨਾਲ ਗੰਢਾਂ ਪੈਂਦੀਆਂ ਨੇ
ਪੁੱਤਰਾਂ ਦੇ ਨਾਲ ਚੰਗਾ ਲੱਗਦਾ ਜਹਾਨ ਏ।
ਖਾ ਲਿਆ ਏ ਪੁੱਤ ਮੇਰਾ ਡਾਲਰਾਂ ਤੇ ਗੋਰੀਆਂ ਨੇ
ਵਿਕ ਗਿਆ ਪੈਸੇ ਪਿੱਛੇ ਕੈਸਾ ਇਨਸਾਨ ਏ।
ਪੁੱਤਰ ਦਾ ਨਾਮ ਅਮਰੀਕਾ ਵਿਚ ਬਹੁਤ ਹੋਇਆ
ਵੱਡੇ ਵੱਡੇ ਧਨੀਆਂ 'ਚੋਂ ਪੁੱਤ ਧਨਵਾਨ ਏ।

ਬਾਪੂ ਅਤੇ ਬੇਬੇ ਕੋਲ ਹੋਰ ਹੁਣ ਕੁਝ ਵੀ ਨਹੀਂ
ਨਿੱਕਾ ਜਿਹਾ ਕੋਠਾ ਏ ਤੇ ਟੁੱਟੀ ਜਿਹੀ ਦੁਕਾਨ ਏ।
ਮਰ ਗਏ ਨੇ ਰਿਸ਼ਤੇ ਤੇ ਮੁੱਕ ਗਏ ਨੇ ਨਾਤੇ ਸਾਰੇ
ਫੇਰ ਵੀ ਨੇ ਕਹਿੰਦੇ ਸਾਡਾ ਰਾਖਾ ਭਗਵਾਨ ਏ।
ਕਾਹਨੂੰ 'ਸੁਰਜੀਤ' ਰੋਣੇ ਜੱਗ ਕੋਲ ਰੋਵਣੇ ਨੇ
ਰਾਜ ਇਥੇ ਬੰਦਿਆਂ ਦਾ ਬੰਦਾ ਹੀ ਸ਼ੈਤਾਨ ਏ।
ਬਹੁਤਾ ਕੁਝ ਚਾਹੀਦਾ ਨਹੀਂ ਰੁੱਖੀ ਸੁੱਖੀ ਦੇਈ ਜਾਵੇਂ
ਸੋਹਣੇ ਮੇਰੇ ਰੱਬਾ ਤੇਰਾ ਏਹੀ ਅਹਿਸਾਨ ਏ।

*-ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਡੰਗ ਸ਼ਰੀਕਾਂ ਦੇ

ਕਈ ਨਹੀਂ ਦੱਸਦੇ ਕੀਤੇ ਹੁੰਦੇ ਤੰਗ ਸ਼ਰੀਕਾਂ ਦੇ।
ਸੱਪਾਂ ਤੋਂ ਵੀ ਜ਼ਹਿਰੀ ਹੁੰਦੇ ਡੰਗ ਸ਼ਰੀਕਾਂ ਦੇ।

ਭੇਸ ਦੋਸਤੀ ਦੇ ਵਿਚ ਹੋਵਣ ਦੁਸ਼ਮਣ ਦਿਸਦੇ ਨਾ।
ਇਕ ਨਿਸ਼ਾਨੀ ਅੰਦਰ ਵੜ ਜਣ ਉਹ ਦਿਨ ਛਿਪਦੇ ਨਾ।
ਸਮਝੋ ਰਹਿੰਦੇ ਬਹਾਰ ਜੋ ਹੁੰਦੇ ਢੰਗ ਸ਼ਰੀਕਾਂ ਦੇ।
ਸੱਪਾਂ ਤੋਂ ਵੀ ਜ਼ਹਿਰੀ ਹੁੰਦੇ ਡੰਗ ਸ਼ਰੀਕਾਂ ਦੇ।

ਮੀਸਣੇ ਬੰਦੇ ਦਿਲ ਦਾ ਭੇਦ ਛੁਪਾ ਕੇ ਰੱਖਦੇ ਨੇ।
ਉਹ ਅੰਦਰਖਾਤੇ ਸਭ ਨਾ ਹੱਥ ਮਿਲਾ ਕੇ ਰੱਖਦੇ ਨੇ।
ਉਹੀ ਜਾਣਦੇ ਜਿਨ੍ਹਾਂ ਨੇ ਕਰੇ ਸੰਗ ਸ਼ਰੀਕਾਂ ਦੇ।
ਸੱਪਾਂ ਤੋਂ ਵੀ ਜ਼ਹਿਰੀ ਹੁੰਦੇ ਡੰਗ ਸ਼ਰੀਕਾਂ ਦੇ।

ਕਰਮਾਂ ਵਾਲਾ ਘਰ ਹੈ ਜਿਥੇ ਧੂਣੀ ਧੁਖਦੀ ਨਾ।
ਸੌ 'ਚੋਂ ਇਕ-ਦੋ ਸੌਂਦੇ ਹੋਣੇ ਨੀਂਦਰ ਸੁੱਖ ਦੀ ਨਾ।
ਘਰ ਘਰ ਦੇ ਵਿਚ ਪਏ ਹੋਏ ਆ ਰੰਧ ਸ਼ਰੀਕਾਂ ਦੇ।
ਸੱਪਾਂ ਤੋਂ ਵੀ ਜ਼ਹਿਰੀ ਹੁੰਦੇ ਡੰਗ ਸ਼ਰੀਕਾਂ ਦੇ।

ਇਕ ਚੁਬਾਰਾ ਪਾ ਲਏ ਦੂਜੇ ਵੇਖ ਕੇ ਜਰਦੇ ਨਾ।
ਰੀਸ ਕਰਨਗੇ ਪੂਰੀ ਕਸਰ ਅਧੂਰੀ ਛੱਡਦੇ ਨਾ।
ਘਰ ਵਿਚ ਭਾਵੇਂ ਭੁੱਜਦੀ ਹੋਵੇ ਭੰਗ ਸ਼ਰੀਕਾਂ ਦੇ।
ਸੱਪਾਂ ਤੋਂ ਵੀ ਜ਼ਹਿਰੀ ਹੁੰਦੇ ਡੰਗ ਸ਼ਰੀਕਾਂ ਦੇ।

ਖੇਖਣ ਕਰ ਕਰ ਕਈ ਤਾਂ ਢਿੱਡ 'ਚ ਵੜ ਜਾਂਦੇ।
ਪਤਾ ਈ ਨਾ ਲੱਗਦਾ ਕਿਸ ਵੇਲੇ ਉਹ ਸਿਰ 'ਤੇ ਚੜ੍ਹ ਜਾਂਦੇ।
ਨਵੇਂ ਨਵੇਂ ਫਿਰ ਹੁੰਦੇ ਆ ਫਕਵੰਜ ਸ਼ਰੀਕਾਂ ਦੇ।
ਸੱਪਾਂ ਤੋਂ ਵੀ ਜ਼ਹਿਰੀ ਹੁੰਦੇ ਡੰਗ ਸ਼ਰੀਕਾਂ ਦੇ।

ਆਵਦਿਆਂ ਤੋਂ ਬਚ ਗਿਆ ਜਿਹੜਾ ਉਹੀ ਸਿਆਣਾ ਹੈ।
ਹੱਥ ਵਢਾ ਕੇ ਬੈਠੇ ਨੇ ਤਾਂ ਫਿਰ ਪਛਤਾਣਾ ਹੈ।
ਹਾਥੀ ਵਰਗੇ ਹੁੰਦੇ ਆ ਜੀ ਦੰਦ ਸ਼ਰੀਕਾਂ ਦੇ।
ਸੱਪਾਂ ਤੋਂ ਵੀ ਜ਼ਹਿਰੀ ਹੁੰਦੇ ਡੰਗ ਸ਼ਰੀਕਾਂ ਦੇ।

ਕਈ ਨਾ ਛੱਡਦੇ ਖਹਿੜਾ ਪਹੁੰਚਣ ਤੱਕ ਨਾ ਜਦ ਕਬਰਾਂ।
ਦਿਨ ਚੜ੍ਹਦੇ ਨੂੰ ਪਹਿਲੇ ਪੇਜ 'ਤੇ ਆ ਜਾਂਦੀਆਂ ਖਬਰਾਂ।
ਜਦੋਂ ਸੂਰਮਾ ਝਾੜ ਦਵੇ ਕੋਈ ਖੰਭ ਸ਼ਰੀਕਾਂ ਦੇ।
ਸੱਪਾਂ ਤੋਂ ਵੀ ਜ਼ਹਿਰੀ ਹੁੰਦੇ ਡੰਗ ਸ਼ਰੀਕਾਂ ਦੇ।

ਚਾਰ ਭਰਾਵਾਂ ਦੇ ਵਿਚ ਵੇਖਿਆ ਜਿੱਥੇ ਵੀ ਏਕਾ।
ਰਹਿਣ ਬਰਕਤਾਂ ਉਥੇ ਲੋਕੀਂ ਆਖਣ, ਕੀ ਲੇਖਾ।
ਇਕ ਨਹੀਂ, ਦੋ ਨਹੀਂ, ਹੁੰਦੇ ਸੌ ਰੰਗ ਸ਼ਰੀਕਾਂ ਦੇ।
ਸੱਪਾਂ ਤੋਂ ਵੀ ਜ਼ਹਿਰੀ ਹੁੰਦੇ ਡੰਗ ਸ਼ਰੀਕਾਂ ਦੇ।

ਚੀਮਨੇ ਵਾਲਿਆ ਨਾਲ ਕੀ ਜਾਣਾ, ਯਾਦ ਜੋ ਰੱਖਦੇ ਆ।
ਰਾਜ ਟੌਹਰ ਨਾਲ ਆਪਣਿਆਂ ਦੇ ਵਿਚ ਉਹ ਵਸਦੇ ਆ।
ਜੋ ਕਰਨ ਈਰਖਾ ਰਹਿੰਦੀ ਆ ਵਿਚ ਰੰਜ ਸ਼ਰੀਕਾਂ ਦੇ।
ਸੱਪਾਂ ਤੋਂ ਵੀ ਜ਼ਹਿਰੀ ਹੁੰਦੇ ਡੰਗ ਸ਼ਰੀਕਾਂ ਦੇ।

*-ਰਾਜ ਧਾਲੀਵਾਲ*



## ਔਰਤ

*ਨੀਲਮ ਸੈਣੀ*
*ਫੋਨ: 510-502-0551*

ਕਦੀ ਤਪਦੀ ਹੈ,
ਕਦੀ ਠਰਦੀ ਹੈ.
ਕਦੀ ਜੀਊਂਦੀ ਹੈ,
ਕਦੀ ਮਰਦੀ ਹੈ।
ਹਰ ਸਿਤਮ ਹੀ,
ਰਹਿੰਦੀ ਜ਼ਰਦੀ ਹੈ।
ਪਰ ਸੀ ਤਾਈਂ,
ਨਾ ਕਰਦੀ ਹੈ।

ਕਦੇ ਰੋਂਦੀ ਹੈ,
ਕਦੇ ਹੱਸਦੀ ਹੈ।
ਕਦੀ ਉਜੜੇ ਇਹ,
ਕਦੀ ਵਸਦੀ ਹੈ।
ਜ਼ਿੰਦਗੀ ਦੀ ਡੋਰ
ਨੂੰ ਕੱਸਦੀ ਹੈ।
ਸਦਾ ਚਾਲ ਮਸਤ
ਹੀ ਰੱਖਦੀ ਹੈ।

ਕਈ ਰੋਗਾਂ ਦੀ,
ਦਵਾਈ ਹੈ।
ਪਿਆਰ ਦੀ ਇਹ
ਤ੍ਰਿਹਾਈ ਹੈ।
ਕਦੇ ਦੁੱਖ ਵਿਚ
ਨਾ ਘਬਰਾਈ ਹੈ।
ਹਰ ਘਰ ਇਸ ਦੀ
ਰੁਸ਼ਨਾਈ ਹੈ।

ਕਦੇ ਬੇਟੀ ਇਹ
ਕਦੇ ਭੈਣ ਬਣੇ।
ਸੱਜਣ ਦੀ ਦਿਨ
ਤੇ ਰੈਣ ਬਣੇ।
ਕਦੀ ਮਮਤਾ ਵਿਚ,
ਸੁਦੈਣ ਬਣੇ।
ਸਭ ਫਰਜ਼ਾਂ ਦਾ,
ਇਕ ਵਹਿਣ ਬਣੇ।

ਜਦ ਦੇਸ਼-ਕੌਮ,
ਲਈ ਲੜਦੀ ਹੈ।
ਤਲਵਾਰ ਵੀ ਹੱਥ
ਵਿਚ ਫੜ੍ਹਦੀ ਹੈ।
ਦੁਸ਼ਮਣ ਦੇ ਅੱਗੇ,
ਅੜਦੀ ਹੈ।
ਹੱਸ ਹੱਸ ਕੇ,
ਸੂਲੀ ਚੜ੍ਹਦੀ ਹੈ।

## ਹੱਸ ਕੇ ਗੁਜ਼ਾਰ ਦੇ

ਐਵੇਂ ਨਾ ਝੂਰ ਬਹਿ ਕੇ ਦਿਲ ਨੂੰ ਕਰਾਰ ਦੇ।
ਕਿੰਨੀ ਹਸੀਨ ਜ਼ਿੰਦਗੀ ਹੱਸ ਕੇ ਗੁਜ਼ਾਰ ਦੇ।
ਭਰ ਦੇ ਫਿਜ਼ਾ 'ਚ ਰੰਗਤ ਹੋਲੀ ਬਸੰਤ ਵਾਂਗੂੰ,
ਅਰਸ਼ਾਂ ਦੀ ਪੀਂਘ ਵਾਂਗੂੰ ਹਿਰਦੇ ਹੁਲਾਰ ਦੇ।
ਚੁਣ ਕੇ ਹਮੇਸ਼ ਕੰਡੇ ਪੀੜਾਂ ਦੇ ਪੈਂਡਿਆਂ 'ਚੋਂ,
ਕਲੀਆਂ ਤੇ ਫੁੱਲ ਖੇੜੇ ਸਭ ਥਾਂ ਖਿਲਾਰ ਦੇ।
ਖੁਸ਼ੀਆਂ ਤੇ ਖੇੜਿਆਂ ਦੀ ਲਾ ਦੇ ਚੁਫੇਰ ਮਹਿਫਿਲ
ਸੁਹਜਾਂ ਦੇ ਨਾਲ ਗਮ ਦਾ ਮੁੱਖੜਾ ਸੁਆਰ ਦੇ।
ਲੈ ਕੇ ਹਸੀਨ ਜਜ਼ਬੇ ਊਸ਼ਾ ਦੀ ਕਿਰਨ ਪਾਸੋਂ
ਰੀਝਾਂ ਤੇ ਸ਼ੌਕ ਆਪਣੇ ਅਰਸ਼ੀਂ ਉਲਾਰ ਦੇ।
ਚੁਣ ਕੇ ਹਮੇਸ਼ ਕੰਡੇ ਪੀੜਾਂ ਦੇ ਪੈਂਡਿਆਂ 'ਚੋਂ,
ਕਲੀਆਂ ਤੇ ਫੁੱਲ ਖੇੜੇ ਸਭ ਥਾਂ ਖਿਲਾਰ ਦੇ।
ਦੂਈ ਦਵੈਤ ਸਾੜਾ ਛੱਡ ਈਰਖਾ ਬਖੀਲੀ,
ਕੋਮਲ ਮਲੂਕ ਜਜ਼ਬੇ ਹਰ ਥਾਂ ਸ਼ਿੰਗਾਰ ਦੇ।
ਵੈਰੀ ਨਹੀਂ ਹੈ ਕੋਈ, ਨਾ ਹੀ ਕੋਈ ਬੇਗਾਨਾ,
ਜੋ ਵੀ ਪਿਆਰ ਮੰਗਦਾ, ਉਸ ਨੂੰ ਪਿਆਰ ਦੇ।
ਮੱਚਦੀ ਪਿਆਰ ਬਾਝੋਂ ਦੁਨੀਆਂ ਮਾਯੂਸ ਹੋਈ,
ਦਿਲ 'ਚੋਂ ਪਿਆਰ ਅੰਮ੍ਰਿਤ ਸਭ 'ਤੇ ਫੁਹਾਰ ਦੇ।
ਸਭ ਦਾ ਭਲਾ ਹੈ ਕਰਨਾ ਸਭ ਦੀ ਤੂੰ ਖੈਰ ਮੰਗੀਂ,
ਜ਼ਿੰਦਗੀ ਦਾ ਕਰਜ਼ ਏਦਾਂ ਸਿਰ ਤੋਂ ਉਤਾਰ ਦੇ।
ਮੁਲਕਾਂ ਦੇ ਛੱਡ ਬਖੇੜੇ, ਧਰਮਾਂ ਦੇ ਛੱਡ ਝੇੜੇ,
'ਬੇਗਮਪੁਰਾ' ਦੀ ਜੱਗ 'ਤੇ ਜੰਨਤ ਉਸਾਰ ਦੇ।

*-ਗਿਆਨ ਸਿੰਘ ਕੋਟਲੀ*
*ਫੋਨ: 604-502-7151*

## ਗ਼ਜ਼ਲ

*ਸੁਰਜੀਤ ਪਾਤਰ*

ਮੈਂ ਸੁਣਾਂ ਜੇ ਰਾਤ ਖਾਮੋਸ਼ ਨੂੰ, ਮੇਰੇ ਦਿਲ 'ਚ ਕੋਈ ਦੁਆ ਕਰੇ,
ਇਹ ਜ਼ਮੀਨ ਹੋਵੇ ਸੁਰਾਂਗਲੀ, ਇਹ ਦਰਖਤ ਹੋਣ ਹਰੇ ਭਰੇ।

ਏਥੋਂ ਕੁਲ ਪਰਿੰਦੇ ਹੀ ਉੜ ਗਏ, ਏਥੇ ਮੇਘ ਆਉਂਦੇ ਹੀ ਮੁੜ ਗਏ,
ਏਥੇ ਕਰਨ ਅਜ ਕਲ੍ਹ ਬਿਰਖ ਵੀ, ਕਿਤੇ ਹੋਰ ਜਾਣ ਦੇ ਮਸ਼ਵਰੇ।

ਨ ਤਾਂ ਕੁਰਸੀਆਂ ਨੂੰ ਨ ਤਖਤ ਨੂੰ, ਨ ਸਲੀਬ ਸਖਤ ਕੁਰਖਤ ਨੂੰ,
ਇਹ ਮਜ਼ਾਕ ਕਰਨ ਦਰਖਤ ਨੂੰ, ਬੜੇ ਸਮਝਦਾਰ ਨੇ ਮਸਖਰੇ।

ਹੁਣ ਚੀਰ ਹੁੰਦਿਆਂ ਵੀ ਚੁਪ ਰਵ੍ਹੇ, ਹੁਣ ਆਰਿਆਂ ਨੂੰ ਵੀ ਛਾਂ ਦਵੇ,
ਇਹ ਜੁ ਆਖਦਾ ਸੀ ਮੈਂ ਬਿਰਖ ਹਾਂ, ਹੁਣ ਵਕਤ ਆਇਆ ਹੈ ਸਿੱਧ ਕਰੇ।

ਮੈਂ ਚਲਾ ਕੇ ਤੀਰ ਕਮਾਨ 'ਚੋਂ, ਰੱਤ ਸਿੰਮਦੀ ਸੋਚਾਂ ਨਿਸ਼ਾਨ 'ਚੋਂ,
ਤਾਂ ਦੁਆ ਇਹ ਨਿਕਲੇ ਜ਼ਬਾਨ 'ਚੋਂ, ਮੇਰਾ ਤੀਰ ਡਿਗ ਪਏ ਉਰੇ ਪਰੇ।

ਮੇਰੇ ਪਿੰਡ ਦੀ ਨੀਂਦ ਨੂੰ ਚੀਰਦੀ, ਗੱਡੀ ਲੰਘੀ ਰਾਤ ਅਖੀਰ ਦੀ,
ਟੁੱਟੀ ਨੀਂਦ ਬਿਰਖ ਫਕੀਰ ਦੀ, ਪੀਲੇ ਪੱਤੇ ਮੁਸਾਫਰ ਉਤਰੇ।

ਕੋਈ ਲਫਜ਼ ਲਫਜ਼ਾਂ ਦੇ ਸਾਕ ਵਿਚ, ਨ ਘੁਟਨ ਸਹੇ ਕਿਸੇ ਵਾਕ ਵਿਚ,
ਤਦੇ ਝਿਜਕਦਾ ਕੁਝ ਆਖਦਾ, ਕੁਝ ਲਿਖਦਿਆਂ ਮੇਰਾ ਮਨ ਡਰੇ।

ਉਹ ਬਣਾ ਰਹੇ ਨੇ ਇਮਾਰਤਾਂ, ਅਸੀਂ ਲਿਖ ਰਹੇ ਹਾਂ ਇਬਾਰਤਾਂ,
ਤਾਂ ਜੁ ਪੱਥਰਾਂ ਦੇ ਵਜੂਦ ਵਿਚ, ਕੋਈ ਆਤਮਾ ਵੀ ਰਿਹਾ ਕਰੇ।

ਕੋਈ ਸਾਕ ਕਦ ਹੈ ਹਮੇਸ਼ ਤਕ, ਇਕ ਤਾਪਮਾਨ ਵਿਸ਼ੇਸ਼ ਤਕ,
ਜੁੜੇ ਰਹਿਣ ਤੱਤਾਂ ਦੇ ਨਾਲ ਤੱਤ, ਫਿਰ ਟੁੱਟ ਕੇ ਹੋ ਜਾਵਣ ਪਰੇ।

ਉਹ ਸੀ ਯੋਧਾ ਕਾਹਦਾ ਫਕੀਰ ਸੀ, ਉਹਦੇ ਲਫਜ਼ ਹੀ ਉਹਦੇ ਤੀਰ ਸੀ,
ਤੇ ਉਹ ਲਫਜ਼ ਕੱਢੇ ਜ਼ਬਾਨ 'ਚੋਂ, ਪਹਿਲਾਂ ਆਪਣੀ ਰੱਤ 'ਚ ਹੀ ਨਮ ਕਰੇ।

ਕੁਝ ਲੋਕ ਆਏ ਸੀ ਬੇਸੁਰੇ, ਮੇਰੀ ਤੋੜ ਬਿਰਤੀ ਚਲੇ ਗਏ,
ਹੁਣ ਮੁੜ ਕੇ ਰਾਗ ਪਿਰੋ ਰਿਹਾਂ, ਤੇ ਮੈਂ ਚੁਗ ਰਿਹਾਂ ਸੁਰ ਬਿੱਖਰੇ।

ਇਕ ਵਾਕ ਸੁਣ ਕੇ ਸਿਹਰ ਗਏ, ਚੰਨ ਗੁੰਮਿਆ ਤਾਰੇ ਬਿਖਰ ਗਏ,
ਮੇਰੇ ਮਨ ਦੇ ਨੀਰ ਗੰਧਲ ਗਏ, ਬੜੀ ਦੇਰ ਤੀਕ ਨ ਨਿੱਤਰੇ।

ਚੱਲ ਸੂਰਜਾ, ਚੱਲ ਧਰਤੀਏ, ਮੁੜ ਸੁੰਨ ਸਮਾਧੀ 'ਚ ਪਰਤੀਏ,
ਕੱਲ੍ਹ ਰਾਤ ਹੋਏ ਨੇ ਰਾਤ ਭਰ, ਏਹੀ ਤਾਰਿਆਂ ਵਿਚ ਤਜ਼ਕਰੇ।

## ਜਾਣ ਵਾਲੇ ਦੀ ਯਾਦ ਵਿਚ

ਆਵੋ ਨੀ ਬਹਿ ਕੇ
ਜਾਣ ਵਾਲੇ ਦੀ ਯਾਦ ਵਿਚ
ਗਲੇ ਮਿਲ ਗਮਾਂ ਨੂੰ ਜਗਾ ਲਈਏ।

ਰੁੱਖੇ ਜਿਹੇ ਸਾਹਾਂ ਵਿਚ
ਹੰਝੂਆਂ ਦਾ ਪਾਣੀ ਪਾ ਕੇ
ਦਰਦਾਂ ਦੇ ਬੂਟੜੇ ਉਗਾ ਲਈਏ।

ਚੀਸਾਂ ਪੈਂਦੀਆਂ ਨੇ
ਫਟ ਗਏ ਜ਼ਖਮ ਐਨੇ
ਆਹਾਂ ਦੀ ਕੋਸੀ ਟਕੋਰ ਦਈਏ।

ਪੈਂਦੇ ਨੇ ਕੁੜੱਲ
ਗਿਆ ਅੰਗ-ਅੰਗ ਭੰਨਿਆ
ਹਉਕਿਆਂ ਦੇ ਫਹੇ ਗਰਮਾ ਲਈਏ।

ਬੜੀ ਹਨੇਰੀ ਰਾਤ ਆਈ
ਸੁੰਨ-ਸਾਨ ਵਿਹੜਾ ਹੋਇਆ
ਦੀਦਿਆਂ ਦੇ ਦੀਵੇ ਜਗਾ ਲਈਏ।

ਠੰਢੇ ਹੋ ਗਏ ਚੁੱਲ੍ਹੇ ਟੁੱਕ ਵੀ ਨੀ ਪੱਕਿਆ
ਢਿੱਡ ਚੰਦਰੇ ਨੂੰ ਆਂਦਰਾਂ ਖੁਆ ਲਈਏ।

ਤਵੀ ਉਤੇ ਸਿਰ ਰੱਖ
ਕੰਧ ਨਾਲ ਢੋਆ ਲਾ ਕੇ
ਮੋਢੇ ਲਾ ਕੇ ਪੀੜਾਂ ਨੂੰ ਸਵਾ ਲਈਏ।

ਉਠ ਕੇ ਸਵੇਰੇ ਛੇਤੀ
ਪੀ ਕੇ ਬੁੱਕ ਪਾਣੀ ਦਾ
ਵਿਹੜੇ ਵਿਚ ਸੱਥਰ ਵਿਛਾ ਲਈਏ।

ਆਵੋ ਨੀ ਬਹਿ ਕੇ
ਜਾਣ ਵਾਲੇ ਦੀ ਯਾਦ ਵਿਚ
ਗਲੇ ਮਿਲ ਗਮਾਂ ਨੂੰ ਜਗਾ ਲਈਏ।

*-ਦੇਵਿੰਦਰ ਕੌਰ ਗੁਰਾਇਆ*
*ਫੋਨ : 571-315-9543*

# ਨਾਨਾ ਪਾਟੇਕਰ ਨੇ ਸੰਜੇ ਦੱਤ ਪਟਕਾਇਆ

ਅਦਾਕਾਰ ਸੰਜੇ ਦੱਤ ਜਿਸ ਨੂੰ ਮੁੰਬਈ ਧਮਾਕਿਆਂ ਵਾਲੇ ਕੇਸ ਵਿਚ ਸਜ਼ਾ ਹੋਈ ਹੋਈ ਹੈ, ਨੂੰ ਵਾਰ-ਵਾਰ ਪੈਰੋਲ ਮਿਲਣ ਤੋਂ ਅਦਾਕਾਰ ਨਾਨਾ ਪਾਟੇਕਰ ਬੜਾ ਔਖਾ ਹੈ। ਹੋਰ ਫਿਲਮੀ ਭਾਈਚਾਰਾ ਭਾਵੇਂ ਸੰਜੇ ਦੱਤ ਨੂੰ ਇਸ ਤਰ੍ਹਾਂ ਪੈਰੋਲ ਮਿਲਣ ਤੋਂ ਇਕ ਤਰ੍ਹਾਂ ਨਾਲ ਖੁਸ਼ ਹੀ ਹੈ ਜਾਂ ਘੱਟੋ-ਘੱਟ ਗਿਲਾ ਆਦਿ ਜ਼ਾਹਿਰ ਨਹੀਂ ਕਰ ਰਿਹਾ, ਪਰ ਆਪਣੇ ਟੇਢੇ ਸੁਭਾਅ ਕਰ ਕੇ ਮਸ਼ਹੂਰ ਨਾਨਾ ਪਾਟੇਕਰ ਨੇ ਇਸ ਮਾਮਲੇ ਉਤੇ ਸੰਜੇ ਦੱਤ ਨੂੰ ਲੰਮੇ ਹੱਥੀਂ ਲਿਆ ਹੈ। ਉਸ ਦਾ ਕਹਿਣਾ ਹੈ ਕਿ ਜੇ ਸੰਜੇ ਦੱਤ ਨੇ ਉਦੋਂ 1993 ਵਿਚ ਗਲਤੀ ਕੀਤੀ ਸੀ ਤਾਂ ਉਸ ਨੂੰ ਸਜ਼ਾ ਮਿਲਣੀ ਹੀ ਚਾਹੀਦੀ ਹੈ। ਉਸ ਨਾਲ ਵੀ ਦੇਸ਼ ਦੇ ਹੋਰ ਨਾਗਰਿਕਾਂ ਵਰਗਾ ਸਲੂਕ ਹੋਣਾ ਚਾਹੀਦਾ ਹੈ। ਉਹ ਸਵਾਲ ਕਰਦਾ ਹੈ ਕਿ ਸੰਜੇ ਦੱਤ ਨੂੰ ਵਾਰ-ਵਾਰ ਛੋਟ ਕਿਸ ਆਧਾਰ ਉਤੇ ਅਤੇ ਕਿਉਂ ਦਿੱਤੀ ਜਾ ਰਹੀ ਹੈ?

ਯਾਦ ਰਹੇ ਕਿ ਸੰਜੇ ਦੱਤ ਨੂੰ ਹੁਣ ਤੱਕ ਤਕਰੀਬਨ 90 ਦਿਨ ਲਈ ਪੈਰੋਲ ਮਿਲ ਚੁੱਕੀ ਹੈ। ਉਸ ਨੂੰ ਪੈਰੋਲ ਦੇਣ ਦਾ ਆਧਾਰ ਉਸ ਦੀ ਪਤਨੀ ਮਾਨਿਅਤਾ ਦੀ ਬਿਮਾਰੀ ਦੱਸਿਆ ਜਾ ਰਿਹਾ ਹੈ। ਨਾਨਾ ਪਾਟੇਕਰ ਦਾ ਕਹਿਣਾ ਹੈ ਕਿ ਹੋਰ ਕੈਦੀਆਂ ਦੇ ਪਰਿਵਾਰ ਵੀ ਤਾਂ ਸੰਕਟ ਵਿਚ ਘਿਰੇ ਹੁੰਦੇ ਹਨ, ਫਿਰ ਉਨ੍ਹਾਂ ਨੂੰ ਇਸ ਤਰ੍ਹਾਂ ਪੈਰੋਲ ਕਿਉਂ ਨਹੀਂ ਦਿੱਤੀ ਜਾਂਦੀ? ਅਦਾਲਤ ਨੇ ਸੰਜੇ ਦੱਤ ਨੂੰ 5 ਸਾਲ ਦੀ ਸਜ਼ਾ ਸੁਣਾਈ ਹੋਈ ਹੈ। ਇਸ ਵਿਚੋਂ 18 ਮਹੀਨੇ ਦੀ ਸਜ਼ਾ ਉਹ ਪਹਿਲਾਂ ਹੀ ਕੱਟ ਚੁੱਕਾ ਹੈ। ਉਸ ਉਤੇ ਦੋਸ਼ ਸੀ ਕਿ ਉਸ ਨੇ ਗੈਰ-ਕਾਨੂੰਨੀ ਹਥਿਆਰ (ਏ.ਕੇ.56 ਅਸਾਲਟ) ਆਪਣੇ ਘਰ ਰੱਖੀ ਹੋਈ ਸੀ। ਅਦਾਲਤ ਨੇ ਉਸ ਨੂੰ 16 ਮਈ 2013 ਨੂੰ ਸਜ਼ਾ ਸੁਣਾਈ ਸੀ। ਸੰਜੇ ਦੱਤ ਅਤੇ ਨਾਨਾ ਪਾਟੇਕਰ ਵਿਚਕਾਰ ਪਹਿਲਾਂ ਵੀ ਮਾੜਾ-ਮੋਟਾ ਤਕਰਾਰ ਅਤੇ ਰੋਸਾ ਚਲਦਾ ਰਿਹਾ ਹੈ, ਪਰ ਨਾਨਾ ਦਾ ਕਹਿਣਾ ਹੈ ਕਿ ਉਸ ਦੇ ਹੁਣ ਵਾਲੇ ਬਿਆਨ ਨਾਲ ਪੁਰਾਣੀਆਂ ਗੱਲਾਂ ਦਾ ਕੋਈ ਸਬੰਧ ਨਹੀਂ। ਉਸ ਨੂੰ ਤਾਂ ਇਸ ਗੱਲ ਦਾ ਦੁੱਖ ਹੈ ਕਿ ਸੰਜੇ ਦੱਤ ਨੂੰ ਬਿਨਾਂ ਵਜ੍ਹਾ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਇਸ ਮਾਮਲੇ 'ਤੇ ਕਿਸੇ ਨੂੰ ਕੁਝ ਪੁੱਛਣ-ਦੱਸਣ ਵਾਲਾ ਕੋਈ ਨਹੀਂ ਹੈ।


ਸੰਜੇ ਦੱਤ


ਨਾਨਾ ਪਾਟੇਕਰ


ਫਿਲਮ 'ਹਾਈਵੇਅ' ਵਿਚ ਆਲੀਆ ਭੱਟ।

# ਸ਼ਬਾਨਾ ਦੀ "ਅਰਥ" ਬਨਾਮ ਆਲੀਆ ਦੀ "ਹਾਈਵੇਅ"

ਅਦਾਕਾਰੀ ਦੇ ਖੇਤਰ ਵਿਚ ਝੰਡੇ ਗੱਡਣ ਵਾਲੀ ਮਸ਼ਹੂਰ ਅਦਾਕਾਰਾ ਸ਼ਬਾਨਾ ਆਜ਼ਮੀ ਫਿਲਮ 'ਹਾਈਵੇਅ' ਵਿਚ ਆਲੀਆ ਭੱਟ ਦੀ ਅਦਾਕਾਰੀ ਤੋਂ ਬਾਗੋ-ਬਾਗ ਹੈ। ਉਹ ਆਲੀਆ ਭੱਟ ਦੀ ਅਦਾਕਾਰੀ ਤੋਂ ਇੰਨੀ ਜ਼ਿਆਦਾ ਖੁਸ਼ ਅਤੇ ਪ੍ਰਭਾਵਿਤ ਹੋਈ ਹੈ ਕਿ ਉਹ ਆਲੀਆ ਨੂੰ ਵਧਾਈ ਦੇਣ ਉਸ ਦੇ ਘਰ ਜਾ ਪੁੱਜੀ। ਉਸ ਨੇ ਆਲੀਆ ਦੇ ਪਿਤਾ ਮਹੇਸ਼ ਭੱਟ ਅਤੇ ਮਾਂ ਸੋਨੀ ਰਾਜ਼ਦਾਨ ਨੂੰ ਸ਼ਾਬਾਸ਼ ਵੀ ਦਿੱਤੀ ਜਿਨ੍ਹਾਂ ਨੇ ਆਪਣੀ ਹੋਣਹਾਰ ਧੀ ਆਲੀਆ ਨੂੰ ਅਦਾਕਾਰੀ ਦੀਆਂ ਘੁੰਡੀਆਂ ਸਮਝਣ ਦੇ ਯੋਗ ਬਣਾਇਆ।

ਮਹੇਸ਼ ਭੱਟ ਪਹਿਲਾਂ ਹੀ ਕਹਿ ਚੁੱਕਾ ਹੈ ਕਿ ਆਲੀਆ ਨੇ 'ਹਾਈਵੇਅ' ਵਿਚ ਉਸੇ ਤਰ੍ਹਾਂ ਦੀ ਹੀ ਅਦਾਕਾਰੀ ਕੀਤੀ ਹੈ, ਜਿਸ ਤਰ੍ਹਾਂ ਦੀ ਅਦਾਕਾਰੀ 1982 ਵਿਚ ਆਈ ਫਿਲਮ 'ਅਰਥ' ਵਿਚ ਸ਼ਬਾਨਾ ਆਜ਼ਮੀ ਨੇ ਨਿਭਾਈ ਸੀ। ਫਿਲਮ 'ਅਰਥ' ਮਹੇਸ਼ ਭੱਟ ਨੇ ਹੀ ਬਣਾਈ ਸੀ ਅਤੇ ਉਸ ਸਮੇਂ ਇਹ ਬਹੁਤ ਚਰਚਾ ਵਿਚ ਆਈ ਸੀ। ਇਸ ਫਿਲਮ ਵਿਚ ਸ਼ਬਾਨਾ ਆਜ਼ਮੀ ਤੋਂ ਇਲਾਵਾ ਸਮਿਤਾ ਪਾਟਿਲ, ਰੋਹਿਨੀ ਹਟੰਗੜੀ, ਕੁਲਭੂਸ਼ਣ ਖਰਬੰਦਾ ਅਤੇ ਰਾਜ ਕਿਰਨ ਨੇ ਮੁੱਖ ਭੂਮਿਕਾਵਾਂ ਨਿਭਾਈਆਂ ਸਨ। ਇਹ ਫਿਲਮ ਮਹੇਸ਼ ਭੱਟ ਦੇ ਪ੍ਰਵੀਨ ਬਾਬੀ ਨਾਲ ਵਿਆਹੋਂ ਬਾਹਰੇ ਪਿਆਰ ਸਬੰਧਾਂ ਉਤੇ ਆਧਾਰਤ ਸੀ। ਇਸੇ ਫਿਲਮ ਨੂੰ ਆਧਾਰ ਬਣਾ ਕੇ ਬਾਲੂ ਮਹਿੰਦਰਾ ਨੇ 1993 ਤਾਮਿਲ ਫਿਲਮ 'ਮਰੂਪਦਿਅਮ' ਬਣਾਈ ਸੀ।


ਮਹੇਸ਼ ਭੱਟ ਦਾ ਕਹਿਣਾ ਹੈ ਕਿ ਉਹ 'ਹਾਈਵੇਅ' ਫਿਲਮ ਦੀ ਇਸ ਕਰ ਕੇ ਪ੍ਰਸ਼ੰਸਾ ਨਹੀਂ ਕਰ ਰਹੇ ਕਿ ਫਿਲਮ ਦੀ ਹੀਰੋਇਨ ਆਲੀਆ ਉਸ ਦੀ ਧੀ ਹੈ; ਬਲਕਿ ਇਸ ਕਰ ਕੇ ਕਰ ਰਹੇ ਹਨ ਕਿ ਆਲੀਆ ਨੇ ਇਸ ਫਿਲਮ ਵਿਚਲੇ ਆਪਣੇ ਕਿਰਦਾਰ ਵਿਚ ਜਾਨ ਪਾ ਦਿੱਤੀ ਹੈ। ਚੇਤੇ ਰਹੇ ਕਿ ਆਲੀਆ ਭੱਟ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ 'ਸਟੂਡੈਂਟ ਆਫ਼ ਦੀ ਈਅਰ' ਨਾਲ ਕੀਤੀ ਸੀ। ਹੁਣ 2014 ਵਿਚ ਉਸ ਦੀਆਂ ਦੋ ਹੋਰ ਫਿਲਮਾਂ '2 ਸਟੇਟਸ' ਅਤੇ 'ਹੰਪਟੀ ਸ਼ਰਮਾ ਦੀ ਦੁਲਹਨੀਆ' ਆ ਰਹੀਆਂ ਹਨ। ਆਪਣੀਆਂ ਫਿਲਮਾਂ ਲਈ ਆਲੀਆ ਬਹੁਤ ਹੋਮਵਰਕ ਕਰਦੀ ਹੈ। ਉਸ ਦਾ ਕਹਿਣਾ ਹੈ ਕਿ ਉਸ ਨੇ ਇਹ ਸਾਰਾ ਕੁਝ ਆਪਣੇ ਪਿਤਾ ਤੋਂ ਸਿੱਖਿਆ ਹੈ।


ਸ਼ਬਾਨਾ ਆਜ਼ਮੀ


ਆਲੀਆ ਭੱਟ

# ਪੰਜਾਬੀ ਸਿਨਮਾ ਕਿ ਚੁਟਕਲੇ?







ਵਿਸ਼ਾ-ਵਸਤੂ ਪੱਖੋਂ ਪੰਜਾਬੀ ਫ਼ਿਲਮਾਂ ਵਿਚ ਅੱਜ ਕੱਲ੍ਹ ਚੁਟਕਲੇਬਾਜ਼ੀ ਭਾਰੂ ਹੈ। ਫ਼ਿਲਮਾਂ ਦੀ ਕਹਾਣੀ, ਪਟਕਥਾ ਅਤੇ ਸੰਵਾਦ ਸਿਰਫ਼ ਤੇ ਸਿਰਫ਼ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਨੂੰ ਕੇਂਦਰ ਵਿਚ ਰੱਖ ਕੇ ਲਿਖੇ ਜਾ ਰਹੇ ਹਨ। ਨੌਜਵਾਨ ਕੇਂਦਰਤ ਫ਼ਿਲਮਾਂ ਨੇ ਕਮਾਈ ਪੱਖੋਂ ਭਾਵੇਂ ਚੰਗੀ ਤਰੱਕੀ ਕੀਤੀ ਹੈ, ਪਰ ਮੌਜੂਦਾ ਦੌਰ ਦੀਆਂ ਫ਼ਿਲਮਾਂ ਚਿਰਾਂ ਤਕ ਯਾਦ ਰੱਖਣਯੋਗ ਨਹੀਂ ਹਨ। ਪੰਜਾਬੀ ਫ਼ਿਲਮਾਂ ਹਾਸੇ-ਠੱਠੇ ਅਤੇ ਚੁਟਕਲਿਆਂ ਤੋਂ ਸ਼ੁਰੂ ਹੋ ਕੇ ਅੱਜ ਫ਼ਿਰ ਉਸੇ ਮੁਕਾਮ 'ਤੇ ਆ ਕੇ ਰੁਕ ਗਈਆਂ ਹਨ।

ਪੰਜਾਬੀ ਫ਼ਿਲਮਾਂ ਪਰਿਵਾਰਕ ਦੁਸ਼ਮਣੀ ਤੇ ਜੱਟਵਾਦ ਦੇ ਘੇਰੇ ਵਿਚੋਂ ਨਿਕਲ ਕੇ ਪਰਵਾਸ ਵਰਗੇ ਵਿਸ਼ਿਆਂ ਰਾਹੀਂ ਹੁੰਦੀਆਂ ਕਬੱਡੀ, ਕਾਮੇਡੀ ਤੇ ਕਾਲਜ-ਵਾਦ ਤੋਂ ਅੱਗੇ ਲੰਘ ਕੇ ਹੁਣ ਫੂਹੜ ਮਜ਼ਾਕ ਅਤੇ ਚੁਟਕਲਿਆਂ ਤਕ ਸੀਮਤ ਹੋ ਕੇ ਰਹਿ ਗਈਆਂ ਹਨ। ਆਉਣ ਵਾਲੇ ਸਮੇਂ ਵਿਚ ਪੰਜਾਬੀ ਵਿਆਹਾਂ ਨੂੰ ਵੀ ਫ਼ਿਲਮਾਂ ਰਾਹੀਂ 'ਕੈਸ਼' ਕਰਨ ਦੀਆਂ ਜੁਗਤਾਂ ਤਿਆਰ-ਬਰ-ਤਿਆਰ ਹਨ। ਦਰਅਸਲ ਸਿਨਮਾ ਮਨੋਰੰਜਨ ਦਾ ਜ਼ਰੀਆ ਹੈ ਅਤੇ ਜਦੋਂ ਕੋਈ ਫ਼ਿਲਮ ਕਿਸੇ ਸਾਰਥਕ ਸੰਦੇਸ਼ ਜਾਂ ਉਦੇਸ਼ ਨੂੰ ਦਰਸ਼ਕਾਂ/ਸਮਾਜ ਤਕ ਪਹੁੰਚਾਉਣ ਦੀ ਪੂਰਤੀ ਕਰ ਲਵੇ ਤਾਂ ਅਜਿਹੀ ਫ਼ਿਲਮ ਇਤਿਹਾਸ ਵਿਚ ਆਪਣਾ ਨਾਂ ਦਰਜ ਕਰਾ ਲੈਂਦੀ ਹੈ। ਮਨੋਜ ਕੁਮਾਰ ਦੀਆਂ ਦੇਸ਼ ਭਗਤੀ ਵਾਲੀਆਂ ਫ਼ਿਲਮਾਂ ਇਸ ਦੀ ਚੰਗੀ ਮਿਸਾਲ ਹਨ। ਹੁਣ ਪੰਜਾਬੀ ਸਿਨਮਾ ਦੀ ਇਕ ਹੋਰ ਤ੍ਰਾਸਦੀ ਉਭਰ ਕੇ ਸਾਹਮਣੇ ਆਈ ਹੈ। 'ਮਸ਼ਕਰੀ ਅਦਾਕਾਰੀ' ਅਤੇ 'ਘੋਟਵੇਂ ਸੰਵਾਦ' ਬੋਲਣ ਤੋਂ ਬਾਅਦ ਹੁਣ ਗਾਉਣ ਵਾਲਿਆਂ ਦੀ ਧੜਾ-ਧੜ ਆਮਦ ਨੇ ਪੰਜਾਬੀ ਫ਼ਿਲਮਾਂ ਦਾ ਮਿਆਰ ਘਟਾਇਆ ਹੈ। ਜ਼ਰੂਰੀ ਨਹੀਂ ਕਿ ਚੰਗਾ ਗਾਇਕ ਜਾਂ ਗੀਤਾਂ ਦੇ ਵੀਡੀਓਜ਼ ਵਿਚ ਵਧੀਆ ਅਦਾਕਾਰੀ ਕਰਨ ਵਾਲਾ ਫ਼ਿਲਮ ਪੱਧਰ 'ਤੇ ਵੀ ਆਪਣਾ ਪ੍ਰਭਾਵ ਦਰਜ ਕਰਾ ਸਕੇ। ਸਿਨਮਾ ਵਿਚ ਦ੍ਰਿਸ਼ ਦੀ ਮੰਗ ਅਨੁਸਾਰ ਹਾਵ-ਭਾਵ ਦੇਣੇ ਅਤੇ ਸੰਵਾਦ ਬੋਲਣੇ ਜਣੇ-ਖਣੇ ਦੇ ਵੱਸ ਦੀ ਗੱਲ ਨਹੀਂ ਹੁੰਦੀ। ਇਹੀ ਵਜ੍ਹਾ ਹੈ ਕਿ ਗਾਉਣ ਵਾਲੇ ਫ਼ਿਲਮੀ ਅਦਾਕਾਰਾਂ 'ਤੇ ਜ਼ਿਆਦਾਤਰ 'ਲੌਂਗ ਸ਼ੌਟ' ਫਿਲਮਾਏ ਜਾਂਦੇ ਹਨ ਅਤੇ ਉਨ੍ਹਾਂ ਦੇ ਹਾਵ-ਭਾਵ ਅਤੇ ਮੁਦਰਾਵਾਂ ਨੂੰ 'ਕਲੋਜ਼ ਸ਼ੌਟ' ਰਾਹੀਂ ਬਹੁਤ ਘੱਟ ਵਿਖਾਇਆ ਜਾਂਦਾ ਹੈ। ਗੁਰਦਾਸ ਮਾਨ ਨੂੰ ਛੱਡ ਕੇ 'ਗੰਭੀਰ ਅਦਾਕਾਰੀ' ਵਿਚ ਹਾਲੇ ਤੱਕ ਕੋਈ ਵੀ ਪੰਜਾਬੀ ਗਾਇਕ ਆਪਣਾ ਪ੍ਰਭਾਵ ਦਰਜ ਨਹੀਂ ਕਰਵਾ ਸਕਿਆ ਹੈ। ਉਂਗਲਾਂ 'ਤੇ ਗਿਣੇ ਜਾ ਸਕਣ ਵਾਲੇ ਕੁਝ ਕੁ ਪੰਜਾਬੀ ਗਾਇਕਾਂ ਨੇ ਕਾਮੇਡੀ ਵਿਚ ਜ਼ਰੂਰ ਜੌਹਰ ਵਿਖਾਏ ਹਨ, ਪਰ ਉਹ ਅਦਾਕਾਰੀ ਦੇ ਪੱਧਰ ਤੋਂ ਹਾਲੇ ਵੀ ਕਾਫੀ ਨੀਵੇਂ ਹਨ। ਮੌਜੂਦਾ ਸਮੇਂ ਸਾਰੇ ਸਾਧਨ ਹੋਣ ਦੇ ਬਾਵਜੂਦ ਪੰਜਾਬੀ ਫ਼ਿਲਮਾਂ ਇਕ ਖਾਸ ਦਾਇਰੇ ਵਿਚ ਸਿਮਟ ਕੇ ਰਹਿ ਗਈਆਂ ਹਨ। ਇਹ ਦਾਇਰਾ ਤੋੜਨ ਨਾਲ ਹੀ ਅਸੀਂ ਦੱਖਣੀ ਸਿਨਮੇ ਵਾਂਗ ਆਪਣਾ ਵੱਖਰਾ ਨਾਂ ਦਰਜ ਕਰਾ ਸਕਣ ਦੇ ਯੋਗ ਹੋਵਾਂਗੇ। ਜਦੋਂ ਸਾਹਿਤ ਵਿਚ ਪੰਜਾਬ ਦਾ ਇਕ ਵੱਖਰਾ ਮੁਕਾਮ ਹੈ ਤਾਂ ਫ਼ਿਲਮਾਂ ਵਿਚ ਕਿਉਂ ਨਹੀਂ? ਇਹ ਸੋਚਣ-ਵਿਚਾਰਨ ਵਾਲਾ ਮੁੱਦਾ ਹੈ। ਲੋੜ ਹੈ ਫ਼ਿਲਮ ਨਿਰਮਾਣ ਨਾਲ ਜੁੜੇ ਲੋਕਾਂ ਨੂੰ ਪੰਜਾਬੀ ਸੋਚ, ਵਿਚਾਰਾਂ, ਸਭਿਆਚਾਰ ਅਤੇ ਸਾਹਿਤ ਦੀ ਵੀ ਚੰਗੀ ਸੋਝੀ ਹੋਵੇ। 'ਮੁੰਡੀਰ' ਨੁਮਾ ਵਿਸ਼ਿਆਂ ਤੋਂ ਬਾਹਰ ਨਿਕਲਣਾ ਪਵੇਗਾ ਅਤੇ ਹਕੀਕਤ ਨਾਲ ਜੁੜੇ ਤੇ ਸਿਆਣਪ ਭਰਪੂਰ ਵਿਸ਼ਿਆਂ ਨੂੰ ਵੀ ਦਰਸ਼ਕਾਂ ਸਾਹਮਣੇ ਲਿਆਉਣਾ ਪਵੇਗਾ। ਚੁਟਕਲੇ ਸੁਣਨੇ ਅਤੇ ਸੁਣਾਉਣੇ ਚੰਗੇ ਤਾਂ ਲੱਗਦੇ ਹਨ, ਪਰ ਇਹ ਚੇਤਿਆਂ ਵਿਚ ਨਹੀਂ ਵਸੇ ਰਹਿੰਦੇ, ਸੋਚ ਨਹੀਂ ਬਦਲਦੇ ਅਤੇ ਸਮਾਜਿਕ ਪੱਧਰ 'ਤੇ ਇਨ੍ਹਾਂ ਦੀ ਕੋਈ ਅਹਿਮੀਅਤ ਨਹੀਂ ਹੁੰਦੀ।

*-ਨਰਿੰਦਰ ਪਾਲ ਸਿੰਘ ਜਗਦਿਓ*
*ਫੋਨ: 91-97802-16767*

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*

*Licensed to practice Immigration & Bankruptcy in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India

*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



COMMERCIAL GRADE SECURITY SOLUTIONS




# MORE THAN SECURITY

- LICENCE PLATE READER
- BILL READER
- LONG RANGE
- CASH REGISTER INTERFACE
- HD SERIES CAMERAS

SPECIAL OFFER 4 CAMERAS WITH 4 CH DVR LED MONITOR INCLUDED ~~1549~~ $1349 +Tax

SPECIAL OFFER 8 CAMERAS INSTALLATION INCLUDED LED MONITOR INCLUDED ~~2749~~ $2349 +Tax

SPECIAL OFFER 12 CAMERAS INSTALLATION INCLUDED LED MONITOR INCLUDED ~~4249~~ $3749 +Tax

Vista CCTV TECHNOLOGY

Buy Online : www.ezchase.com
Email : commvision@sbcglobal.net
Call Sukhpal
661-586-5080



# ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

Punjab Truck Wash & Repair 2301 Simpson Street, Kingsburg, CA 93631

ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114





*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ

Oil Change Special $179.99
Labour $55 per hour

All major and minor repairs.

ਤਸੱਲੀਬਖਸ਼ ਕੰਮ ਵਾਜਬ ਰੇਟ

*Free Parking*






ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110

ਕਿਸ਼ਤ 9

# ਸ਼ਹੀਦਾਨਿ-ਵਫ਼ਾ

## ਅੱਲ੍ਹਾ ਯਾਰ ਖ਼ਾਂ ਜੋਗੀ

*ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਅੱਲ੍ਹਾ ਯਾਰ ਖ਼ਾਂ ਜੋਗੀ ਨੇ ਇਕ ਸਦੀ ਪਹਿਲਾਂ 1913 ਵਿਚ ਲੰਮੀ ਨਜ਼ਮ 'ਸ਼ਹੀਦਾਨਿ ਵਫ਼ਾ' ਲਿਖੀ ਸੀ। 37 ਪੰਨਿਆਂ ਦੀ ਇਹ ਉਰਦੂ ਨਜ਼ਮ ਸਾਕਾ ਸਰਹਿੰਦ ਦੀ ਦਿਲ ਕੰਬਾਊ ਘਟਨਾ ਦੀ ਝਾਕੀ ਪੇਸ਼ ਕਰਦੀ ਹੈ। ਇਸ ਨਜ਼ਮ ਦੇ 110 ਬੰਦ ਹਨ ਅਤੇ ਹਰ ਬੰਦ ਦੇ 6-6 ਮਿਸਰੇ ਹਨ। ਸ਼ਾਇਰ ਨੇ ਇਹ ਨਜ਼ਮ ਨੂੰ ਮਰਸੀਏ ਦੀ ਸ਼ੈਲੀ ਵਿਚ ਲਿਖੀ ਹੈ। ਉਹ ਸ਼ਹਾਦਤ ਤੇ ਸ਼ਾਇਰੀ ਦੇ ਫ਼ਲਸਫ਼ੇ ਨੂੰ ਖ਼ੂਬ ਸਮਝਦਾ ਹੈ। ਤਾਂ ਹੀ ਤਾਂ ਉਹਨੇ ਸ਼ਹਾਦਤ ਦੀ ਘਟਨਾ ਨੂੰ ਬਿਆਨ ਕਰਨ ਲਈ ਮਰਸੀਏ ਦੀ ਸ਼ੈਲੀ ਦੀ ਚੋਣ ਕੀਤੀ ਹੈ ਅਤੇ ਕਰੁਣਾ ਤੇ ਬੀਰ ਰਸਾਂ ਤੋਂ ਇਲਾਵਾ ਅਦਭੁਤ, ਰੌਦਰ ਤੇ ਭਿਆਨਕ ਰਸਾਂ ਦੀ ਬੜੀ ਮੁਹਾਰਤ ਨਾਲ ਵਰਤੋਂ ਕੀਤੀ ਹੈ। ਉਸ ਨੇ 1915 ਵਿਚ ਸਾਕਾ ਚਮਕੌਰ ਸਾਹਿਬ ਬਾਰੇ 'ਗੰਜਿ-ਸ਼ਹੀਦਾਂ' ਨਾਂ ਦੀ ਲੰਮੀ ਨਜ਼ਮ ਵੀ ਲਿਖੀ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਅੱਲ੍ਹਾ ਯਾਰ ਖ਼ਾਂ ਜੋਗੀ ਦੀ ਲਾਸਾਨੀ ਰਚਨਾ 'ਸ਼ਹੀਦਾਨਿ-ਵਫ਼ਾ' ਲੜੀਵਾਰ ਛਾਪ ਰਹੇ ਹਾਂ। -ਸੰਪਾਦਕ*

## ਔਰੰਗਜ਼ੇਬ ਡਰਤਾ ਨਹੀਂ ਹੈ ਗੁਨਾਹ ਸੇ

81

ਔਰੰਗਜ਼ੇਬ ਡਰਤਾ ਨਹੀਂ ਹੈ ਗੁਨਾਹ ਸੇ।
ਬੇਕਸ ਕੇ ਇਜ਼ਤਿਰਾਬ ਸੇ ਦੁਖੀਯੋਂ ਕੀ ਆਹ ਸੇ।
ਮਜ਼ਹਬ ਬਦਲ ਰਹਾ ਹੈ ਵੁਹ ਜ਼ੋਰ-ਏ-ਸਿਪਾਹ ਸੇ।
ਫ਼ੈਲਾਨਾ ਦੀਨ ਪਾਪ ਹੈ ਜਬਰ-ਓ-ਕਰਾਹ ਸੇ।
ਲਿਖਾ ਹੈ ਸਾਫ਼ ਸਾਫ਼ ਤੁਮ੍ਹਾਰੀ ਕਿਤਾਬ ਮੇਂ।
ਫ਼ੈਲਾਓ ਦੀਂ ਬਜਬਰ ਨਾ ਤੁਮ ਸ਼ੈਖ਼-ਓ-ਸ਼ਾਬ ਮੇਂ।
(ਜਬਰ-ਓ-ਕਰਾਹ=ਜਬਰ ਨਾਲ ਬਿਨਾਂ ਮਰਜ਼ੀ ਦੇ,
ਸ਼ੈਖ਼-ਓ-ਸ਼ਾਬ=ਬੁੱਢੇ ਤੇ ਜਵਾਨ)

82

ਪੜ੍ਹ ਕੇ ਕੁਰਾਨ ਬਾਪ ਕੋ ਕਰਤਾ ਜੋ ਕੈਦ ਹੋ।
ਮਰਨਾ ਪਿਤਾ ਕਾ ਜਿਸ ਕੋ ਖ਼ੁਸ਼ੀ ਕੀ ਨਵੈਦ ਹੋ।
ਕਤਲ-ਏ-ਬਰਾਦਰਾ ਜਿਸੇ ਮਾਮੂਲੀ ਸੈਦ ਹੋ।
ਨੇਕੀ ਕੀ ਇਸ ਸੇ ਖ਼ਲਕ ਕੋ ਫ਼ਿਰ ਕਯਾ ਉਮੈਦ ਹੋ।
ਗ਼ੈਰੋਂ ਪਿ ਫ਼ਿਰ ਵੁਹ ਜ਼ੋਰ ਕਰੇ ਯਾ ਜ਼ਫਾ ਕਰੇ।
ਹਮ ਕਯਾ ਕਹੇਂ ਕਿਸੀ ਕੋ ਹਿਦਾਯਤ ਖ਼ੁਦਾ ਕਰੇ।
(ਨਵੈਦ=ਖ਼ਬਰ, ਸੈਦ=ਸ਼ਿਕਾਰ, ਜ਼ਫਾ=ਜ਼ੁਲਮ, ਹਿਦਾਯਤ=ਸੁਮੱਤ)

83

ਹਦ ਸੇ ਬੜ੍ਹਾ ਹੁਆ ਹੀ ਜੋ ਜ਼ਾਲਿਮ ਬਸ਼ਰ ਹੁਆ।
ਮੌਲਾ ਕਾ ਖ਼ੌਫ਼ ਜਿਸ ਕੋ ਨਾ ਹਾਦੀ ਕਾ ਡਰ ਹੁਆ।
ਮੁਸਲਿਮ ਕਹਾਂ ਕੇ ਹਾਏ ਜੋ ਕੋਤਾਹ ਨਜ਼ਰ ਹੁਆ।
ਸਰਮਦ ਕੇ ਕਤਲ ਸੇ ਭੀ ਨਾ ਜਿਸ ਕੋ ਹਜ਼ਰ ਹੁਆ।
ਬੁਲਵਾ ਕੇ ਦਿੱਲੀ ਤੇਗ਼ ਬਹਾਦਰ ਕੀ ਜਾਨ ਲੀ।
ਮਰਨੇ ਕੀ ਹਮ ਨੇ ਭੀ ਹੈ ਜਭੀ ਆਨ ਠਾਨ ਲੀ।
(ਬਸ਼ਰ=ਮਨੁੱਖ, ਹਾਦੀ=ਹਜ਼ਰਤ ਮੁਹੰਮਦ ਸਾਹਿਬ,
ਕੋਤਾਹ=ਤੰਗ, ਹਜ਼ਰ=ਸੰਕੋਚ, ਆਨ=ਤਤਕਾਲ)

84

ਜ਼ਾਲਿਮ ਕਾ ਦੀਨ ਕਿਸ ਲੀਏ ਕਰਨੇ ਲਗਾ ਕਬੂਲ।
ਤਬਦੀਲੀਏ ਮਜ਼ਹਬ ਸੇ ਨਹੀਂ ਕੁਛ ਭੀ ਹੈ ਹਸੂਲ।
ਤੌਹੀਦ ਕੇ ਸਿਵਾ ਹੈਂ ਯਿਹ ਬਾਤੇਂ ਹੀ ਸਬ ਫ਼ਜ਼ੂਲ।
ਮਨਵਾਨੇ ਵਾਹਿਗੁਰੂ ਕੋ ਹੀ ਆਏ ਥੇ ਸਬ ਰਸੂਲ।
ਕੁਛ ਬੁਤ-ਪ੍ਰਸਤ ਭੀ ਨਹੀਂ ਹੈਂ, ਬੁਤ-ਸ਼ਿਕਨ ਹੈਂ ਹਮ।
ਅੰਮ੍ਰਿਤ ਛਕਾ ਹੈ ਜਬ ਸੇ ਨਿਹਾਯਤ ਮਗ਼ਨ ਹੈਂ ਹਮ।
(ਹਸੂਲ=ਲਾਭ, ਤੌਹੀਦ=ਰੱਬ ਇਕ ਹੈ, ਸ਼ਿਕਨ=ਤੋੜਨਾ)

85

ਕਰ ਲੇ ਮੁਕਾਬਲਾ ਤੂ ਜ਼ਰਾ ਅਪਨੇ ਸ਼ਾਹ ਸੇ।
ਪਾਪੀ ਹੈ ਵੁਹ ਤੋ ਹਮ ਹੈਂ ਬਰੀ ਹਰ ਗੁਨਾਹ ਸੇ।
ਉਸ ਨੇ ਫ਼ਰੇਬ ਖੇਲਾ ਥਾ ਪੁਸ਼ਤ-ਏ-ਪਨਾਹ ਸੇ।
ਮਰਨੇ ਪਿਤਾ ਕੇ ਵਾਸਤੇ ਹਮ ਆਏ ਚਾਹ ਸੇ।
ਕਾਮ ਇਸ ਨੇ ਭਾਈਯੋਂ ਸੇ ਕੀਯਾ ਥਾ ਯਜ਼ੀਦ ਕਾ।
ਦਾਰਾ ਕਾ ਹੈ, ਮੁਰਾਦ ਕਾ ਹੈ ਰੁਤਬਾ ਸ਼ਹੀਦ ਕਾ।
(ਪੁਸ਼ਤ-ਏ-ਪਨਾਹ=ਹਿਮਾਇਤੀ)

86

ਹਮ ਸਾਥ ਚਾਹਤੇ ਹੈਂ ਅਜਲ ਕੇ ਦਹਨ ਮੇਂ ਜਾਏਂ।
ਮਰ ਜਾਏਂ ਭੀ ਤੋ ਕਬਰ ਮੇਂ ਏਕ ਸਾਥ ਹੀ ਕਫ਼ਨ ਮੇਂ ਜਾਏਂ।
ਹਾਥੋਂ ਮੇਂ ਹਾਥ ਡਾਲ ਕੇ ਬਾਗ਼-ਏ-ਅਦਨ ਮੇਂ ਜਾਏਂ।
ਮਾਸੂਮੋਂ ਕੇ ਲੀਏ ਜੋ ਬਨਾ ਉਸ ਚਮਨ ਮੇਂ ਜਾਏਂ।
ਮਜ਼ਹਬ ਕੋ ਪਾਤਸ਼ਾਹ ਨੇ ਬੱਟਾ ਲਗਾ ਦੀਯਾ।
ਹਮ ਨੇ ਅਮਲ ਸੇ ਪੰਥ ਕੋ ਅੱਛਾ ਬਨਾ ਦੀਯਾ।
(ਅਜਲ=ਮੌਤ, ਦਹਨ=ਮੂੰਹ, ਬਾਗ਼-ਏ-ਅਦਨ=
ਜਿੱਥੇ ਖ਼ੁਦਾ ਨੇ ਬਾਬਾ ਆਦਮ ਨੂੰ ਰੱਖਿਆ ਸੀ)

87

ਮਾਲੂਮ ਅਬ ਹੂਈ ਤੁਝੇ ਵਜਹ-ਏ-ਫ਼ਸਾਦ ਹੈ।
ਸਤਿਗੁਰ ਕਾ ਸ਼ਾਹ-ਏ-ਦਿੱਲੀ ਸੇ ਯਿਹ ਕਯੋਂ ਅਨਾਦ ਹੈ।
ਮੋਮਿਨ ਹੀ ਕਯਾ ਨਹੀਂ ਜਿਸੇ ਕਰਤਾਰ ਯਾਦ ਹੈ।
ਨਾਜ਼ਿਮ ਨੇ ਸਰ ਝੁਕਾ ਕੇ ਕਹਾ ਮੇਰਾ ਸਾਦ ਹੈ।
ਨਾਨਕ ਸੁਨਾ ਹੈ ਮੈਂਨੇ ਕਿ ਬਾਬਰ ਕੇ ਯਾਰ ਥੇ।
ਬਾਬਾ ਫ਼ਰੀਦ ਸੇ ਭੀ ਬਹੁਤ ਇਨ ਕੋ ਪਯਾਰ ਥੇ।
(ਅਨਾਦ=ਵੈਰ, ਸਾਦ=ਪਸੰਦ,ਖ਼ੁਸ਼ੀ)

88

ਮਾਲੂਮ ਸ਼ਾਹ ਸੇ ਹੂਈ ਵਜਹ-ਏ-ਮੁਖ਼ਾਲਿਫ਼ਤ।
ਰਾਜਾਉਂ ਸੇ ਨਹੀਂ ਹੈ ਭਲਾ ਕਯੋਂ ਯਗਾਨਗਤ।
ਨਾਨਕ ਕੇ ਬਾਪ ਦਾਦੇ ਭੀ ਹਿੰਦੂ ਥੇ ਰਖਤੇ ਮਤ।
ਸਤਿਗੁਰ ਬਨਾਤੇ ਰਹਤੇ ਹੈਂ ਕਯੋਂ ਕੋਹੀਯੋਂ ਕੀ ਗਤ।
ਬੱਚੋਂ ਨੇ ਫ਼ਿਰ ਜਵਾਬ ਦੀਯਾ ਬਾਯਜ਼ੀਦ ਕੋ।
ਹੋ ਪਾਕ ਜੋ ਪਸੰਦ ਕਰੇ ਕਯੋਂ ਪਲੀਦ ਕੋ।
(ਯਗਾਨਗਤ=ਅਪਣਤ,ਏਕਾ; ਕੋਹੀਯੋਂ=ਪਹਾੜੀਏ)

89

ਆਲਾਇਸ਼ੋਂ ਸੇ ਕੁਫ਼੍ਰ ਕੀ ਜੋ ਲੋਗ ਪਾਕ ਹੈਂ।
ਹੈਬਤ ਸੇ ਜ਼ੁਲ:ਜਲਾਲ ਕੀ ਜੋ ਖ਼ੌਫ਼ਨਾਕ ਹੈਂ।
ਨੇਕੀ ਸੇ ਜਿਨ ਕੋ ਉਨਸ ਬੁਰਾਈ ਸੇ ਬਾਕ ਹੈਂ।
ਅਪਨੇ ਵੁਹ ਰਿਸ਼ਤ:ਦਾਰ ਵੁਹੀ ਸੰਗ ਸਾਕ ਹੈਂ।
ਭਾਈ ਬੁਤੋਂ ਕੋ ਪੂਜੇ ਤੋ ਸਰ ਇਸ ਕਾ ਤੋੜ ਦੇਂ।
ਸਯਦ ਹੋ, ਬਰਹਮਨ ਹੋ, ਕੋਈ ਭੀ ਹੋ, ਛੋੜ ਦੇਂ।
(ਆਲਾਇਸ਼ੋਂ=ਰੁਕਾਵਟਾਂ, ਕੁਫ਼੍ਰ=ਨਾਸਤਕਤਾ,
ਹੈਬਤ=ਡਰ, ਜ਼ੁਲ:ਜਲਾਲ=ਜਲਾਲ ਵਾਲਾ,ਰੱਬ,
ਉਨਸ=ਪਿਆਰ, ਬਾਕ=ਡਰ)

90

ਵਾਹਿਗੁਰੂ ਕਾ ਲਾਲ ਹਰ ਇਕ ਹਮ ਕੋ ਪਯਾਰਾ ਹੈ।
ਮੁਨਕਿਰ ਹੈ ਜੋ ਖ਼ੁਦਾ ਸੇ ਵੁਹ ਦੁਸ਼ਮਨ ਹਮਾਰਾ ਹੈ।
ਭਗਤੀ ਅਕਾਲ ਪੁਰਖ ਕੀ ਜੋ ਭੀ ਪਸਾਰਾ ਹੈ।
ਰਾਜਾ ਹੈ ਸ਼ਾਹ ਹੈ ਹਮੇਂ ਇਸ ਸੇ ਕਿਨਾਰਾ ਹੈ।
ਕਰਤਾਰ ਕੋ ਰਿਝਾਏਗਾ ਜੋ ਪਾਸ ਹੈ ਵੁਹੀ।
ਪੂਜੇਗਾ ਬੁਤੋਂ ਕੋ ਜੋ ਬਸ਼ਰ ਨਾਸ ਹੈ ਵੁਹੀ। **(ਚਲਦਾ)**



### ਲਾਸਾਨੀ ਦਸਤਾਵੇਜ਼

*ਹਕੀਮ ਅੱਲਾ ਯਾਰ ਖ਼ਾਂ ਜੋਗੀ ਦੀਆਂ ਲੰਮੀਆਂ ਨਜ਼ਮਾਂ 'ਸ਼ਹੀਦਾਨਿ-ਵਫ਼ਾ' ਅਤੇ 'ਗੰਜਿ-ਸ਼ਹੀਦਾਂ' ਵਿਚ ਬੀਰ ਰਸ ਅਤੇ ਕਰੁਣਾ ਰਸ ਭਰੇ ਪਏ ਹਨ। ਇਨ੍ਹਾਂ ਰਚਨਾਵਾਂ ਵਿਚਲੇ ਇਸ ਦਰਦ-ਏ-ਜ਼ਿਕਰ ਨੇ ਇਨ੍ਹਾਂ ਨੂੰ ਲਾਸਾਨੀ ਦਸਤਾਵੇਜ਼ ਬਣਾ ਦਿੱਤਾ ਹੈ। ਦੋਹਾਂ ਕਿਤਾਬਾਂ ਦਾ ਸਾਹਿਤ ਦੇ ਖੇਤਰ ਵਿਚ ਬੜਾ ਉਚਾ ਮਰਤਬਾ ਹੈ। ਇਹ ਪੰਜਾਬੀ ਸਾਹਿਤ ਦਾ ਅਮਰ ਖਜ਼ਾਨਾ ਹੈ।*

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 15 ਮਾਰਚ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-107



*ਅੰਮੜੀ ਬਹਿ ਕੇ ਖੇਤਾਂ ਦੇ ਵਿਚ ਸਾਗ ਦੀ ਕਰੇ ਤਿਆਰੀ।*
*ਉਮਰ ਦੀਆਂ ਤਰਕਾਲਾਂ ਵਿਚ ਵੀ ਰੁਕੀ ਨਾ ਕੰਮ ਦੀ ਵਾਰੀ।*

## ਕੈਪਸ਼ਨ ਮੁਕਾਬਲਾ-105



ਕਿਰਤ ਕਰਨ ਵਿਚ ਸ਼ਰਮ ਨਾ ਕੋਈ,
ਗੁਰੂਆਂ ਦਾ ਫ਼ੁਰਮਾਨ।
ਆਪਣੀ ਧੁਨ ਵਿਚ ਮਸਤ ਜੋ ਰਹਿੰਦਾ,
ਹੈ ਅਸਲੀ ਇਨਸਾਨ।
ਬਾਣਾ ਪਾ ਜੋ ਹੰਕਾਰੀ ਹੋ ਗਏ,
ਮਸੰਦ ਉਹ ਅਖਵਾਣ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਮੁੱਲ ਕਿਹੜਾ ਪਾਵੇ
ਇਨ੍ਹਾਂ ਕਿਰਤ-ਕਮਾਈਆਂ ਦਾ?
ਵਿਹੜਾ ਭਰ ਗਿਐ
ਧੋਖੇਬਾਜ਼ਾਂ-ਹਰਜਾਈਆਂ ਦਾ।
ਨਾਨਕ ਦਾ ਰਾਹ
ਤੱਕ-ਤੱਕ ਅੱਖਾਂ ਪੱਕੀਆਂ,
ਕਰੇ ਨਾ ਨਬੇੜਾ ਕੋਈ
ਗਲ ਪਈਆਂ ਫਾਹੀਆਂ ਦਾ!
***-ਪਲਵਿੰਦਰ ਸਿੰਘ ਮਿਲਪੀਟਸ***

---

ਸਾਦਗੀ ਸੀ ਜਿਹੜੀ
ਸੱਚੀ ਸਿੱਖੀ ਦੀ ਪਛਾਣ।
ਗੁਰਬਤਾਂ ਨੇ ਖਾ ਲਈ ਹੈ
ਉਹੋ ਜਿੰਦ-ਜਾਨ।
ਲੋੜਾਂ-ਥੁੜਾਂ ਕੱਢੀ ਜਾਣ
ਰੋਜ਼ ਹੀ ਪ੍ਰਾਣ।
ਪੁੱਛ ਨਹੀਂ ਕਿਤੇ ਵੀ,
ਭਾਵੇਂ ਕਿਤੇ ਚਲੇ ਜਾਣ।
***-ਮਨਜੀਤ ਸਿੰਘ ਫਰੀਮਾਂਟ***

---

ਸੱਚ ਸਿਆਣੇ ਕਹਿੰਦੇ
ਉਦਮ ਅੱਗੇ ਲੱਛਮੀ, ਪੱਖੇ ਅੱਗੇ ਪੌਣ।
ਚੜ੍ਹਦੀ ਕਲਾ ਦੀ ਇਹੋ ਨਿਸ਼ਾਨੀ
ਕਿਰਤ ਦੀ ਰੀਸ ਕਰੇ ਕੌਣ।
ਬਾਰ ਪਰਾਏ ਬੈਸਣਾ ਸਾਈਂ ਮੁਝੇ ਨਾਂਹ ਦੇਹ
ਵਾਲਾ ਸੱਚ ਹੋਇਆ।
ਹੱਥ ਅੱਡਣ ਤੋਂ ਮਿਹਨਤ ਚੰਗੀ
ਮਿਹਣਾ ਕੋਈ ਨਾ ਹੋਇਆ।
***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

## ਕੈਪਸ਼ਨ ਮੁਕਾਬਲਾ 104

ਕੇਸ ਗੜ੍ਹ ਦਾ ਮੈਦਾਨ,
ਦੇਖੇ ਸਾਰਾ ਹੀ ਜਹਾਨ
ਆਇਆ ਸਿੰਘ ਤਾਂਈਂ ਜੋਸ਼,
ਕਿਤੇ ਖੋ ਨਾ ਬੈਠੇ ਹੋਸ਼!
***-ਫਕੀਰ ਚੰਦ ਸੈਂਪਲਾ, ਐਲ.ਏ.***

---

ਦੇਖੋ ਸਿੰਘ ਦਸਮੇਸ਼ ਦਾ ਸ਼ੇਰ ਦੁੱਲਾ
ਚਿਹਰੇ ਛਾਇਆ ਜਲਾਲ ਕਮਾਲ ਦਾ ਏ।
ਦੇਗ ਤੇਗ ਦਾ ਧਨੀ ਪ੍ਰਤੱਖ ਜਾਪੇ
ਪੂਰਾ ਦਰਸ਼ਨੀ ਪੁੱਤ ਅਕਾਲ ਦਾ ਏ।
***-ਬੱਲੀ ਸਿੰਘ ਸੈਨ ਹੋਜ਼ੇ***

## ਹਿਟਲਰ ਦੀਆਂ ਲਿਖਤਾਂ ਦੀ ਹੋਵੇਗੀ ਨਿਲਾਮੀ

**ਲਾਸ ਏਂਜਲਸ:** ਨਾਜ਼ੀ ਨੇਤਾ ਐਡੋਲਫ਼ ਹਿਟਲਰ ਦੇ ਦਸਤਖ਼ਤਾਂ ਵਾਲੀ 'ਮੀਨ ਕੈਂਫ' ਦੀਆਂ ਦੋ ਦੁਰਲੱਭ ਲਿਖਤਾਂ ਦੀ ਨਿਲਾਮੀ ਹੋਵੇਗੀ। ਨੇਟ.ਡੀ. ਸੈਂਡਰਸ ਆਕਸ਼ਨਜ਼ ਅਨੁਸਾਰ ਸਭ ਤੋਂ ਵੱਧ ਬੋਲੀ ਲਾਉਣ ਵਾਲੇ ਨੂੰ ਕਿਤਾਬ ਦਾ ਪਹਿਲਾ ਤੇ ਦੂਜਾ ਭਾਗ ਆਨਲਾਈਨ ਵੇਚ ਦਿੱਤਾ ਜਾਏਗਾ। ਕਿਤਾਬ ਦੇ ਦੋਹਾਂ ਖੰਡਾਂ 'ਤੇ ਹਿਟਲਰ ਦੇ ਦਸਤਖ਼ਤ ਹਨ ਤੇ ਇਹ ਜਰਮਨੀ ਦੇ ਨੇਤਾ ਜੋਸੇਫ ਬੋਏਰ ਨੂੰ ਸਮਰਪਿਤ ਹੈ। ਨਿਲਾਮੀ ਕਰਤਾਵਾਂ ਨੇ ਕਿਹਾ ਕਿ ਐਸੀ ਉਮੀਦ ਹੈ ਕਿ ਹਿਟਲਰ ਨੇ ਸੰਭਾਵਿਤ 1925 ਤੇ 1926 ਵਿਚ ਕ੍ਰਿਸਮਸ ਦੇ ਤੋਹਫ਼ੇ ਦੇ ਤੌਰ 'ਤੇ ਇਨ੍ਹਾਂ ਖੰਡਾਂ ਨੂੰ ਜੋਸੇਫ ਨੂੰ ਉਪਹਾਰ ਵਜੋਂ ਦਿੱਤਾ ਸੀ।

# ਉਤਰੀ ਕੈਲੀਫੋਰਨੀਆ ਦੇ ਵਾਸੀਆਂ ਦੇ ਧਿਆਨਯੋਗ

# ਨਵੇਂ ਡਾਕਟਰੀ ਇਲਾਜ ਰਾਹੀਂ ਲੱਤਾਂ ਦੇ ਦਰਦ, ਪੈਰਾਂ ਦੇ ਦਰਦ ਅਤੇ ਨਸਾਂ ਦੇ ਦਰਦ ਤੋਂ ਤੁਰੰਤ ਰਾਹਤ ਮਿਲਦੀ ਹੈ

(ਮੈਡੀਕੇਅਰ ਅਤੇ ਮੈਡੀਕੈਲ ਕਵਰ ਕਰਦੀ ਹੈ)




ਨੀਲੀਆਂ (ਵੈਰੀਕੋਜ਼) ਨਸਾਂ ਸੋਜ਼ਿਸ਼ ਅਲਸਰ

## ਯੂਬਾ ਸਿਟੀ, ਸੈਕਰਾਮੈਂਟੋ, ਸਟਾਕਟਨ, ਮਾਡੈਸਟੋ, ਮਰਸਡ, ਫਰਿਜ਼ਨੋ, ਬੇਕਰਜ਼ਫੀਲਡ

ਅਤੇ ਨਾਲ ਲੱਗਦੇ ਹੋਰ ਸ਼ਹਿਰਾਂ ਵਿਚ ਵੀ ਕਲੀਨਿਕ ਖੁਲ੍ਹ ਚੁਕੀ ਹੈ। ਸਲਾਹ ਲੈਣ, ਇਹ ਪਤਾ ਲਾਉਣ ਕਿ ਤੁਸੀਂ ਇਸ ਬਹੁਤ ਹੀ ਕਾਰਗਰ ਇਲਾਜ਼ ਲਈ ਯੋਗ ਹੋ, ਅੱਜ ਹੀ ਕਾਲ ਕਰੋ

## ਫੋਨ: 1-888-473-0372

## ਸਾਡੇ ਮਰੀਜ ਆਪਣੇ ਅਨੁਭਵ ਬਾਰੇ ਕੀ ਕਹਿੰਦੇ ਹਨ?

ਪਿਛਲੇ ਦਸ ਸਾਲਾਂ ਤੋਂ ਮੈਂ ਲੱਤਾਂ ਵਿਚ ਹੁੰਦੇ ਦਰਦ ਤੋਂ ਬੇਹਦ ਪ੍ਰੇਸ਼ਾਨ ਸੀ ਅਤੇ ਵਰ੍ਹਿਆਂ ਤੋਂ ਕੌਮਾਡੀਨ ਲੈਂਦਾ ਆ ਰਿਹਾ ਸਾਂ।
ਮੈਂ ਪੈਸਿਫਿਕ ਕੋਸਟ ਮੈਡੀਕਲ ਸੈਂਟਰ ਤੋਂ ਇਲਾਜ ਕਰਵਾਇਆ ਤਾਂ ਮੇਰੀਆਂ ਲੱਤਾਂ ਅਤੇ ਪੈਰ ਪਹਿਲਾਂ ਦੇ ਮੁਕਾਬਲੇ ਕਿਤੇ ਚੰਗੇ ਹਨ।
ਕਲੀਨਿਕ ਦਾ ਸਟਾਫ ਬਹੁਤ ਹੀ ਚੰਗਾ ਲੱਗਿਆ ਅਤੇ ਇਲਾਜ ਦੌਰਾਨ ਜ਼ਰਾ ਜਿੰਨੀ ਵੀ ਤਕਲੀਫ ਨਹੀਂ ਹੋਈ। ਮੈਂ ਆਪਣੇ ਰੋਜ਼-ਬਰੋਜ਼ ਦੇ ਕੰਮ-ਕਾਜ ਉਸੇ ਹੀ ਦਿਨ ਤੋਂ ਕਰਨ ਲੱਗ ਪਿਆ। ਮੈਂ ਹਰ ਉਸ ਸਖਸ਼ ਨੂੰ ਇਹ ਇਲਾਜ ਕਰਵਾਉਣ ਦੀ ਸਲਾਹ ਦਿਆਂਗਾ ਜੋ ਲੱਤਾਂ ਅਤੇ ਵੈਰੀਕੋਜ਼ ਵੀਨਜ਼ ਦੇ ਦਰਦ ਤੋਂ ਪ੍ਰੇਸ਼ਾਨ ਹੈ।

*-ਹਾਵਰਡ ਡੈਂਪਸੀ (ਰਿਟਾਇਰਡ), ਉਮਰ 74 ਸਾਲ*

ਮੇਰੀਆਂ ਲੱਤਾਂ ਵਿਚ ਜਾਨ ਕੱਢ ਲੈਣ ਵਾਲੀ ਦਰਦ ਹੋਇਆ ਕਰਦੀ ਸੀ। ਮੇਰੀਆਂ ਲੱਤਾਂ ਵਿਚ ਹਮੇਸ਼ਾ ਹੀ ਕੜੱਲ ਪੈਂਦੇ ਰਹਿੰਦੇ ਸਨ।
ਮੈਂ ਪੈਸਿਫਿਕ ਮੈਡੀਕਲ ਕੋਸਟ ਸੈਂਟਰ ਬਾਰੇ ਇਕ ਲੇਖ ਪੜ੍ਹਿਆ ਜਿਸ ਤੋਂ ਪਤਾ ਲੱਗਾ ਕਿ ਉਹ ਲੱਤਾਂ ਦੇ ਦਰਦ ਦੇ ਮਰੀਜ ਹਨ, ਦਾ ਇਲਾਜ ਕਰਦੇ ਹਨ। ਮੈਂ ਕਲੀਨਿਕ ਜਾਣ ਅਤੇ ਸਲਾਹ ਲੈਣ ਦਾ ਫੈਸਲਾ ਕੀਤਾ। ਰੱਬ ਦਾ ਸ਼ੁਕਰ ਹੈ ਕਿ ਮੈਂ ਇੰਜ ਕੀਤਾ।
ਹੁਣ ਮੈਨੂੰ 75% ਆਰਾਮ ਹੈ ਅਤੇ ਕੜੱਲ ਬਿਲਕੁਲ ਨਹੀਂ ਪੈਂਦੇ।
ਪੈਸਿਫਿਕ ਕੋਸਟ ਮੈਡੀਕਲ ਸੈਂਟਰ ਵਾਲਿਆਂ ਦਾ ਬਹੁਤ ਬਹੁਤ ਧੰਨਵਾਦ ਜਿਨ੍ਹਾਂ ਮੈਨੂੰ ਮੁੜ ਜ਼ਿੰਦਗੀ ਦੇ ਰਾਹ ਪਾਇਆ।

*-ਫਲੋਰਾ ਐਸ (ਰਿਟਾਇਰਡ), ਉਮਰ 77 ਸਾਲ।*

ਅਸੀਂ ਮਹੀਨੇ ਵਿਚ ਸਿਰਫ 30 ਅਪੁਆਇੰਟਮੈਂਟਾਂ ਹੀ ਲੈਂਦੇ ਹਾਂ, ਸੋ ਅੱਜ ਹੀ ਕਾਲ ਕਰੋ

## ਫੋਨ: 1-888-473-0372

# ਗੁਰਦੁਆਰਾ ਫਰੀਮਾਂਟ ਦਾ ਹਿਸਾਬ ਆਡਿਟ ਕਰਾਉਣਾ ਅਤਿ ਜਰੂਰੀ



## 17 ਲੱਖ ਡਾਲਰ ਤੋਂ ਵੱਧ ਰਕਮ ਗੁਰੂਘਰ ਦੇ ਹਿਸਾਬ ਵਿਚ ਖੁਰਦ ਬੁਰਦ

9 ਮਾਰਚ ਨੂੰ ਸੁਪਰੀਮ ਕੌਂਸਲ ਦੀਆਂ ਚੋਣਾਂ ਵਿਚ ਬੇਅ ਏਰੀਆ ਸਿੱਖ ਅਲਾਇੰਸ ਦੇ ਉਮੀਦਵਾਰ ਭਾਈ ਗੁਰਚਰਨ ਸਿੰਘ ਮਾਨ ਨੇ ਗੁਰੂਘਰ ਦੇ ਪਿਛਲੇ ਦੋ ਸਾਲ ਦੇ ਹਿਸਾਬ-ਕਿਤਾਬ ਦੇ ਅੰਕੜੇ ਪੇਸ਼ ਕਰਦਿਆਂ ਦੱਸਿਆ ਕਿ ਦੋ ਸਾਲ ਵਿਚ 3 ਲੱਖ 47 ਹਜਾਰ ਡਾਲਰ ਦਾ ਹਿਸਾਬ ਨਹੀਂ ਮਿਲਦਾ ਤਾਂ ਸੰਗਤਾਂ ਹੈਰਾਨ ਰਹਿ ਗਈਆਂ। ਜੇ ਪਿਛਲੇ 6 ਸਾਲਾਂ ਦਾ ਹਿਸਾਬ ਦੇਖੀਏ ਤਾਂ ਇਹ ਰਕਮ ਕਰੀਬ 17 ਲੱਖ ਡਾਲਰ ਬਣਦੀ ਹੈ। ਇਹ ਹੈ ਗੁਰਦੁਆਰਾ ਪ੍ਰਬੰਧ ਉਤੇ ਕਾਬਜ਼ ਆਪੂੰ ਬਣੀ ਸਿੱਖ ਪੰਚਾਇਤ ਦਾ ਪਾਰਦਰਸ਼ੀ ਹਿਸਾਬ-ਕਿਤਾਬ !

| Source Profit & Loss Report www.fremontgurdwara.org | Gurdwara Sahib Fremont December 31, 2013 |
|---|---|
| Net Income 2008 | $565,926.13 |
| Net Income 2009 | $455,789.57 |
| Net Income 2010 | $201,441.86 |
| Net Income 2011 | $296,440.81 |
| Net Income 2012 | $405,996.13 |
| Net Income 2013 | $449,327.33 |
| Total Net Income | $2,374,921.83 |
| Balance Available In Bank | $654,314.41 |
| Missing From Gurdwara Sahib Account | $1,720,607.42 |

ਸ. ਮਾਨ ਨੇ ਕਿਹਾ ਕਿ ਦੋ ਸਾਲ ਪਹਿਲਾਂ ਉਹ ਸਿੱਖ ਪੰਚਾਇਤ ਵਿਚ ਇਸ ਕਰਕੇ ਸ਼ਾਮਲ ਹੋਏ ਸਨ ਕਿ ਸੰਗਤਾਂ ਨੂੰ ਇਕ-ਇਕ ਡਾਲਰ ਦਾ ਹਿਸਾਬ ਲੈ ਕੇ ਦੇਣਗੇ ਪਰ ਸਿੱਖ ਪੰਚਾਇਤ ਦੇ ਮੋਢੀ ਲੀਡਰ ਸੰਗਤਾਂ ਨੂੰ ਪਿਛਲੇ ਸਮੇਂ ਦਾ ਹਿਸਾਬ-ਕਿਤਾਬ ਦੇਣ ਤੋਂ ਇਨਕਾਰੀ ਹਨ। ਇਸੇ ਕਰਕੇ ਉਨ੍ਹਾਂ ਸਿੱਖ ਪੰਚਾਇਤ ਤੋਂ ਅਲੱਗ ਹੋਣ ਦਾ ਫੈਸਲਾ ਕੀਤਾ।

ਸਾਡਾ ਸੰਗਤਾਂ ਨਾਲ ਵਾਇਦਾ ਹੈ ਕਿ ਜੇ 9 ਮਾਰਚ ਨੂੰ ਹੋਣ ਵਾਲੀਆਂ ਚੋਣਾਂ ਵਿਚ ਸਾਨੂੰ ਸੁਪਰੀਮ ਕੌਂਸਲ ਦੇ ਮੈਂਬਰਾਂ ਵਜੋਂ ਸੇਵਾ ਮਿਲਦੀ ਹੈ ਤਾਂ ਅਸੀਂ ਸੰਗਤ ਨੂੰ ਇਕ-ਇਕ ਡਾਲਰ ਦਾ ਹਿਸਾਬ ਦਿੰਦੇ ਰਹਾਂਗੇ।

## ਦਾਸਰੇ



ਭਾਈ ਅਵਤਾਰ ਸਿੰਘ ਧਾਮੀ
ਫੋਨ: 510-376-9124



ਭਾਈ ਗੁਰਚਰਨ ਸਿੰਘ ਮਾਨ
ਫੋਨ: 510-557-0061



ਭਾਈ ਹਰਚਰਨ ਸਿੰਘ



ਭਾਈ ਜਸਵੰਤ ਸਿੰਘ



ਬੀਬੀ ਰਣਬੀਰ ਕੌਰ

Paid Advt.